
ੲਹ ਹੈ ਪ੍ਰਗਟ ਹਮਾਰੀ ਕਾਸ਼ੀ ।
ਪੜ੍ਹ ਹੈਂ ਇਹਾਂ ਢੋਰ ਮਤਿ ਰਾਸੀ ।
ਅਕਾਲ ਯੂਨੀਵਰਸਿਟੀ
ਗੁਰੂ ਕੀ ਕਾਸ਼ੀ
GURU KI KASHI
AKAL UNIVERSITY, TALWANDI SABO,
BATHINDA, PUNJAB
Under the aegis of KALGIDHAR SOCIETY Baru Sahib

Akal University "Guru ki kashi"

Sushil kaur

ਪਹਿਲੀ ਵਾਰ ੨੧ ਦਸੰਬਰ ੨੦੧੩

ਸਭ ਹਕ ਰਾਖਵੇਂ ਹਨ

ਕਪੂਰ ਕੰਪਿਊਟਰ ਐਂਡ ਪ੍ਰਿੰਟਰ ਪਰੈਸ

ਜਲੰਧਰ

# ਤਤਕਰਾ


ਮੁਖ ਸ਼ਬਦ
ਮੁਖਬੰਧ
ਅਕਾਲ ਯੂਨੀਵਰਸਿਟੀ, "ਗੁਰੂ ਕੀ ਕਾਸ਼ੀ"
ਅਕਾਲ ਅਕੈਡਮੀ ਬੜੂ ਸਾਹਿਬ
ਘਟਿ ਘਟਿ ਵਾਜਹਿ ਨਾਦ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦਰਸ਼ਨ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਰੀ ਦੁਨੀਆਂ ਦੇ ਸਾਂਝੇ ਹਨ
ਧੁਰ ਕੀ ਬਾਣੀ
ਗੁਰਗੱਦੀ
ਪੰਥ ਪ੍ਰਵਾਨਿਤ ਰਸਮ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮੂਲ ਸਰੂਪ
ਪ੍ਰਹੇਜ਼
ਬੋਲੀ ਅਤੇ ਲਿੱਪੀ
ਗੁਰਬਾਣੀ ਦੀ ਪੜਚੋਲ
ਗੋਰੇ ਸਿੱਖ
ਸਿੱਖ ਧਰਮ ਦੇ ਬੂਟੇ ਦੀ ਜਾਨ ਧੁਰ ਕੀ ਬਾਣੀ ਵਿਚ ਹੈ
ਰਾਮ ਰਹੀਮ ਇਕ ਥਾਇ ਖਲੋਈ
ਕੀ ਸ੍ਰੀ ਗੁਰੂ ਨਾਨਕ ਦੇਵ ਜੀ ਮੁਸਲਮਾਨ ਸਨ?
ਸਾਂਝ ਕਰੀਜੈ ਗੁਣਾਂ ਕੇਰੀ ਛੋਡ ਅਵਗੁਣ ਚਲੀਐ
ਗਰੁੜ ਮੰਤ੍ਰ
ਧਰਤੀ ਦੀ ਛਤਰੀ

# ਮੁਖ ਸ਼ਬਦ

ਦਸ਼ਮੇਸ਼ ਪਿਤਾ ਨੇ ਇਕ ਗੁਰਸਿੱਖ ਬੀਬੀ ਦੇ ਜੀਵਨ ਵਿਚ ਸੰਤ-ਸਿਪਾਹੀਆਂ ਵਾਲੀ ਪ੍ਰੇਮ-ਜੋਤ ਜਗਾ ਕੇ ਗੁਰਸਿੱਖੀ ਜੀਵਨ ਦੇ ਬਿੱਖੜੇ ਪੈਂਡਿਆਂ ਉਤੇ ਤੁਰਨ ਦੀ ਦਲੇਰੀ ਬਖਸ਼ੀ ਅਤੇ ਉਸਨੂੰ ਧੁਰ ਕੀ ਬਾਣੀ ਦੀ ਪਾਰਸ-ਛੋਹ ਤੋਂ ਜਾਣੂੰ ਕਰਵਾਇਆ। ਧਰਮ ਪ੍ਰਚਾਰਕਾਂ ਵਲੋਂ ਗੁਰ ਇਤਿਹਾਸ ਅਤੇ ਧੁਰ ਕੀ ਬਾਣੀ ਵਿਚ ਦਖਲ ਅੰਦਾਜ਼ੀ ਹੁੰਦੀ ਦੇਖ ਕੇ ਉਹ ਤ੍ਰਾਹ ਜਾਂਦੀ ਤੇ ਉਸਦੇ ਦਿਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੂਲ ਸਰੂਪ ਦੇ ਬਚਾਓ ਦੀ ਭਾਵਨਾ ਪ੍ਰਬਲ ਰੂਪ ਵਿਚ ਲਾਟਾਂ ਮਾਰਨ ਲੱਗ ਪੈਂਦੀ।ਇਕ ਦਿਨ ਉਸਨੇ ਦੇਗ ਸਜਾਈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾ ਵਿਚ ਜਾ ਕੇ ਮੇਰੇ ਕੋਲੋਂ ਧੁਰ ਕੀ ਬਾਣੀ ਦੇ ਸ਼ੁੱਧ ਉਚਾਰਣ ਵਾਰੇ ਕੁਝ ਲਿਖਵਾਉਣ ਲਈ ਅਰਦਾਸ ਕਰ ਦਿੱਤੀ।

ਮੈਂ ਕੌਣ ਹਾਂ ਲਿਖਣ ਵਾਲੀ?ਮੇਰੇ ਵਿਚ ਕੁਝ ਲਿਖਣ ਦੀ ਹਿੰਮਤ ਕਿੱਥੇ?ਇਹ ਤਾਂ ਸਭ ਉਸ ਰੰਗ-ਰੱਤੜੀ ਬੀਬੀ ਦੀ ਅਰਦਾਸ ਦਾ ਫਲ ਹੈ ਕਿ ਉਸਦੀਆਂ ਭਾਵਨਾਵਾਂ ਨੂੰ ਸ਼ਬਦਾਂ ਦਾ ਰੂਪ ਦੇਣ ਲਈ, ਸਤਿਗੁਰਾਂ ਨੇ ਮੈਨੂੰ ਆਹਰੇ ਲਗਾ ਦਿੱਤਾ।

ਵਾਹਿਗੁਰੂ ਕਿਰਪਾ ਕਰੇ! ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਭਵਿੱਖ ਬਾਣੀ ਸੱਚੀ ਹੋਵੇ।ਪੰਥ ਦਾ ਵਾਲੀ,ਬਾਬਾ ਇਕਬਾਲ ਸਿੰਘ ਜੀ ਬੜੂ ਸਾਹਿਬ ਵਾਲਿਆਂ ਦੇ ਸਿਰ ਉਤੇ ਮੇਹਰ ਭਰਿਆ ਹੱਥ ਰੱਖਕੇ ਅਕਾਲ ਯੂਨੀਵਰਸਿਟੀ "ਗੁਰੂ ਕੀ ਕਾਸ਼ੀ" ਦੀ ਸਥਾਪਨਾ ਦਾ ਕਾਰਜ ਸੰਪੂਰਨ ਕਰਨ ਦੀ ਬਖਸ਼ਿਸ਼ ਕਰੇ।ਇਹ ਸਰਵ-ਸਾਂਝੀ ਅਕਾਲ ਯੂਨੀਵਰਸਿਟੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੂਲ ਸਰੂਪ ਉਤੇ ਪਹਿਰਾ ਦੇਣ ਦੇ ਸਮਰੱਥ ਹੋਵੇ।ਪੰਥ ਵਿਚ ਪਾਏ ਜਾ ਰਹੇ ਸਾਰੇ ਭਰਮ ਭੁਲੇਖੇ ਦੂਰ ਹੋ ਜਾਣ ਤੇ ਫਿਰ ਸਾਡਾ ਪੰਥ ਸਾਰੇ ਜਗਤ ਦੇ ਦੁੱਖੜੇ ਦੂਰ ਕਰੇ।ਸਰਬੱਤ ਦਾ ਭਲਾ ਹੋਵੇ।

ਬਾਣੀ ਨੂੰ ਆਪਣੀ ਜਿੰਦ ਜਾਨ ਸਮਝਣ ਵਾਲੇ ਵੀ ਬੜੇ ਹਨ।ਸਤਿਗੁਰਾਂ ਦੇ ਤਰਸ ਨਾਲ ਅਬਚਲੀ ਜੋਤ ਦੇ ਮਤਵਾਲਿਆਂ ਨਾਲ ਗਲ ਬਾਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ,ਜਿਨ੍ਹਾਂ ਨੇ ਅਬਿਨਾਸੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਲਾਹੀ ਪ੍ਰਕਾਸ਼-ਦਰਸ਼ਨਾਂ ਦੇ ਰੰਗ ਮਾਣੇ ਹੋਏ ਸੀ।ਉਹ ਗੁੰਗੇ ਦੀ ਮਠਿਆਈ ਖਾਣ ਵਾਂਗੂੰ ਮਠਿਆਈ ਦਾ ਸੁਆਦ ਦੱਸ ਸਕਣ ਵਿਚ ਅਸਮਰੱਥ ਸਨ।ਮੈ ਉਨ੍ਹਾਂ ਦੇ ਅਬੋਲ ਬੋਲਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਤੇ ਸ਼ਬਦਾਂ ਦਾ ਸਹਾਰਾ ਲੈ ਕੇ ਉਨ੍ਹਾਂ ਦੇ ਹਾਵ ਭਾਵ ਚਿੱਤ੍ਰਨ ਦੀ ਨਿਮਾਣੀ ਜਿਹੀ ਕੋਸ਼ਿਸ਼ ਕੀਤੀ ਹੈ।ਗੁਰੂ ਬਖਸ਼ਿਸ਼ ਕਰੇ..! ਅਸੀਂ ਵੀ ਕੂਕਰ ਬਣ ਕੇ ਉਸਦਾ ਦਰ ਮੱਲਏ! ਤੇ ਜਦ ਤਕ ਉਹ ਬੁਰਕੀ ਨਹੀਂ ਪਾਉਂਦਾ,ਅਸੀਂ ਪ੍ਰਕਾਸ਼ ਦਰਸ਼ਨਾਂ ਦੀ ਬਖਸ਼ਿਸ਼ ਲਈ ਬਿਲਲਾਉਂਦੇ ਹੋਏ ਭੌਂਕਦੇ ਰਹੀਏ।

ਸੁਸ਼ੀਲ ਕੌਰ

# ਮੁਖਬੰਧ

ਬੀਬੀ ਸੁਸ਼ੀਲ ਕੌਰ ਨੇ ਅਕਾਲ ਯੂਨੀਵਰਸਿਟੀ, "ਗੁਰੂ ਕੀ ਕਾਂਸ਼ੀ" ਨਾਂ ਦੀ ਪੁਸਤਕ ਰਾਹੀਂ ਪਾਠਕਾਂ ਨੂੰ ਜਾਣੂ ਕਰਵਾਇਆ ਹੈ ਕਿ ਦਮਦਮਾ ਸਾਹਿਬ ਦੀ ਪਵਿੱਤਰ ਧਰਤੀ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਭਾਈ ਡੱਲੇ ਨੂੰ ਕੀਤੇ ਭਵਿੱਖ ਵਾਕ (ਇਹ ਹੈ ਪ੍ਰਗਟ ਹਮਾਰੀ ਕਾਂਸ਼ੀ, ਪੜ ਹੈਂ ਇਹਾਂ ਢੋਰ ਮਤਿ ਰਾਸੀ) ਨੂੰ ਸਾਕਾਰ ਰੂਪ ਦੇਣ ਲਈ, ਬਾਬਾ ਇਕਬਾਲ ਸਿੰਘ ਜੀ ਬੜੂ ਸਾਹਿਬ ਵਾਲਿਆਂ ਦੀ ਪ੍ਰੇਰਨਾ ਸਦਕਾ ਅਕਾਲ ਯੂਨੀਵਰਸਿਟੀ ਸਥਾਪਿਤ ਕੀਤੀ ਜਾ ਰਹੀ ਹੈ।ਇਸ ਕਾਰਜ ਨੂੰ ਸਿਰੇ ਚੜ੍ਹਾਉਣ ਲਈ ਦੇਸ਼-ਵਿਦੇਸ਼ ਦੀਆਂ ਸਮੂਹ ਸਿੱਖ ਸੰਗਤਾਂ ਤਨ, ਮਨ ਤੇ ਧੰਨ ਨਾਲ ਸੇਵਾ ਕਰ ਰਹੀਆਂ ਹਨ।ਕਲਗੀਧਰ ਪਾਤਸ਼ਾਹ ਦੀਆਂ ਬਖਸ਼ਿਸ਼ਾਂ ਲੈਣ ਲਈ ਡਾਕਟਰ ਖੇਮ ਸਿੰਘ ਗਿੱਲ ਅਤੇ ਹੋਰ ਕਈ ਗੁਰਮੁਖ ਪਿਆਰੇ ਨਿਰਸੁਆਰਥ ਭਾਵਨਾ ਨਾਲ ਆਪਣੇ ਸੰਗੀਆਂ ਸਾਥੀਆਂ ਨੂੰ ਨਾਲ ਲੈ ਕੇ ਬਾਬਾ ਜੀ ਦੇ ਮੋਢੇ ਨਾਲ ਮੋਢਾ ਜੋੜ ਕੇ ਸੇਵਾ ਵਿਚ ਲੱਗੇ ਹੋਏ ਹਨ।ਲੇਖਿਕਾ ਨੇ ਇਹ ਉਮੀਦ ਪ੍ਰਗਟਾਈ ਹੈ ਕਿ ਇਸ ਕਾਰਜ ਦੀ ਪੂਰਨਤਾ ਲਈ ਦਸ਼ਮੇਸ਼ ਪਿਤਾ ਜੀ ਆਪਣੀ ਕਲਾ ਆਪ ਵਰਤਾਉਣਗੇ। ਜਿਵੇਂ ਬਾਬਾ ਇਕਬਾਲ ਸਿੰਘ ਜੀ ਦੀ ਸਰਪ੍ਰਸਤੀ ਹੇਠ ਚੱਲ ਰਹੀ ਅਕਾਲ ਅਕੈਡਮੀ ਬੜੂ ਸਾਹਿਬ ਵਿਚ ਵਿਦਿਆਰਥੀਆਂ ਨੂੰ ਧੁਰ ਕੀ ਬਾਣੀ ਦੇ ਇਲਾਹੀ ਰੰਗਾਂ ਰਸਾਂ ਨੂੰ ਮਾਨਣ ਦੇ ਯੋਗ ਬਣਾਉਣ ਲਈ ਘਾਲਣਾਂ ਘਾਲੀ ਜਾਂਦੀ ਹੈ ਉਸੇ ਤਰ੍ਹਾਂ ਅਕਾਲ ਯੂਨੀਵਰਸਿਟੀ ਵਿਚੋਂ ਵਰ੍ਹਦੀ ਨਾਮ ਬਾਣੀ ਦੇ ਰਸ ਰੰਗ ਦੀ ਬਰਸਾਤ ਦੁਨੀਆਂ ਭਰ ਵਿਚ ਕਲਿਯੁਗ ਦੀ ਤਪਸ਼ ਨਾਲ ਸੜਦੇ ਬਲਦੇ ਲੋਕਾਂ ਨੂੰ ਠੰਡੀਆਂ ਮਿੱਠੀਆਂ ਫੁਹਾਰਾਂ ਨਾਲ ਸਿੰਜ ਕੇ ਠੰਡ ਵਰਤਾ ਦੇਵੇਗੀ

ਲੇਖਿਕਾ ਨੇ ਇਸ ਪੁਸਤਕ ਵਿਚ ਇਕ ਜਗਿਆਸੂ, ਜਿਸਨੂੰ ਅਕਾਲ ਅਕੈਡਮੀ ਬੜੂ ਸਾਹਿਬ ਵਿਚ ਕੁਝ ਦਿਨ ਰਹਿਣ ਸਮੇਂ ਹੋਏ ਰੂਹਾਨੀ ਅਨੁਭਵਾਂ (ਦੋ ਵਿਦਿਆਰਥੀਆਂ ਦੀ ਆਪਸੀ ਬਾਤ-ਚੀਤ, ਤਪ ਸਥਾਨ ਉੱਤੇ ਸ਼ਹੀਦ ਸਿੰਘਾਂ ਦੀ ਹੋਂਦ ਦਾ ਅਹਿਸਾਸ, ਅਖੰਡ ਪਾਠ ਦੀ ਸੇਵਾ ਕਰਨ ਦਾ ਅਵਸਰ ਪ੍ਰਾਪਤ ਹੋਣਾ, ਪਹਾੜਾਂ ਦੀ ਹਰੀ-ਕਚੋਹ ਵਾਦੀ ਦੇ ਸਿਖਰ ਉੱਤੇ ਇਕ ਪ੍ਰਕਾਸ਼ ਦਾ ਗੋਹੜਾ ਆ ਕੇ ਟਿਕਣਾ ਤੇ ਨਜਰਾਂ ਰਾਹੀਂ ਉਸਦੇ ਅੰਦਰ ਵੜ ਕੇ ਉਸਦੀ ਅੰਤ੍ਰ-ਆਤਮੇ ਠੰਡ ਪਾਉਂਦੇ ਹੋਏ ਰਗ ਰਗ ਵਿਚ ਅੰਮ੍ਰਿਤ ਰਸ ਘੋਲਣਾ, ਆਦਿ) ਬਾਰੇ ਭਾਵ-ਪੂਰਤ ਢੰਗ ਨਾਲ ਲਿਖਿਆ ਹੈ।ਰੱਬੀ ਰੰਗ ਵਿਚ ਰੰਗੇ ਅਨੁਭਵੀ ਪਾਠਕ ਇਹਨਾਂ ਅਨੁਭਵਾਂ ਨੂੰ ਵਿਸਥਾਰ ਵਿਚ ਪੜ੍ਹ ਕੇ ਆਨੰਦ ਲੈ ਸਕਦੇ ਹਨ।ਇਸ ਤੋਂ ਬਿਨਾ ਇਸ ਪੁਸਤਕ ਵਿਚੋਂ ਪਾਠਕਾਂ ਨੂੰ ਹੋਰ ਵੀ ਕਈ ਸਿਰਲੇਖਾਂ ਅਧੀਨ ਵਿਸ਼ੇ ਨਾਲ ਸਬੰਧਿਤ ਅਣਮੁੱਲੀ ਜਾਣਕਾਰੀ ਮਿਲੇਗੀ।

ਜ਼ਾਹਰਾ-ਜ਼ਹੂਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਈ ਬੀਬੀ ਸੁਸ਼ੀਲ ਕੌਰ ਦੇ ਦਿਲ ਵਿਚ ਅਪਾਰ ਸ਼ਰਧਾ ਹੋਣ ਕਰਕੇ ਆਪ ਨੇ ਬਹੁਤ ਹੀ ਭਾਵੁਕ ਹੋ ਕੇ ਲਿਖਿਆ ਹੈ, "ਗੁਰਸਿੱਖੀ ਜੀਵਨ ਦੀਆਂ ਬਖਸ਼ਿਸ਼ਾਂ ਦਾ ਅਨੰਦ ਮਾਨਣ ਲਈ ਤਾਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਣ

ਲੈਣੀ ਹੈ। ਆਤਮ ਮੰਡਲ ਦੀਆਂ ਗੁੱਝੀਆਂ ਰਮਜਾਂ ਸਮਝਣ ਦੇ ਯੋਗ ਹੋਣਾ ਹੈ।ਪ੍ਰਕਾਸ਼ ਦਰਸ਼ਨ, ਦਸਮ ਦੁਆਰ ਤੇ ਅਨਹਦ ਬਾਣੀ ਦੀਆਂ ਵਿਸਮਾਦੀ ਧੁਨੀਆਂ ਦੇ ਅਨੁਭਵ ਕਰਨੇ ਹਨ।...ਪਰ ਅਫਸੋਸ ਹੈ ਕਿ ਅਸੀਂ ਤਾਂ ਕਿਸੇ ਹੋਰ ਹੀ ਪਾਸੇ ਤੁਰ ਪਏ। ਸਮਰੱਥ ਗੁਰੂ ਦੀ ਬਾਂਹ ਫੜਨ ਦੀ ਥਾਂ ਅਸੀਂ ਤਾਂ ਉਸ ਦੀਆਂ ਕਮੀਆਂ ਦੂਰ ਕਰਨ ਦਾ ਟੀਚਾ ਮਿੱਥ ਲਿਆ।" ਲੇਖਿਕਾ ਨੇ ਇਹ ਵੀ ਦੁੱਖ ਪ੍ਰਗਟ ਕੀਤਾ ਹੈ ਕਿ ਕਈ ਪਾਠੀਆਂ ਤੇ ਰਾਗੀਆਂ ਦੁਆਰਾ ਬਾਣੀ ਦਾ ਅਸ਼ੁਧ ਉਚਾਰਣ ਕੀਤਾ ਜਾ ਰਿਹਾ ਹੈ। 'ਵਿਸ਼ੇਸ਼ ਤੌਰ ਤੇ ਆਪਣੇ ਕੋਲੋਂ 'ਬਿੰਦੀ' ਤੇ 'ਟਿੱਪੀ' ਲਗਾ ਕੇ ਉਚਾਰਣ ਕਰਨਾ ਜਾਇਜ਼ ਨਹੀਂ।ਕਈ ਉਦਾਹਰਣਾਂ ਵੀ ਦਿੱਤੀਆਂ ਹਨ ਜਿਵੇਂ 'ਤੀਨ ਸੇਰ' ਨੂੰ 'ਤਿੰਨ ਸ਼ੇਰ', 'ਬਾਬੀਹਾ ਅੰਮ੍ਰਿਤ ਵੇਲੈ ਬੋਲਿਆ' ਨੂੰ 'ਬਬਈਆ ਅੰਮ੍ਰਿਤ ਵੇਲੇ ਬੋਲਿਆਂ', 'ਵਾਹਿਗੁਰੂ' ਨੂੰ 'ਵਾਂਹਿਗੁਰੂ' ਪੜ੍ਹਿਆ ਜਾ ਰਿਹਾ ਹੈ।...ਇਸ ਵੇਲੇ ਬਾਣੀ ਨੂੰ ਸੋਧਣ ਦੇ ਬੁਰੇ ਨਤੀਜਿਆਂ ਤੋਂ ਸਾਰੀ ਸੰਗਤ ਜਾਣੂ ਨਹੀਂ ਹੈ। ਇਹ ਨੁਕਸਾਨ ਦਰਿਆ ਦੇ ਬੰਨ੍ਹ ਵਿੱਚ ਇਕ ਛੋਟੀ ਜਿੰਨੀ ਮੋਰੀ ਹੋ ਜਾਣ ਦੇ ਬਰਾਬਰ ਹੀ ਹੈ।ਨਿੱਕੀ ਜਿੰਨੀ ਮੋਰੀ ਹੋਣ ਨਾਲ ਪਾਣੀ ਦਾ ਵਹਾਓ ਰੁਕਦਾ ਨਹੀਂ ਹੈ ਪਰ ਪਾਣੀ ਦੇ ਰੋੜ੍ਹ ਨੇ ਇਕ ਦਿਨ ਇਸ ਮੋਰੀ ਦਾ ਮਘੋਰਾ ਬਣਾ ਦੇਣਾ ਹੈ ਤੇ ਫਿਰ ਦੇਖਦਿਆਂ-ਦੇਖਦਿਆਂ ਸਾਰਾ ਬੰਨ੍ਹ ਖੁਰ ਜਾਣਾ ਹੈ।ਜੇ ਵੇਲਾ ਨਾ ਸੰਭਾਲਿਆ ਤਾਂ ਧੁਰ ਕੀ ਬਾਣੀ ਦੀ ਸੁੱਚਮਤਾ ਦਾ ਬੰਨ੍ਹ ਰੁੜ੍ਹ ਜਾਣਾ ਹੈ।" ਇਹ ਲਿਖਤ ਗੁਰੂ ਪਿਆਰਿਆਂ ਨੂੰ ਸੁਚੇਤ ਕਰਦੀ ਹੈ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੂਲ ਸਰੂਪ ਨੂੰ ਆਂਚ ਲੱਗਣ ਤੋਂ ਬਚਾਉਣਾ ਆਪਣਾ ਪਰਮ ਧਰਮ ਸਮਝਣ।ਜਿਹੜੇ ਗੁਰਬਾਣੀ ਦੀਆਂ ਖੋਜਾਂ ਕਰ ਰਹੇ ਹਨ, ਉਹਨਾਂ ਬੁੱਧੀਜੀਵੀਆਂ ਨੂੰ ਸੇਧ ਮਿਲਦੀ ਹੈ ਕਿ 'ਧੁਰ ਕੀ ਬਾਣੀ' ਉੱਤੇ ਆਪਣੀ ਅਕਲ ਦੇ ਠੱਪੇ ਲਗਾਉਣ ਤੋਂ ਪਹਿਲਾਂ ਉਹਨਾਂ ਨੂੰ ਆਪਣੀ ਸੁਰਤੀ ਬਿਰਤੀ ਦਾ ਮਾਪ ਤੋਲ ਕਰ ਲੈਣਾ ਚਾਹੀਦਾ ਹੈ।ਕਸਵੱਟੀ ਇਹ ਦੱਸੀ ਹੈ- "ਬਾਣੀ ਦੇ ਰਸੀਏ, ਜਿਨ੍ਹਾਂ ਨੇ ਸ਼ਬਦ ਸੁਰਤ ਦੀ ਕਮਾਈ ਕਰਦਿਆਂ ਬਾਣੀ ਦੇ ਪ੍ਰਕਾਸ਼ ਦਰਸ਼ਨਾਂ ਦੇ ਅਨੁਭਵ ਕਰਨ ਦੀ ਬਖਸ਼ਿਸ਼ ਪ੍ਰਾਪਤ ਕੀਤੀ ਹੋਈ ਹੋਵੇ ਉਹ ਹੀ ਧੁਰ ਕੀ ਬਾਣੀ ਦੇ ਗੁਹਜ ਭਾਵਾਂ ਨੂੰ ਸਮਝ ਸਕਦੇ ਹਨ।" ਲੇਖਿਕਾ ਨੂੰ ਪੂਰਾ ਭਰੋਸਾ ਹੈ ਕਿ ਅਕਾਲ ਯੂਨੀਵਰਸਿਟੀ, ਗੁਰੂ ਕੀ ਕਾਸ਼ੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੂਲ ਸਰੂਪ ਨੂੰ ਕਿਸੇ ਤਰ੍ਹਾਂ ਦੀ ਮਿਲਾਵਟ ਤੋਂ ਬਚਾ ਕੇ ਰੱਖਣ ਲਈ ਪੂਰੀ ਤਰ੍ਹਾਂ ਸਮਰੱਥ ਹੋਵੇਗੀ।ਧੁਰ ਕੀ ਬਾਣੀ ਦੇ ਸ਼ੁੱਧ ਉਚਾਰਣ ਦੀਆਂ ਅਨਹਦੀ ਤੂੰਗਾਂ ਦੀ ਛਹਿਬਰ ਵਿਚੋਂ ਗੁਰੂ ਕੀ ਕਾਸ਼ੀ ਦੇ ਸਾਰੇ ਗੁਣ ਨਿਖੱਰ ਕੇ ਸਾਹਮਣੇ ਆਉਣਗੇ।

ਬੀਬੀ ਸੁਸ਼ੀਲ ਕੌਰ ਨੇ ਬਾਬਾ ਇਕਬਾਲ ਸਿੰਘ ਜੀ ਦੀ ਰਹਿਨੁਮਾਈ ਵਿਚ ਅਕਾਲ ਯੂਨੀਵਰਸਿਟੀ, "ਗੁਰੂ ਕੀ ਕਾਂਸ਼ੀ" ਵਿਚ ਸਥਾਪਿਤ ਕੀਤੇ ਜਾਣ ਵਾਲੇ ਵਿਸਮਾਦੀ ਪਦਾਰਥਾਂ ਦੇ ਭੰਡਾਰਾਂ ਦੀ ਉਮੀਦ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਨਾਲ ਜੱਗ ਰੁਸ਼ਨਾਉਣ ਦੀ ਆਸ ਜਗਾਈ ਹੈ। ਆਪਦੇ ਸ਼ਬਦਾਂ ਵਿਚ, "ਸੰਤ ਅਤਰ ਸਿੰਘ ਜੀ ਦੇ ਬਚਨ ਬਾਬਾ ਇਕਬਾਲ ਸਿੰਘ ਜੀ ਬੜੂ ਸਾਹਿਬ ਵਾਲਿਆਂ ਨੇ ਸੱਚੇ ਕਰ ਦਿਖਾਏ ਹਨ।ਅਕਾਲ ਅਕੈਡਮੀਆਂ ਵਾਂਗ ਹੀ ਅਕਾਲ ਯੂਨੀਵਰਸਿਟੀ, ਗੁਰੂ ਕੀ ਕਾਸ਼ੀ ਵੀ ਬ੍ਰਹਮ ਵਿੱਦਿਆ ਦੀ ਇੱਕ ਅਦੁੱਤੀ ਮਿਸਾਲ ਹੋਵੇਗੀ।...ਆਉਣ ਵਾਲੇ ਸਮੇ ਵਿਚ ਅਕਾਲ ਯੂਨੀਵਰਸਿਟੀ, ਗੁਰੂ ਕੀ ਕਾਸ਼ੀ ਵੀ ਨਾਮ ਦੇ

ਵਣਜਾਰਿਆਂ ਦਾ ਖਾਸ ਠਿਕਾਣਾਂ ਹੋਵੇਗੀ ਤੇ ਨਾਲ ਹੀ ਨਾਲ ਇਥੋਂ ਦੇ ਪੜ੍ਹੇ ਹੋਏ ਵਿਦਿਆਰਥੀ ਦੇਸ਼ ਵਿਦੇਸ਼ ਦੀਆਂ ਬਾਕੀ ਯੂਨੀਵਰਸਿਟੀਆਂ ਤੋਂ ਅੱਗੇ ਹੋਣਗੇ।"

ਮੇਰੀ ਰਾਇ ਹੈ ਕਿ ਅਕਾਲ ਯੂਨੀਵਰਸਿਟੀ, "ਗੁਰੂ ਕੀ ਕਾਂਸ਼ੀ" ਪੁਸਤਕ ਛਾਪ ਕੇ ਹਰ ਸਿੱਖ ਦੇ ਹੱਥਾਂ ਵਿਚ ਪਹੁੰਚਾਈ ਜਾਵੇ ਤਾਂ ਕਿ ਇਸ ਨੂੰ ਪੜ੍ਹ ਕੇ ਸਾਰੇ ਜਾਣੂ ਹੋ ਸਕਣ ਕਿ ਸਿੱਖ ਧਰਮ ਦਾ ਭਵਿੱਖ ਉੱਜਲਾ ਕਰਨ ਲਈ ਸਾਬੋ ਕੀ ਤਲਵੰਡੀ ਵਿਚ ਅਜਿਹਾ ਵਿਦਿਅਕ ਅਦਾਰਾ ਕਾਇਮ ਕੀਤਾ ਜਾ ਰਿਹਾ ਹੈ, ਜਿਸ ਵਿਚ ਆਧੁਨਿਕ ਵਿੱਦਿਆ ਦੇ ਨਾਲ ਬ੍ਰਹਮ ਗਿਆਨ ਦਾ ਦੀਵਾ ਵੀ ਜਗਣਾ ਹੈ।ਇੱਥੇ ਇਹ ਉਪਰਾਲਾ ਵੀ ਕੀਤਾ ਜਾਣਾ ਹੈ ਕਿ ਵੱਡੇ-ਵੱਡੇ ਸਕਾਲਰ ਪੈਦਾ ਕਰਕੇ ਸਾਰੇ ਸੰਸਾਰ ਵਿਚ ਪ੍ਰਚਾਰ ਲਈ ਭੇਜੇ ਜਾਣ। ਇੱਥੇ ਵਿਸ਼ਵ ਧਰਮਾਂ ਦੇ ਅਧਿਆਤਮਿਕ ਗਿਆਨ ਦਾ ਅਧਿਐਨ ਕੀਤਾ ਜਾਣਾ ਹੈ ਅਤੇ ਸਮੁੱਚੀ ਦੁਨੀਆਂ ਦੇ ਸਾਹਮਣੇ ਪ੍ਰਗਟ ਕਰਨਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਜਿਹਾ ਚਾਨਣ ਮੁਨਾਰਾ ਹਨ, ਜਿਨ੍ਹਾਂ ਦਾ ਪ੍ਰਕਾਸ਼ ਜੁਗਾਂ-ਜੁਗਾਂਤਰਾਂ ਦੇ ਹਨੇਰੇ ਨੂੰ ਚੀਰਦਾ ਹੋਇਆ ਸਦਾ ਲਈ ਪ੍ਰਕਾਸ਼ਮਾਨ ਰਹਿਣ ਵਾਲਾ ਹੈ।ਅੱਜ ਜਦੋਂ ਕਿ ਵਿਸ਼ਵ ਵਿਚੋਂ ਆਪਸੀ ਭਾਈਚਾਰਾ, ਸਦਭਾਵਨਾ, ਹਮਦਰਦੀ ਅਤੇ ਪ੍ਰਸਪਰ ਪ੍ਰੇਮ ਦਾ ਵਾਤਾਵਰਨ ਖਤਮ ਹੋ ਰਿਹਾ ਹੈ, ਸਾਰਾ ਮਾਨਵ-ਜਗਤ ਮਾਨਸਿਕ ਤੌਰ ਤੇ ਅਸ਼ਾਂਤ ਹੈ ਅਤੇ ਮਨੁੱਖੀ ਹਿਰਦੇ ਆਪਸੀ ਈਰਖਾ ਤੇ ਦੁਸ਼ਮਣੀ ਦੀ ਅੱਗ ਵਿਚ ਸੜ ਰਹੇ ਹਨ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਸਮੁੱਚੀ ਮਾਨਵਤਾ ਨੂੰ ਅਮਨ-ਸ਼ਾਂਤੀ ਤੇ ਆਪਸੀ ਮਿਲਵਰਤਨ (co-operation) ਦੀ ਪ੍ਰੇਰਨਾ ਮਿਲ ਸਕਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਸੱਚ ਤੇ ਵਿਸ਼ਵ ਭਾਈਚਾਰੇ ਦਾ ਸੁਨੇਹਾ (message of universal brotherhood) ਕਿਸੇ ਇਕ ਕੌਮ, ਦੇਸ਼ ਜਾਂ ਧਰਮ ਤੱਕ ਸੀਮਤ ਨਹੀਂ ਹੈ। ਮੈਨੂੰ ਪੂਰੀ ਆਸ ਹੈ ਕਿ ਬਾਬਾ ਇਕਬਾਲ ਸਿੰਘ ਜੀ ਬੜੂ ਸਾਹਿਬ ਵਾਲਿਆਂ ਦੀ ਦੇਖ-ਰੇਖ ਵਿਚ ਉਸਾਰੀ ਜਾ ਰਹੀ ਅਕਾਲ ਯੂਨੀਵਰਸਿਟੀ, "ਗੁਰੂ ਕੀ ਕਾਂਸ਼ੀ" ਸਾਰੇ ਵਿਸ਼ਵ ਵਿਚ ਭਾਈਚਾਰਕ ਸਾਂਝ ਬਣਾਉਣ ਲਈ ਆਪਣਾ ਬਹੁਮੁੱਲਾ ਯੋਗਦਾਨ ਪਾਵੇਗੀ। 'ਬ੍ਰਹਮ ਵਿਦਿਆ ਦੇ ਕੇਂਦਰ (ਅਕਾਲ ਯੂਨੀਵਰਸਿਟੀ) ਵਿਚ ਨਾਮ ਦੇ ਵਣਜਾਰੇ ਆਤਮਿਕ ਗੁਣਾਂ ਦੀ ਲੇਵਾ ਦੇਵੀ ਕਰਨਗੇ। ਅੰਮ੍ਰਿਤ ਦੇ ਵਪਾਰੀ ਨਾਮ ਬਾਣੀ ਦੇ ਰੰਗ ਰਸ ਦੀਆਂ ਪੀਂਘਾਂ ਝੂਟਦੇ ਹੋਏ ਅਪਰੰਪਾਰ ਦੇ ਸੋਹਿਲੇ ਅਲਾਪਣਗੇ।' ਇੱਥੋਂ ਪੜ੍ਹ ਕੇ ਨਿਕਲਣ ਵਾਲੇ ਵਿਦਿਆਰਥੀ ਪ੍ਰਾਪਤ ਕੀਤੇ ਅਨੁਭਵੀ ਗਿਆਨ ਨੂੰ ਸਾਰੇ ਸੰਸਾਰ ਵਿਚ ਫੈਲਾਉਣਗੇ।

ਡਾ. ਗੁਰਵਿੰਦਰ ਕੌਰ,

ਪਟਿਆਲਾ।

# ਅਕਾਲ ਯੂਨੀਵਰਸਿਟੀ, "ਗੁਰੂ ਕੀ ਕਾਸ਼ੀ"

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਆਪਣੇ ਪਿਤਾ-ਮਾਤਾ ਅਤੇ ਚਾਰੋਂ ਸਾਹਿਬਜ਼ਾਦਿਆਂ ਨੂੰ ਕੁਰਬਾਨ ਕਰਕੇ ਸ੍ਰੀ ਮੁਕਤਸਰ ਸਾਹਿਬ ਆਏ। ਉੱਥੇ ਚਾਲੀ ਸਿੰਘਾਂ ਨੇ ਮਾਤਾ ਭਾਗ ਕੌਰ ਜੀ ਦੀ ਅਗਵਾਈ ਹੇਠ ਮੁਗਲ ਫੌਜਾਂ ਨੂੰ ਲੱਕ ਤੋੜਵੀਂ ਹਾਰ ਦਿੰਦਿਆਂ ਹੋਇਆਂ ਸ਼ਹੀਦੀ-ਜ਼ਾਮ ਪੀਤੇ, ਗੁਰੂ ਸਾਹਿਬ ਜੀ ਉਨ੍ਹਾਂ ਨੂੰ ਚਾਲੀ ਮੁਕਤਿਆਂ ਦਾ ਖਿਤਾਬ ਦੇ ਕੇ ਸਾਬੋ ਕੀ ਤਲਵੰਡੀ ਪਹੁੰਚੇ। ਉਥੋਂ ਦਾ ਚੌਧਰੀ ਡੱਲਾ ਗੁਰੂ ਸਾਹਿਬ ਜੀ ਦਾ ਸ਼ਰਧਾਲੂ ਸੀ। ਉੱਥੇ ਜਦੋਂ ਗੁਰੂ ਸਾਹਿਬ ਜੀ ਨੇ ਆਪਣਾ ਕਮਰ-ਕੱਸਾ ਖੋਲ੍ਹਿਆ ਤਾਂ ਸਾਰੀ ਸੰਗਤ ਨੇ ਕਿਹਾ ਕਿ ਗੁਰੂ ਸਾਹਿਬ ਜੀ ਨੇ ਬੜੇ ਲੰਮੇ ਸਫ਼ਰ ਤੋਂ ਬਾਅਦ ਇੱਥੇ ਕਮਰ-ਕੱਸਾ ਖੋਲ੍ਹ ਕੇ ਦਮ ਲਿਆ ਹੈ, ਸੋ ਲੰਮੇ ਸਮੇਂ ਤੋਂ ਬਾਅਦ ਗੁਰੂ ਸਾਹਿਬ ਜੀ ਦੁਆਰਾ ਉੱਥੇ ਦਮ ਲੈਣ ਕਰਕੇ ਸਿੱਖਾਂ ਨੇ ਉਸ ਜਗ੍ਹਾ ਨੂੰ ਦਮਦਮਾ ਸਾਹਿਬ ਕਹਿਣਾ ਸ਼ੁਰੂ ਕਰ ਦਿੱਤਾ।

ਇੱਕ ਦਿਨ ਚੌਧਰੀ ਡੱਲੇ ਨੇ ਹੱਥ ਜੋੜ ਕੇ ਗੁਰੂ ਸਾਹਿਬ ਜੀ ਨੂੰ ਬੇਨਤੀ ਕੀਤੀ ਕਿ ਮਹਾਰਾਜ ਮੇਰੀ ਫੌਜ ਦੇ ਸਿਪਾਹੀ ਬੜੇ ਤਕੜੇ ਸੱਤ-ਸੱਤ ਫੁੱਟ ਲੰਬੇ ਜਵਾਨ ਹਨ, ਜੇ ਤੁਸੀਂ ਮੈਨੂੰ ਯਾਦ ਕਰਦੇ ਤਾਂ ਮੇਰੇ ਜਵਾਨ ਮੁਗਲ ਫੌਜਾਂ ਨੂੰ ਜੰਗੇ-ਮੈਦਾਨ ਵਿਚ ਭਾਜੜਾਂ ਪਾ ਦਿੰਦੇ ਤੇ ਆਪ ਜੀ ਨੂੰ ਨਾ ਤਾਂ ਅਨੰਦਪੁਰ ਸਾਹਿਬ ਛੱਡਣਾ ਪੈਂਦਾ ਤੇ ਨਾ ਹੀ ਚਾਰੋ ਸਾਹਿਬਜ਼ਾਦੇ ਤੇ ਏਨੇ ਜ਼ਿਆਦਾ ਸਿੱਖ ਸ਼ਹੀਦ ਹੁੰਦੇ। ਗੁਰੂ ਸਾਹਿਬ ਜੀ ਨੇ ਮੁਸਕਰਾ ਕੇ ਕਿਹਾ ਕਿ ਡੱਲਿਆ ਅਜੇ ਕਦੋਂ ਤਾਰ ਟੁੱਟੀ ਹੈ, ਤੇਰੇ ਸੱਤ-ਸੱਤ ਫੁੱਟੇ ਜਵਾਨਾਂ ਦੀ ਬਹਾਦਰੀ ਵੀ ਪਰਖ ਲਵਾਂਗੇ। ਏਨੇ ਚਿਰ ਨੂੰ ਗੁਰੂ ਸਾਹਿਬ ਜੀ ਦੇ ਸ਼ਰਧਾਲੂ ਇੱਕ ਮਿਸਤਰੀ ਸਿੰਘ ਨੇ ਫੌਲਾਦ ਦੀ ਬਣੀ ਹੋਈ ਇੱਕ ਬਹੁਤ ਵਧੀਆ ਬੰਦੂਕ ਗੁਰੂ ਸਾਹਿਬ ਜੀ ਦੇ ਚਰਨਾਂ ਵਿਚ ਭੇਟ ਕੀਤੀ। ਗੁਰੂ ਸਾਹਿਬ ਜੀ ਬੰਦੂਕ ਨੂੰ ਦੇਖ ਕੇ ਕਹਿਣ ਲੱਗੇ ਕਿ ਇਸ ਦੀ ਗੋਲੀ ਕਿੰਨੀ ਕੁ ਮਾਰ ਕਰਦੀ ਹੈ। ਉਹ ਸਿੱਖ ਆਖਣ ਲੱਗਾ ਗੁਰੂ ਸਾਹਿਬ ਜੀ ਇਸ ਦੀ ਗੋਲੀ ੭ ਆਦਮੀਆਂ ਦੀ ਛਾਤੀ ਨੂੰ ਚੀਰ ਕੇ ਪਾਰ ਨਿਕਲ ਸਕਦੀ ਹੈ। ਇਹ ਸੁਣ ਕੇ ਗੁਰੂ ਸਾਹਿਬ ਜੀ ਨੇ ਉਸੇ ਸਮੇਂ ਕੋਲ ਖੜ੍ਹੇ ਡੱਲੇ ਨੂੰ ਕਿਹਾ, "ਡੱਲਿਆ! ਲਿਆ ਆਪਣੇ ਸੱਤ-ਸੱਤ ਫੁੱਟੇ ਜਵਾਨਾਂ ਵਿਚੋਂ ਕੋਈ ਸਿਪਾਹੀ, ਅਸੀਂ ਇਸ ਬੰਦੂਕ ਦਾ ਨਿਸ਼ਾਨਾ ਪਰਖਣਾ ਹੈ।" ਗੁਰੂ ਸਾਹਿਬ ਜੀ ਦੇ ਇਹ ਬਚਨ ਸੁਣ ਕੇ ਡੱਲਾ ਘਬਰਾਅ ਗਿਆ ਤੇ ਸੋਚਣ ਲੱਗਾ ਕਿ ਗੁਰੂ ਜੀ ਨੇ ਤਾਂ ਇਹ ਬੜੀ ਕਰੜੀ ਕਸਵੱਟ ਲਾ ਦਿੱਤੀ ਹੈ। ਉਹ ਗੁਰੂ ਸਾਹਿਬ ਜੀ ਦਾ ਹੁਕਮ ਮੰਨਦਾ ਹੋਇਆ ਆਪਣੇ ਜਵਾਨਾਂ ਕੋਲ ਗਿਆ ਤੇ ਕਹਿਣ ਲੱਗਾ, "ਗੁਰੂ ਸਾਹਿਬ ਜੀ ਆਪਣੀ ਬੰਦੂਕ ਦੇ ਨਿਸ਼ਾਨੇ ਦੀ ਪਰਖ ਕਰਨਾ ਚਾਹੁੰਦੇ ਹਨ, ਤੁਹਾਡੇ ਵਿਚੋਂ ਕੋਈ ਗੁਰੂ ਸਾਹਿਬ ਜੀ ਦੀ ਗੋਲੀ ਦਾ ਨਿਸ਼ਾਨਾ ਬਣ ਕੇ ਉਨ੍ਹਾਂ ਦੀ ਬਖ਼ਸ਼ਿਸ਼ ਲਵੇ।" ਗੁਰੂ ਦੇ ਪ੍ਰੇਮ ਤੇ ਸ਼ਰਧਾ ਤੋਂ ਖਾਲੀ ਉਸ ਦੇ ਸਾਰੇ ਜਵਾਨਾਂ ਨੇ ਸਾਫ਼ ਇੰਨਕਾਰ ਕਰਦਿਆਂ ਕਿਹਾ ਕਿ ਉਹ ਜੰਗੇ-ਮੈਦਾਨ ਵਿਚ ਤਾਂ ਲੜਦਿਆਂ ਹੋਇਆਂ ਆਪਣੀ ਕੁਰਬਾਨੀ ਦੇ ਸਕਦੇ ਹਨ, ਪਰ ਇਸ ਤਰ੍ਹਾਂ ਨਿਹੱਥੇ ਗੁਰੂ ਸਾਹਿਬ ਜੀ ਦੀ ਗੋਲੀ ਨਾਲ ਨਹੀਂ ਮਰ ਸਕਦੇ।

ਸਿਪਾਹੀਆਂ ਵੱਲੋਂ ਕੋਰਾ ਜਵਾਬ ਮਿਲਣ 'ਤੇ ਡੱਲਾ ਨਿੰਮੋ-ਝੂਣਾ ਹੋਇਆ, ਗੁਰੂ ਸਾਹਿਬ ਜੀ ਕੋਲ ਆ ਕੇ ਕਹਿਣ ਲੱਗਾ ਕਿ ਗੁਰੂ ਸਾਹਿਬ ਜੀ ਮੇਰਾ ਕੋਈ ਜਵਾਨ ਤਿਆਰ ਨਹੀਂ ਹੋਇਆ ਤੇ ਆਖਦੇ ਹਨ ਕਿ ਉਹ ਜੰਗੇ-ਮੈਦਾਨ ਵਿਚ ਤਾਂ ਲੜ ਕੇ ਮਰ ਸਕਦੇ ਹਨ, ਪਰ ਇਸ ਤਰ੍ਹਾਂ ਨਿਹੱਥੇ ਗੁਰੂ ਸਾਹਿਬ ਜੀ ਦੀ ਗੋਲੀ ਨਾਲ ਨਹੀਂ ਮਰ ਸਕਦੇ। ਗੁਰੂ ਸਾਹਿਬ ਜੀ ਨੇ ਇਹ ਸੁਣ ਕੇ ਮੁਸਕਰਾਅ ਕੇ ਕਿਹਾ, "ਡੱਲਿਆ! ਜੇ ਤੇਰੇ ਜਵਾਨ ਨਹੀਂ ਮੰਨੇ ਤਾਂ ਤੂੰ ਹੀ ਖੜ੍ਹਾ ਹੋ ਕੇ ਗੋਲੀ ਦਾ ਨਿਸ਼ਾਨਾ ਬਣ ਕੇ ਇਹ ਬਖਸ਼ਿਸ਼ ਲੈ ਕੇ ਮਕਤੀ ਪਾ ਲੈ। ਗੁਰੂ ਸਾਹਿਬ ਜੀ ਦੇ ਇਹ ਬਚਨ ਸੁਣ ਕੇ ਡੱਲਾ ਮੌਤ ਤੋਂ ਘਬਰਾਉਂਦਾ ਹੋਇਆ, ਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ ਤੇ ਆਖਣ ਲੱਗਾ, "ਮੇਰੀ ਵੀ ਹਿੰਮਤ ਨਹੀਂ ਪੈਂਦੀ ਕਿ ਮੈਂ ਇਸ ਤਰ੍ਹਾਂ ਮਰ ਜਾਵਾਂ।"

ਗੁਰੂ ਸਾਹਿਬ ਜੀ ਨੇ ਕਿਹਾ ਕਿ ਚੰਗਾਂ ਜੇ ਤੈਨੂੰ ਵੀ ਮੌਤ ਤੋਂ ਡਰ ਲੱਗਦਾ ਹੈ ਤਾਂ ਫਿਰ ਜੋ ਸਾਡੇ ਨਾਲ ਸਿੰਘ ਆਏ ਹਨ, ਉਨ੍ਹਾਂ ਨੂੰ ਅਵਾਜ਼ ਦੇ ਕਿ ਗੁਰੂ ਜੀ ਨੇ ਆਪਣੀ ਬੰਦੂਕ ਦੇ ਨਿਸ਼ਾਨੇ ਦੀ ਪਰਖ ਕਰਨੀ ਹੈ, ਕੋਈ ਸਿੱਖ ਆ ਕੇ ਉਨ੍ਹਾਂ ਦੇ ਸਾਹਮਣੇ ਖੜ੍ਹਾ ਜੋ ਜਾਵੇ। ਭਾਈ ਡੱਲੇ ਨੇ ਗੁਰੂ ਜੀ ਦਾ ਇਹ ਹੁਕਮ ਜਾ ਕੇ ਸਿੱਖਾਂ ਨੂੰ ਸੁਣਾਇਆ ਤਾਂ ਭਾਈ ਡੱਲੇ ਦੇ ਮੂੰਹੋਂ ਗੁਰੂ ਜੀ ਦਾ ਹੁਕਮ ਸੁਣਦੇ ਸਾਰ ਹੀ ਦੋ ਸਿੱਖ ਭਾਈ ਧੀਰ ਸਿੰਘ ਜੀ ਤੇ ਭਾਈ ਬੀਰ ਸਿੰਘ ਜੀ ਦੌੜਦੇ ਹੋਏ ਗੁਰੂ ਸਾਹਿਬ ਜੀ ਕੋਲ ਆ ਪਹੁੰਚੇ। ਧੀਰ ਸਿੰਘ ਕਹਿਣ ਲੱਗਾ ਗੁਰੂ ਸਾਹਿਬ ਜੀ ਮੈਂ ਪਹਿਲਾਂ ਹਾਜ਼ਰ ਹੋਇਆ ਹਾਂ ਆਪ ਜੀ ਮੇਰੇ 'ਤੇ ਬੰਦੂਕ ਦੇ ਨਿਸ਼ਾਨੇ ਦੀ ਪਰਖ ਕਰੋ। ਪਰ ਬੀਰ ਸਿੰਘ ਕਹਿਣ ਲੱਗਾ ਨਹੀਂ ਗੁਰੂ ਸਾਹਿਬ ਜੀ ਮੈਂ ਪਹਿਲਾਂ ਆਪ ਜੀ ਦਾ ਹੁਕਮ ਸੁਣਿਆ ਸੀ, ਇਸ ਲਈ ਆਪ ਜੀ ਮੇਰੇ 'ਤੇ ਬੰਦੂਕ ਦਾ ਨਿਸ਼ਾਨਾ ਪਰਖੋ। ਦੂਜਾ ਸਿੱਖ ਫਿਰ ਕਹਿਣ ਲੱਗਾ ਗੁਰੂ ਸਾਹਿਬ ਜੀ ਮੇਰੀ ਸ਼ਰਧਾ ਵੀ ਦੇਖੋ ਮੈਂ ਤਾਂ ਪਗੜੀ ਵੀ ਪੂਰੀ ਨਹੀਂ ਬੰਨ੍ਹੀ ਤੇ ਅੱਧ-ਬੱਝੀ ਪਗੜੀ ਦਾ ਲੜ ਹੱਥ ਵਿਚ ਫੜ੍ਹ ਕੇ ਦੌੜਦਾ ਹੋਇਆ ਆਪ ਜੀ ਕੋਲ ਆ ਗਿਆ ਹਾਂ ਕਿ ਕਿਤੇ ਆਪ ਜੀ ਦੀ ਬਖ਼ਸ਼ਿਸ਼ ਤੋਂ ਵਾਂਝਾ ਨਾ ਰਹਿ ਜਾਵਾਂ। ਅਸਲ ਵਿਚ ਇਨ੍ਹਾਂ ਸਿੱਖਾਂ ਨੇ ਗੁਰੂ ਸਾਹਿਬ ਜੀ ਦਾ ਖੰਡੇ-ਬਾਟੇ ਦਾ ਅੰਮ੍ਰਿਤਪਾਨ ਕੀਤਾ ਹੋਇਆ ਸੀ, ਇਸ ਕਰਕੇ ਉਨ੍ਹਾਂ ਨੂੰ ਮੌਤ ਤੋਂ ਡਰ ਨਹੀਂ ਸੀ ਆਂਉਂਦਾ ਤੇ ਉਨ੍ਹਾਂ ਨੂੰ ਗੁਰੂ ਸਾਹਿਬ ਜੀ ਦੇ ਹੱਥੋਂ ਸ਼ਹੀਦ ਹੋਣ ਦਾ ਬੜਾ ਚਾਅ ਸੀ।

ਗੁਰੂ ਸਾਹਿਬ ਜੀ ਨੇ ਦੋਵਾਂ ਸਿੱਖਾਂ ਨੂੰ ਕਿਹਾ ਕਿ ਤੁਸੀਂ ਦੋਵੇਂ ਇੱਕ-ਦੂਜੇ ਦੇ ਮੋਢੇ ਨਾਲ ਮੋਢਾ ਜੋੜ ਕੇ ਬਗਲਗੀਰ ਹੋ ਕੇ ਖੜ੍ਹੇ ਹੋ ਜਾਉ। ਦੋਵੇਂ ਸਿੱਖ ਗੁਰੂ ਸਾਹਿਬ ਜੀ ਦੇ ਹੁਕਮ ਅਨੁਸਾਰ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹੋ ਗਏ। ਗੁਰੂ ਸਾਹਿਬ ਜੀ ਨੇ ਗੋਲੀ ਚਲਾਈ, ਜੋ ਦੋਵੇਂ ਸਿੱਖਾਂ ਦੇ ਵਿਚਾਲਿਉਂ ਉਨ੍ਹਾਂ ਦੇ ਮੋਢਿਆਂ ਨੂੰ ਜ਼ਖਮੀ ਕਰਦੀ ਹੋਈ ਨਿਕਲ ਗਈ। ਦੋਵੇਂ ਸਿੱਖ ਜ਼ਖਮੀ ਹੋ ਗਏ। ਕੋਲ ਖੜ੍ਹੇ ਹੋਰ ਸਿੱਖਾਂ ਨੇ ਗੁਰੂ ਸਾਹਿਬ ਜੀ ਦੇ ਹੁਕਮ ਅਨੁਸਾਰ ਉਨ੍ਹਾਂ ਦੋਵਾਂ ਸਿੱਖਾਂ ਨੂੰ ਸੰਭਾਲਿਆ ਤੇ ਉਨ੍ਹਾਂ ਦੀ ਮਲ੍ਹਮ-ਪੱਟੀ ਕੀਤੀ। ਫਿਰ ਦੋਵਾਂ ਸਿੱਖਾਂ ਨੇ ਗੁਰੂ ਸਾਹਿਬ ਜੀ ਨੂੰ ਮੱਥਾ ਟੇਕਿਆ ਅਤੇ ਉਨ੍ਹਾਂ ਦੀ ਬਖ਼ਸ਼ਿਸ਼ ਲਈ। ਡੱਲੇ ਨੂੰ ਸਿੱਖਾਂ ਦੀ ਇਹ ਬਹਾਦਰੀ ਦੇਖ ਕੇ ਖੰਡੇ-ਬਾਟੇ ਦੇ ਅੰਮ੍ਰਿਤ ਦੀ ਮਹਾਨਤਾ ਅਤੇ ਸਿੱਖਾਂ ਦੀ ਬਹਾਦਰੀ ਦੀ ਸਮਝ ਆ ਗਈ ਸੀ ਅਤੇ

ਉਹ ਗੁਰੂ ਸਾਹਿਬ ਜੀ ਨੂੰ ਆਖਣ ਲੱਗਾ ਕਿ ਮਹਾਰਾਜ ਜੇ ਖੰਡੇ-ਬਾਟੇ ਦਾ ਅੰਮ੍ਰਿਤ ਛਕ ਕੇ ਸਿੱਖ ਮੌਤ ਤੋਂ ਏਨਾ ਨਿਡਰ ਹੋ ਜਾਂਦੇ ਹਨ ਤੇ ਇੰਨੀ ਚੜ੍ਹਦੀ ਕਲਾ ਵਿਚ ਚਲੇ ਜਾਂਦੇ ਹਨ ਤਾਂ ਮੈਨੂੰ ਵੀ ਮੇਰੇ ਪਰਿਵਾਰ ਸਮੇਤ ਖੰਡੇ-ਬਾਟੇ ਦਾ ਅੰਮ੍ਰਿਤ ਛਕਾਉਣ ਦੀ ਬਖਸ਼ਿਸ਼ ਕਰੋ। ਸੋ ਗੁਰੂ ਬਖ਼ਸ਼ਿਸ਼ ਦੁਆਰਾ ਡੱਲਾ ਪਰਿਵਾਰ ਸਮੇਤ ਅੰਮ੍ਰਿਤ ਛਕ ਕੇ ਡੱਲੇ ਤੋਂ ਡੱਲਾ ਸਿੰਘ ਬਣ ਗਿਆ।

ਗੁਰੂ ਸਾਹਿਬ ਜੀ ਦੇ ਸ਼ੁਕਰਾਨੇ ਵਿਚ ਡੱਲੇ ਨੇ ਇਲਾਕੇ ਦਾ ਬਹੁਤ ਵੱਡਾ ਇਕੱਠ ਕਰਕੇ ਦੀਵਾਨ ਸਜਾਇਆ ਤਾਂ ਜੋ ਗੁਰੂ ਸਾਹਿਬ ਜੀ ਸਭ ਨੂੰ ਉਪਦੇਸ਼ ਦੇ ਕੇ ਸੱਚ ਦੇ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕਰਣ। ਦਿੱਲੀ ਤੋਂ ਮਾਤਾ ਸਾਹਿਬ ਕੌਰ ਜੀ ਤੇ ਮਾਤਾ ਸੁੰਦਰੀ ਜੀ ਵੀ ਇਸ ਸਜੇ ਹੋਏ ਦੀਵਾਨ ਵਿਚ ਆਣ ਹਾਜ਼ਰ ਹੋਏ ਤੇ ਗੁਰੂ ਜੀ ਨਾਲ ਸਟੇਜ 'ਤੇ ਬੈਠ ਗਏ। ਉਨ੍ਹਾਂ ਨੇ ਚਾਰੇ ਪਾਸੇ ਝਾਤੀ ਮਾਰ ਕੇ ਦੇਖਿਆ, ਪਰ ਉਨ੍ਹਾਂ ਨੂੰ ਕਿੱਧਰੇ ਵੀ ਚਾਰੇ ਸਾਹਿਬਜ਼ਾਦੇ ਨਜ਼ਰੀਂ ਨਾ ਆਏ। ਉਹ ਹੱਥ ਜੋੜ ਕੇ ਗੁਰੂ ਸਾਹਿਬ ਜੀ ਨੂੰ ਬੇਨਤੀ ਕਰਨ ਲੱਗੇ ਕਿ ਚਾਰੇ ਸਾਹਿਬਜ਼ਾਦੇ ਕਿੱਥੇ ਹਨ, ਉਹ ਕਿੱਧਰੇ ਵੀ ਨਜ਼ਰੀਂ ਨਹੀਂ ਆ ਰਹੇ।ਇਹ ਸੁਣ ਕੇ ਗੁਰੂ ਸਾਹਿਬ ਜੀ ਸਾਰੀ ਸੰਗਤ ਵੱਲ ਹੱਥ ਕਰਕੇ ਕਹਿਣ ਲੱਗੇ:

**ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ,**
**ਚਾਰ ਮੂਏ ਤੋ ਕਿਆ ਭਇਆ ਜੀਵਤ ਕਈ ਹਜ਼ਾਰ।**

ਇੱਕ ਦਿਨ ਗੁਰੂ ਸਾਹਿਬ ਜੀ ਨੇ ੨੫ ਸਿੱਖ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੋਤਰੇ ਧੀਰ ਮੱਲ ਕੋਲ, ਉਹ ਆਦਿ ਬੀੜ ਲੈਣ ਲਈ ਭੇਜੇ, ਜੋ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਕੋਲੋਂ ਰਾਮਸਰ ਵਿਖੇ ਲਿਖਵਾਈ ਸੀ। ਧੀਰ ਮੱਲ ਨੇ ਉਹ ਬੀੜ ਆਪਣੇ ਕੋਲ ਸਾਂਭ ਕੇ ਰੱਖੀ ਹੋਈ ਸੀ ਤੇ ਉਹ ਸਮਝਦਾ ਸੀ ਕਿ ਜਿਸ ਕੋਲ ਇਹ ਬੀੜ ਹੋਵੇਗੀ, ਉਹ ਹੀ ਗੁਰੂ ਕਹਿਲਾਵੇਗਾ। ਸਿੱਖਾਂ ਦੁਆਰਾ ਗੁਰੂ ਸਾਹਿਬ ਜੀ ਦੇ ਹੁਕਮ ਅਨੁਸਾਰ ਬੀੜ ਦੀ ਮੰਗ ਕਰਨ 'ਤੇ ਧੀਰ ਮੱਲ ਨੇ ਕੋਰਾ ਜਵਾਬ ਦਿੰਦਿਆਂ ਕਿਹਾ ਕਿ ਉਹ ਇਹ ਬੀੜ ਨਹੀਂ ਦੇਵੇਗਾ ਤੇ ਨਾਲ ਹੀ ਇਹ ਮਿਹਣਾ ਵੀ ਮਾਰਿਆ ਕਿ ਜੇ ਗੁਰੂ ਗੋਬਿੰਦ ਸਿੰਘ ਜੀ ਸੱਚ-ਮੁੱਚ ਹੀ ਸੱਚੇ ਗੁਰੂ ਹਨ ਤਾਂ ਉਹ ਸਾਰਾ ਗ੍ਰੰਥ ਸਾਹਿਬ ਆਪ ਹੀ ਦੁਬਾਰਾ ਤੋਂ ਕਿਉਂ ਨਹੀਂ ਰਚ ਲੈਂਦੇ।

ਜਦੋਂ ਸਿੱਖਾਂ ਨੇ ਧੀਰਮੱਲ ਦੇ ਕੋਰੇ ਜਵਾਬ ਅਤੇ ਮਿਹਣੇ ਬਾਰੇ ਗੁਰੂ ਸਾਹਿਬ ਜੀ ਨੂੰ ਦੱਸਿਆ ਤਾਂ ਗੁਰੂ ਸਾਹਿਬ ਜੀ ਨੇ ਸਦੀਵੀ ਜੀਊਣ ਵਾਲੇ ਗੁਰੂਆਂ ਅਤੇ ਭਗਤਾਂ ਦੀ ਨਿਰੰਕਾਰੀ ਜੋਤ ਨਾਲ ਇਕ ਸੁਰ ਹੋ ਕੇ, ੯ ਮਹੀਨੇ ਤੇ ੯ ਦਿਨ ਤੱਕ ਜੋਤ ਸਰੂਪੀ ਬਾਣੀ ਦਾ ਅਲਾਪ ਕੀਤਾ।ਜਿਸ ਤਰ੍ਹਾਂ ਇਲਾਹੀ ਰੌਅ ਵਿਚ ਆ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਮਰਦਾਨੇ ਨੂੰ ਕਿਹਾ ਕਰਦੇ ਸੀ;-"ਮਰਦਾਨਿਆਂ ਬਾਣੀ ਆਈ...!"ਤਾਂ ਮਰਦਾਨੇ ਦੀ ਰਬਾਬ ਦੀਆਂ ਤਰਬਾਂ ਦੀ ਟੁਣਕਾਰ ਵਿਚ ਅਨਹਦ ਧੁਨੀਆਂ ਦੇ ਸੁਰ ਗੂੰਜਣੇ ਸ਼ੁਰੂ ਹੋ ਜਾਂਦੇ ਸੀ,ਉਸੇ ਤਰ੍ਹਾਂ ਹੀ ਦਸਵੇਂ ਨਾਨਕ ਦਸ਼ਮੇਸ਼ ਪਿਤਾ ਨੇ ਵੀ ਧੀਰਮੱਲੀਆਂ ਕੋਲ ਪਈ ਹੋਈ ਬੀੜ ਦੀ ਫੋਟੋ ਕਾਪੀ ਕਰਨ ਲਈ ਬ੍ਰਹੰਮ

ਮੰਡਲ ਵਿਚ ਟਿਕਾਣਾਂ ਬਣਾਇਆ,ਗਗਨ ਸਮਾਧ ਲਗਾਈ ਤੇ ਇਲਾਹੀ ਰੌਅ ਵਿਚ ਆ ਕੇ ਅਨੰਤ ਕਾਲ ਤੋਂ ਨਿਰੰਤਰ ਚੱਲੀ ਆ ਰਹੀ ਬ੍ਰਹਮੰਡੀ ਬਾਣੀ ਦੀਆਂ ਪ੍ਰਕਾਸ਼ ਮਈ ਲੜੀਆਂ ਪ੍ਰੋਣ ਲਈ,ਭਾਈ ਮਨੀ ਸਿੰਘ ਜੀ ਨੂੰ ਲਿਖਣ ਦੀ ਸੇਵਾ ਬਖਸ਼ੀ।

**ਅਨਹਦ ਬਾਣੀ ਨਾਦੁ ਵਜਾਇਆ।**

(ਪੰਨਾਂ-੩੭੫)

**ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ**
**ਹਰਿ ਕਰਤਾ ਆਪਿ ਮੁਹਹੁ ਕਢਾਏ।**

(ਪੰਨਾਂ-੩੦੮)

**ਹਉ ਆਪਹੁ ਬੋਲਿ ਨਾ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ।**

(ਪੰਨਾ੭੩੬)

ਕਰਤਾ ਪੁਰਖ ਨੇ ਅਨਹਦ ਬਾਣੀ ਦੀ ਰਹਿਮਤ ਕਲਗੀਧਰ ਪਾਤਿਸ਼ਾਹ ਰਾਹੀਂ ਪ੍ਰਗਟ ਕੀਤੀ।ਦੇਖਣ ਨੂੰ ਇਹ ਗੱਲ ਅਣਹੋਣੀ ਜਿਹੀ ਲਗਦੀ ਹੈ ਕਿ ਕਰਤਾਰ ਪੁਰ ਵਿਚ ਪਈ ਹੋਈ ਬਾਣੀ ਦੀ ਫੋਟੋ ਕਾਪੀ ਦਮਦਮਾ ਸਾਹਿਬ ਵਿਚ ਤਿਆਰ ਹੋ ਰਹੀ ਹੈ ਪਰ ਸ੍ਰੀ ਗੁਰੂ ਗੋਬੰਦ ਸਿੰਘ ਜੀ ਨੇ ਆਪਣੇ ਛੋਟੇ ਜਿਹੇ ਜੀਵਨ ਕਾਲ ਵਿਚ ਇਹੋ ਜਿਹੀਆਂ ਕਈ ਨਿਆਰੀਆਂ ਖੇਲ੍ਹਾਂ ਖੇਲ੍ਹਣ ਦੇ ਇਲਾਹੀ ਸਬੂਤ ਬਖਸ਼ੇ ਹਨ।

ਫੋਟੋ ਕਾਪੀ ਦੀ ਮਸ਼ੀਨ,ਕੰਪੀਊਟਰ ਅਤੇ ਸਾਇੰਸ ਦੀ ਕਾਢ ਦੀਆਂ ਹੋਰ ਅਨੇਕਾਂ ਮਸ਼ੀਨਾਂ ਅਸੀਂ ਆਮ ਜੀਵਨ ਵਿਚ ਵਰਤਦੇ ਹਾਂ ਪਰ ਸਾਇੰਸਦਾਨ ਹੀ ਜਾਣਦੇ ਹਨ ਕਿ ਇਹ ਮਸ਼ੀਨਾਂ ਕਿਸ ਤਰ੍ਹਾਂ ਕੰਮ ਕਰਦੀਆਂ ਹਨ।ਇਸੇ ਤਰ੍ਹਾਂ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨਿਰੰਕਾਰੀ ਗੁਰਗੱਦੀ ਉਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਿਰਾਜਮਾਨ ਕਰਕੇ ਗਿਆਰਵੀਂ ਪਾਤਿਸ਼ਾਹੀ ਦੇ ਸਰੂਪ ਵਿਚ ਪ੍ਰਗਟ ਕਰਨ ਦੀ ਬ੍ਰਹਮੰਡੀ ਖੇਲ੍ਹ ਦੀਆਂ ਗੁੱਝੀਆਂ ਆਤਮਿਕ ਰਮਜਾਂ ਨੂੰ ਵੀ ਬ੍ਰਹਿਮ ਮੰਡਲ ਦੇ ਵਾਸੀ,ਬ੍ਰਹਿਮ ਗਿਆਨੀ ਹੀ ਸਮਝ ਸਕਦੇ ਹਨ।ਇਹ ਸਭ ਆਮ ਬੰਦੇ ਦੀ ਸਮਝ ਤੋਂ ਪਰ੍ਹੇ ਦੀਆਂ ਗੱਲਾਂ ਹਨ।

ਇਸ ਨਵੇਂ ਤਿਆਰ ਕੀਤੇ ਸ੍ਰੀ ਗ੍ਰੰਥ ਸਾਹਿਬ ਜੀ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਉਚਾਰਨ ਕੀਤੀ ਬਾਣੀ ਵੀ ਰਾਗਾਂ ਅਨੁਸਾਰ ਜਿੱਥੇ ਆਉਂਦੀ ਸੀ, ਉੱਥੇ-ਉੱਥੇ ਦਰਜ ਕਰਵਾ ਦਿੱਤੀ।ਇਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਾਬਾ ਦੀਪ ਸਿੰਘ ਜੀ ਨੇ ਚਾਰ ਉਤਾਰੇ ਕੀਤੇ ਤੇ ਫਿਰ ਇਸੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁੱਖ ਹਜ਼ੂਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪੈਸੇ ਤੇ ਨਾਰੀਅਲ ਰੱਖ ਕੇ ਪੰਜ ਪਰਕਰਮਾ ਕਰਕੇ ਮੱਥਾ ਟੇਕਦਿਆਂ,ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾਗੱਦੀ ਬਖ਼ਸ਼ਦਿਆਂ, ਸਾਰੇ ਸਿੱਖਾਂ ਨੂੰ ਫੁਰਮਾਇਆ ਕਿ ਅੱਜ ਤੋਂ ਬਾਅਦ ਤੁਹਾਡੇ ਗੁਰੂ ਜੁਗੋ-ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੋਣਗੇ।

**ਆਗਿਆ ਭਈ ਅਕਾਲ ਕੀ, ਤਬੈ ਚਲਾਇਓ ਪੰਥ।**

**ਸਭ ਸਿੱਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ।**

ਇੱਕ ਦਿਨ ਗੁਰੂ ਸਾਹਿਬ ਜੀ ਭਾਈ ਡੱਲ ਸਿੰਘ ਜੀ ਨੂੰ ਆਖਣ ਲੱਗੇ, "ਦੇਖ ਡੱਲਿਆ, ਇੱਥੇ ਨਹਿਰਾਂ ਚੱਲ ਰਹੀਆਂ ਹਨ, ਅੰਬਾਂ, ਸੰਤਰਿਆਂ ਅਤੇ ਅੰਗੂਰਾਂ ਦੇ ਬਾਗ ਫਲੇ ਹੋਏ ਹਨ, ਕਪਾਹਾਂ ਤੇ ਕਣਕਾਂ ਦੇ ਖੇਤ ਲਹਿ-ਲਹਿਰਾ ਰਹੇ ਹਨ।" ਗੁਰੂ ਸਾਹਿਬ ਜੀ ਦੇ ਇਹ ਬਚਨ ਸੁਣ ਕੇ ਡੱਲਾ ਆਖਣ ਲੱਗਾ, ਗੁਰੂ ਸਾਹਿਬ ਜੀ ਦੂਰੋਂ ਚਮਕਦੀ ਰੇਤਾ ਤੁਹਾਨੂੰ ਪਾਣੀ ਦੀਆਂ ਨਹਿਰਾਂ ਜਾਪਦੀਆਂ ਹਨ, ਅੱਕਾਂ ਨੂੰ ਲੱਗੇ ਫਲ ਤੁਹਾਨੂੰ ਅੰਬ, ਸੰਤਰੇ ਤੇ ਅੰਗੂਰ ਲੱਗਦੇ ਹਨ। ਜੰਗਲ ਵਿੱਚ ਉੱਗੀਆਂ ਝਾੜੀਆਂ ਤਹਾਨੂੰ ਕਪਾਹਾਂ ਤੇ ਕਣਕਾਂ ਨਜ਼ਰ ਆਉਂਦੀਆਂ ਹਨ, ਇੱਥੇ ਇਹ ਸਭ ਚੀਜਾਂ ਕਿਵੇਂ ਹੋ ਸਕਦੀਆਂ ਹਨ।ਗੁਰੂ ਸਾਹਿਬ ਜੀ ਮੁਸਕਰਾਅ ਕੇ ਕਹਿਣ ਲੱਗੇ ਜੇ ਤੂੰ ਬਚਨ ਮੰਨਦਾ ਤਾਂ ਅੱਜ ਹੀ ਇਹ ਸਭ ਕੁਝ ਹੋ ਜਾਣਾ ਸੀ, ਪਰ ਹੁਣ ਵਖਤ ਪਾ ਕੇ ਇਹ ਤਿੰਨੋ ਚੀਜਾਂ ਇੱਥੇ ਜ਼ਰੂਰ ਹੋਣਗੀਆਂ। ਅੱਜ ਗੁਰੂ ਸਾਹਿਬ ਜੀ ਦੇ ਹੁਕਮਾ ਅਨੁਸਾਰ ਉੱਥੇ ਨਹਿਰਾਂ ਵਗ ਰਹੀਆਂ ਹਨ, ਫਲਦਾਰ ਬੂਟਿਆਂ ਦੇ ਕਈ ਬਾਗ ਹਨ ਅਤੇ ਕਣਕਾਂ ਤੇ ਕਪਾਹਾਂ ਦੀਆਂ ਫਸਲਾਂ ਲਹਿ-ਲਹਿਰਾ ਰਹੀਆਂ ਹਨ।

ਇਨ੍ਹਾਂ ਤਿੰਨਾਂ ਭਵਿੱਖ ਵਾਕਾਂ ਤੋਂ ਬਾਅਦ ਗੁਰੂ ਸਾਹਿਬ ਜੀ ਨੇ ਡੱਲੇ ਨੂੰ ਚੌਥਾ ਭੱਵਿਖ ਵਾਕ ਇਹ ਕੀਤਾ ਸੀ ਕਿ-

**ਇਹ ਹੈ ਪ੍ਰਗਟ ਹਮਾਰੀ ਕਾਂਸ਼ੀ, ਪੜ ਹੈਂ ਇਹਾਂ ਢੋਰ ਮਤਿ ਰਾਸੀ**

**ਲੇਖਕ ਗੁਣੀ ਕਵਿੰਦ ਗਿਆਨੀ।ਬੁਧਿ ਸਿੰਧ ਹੈ ਹੈਂ ਇਤਿਆਨੀ**
**ਤਿਨ ਕੇ ਕਾਰਨ ਕਲਮ ਘਢ ਦੇਤ ਪ੍ਰਗਟ ਹਮ ਡਾਰ**
**ਸਿਖ ਸਖਾ ਇਤਿ ਪੜੈਂਗੇ ਹਮਰੇ ਕਈ ਹਜ਼ਾਰ**

ਭਾਵ ਕਿ ਇਹ ਜਗ੍ਹਾ ਪੁਰਾਤਨ ਵਿਦਿਆ ਦੇ ਬਹੁਤ ਵੱਡੇ ਕੇਂਦਰ ਬਨਾਰਸ ਕਾਂਸੀ ਵਾਂਗ ਗੁਰੂ ਕੀ ਕਾਂਸ਼ੀ ਬਣੇਗੀ ਤੇ ਇੱਥੋਂ ਵੱਡੇ-ਵੱਡੇ ਵਿਦਵਾਨ ਤਿਆਰ ਹੋ ਕੇ ਸਾਰੇ ਸੰਸਾਰ ਵਿਚ ਸਿੱਖੀ ਦਾ ਪ੍ਰਚਾਰ ਕਰਨਗੇ।

ਗੁਰੂ ਜੀ ਦੀ ਇਸ ਭਵਿੱਖ ਬਾਣੀ ਦਾ ਸੰਬੰਧ ਨਿਰਾ ਦੁਨਿਆਵੀ ਸੁੱਖਾਂ ਨਾਲ ਹੀ ਨਹੀਂ,ਸਗੋਂ ਮਾਨਸਿਕ,ਆਤਮਿਕ ਤੇ ਸਰਵ-ਸੁੱਖਾਂ ਨਾਲ ਹੈ।ਜਿਵੇਂ ਨਹਿਰਾਂ ਦੇ ਪਾਣੀਆਂ ਨੇ ਦਮਦਮਾ ਸਾਹਿਬ ਦੀ ਬੰਜਰ ਧਰਤੀ ਵਿਚ ਹਰਿਆਵਲ ਲਿਆ ਦਿੱਤੀ ਹੈ,ਇਸੇ ਤਰ੍ਹਾਂ ਹੀ ਅਕਾਲ ਯੂਨੀਵਰਸਿਟੀ,ਗੁਰੂ ਕੀ ਕਾਂਸ਼ੀ ਵਿਚੋਂ ਵ੍ਰਦੀ ਨਾਮ ਬਾਣੀ ਦੇ ਰਸ ਰੰਗ ਦੀ ਬਰਸਾਤ ਦੁਨੀਆਂ ਭਰ ਵਿਚ ਕਲਿਯੁਗ ਦੀ ਤਪਸ਼ ਨਾਲ ਸੜਦੇ ਬਲਦੇ ਲੋਕਾਂ ਨੂੰ ਠੰਡੀਆਂ ਮਿੱਠੀਆਂ ਫੁਹਾਰਾਂ ਨਾਲ ਸਿੰਜ ਦੇਵੇਗੀ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬ੍ਰਹਮ ਗਿਆਨ ਨਾਲ ਸਾਡੇ ਤਨ ਮਨ ਵਿਚ ਪ੍ਰਭੂ-ਪਿਆਰ ਦੇ ਸਾਗਰਾਂ ਦੀਆਂ ਲਹਿਰਾਂ ਚੱਲ ਪੈਣਗੀਆਂ।

**ਅਚਰੁ ਚਰੈ ਤਾ ਸਿਧਿ ਹੋਈ ਸਿਧੀ ਤੇ ਬੁਧਿ ਪਾਈ॥**

### ਪ੍ਰੇਮ ਕੇ ਸਰ ਲਾਗੇ ਤਨ ਭੀਤਰਿ ਤਾ ਭ੍ਰਮੁ ਕਾਟਿਆ ਜਾਈ॥

(ਪੰਨਾਂ ੬੦੭ )

ਅਕਾਲ ਯੂਨੀਵਰਸਿਟੀ ਵਿਚ ਲੱਗੀ ਹੋਈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗਿਆਨ-ਅੰਮ੍ਰਿਤ ਦੀ ਝੜੀ,ਸਾਡੇ ਵਹਿਮਾਂ ਭਰਮਾਂ ਦੀਆਂ ਕੰਡਿਆਲੀਆਂ ਝਾੜੀਆਂ ਨਾਲ ਭਰੀ ਹੋਈ ਦਿਲ-ਧਰਤੀ ਨੂੰ ਹਰਿਆਵਲ ਵਿਚ ਬਦਲ ਦੇਵੇਗੀ।ਨਾਮ ਬਾਣੀ ਦੀ ਘਾਲ ਕਮਾਈ ਕਰਦਿਆਂ ਅਜਰ ਨੂੰ ਜਰ ਕੇ ਰੂਹਾਨੀ ਸ਼ਕਤੀਆਂ ਵਾਲੀ ਸਿੱਧੀ ਤੇ ਬਿਬੇਕ ਬੁੱਧੀ ਦੀ ਪ੍ਰਾਪਤੀ ਹੋ ਜਾਵੇਗੀ।ਫਿਰ ਸਾਡੇ ਜੀਵਨ ਰੂਪੀ ਬੇਲਾਂ ਬੂਟਿਆਂ ਉਤੇ ਆਤਮ-ਪ੍ਰਕਾਸ਼ ਦੇ ਨੂਰਾਨੀ ਫੁੱਲ ਖਿੜਨਗੇ ਤੇ ਦਸਮ-ਦੁਆਰ ਦੇ ਰਸ ਨਾਲ ਰਸੇ ਹੋਏ ਤੇ ਅਨਹਦ-ਨਾਦ ਦੀ ਮਿਠਾਸ ਨਾਲ ਭਰੇ ਹੋਏ ਫਲ ਲੱਗਣਗੇ।ਜਿਵੇਂ ਦਮਦਮਾ ਸਾਹਿਬ ਦੀ ਧਰਤੀ ਉਤੇ ਫਸਲਾਂ ਤੇ ਬਾਗ ਸੋਭਦੇ ਹਨ ਉਸੇ ਤਰ੍ਹਾਂ ਹੀ ਅਕਾਲ ਯੂਨੀਵਰਸਿਟੀ,ਗੁਰੂ ਕੀ ਕਾਸ਼ੀ ਵੀ ਗੁਰਸਿਖਾਂ ਦੇ ਜੀਵਨ ਨੂੰ ਆਤਮਿਕ ਗੁਣਾਂ ਦੀਆਂ ਫਸਲਾਂ ਅਤੇ ਇਲਾਹੀ ਫਲਾਂ ਦੇ ਬਾਗ ਬਣਾਉਣ ਦੇ ਸਮਰੱਥ ਹੋਵੇਗੀ।

ਗੁਰੂ ਕੀ ਕਾਸ਼ੀ ਦਾ ਸੰਬੰਧ ਸਿਰਫ ਦਮਦਮਾਂ ਸਾਹਿਬ ਦੇ ਲੋਕਾਂ ਨਾਲ ਹੀ ਨਹੀਂ ਸਗੋਂ ਇਸ ਦਾ ਸੰਬੰਧ ਸਾਰੇ ਸੰਸਾਰ ਦੇ ਲੋਕਾਂ ਨਾਲ ਹੋਵੇਗਾ।ਅਕਾਲ ਯੂਨੀਵਰਸਿਟੀ ਵਿਚ ਦੁਨੀਆਂ ਦੀਆਂ ਸਾਰੀਆਂ ਜੁਬਾਨਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਤਰਜੁਮਾਂ ਕਰਕੇ ਸਾਰੀ ਦੁਨੀਆਂ ਨੂੰ ਗੁਰਬਾਣੀ ਦੇ ਚਾਨਣ ਨਾਲ ਰੁਸ਼ਨਾਇਆ ਜਾਵੇਗਾ।ਦੁਨੀਆਂ ਦੇ ਸਾਰੇ ਧਰਮਾਂ ਦਾ ਅਧਿਅਨ ਕਰਕੇ ਇਲਾਹੀ ਰੰਗ ਮਾਣੇ ਜਾਣਗੇ।ਸਾਰੀ ਦੁਨੀਆਂ ਵਿਚ ਭਾਈਚਾਰਕ ਸਾਂਝ ਬਣਾਉਣ ਲਈ ਗੁਰੂ ਕੀ ਕਾਂਸ਼ੀ ਆਪਣਾ ਖਾਸ ਯੋਗਦਾਨ ਪਾਵੇਗੀ।ਸ਼ਹੀਦਾਂ ਸਿੰਘਾਂ ਦੇ ਸਿਰਤਾਜ ਕਲਗੀਧਰ ਪਾਤਿਸ਼ਾਹ ਇਸ ਆਤਮ ਮੰਡਲ ਦੀ ਗੁੱਝੀ ਕਲਾ ਵਰਤਾਉਣ ਲਈ ਆਪਣੇ ਬੈ-ਖਰੀਦ ਗੋਲੇ ਬਾਬਾ ਇਕਬਾਲ ਸਿੰਘ ਜੀ ਬੜੂ ਸਾਹਿਬ ਵਾਲਿਆਂ ਕੋਲੋਂ ਆਪਣੇ ਕਾਰਜ ਕਰਵਾ ਰਹੇ ਹਨ।

ਧਰਤੀ ਮਾਂ ਸਾਡੇ ਕਰਮਾਂ ਦੇ ਅਸਰ ਕਬੂਲਦੀ ਹੈ।ਕਲਾ ਕਲੇਸ਼ ਵਾਲੀ ਥਾਂ ਉਤੇ ਜਾਈਏ ਤਾਂ ਮਨ ਭਗਤੀ ਤੋਂ ਉਖੜਦਾ ਹੈ।ਇਸ ਤੋਂ ਉਲਟ,ਕਿਸੇ ਭਗਤ ਜਨ ਦੇ ਠਿਕਾਣੇ ਉਤੇ ਜਾਈਏ ਤਾਂ ਆਪਣੇ ਆਪ ਹੀ ਅੰਦਰੋਂ ਪ੍ਰਭੂ-ਪ੍ਰੇਮ ਦੀਆਂ ਹੂਕਾਂ ਨਿਕਲਣ ਲੱਗ ਪੈਂਦੀਆਂ ਹਨ ਤੇ ਮਨ ਸ਼ਾਂਤ ਹੋ ਜਾਂਦਾ ਹੈ।ਜਿਵੇਂ ਕਿਸੇ ਬਿਮਾਰੀ ਦੇ ਜਰਾਸੀਮਾਂ ਨਾਲ ਭਰੀ ਹੋਈ ਥਾਂ ਉਤੇ ਜਾਈਏ ਤਾਂ ਉਸ ਬਿਮਾਰੀ ਦੇ ਕੀੜੇ ਸਾਨੂੰ ਬਿਮਾਰ ਕਰ ਦਿੰਦੇ ਹਨ ਉਸੇ ਤਰ੍ਹਾਂ ਹੀ ਤਪੋਭੂਮੀ ਦੇ ਵਾਤਾਵਰਣ ਵਿਚ ਭਰੀਆਂ ਹੋਈਆਂ ਵਿਸਮਾਦੀ ਲਹਿਰਾਂ ਦੇ ਦਬਾ ਨਾਲ ਦਿਲ ਪੰਘਰਦਾ ਹੈ,ਤਨ ਮਨ ਵਿਚ ਪ੍ਰੇਮ-ਕੰਬਣੀਆਂ ਛਿੜ ਜਾਂਦੀਆਂ ਹਨ ਤੇ ਜੁਗਾਂ ਜੁਗਾਂਤਰਾਂ ਤੋਂ ਵਿਛੜੇ ਪ੍ਰਭੂ ਪ੍ਰੀਤਮ ਵਿਚ ਲੀਨ ਹੋਣ ਲਈ,ਸਾਹਾਂ ਦੇ ਦੌਰ ਵਿਚ ਸਿਮਰਨ ਉਛਾਲੇ ਮਾਰਨ ਲਗ ਪੈਂਦਾ ਹੈ।ਵੈਸੇ ਤਾਂ ਕਣ ਕਣ ਵਿਚ ਰਮਿਆ ਹੋਇਆ ਰਾਮ ਪਿਆਰਾ ਹਰ ਥਾਂ ਮੌਜੂਦ ਹੈ।ਇਹ ਧਰਤੀ,ਖੰਡ,ਬ੍ਰਹਮੰਡ ਸਭ ਉਸੇ ਦਾ ਹੀ ਨਿਵਾਸ ਸਥਾਨ ਹੈ ਪਰ ਜਿਨ੍ਹਾਂ ਥਾਵਾਂ ਉਤੇ ਬੰਦਗੀ ਕੀਤੀ ਹੋਈ ਹੋਵੇ,ਕੀਰਤਨ-ਜੁੜੀਆਂ ਰੂਹਾਂ ਨੇ ਰਸ ਭਿੰਨੇ ਸੰਗੀਤ ਨਾਲ ਵਾਤਾਵਰਣ ਮਹਿਕਾਇਆ ਹੋਇਆ ਹੋਵੇ, ਉਸ ਧਰਤੀ ਦੀ ਰੰਗਤ ਕੁਝ ਹੋਰ ਹੀ ਹੁੰਦੀ ਹੈ।ਜਪ ਤਪ ਵਾਲੀ ਥਾਂ 'ਤੇ ਜਾ ਕੇ ਸੁਰਤੀ ਬਿਰਤੀ ਬਦਲ ਜਾਂਦੀ ਹੈ।ਉਥੇ ਰੂਹਾਨੀ ਦੌਲਤਾਂ ਦੇ ਭੰਡਾਰੇ ਖੁਲ੍ਹੇ ਰਹਿੰਦੇ ਹਨ।ਤਪ ਸਥਾਨਾਂ ਉਤੇ ਬੈਠ ਕੇ ਬੰਦਗੀ ਕਰਨ ਵਾਲਿਆਂ ਉਤੇ ਰੱਬੀ ਰਹਿਮਤਾਂ ਦੀ ਬਰਸਾਤ ਲੱਗੀ ਰਹਿੰਦੀ ਹੈ ਤੇ ਕਿਣਕੇ ਆਮ ਸੰਗਤ ਦੀਆਂ ਝੋਲੀਆਂ ਵਿਚ ਵੀ ਪੈਂਦੇ ਰਹਿੰਦੇ ਹਨ।

ਧਰਤੀ ਮਾਤਾ ਸਾਧੂਆਂ ਦੀ ਹੋਂਦ ਲਈ ਤਰਸਦੀ ਰਹਿੰਦੀ ਹੈ।ਪਰਬਤ ਆਪਣੀਆਂ ਕੁੰਦਰਾਂ ਵਿਚ ਤਪੱਸਵੀਆਂ ਦੀਆਂ ਗੁਫਾਵਾਂ ਦੇਖ ਕੇ ਖੁਸ਼ ਹੁੰਦੇ ਹਨ ਤੇ ਨਦੀਆਂ ਸਾਧੂਆਂ ਦੀ ਚਰਨ ਧੂੜ ਲੈਣ ਲਈ ਵਾਹੋ ਦਾਹੀ ਦੌੜੀਆਂ ਜਾਂਦੀਆਂ ਹਨ।

**ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥**
**ਜਿਤਨੀ ਸ੍ਰਿਸਟਿ ਤੁਮਰੀ ਮੇਰੇ ਸੁਆਮੀ ਸਭ ਤਿਤਨੀ ਲੋਚੈ ਧੂਰਿ ਸਾਧੂ ਕੀ ਤਾਈ॥**
( ਪੰਨਾਂ ੧੨੬੩ )

ਜਿਸ ਥਾਂ ਉਤੇ ਕਿਸੇ ਤਪੱਸਵੀ ਨੇ ਤਪ-ਸਾਧਨਾਂ ਕੀਤੀ ਹੋਈ ਹੋਵੇ ਜਾਂ ਕਿਸੇ ਅਵਤਾਰੀ ਪੁਰਸ਼ ਨੇ ਚਰਨ ਪਾਏ ਹੋਣ ਉਹ ਥਾਂ ਭਗਤੀ ਦੇ ਰੰਗ ਵਿਚ ਰੰਗੀ ਜਾਂਦੀ ਹੈ।ਧਰਤੀ ਮਾਂ ਦੇ ਸੀਨੇ ਠੰਡ ਪਾਉਣ ਲਈ ਉਥੇ ਅੱਤਿ ਕੋਮਲ ਪ੍ਰਕਾਸ਼ ਦੇ ਗੋਹੜੇ ਲਰਜ਼ਦੇ ਰਹਿੰਦੇ ਹਨ।ਸਦੀਆਂ ਤੱਕ,ਸੰਤਾਂ ਮਹਾਂਪੁਰਸ਼ਾ ਨੂੰ ਅਜਿਹੀਆਂ ਥਾਵਾਂ ਦੀ ਖਿੱਚ ਪੁਕਾਰਦੀ ਰਹਿੰਦੀ ਹੈ।

**ਤੇਰੀ ਸੁਰਤ-ਉਛਾਲੇ ਤੈਨੂੰ ਖਿੱਦੂ ਜਿਉਂ ਬੁੜਕਾਵਨ।**
**ਫਰਸ਼ੋਂ ਚੁੱਕ ਅਰਸ਼ ਵਲ ਤੇਰੇ ਹੰਭਲੇ ਪਏ ਮੁਹਵਾਵਨ।**
**ਕਿਸੇ ਉਛਾਲੇ ਸਮੇ ਅਰਸ਼ ਦੇ ਆ ਗਈ ਹੱਥ ਕਲਾਈ।**
**ਖਿੱਚ ਉਤਾਹਾਂ ਲਿਆ ਤੁਧੇ ਨੂੰ ਬਾਗ ਆਪਣੇ ਲਾਵਨ।**

ਭਾਈ ਵੀਰ ਸਿੰਘ ਜੀ ਸੁਰਤੀ ਦੇ ਉਛਾਲਿਆਂ ਨਾਲ ਅਰਸ਼ਾਂ ਦੇ ਵਾਲੀ ਦੇ ਬਾਗ ਵਿਚ ਜਾ ਪਹੁੰਚੇ।ਉਥੇ ਉਨ੍ਹਾਂ ਨੇ ਭੂਤ ਭਵਿੱਖ ਤੇ ਵਰਤਮਾਨ ਸਮੇ ਦੀ ਸੈਰ ਕਰਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੂਰਬਲੇ ਜਨਮ ਦਾ ਤਪ-ਸਥਾਨ ਦੇਖਿਆ।ਅਰਸ਼ਾਂ ਤੋਂ ਫਰਸ਼ 'ਤੇ ਆ ਕੇ ਉਨ੍ਹਾਂ ਨੇ ਸਪਤ ਸ੍ਰਿੰਗ ਦੇ ਵਿਚਕਾਰ ਸਜੇ ਅੰਮ੍ਰਿਤ ਕੁੰਡ ਦੀ ਖੋਜ ਕਰਨ ਲਈ ਭਾਈ ਸੋਹਣ ਸਿੰਘ ਜੀ ਨੂੰ ਭੇਜਿਆ ਤੇ ਠੀਕ ਠਿਕਾਣਾ ਮਿਲਣ 'ਤੇ ਉਥੇ ਇਕ ਛੋਟਾ ਜਿਹਾ ਕਮਰਾ ਬਣਵਾ ਕੇ, ਸਾਨੂੰ ਹੇਮਕੁੰਟ ਸਾਹਿਬ ਦੇ ਤਪ-ਸਥਾਨ ਨਾਲ ਜੋੜ ਦਿੱਤਾ।

ਇਸੇ ਤਰ੍ਹਾਂ ਹੀ ਓਅੰਕਾਰ ਦੇ ਦੇਸ ਦੀਆਂ ਉਡਾਰੀਆਂ ਮਾਰਦਿਆਂ,ਸੰਤ ਅਤਰ ਸਿੰਘ ਜੀ ਨੂੰ ਵੀ ਬੜੂ ਸਾਹਿਬ ਦੇ ਉਸ ਤਪ-ਸਥਾਨ ਦੀ ਖਿੱਚ ਪਈ,ਜਿੱਥੇ ਰਮਣੀਕ ਪਹਾੜਾਂ ਦੀ ਗੋਦ ਵਿਚ ਤਪੱਸਵੀਆਂ ਦੀਆਂ ਗੁਫਾਵਾਂ ਨੂੰ ਧਰਤੀ ਮਾਂ ਨੇ ਸੀਨੇ ਨਾਲ ਲਗਾਇਆ ਹੋਇਆ ਹੈ।ਇਨ੍ਹਾਂ ਪਹਾੜਾਂ ਦੀਆਂ ਕੁੰਦਰਾਂ ਵਿਚ ਭਰੇ ਪਏ ਤਪ-ਸਾਧਨਾ ਦੇ ਪ੍ਰਕਾਸ਼ ਦੇ ਅੰਬਾਰ ਹਾਲੇ ਵੀ ਨਿਰਮਲ ਰੂਹਾਂ ਵਾਲਿਆਂ ਨੂੰ ਲਿਸ਼ਕਾਰੇ ਪਾ ਪਾ ਆਪਣੇ ਵਲ ਖਿੱਚਦੇ ਹਨ।ਸਾਧੂ ਜਨਾਂ ਦੀ ਤਪ ਸਾਧਨਾਂ ਨੇ ਵਾਦੀ ਨੂੰ ਨਾਮ ਰਸ ਨਾਲ ਸਿੰਜਿਆ ਹੋਇਆ ਹੈ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨ ਕਮਲਾਂ ਦੀ ਛੋਹ ਨੇ ਇਸ ਵਾਦੀ ਦੇ ਰੋਮ ਰੋਮ ਵਿਚ ਹਰਿਆਵਲ ਭਰੀ ਹੋਈ ਹੈ।

ਗੁਰੂਆਂ ਪੀਰਾਂ ਦੀ ਭਗਤੀ ਦੇ ਬਿਸਮਾਦੀ ਰੰਗ ਕੁਦਰਤ ਦੀ ਗੋਦ ਵਿਚ ਰਹਿ ਕੇ ਜ਼ਿਆਦਾ ਖਿੜਦੇ ਹਨ।ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ '**ਬਲਿਹਾਰੀ ਕੁਦਰਤਿ ਵਸਿਆ ਤੇਰਾ ਅੰਤੁ ਨਾ ਜਾਈ ਲਖਿਆ**'ਕਹਿ ਕੇ ਸਿਰਜਨਹਾਰੇ ਨੂੰ ਉਸਦੀ ਸਿਰਜਨਾਂ ਵਿਚੋਂ ਨਿਹਾਰਿਆ ਅਤੇ ਕਲਗੀਧਰ ਪਾਤਿਸ਼ਾਹ ਨੇ '**ਨੇਤਿ ਨੇਤਿ ਬਨ ਤ੍ਰਿਣ ਕਹਤ**' ਦੇ ਦ੍ਰਿਸ਼ਿ ਵਿਚ ਜੰਗਲਾਂ ਦੇ ਹਰ ਪੱਤੇ ਅਤੇ ਤੀ੍ਲੇ ਨੂੰ ਨਮਸਕਾਰਾਂ ਕਰਦੇ ਹੋਏ ਦੇਖਿਆ,ਸੁਣਿਆਂ ਤੇ ਉਨ੍ਹਾਂ ਨਾਲ ਰਲ ਕੇ ਨਮਸਕਾਰਾਂ ਕੀਤੀਆਂ,ਸਿਮਰਨ ਦੀ ਸਾਂਝ ਕੀਤੀ।

**ਸਾ ਧਰਤੀ ਭਈ ਹਰਿਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ॥**
**(ਪੰਨਾਂ ੩੧੦)**

**ਅਠਸਠ ਤੀਰਥ ਜਹ ਸਾਧ ਪਗ ਧਰਹਿ॥**
**ਤਹ ਬੈਕੁੰਠੁ ਜਹ ਨਾਮ ਉਚਰਹਿ॥**

(ਪੰਨਾਂ ੮੯੦)

ਜਿਵੇਂ ਫਸਲ ਬੀਜਣ ਤੋਂ ਪਹਿਲੇ ਕ੍ਰਿਸਾਨ ਖੇਤ ਵਿਚ ਹਲ ਵਾਹੁੰਦਾ ਹੈ,ਫਿਰ ਉਸਨੂੰ ਸਿੰਜਦਾ ਹੈ ਤੇ ਜਮੀਨ ਨੂੰ ਚੰਗੀ ਤਰ੍ਹਾਂ ਤਿਆਰ ਕਰਕੇ ਬੀਜ ਬੀਜਦਾ ਹੈ ਉਸੇ ਤਰ੍ਹਾਂ ਹੀ ਸੰਤ ਅਤਰ ਸਿੰਘ ਜੀ ਨੇ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਦੀ ਫਸਲ ਬੀਜਣ ਲਈ ਬੜੂ ਸਾਹਿਬ ਦੀ ਤਪ ਸਾਧਨਾਂ ਨਾਲ ਤਿਆਰ ਕੀਤੀ ਹੋਈ ਧਰਤੀ ਦੀਆਂ ਨਿਸ਼ਾਨੀਆਂ ਦੱਸੀਆਂ ਤੇ ਸੰਤ ਤੇਜਾ ਸਿੰਘ ਜੀ ਨੇ ਬਾਬਾ ਇਕਬਾਲ ਸਿੰਘ ਜੀ ਨੂੰ ਜੰਗਲ ਫਰੋਲਣ ਲਈ ਤੋਰ ਦਿਤਾ।

ਜਿਨ੍ਹਾਂ ਬੀਆ ਬਾਨ ਜੰਗਲਾਂ ਵਿਚ ਕੋਈ ਸਕੂਲ ਖੋਲ੍ਹਣ ਦਾ ਸੁਪਨਾਂ ਭੀ ਨਹੀਂ ਲੈ ਸਕਦਾ ਸੀ।ਉਥੇ ਅਜ ਕੇਸਰੀ ਨਿਸ਼ਾਨ ਸਾਹਿਬ ਝੂੱਲ ਰਿਹਾ ਹੈ।ਬ੍ਰਹੰਮ ਵਿਦਿਆ ਅਤੇ ਅਧੁਨਿਕ ਵਿੱਦਿਆ ਦੇ ਸੁਮੇਲ ਦੀ ਅਕਾਲ ਅਕੈਡਮੀ ਹੈ, ਜਿਸ ਦੀਆਂ ਸ਼ਾਖਾਂ ਸਾਰੇ ਦੇਸ਼ ਵਿਚ ਫੈਲੀਆਂ ਹੋਈਆਂ ਹਨ।ਦੁਨੀਆਂ ਭਰ ਵਿਚ ਮਸ਼ਹੂਰ ਇਸ ਅਕਾਲ ਅਕੈਡਮੀ ਦੇ ਨਾਲ ਹੀ ਬਹੁਤ ਉਚ ਪੱਧਰੀ ਇਟਰਨਲ ਯੂਨੀਵਰਸਿਟੀ ਵੀ ਹੈ,ਜਿਸ ਵਿਚ ਸਾਰੇ ਲੋੜੀਂਦੇ ਕਾਲਜ ਜਿਵੇਂ ਇੰਜਨੀਅਰਿੰਗ, ਨਰਸਿੰਗ, ਡਵਾਈਨ ਮਿਊਜ਼ਿਕ, ਕਮਰਸ, ਇਕਨੌਮਿਕਸ ਅਤੇ ਹੋਰ ਅਧੁਨਿਕ ਵਿਦਿਆ ਦੇ ਕਾਲਜ ਹਨ।



ਇਸ ਵੇਲੇ **ਬਾਬਾ ਇਕਬਾਲ ਸਿੰਘ ਜੀ ਬੜੂ ਸਾਹਿਬ ਵਾਲਿਆਂ ਨੂੰ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਗਟ ਅਸਥਾਨ ਦਮਦਮਾ ਸਾਹਿਬ** ਦੀ ਇਲਾਹੀ ਰੌਅ ਦੀਆਂ ਤ੍ਰੰਗਾਂ ਨਾਲ ਭਰੀ ਹੋਈ ਉਹ ਥਾਂ ਪੁਕਾਰ ਰਹੀ ਹੈ,ਜਿੱਥੇ ਬੈਠ ਕੇ ਦਸਵੇਂ ਪਾਤਿਸ਼ਾਹ ਨੇ ਧੁਰ ਕੀ ਬਾਣੀ ਨੂੰ ਜੁਗੋ ਜੁਗ ਅਟੱਲ ਗੁਰੂ ਦੇ ਸਰੂਪ ਵਿਚ ਪ੍ਰਗਟ ਕਰਨ ਦੀ ਰਹੱਸਮਈ ਖੇਡ੍ਹ ਖੇਡ੍ਹੀ ਸੀ।ਨਿਰੰਕਾਰੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹਾਜਰਾ ਹਜੂਰ,ਜਾਹਰਾ ਜਹੂਰ ਪ੍ਰਗਟ ਕਰਨ ਦਾ ਇਲਾਹੀ ਕੌਤਕ ਵਰਤਾ ਕੇ ਇਸ ਧਰਤੀ ਨੂੰ ਆਤਮਿਕ ਗੁਣਾ ਨਾਲ ਸ਼ਿਗਾਰ ਕੇ ਗੁਰੂ ਕੀ ਕਾਸ਼ੀ ਦੀ ਭਵਿੱਖ ਬਾਣੀ ਉਚਾਰੀ ਸੀ।

ਸ੍ਰੀ ਕ੍ਰਿਸ਼ਨ ਭਗਵਾਨ ਨੇ ਕੁਰੂਕਸ਼ੇਤਰ ਰਣ ਦੇ ਮੈਦਾਨ ਵਿਚ ਗਿਆਨ-ਰਿਸ਼ਮਾਂ ਨਾਲ ਜੱਗ ਰੁਸ਼ਨਾਉਣ ਵਾਲੀ ਗੀਤਾ ਦਾ ਉਚਾਰਣ ਕਰਕੇ ਅਰਜਨ ਨੂੰ ਰਿਸ਼ਤੇ ਨਾਤਿਆਂ ਦੇ ਮੋਹ-ਜਾਲ ਵਿਚੋਂ ਬਾਹਰ ਕੱਢਿਆ ਅਤੇ ਯੁੱਧ ਕਰਨ ਦੀ ਹਿੰਮਤ ਬਖਸ਼ੀ।ਹੰਕਾਰੀ ਦੁਰਯੋਧਨ ਦੇ ਪਾਪਾਂ ਨਾਲ ਤਪੀ ਹੋਈ ਧਰਤੀ ਮਾਤਾ ਦਾ ਸੀਨਾ ਠਾਰਨ ਲਈ ਸਚਾਈ ਦੀ ਜਿੱਤ ਹੋਈ ਤੇ ਕੁਰੂਕਸ਼ੇਤਰ ਇਕ ਤੀਰਥ ਅਸਥਾਨ ਬਣ ਗਿਆ।ਹਜਾਰਾਂ ਸਾਲਾਂ ਤੋਂ ਸ਼ਰਧਾਲੂਆਂ ਦੇ ਮੇਲੇ ਇਸ ਤੀਰਥ ਅਸਥਾਨ ਨੂੰ ਪ੍ਰਭੂ ਭਗਤੀ ਦੇ ਰੰਗ ਰਸ ਨਾਲ ਸਿੰਜ ਰਹੇ ਹਨ।ਇਸੇ ਤਰ੍ਹਾਂ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਦੀ ਧਰਤੀ ਉਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਮਰ ਜੋਤ ਜਗਾਉਂਦਿਆਂ ਭਾਈ ਮਨੀ ਸਿੰਘ ਜੀ ਨੂੰ ਬੰਦ ਬੰਦ ਕਟਵਾਉਣ ਦੀ ਅਗੰਮੀਂ ਹਿੰਮਤ ਬਖਸ਼ੀ।ਰੱਬੀ ਬਾਣੀ ਲਿਖਣ ਦੀ ਸੇਵਾ ਕਰਵਾ ਕੇ ਉਸ ਨੂੰ ਰਸ-ਰੂਪ ਬਾਣੀ ਨਾਲ ਇਕ ਸੁਰ ਕਰ ਦਿੱਤਾ।ਅਨਹਦ ਰਸ ਵਿਚ

ਲੀਨ ਹੋ ਕੇ ਜਿਸਮਾਨੀ ਦੁੱਖਾਂ ਦਰਦਾਂ ਤੋਂ ਨਿਰਲੇਪ ਰਹਿਣ ਦੀ ਬਖਸ਼ਿਸ਼ ਕੀਤੀ ਤੇ ਦਮਦਮਾ ਸਾਹਿਬ ਦੀ ਧਰਤੀ ਨੂੰ ਗੁਰੂ ਕੀ ਕਾਂਸ਼ੀ ਹੋਣ ਦਾ ਵਰਦਾਨ ਦਿੱਤਾ।

ਕੁਰੂਕਸ਼ੇਤਰ ਰਣ ਦੇ ਮੈਦਾਨ ਵਿਚੋਂ ਤਾਂ ਸੈਨਿਕਾਂ ਦੇ ਸਰੀਰਾਂ ਦੀ ਕੱਟ ਵੱਢ ਹੋਣ ਸਮੇਂ ਹਾਏ ਹਾਏ ਦਾ ਚੀਕ ਚਿਹਾੜਾ ਸੁਣਾਈ ਦਿੱਤਾ ਹੋਵੇਗਾ ਪਰ ਸ਼ਹੀਦ ਭਾਈ ਮਨੀ ਸਿੰਘ ਜੀ ਦੇ ਬੰਦ ਬੰਦ ਕੱਟ ਹੋਣ ਸਮੇਂ ਹਾਏ ਹਾਏ ਦੀ ਥਾਂ ਵਾਹਿਗੁਰੂ..!ਵਾਹਿਗੁਰੂ..!ਵਾਹਿਗੁਰੂ..!ਦੀ ਮਧੁਰ ਧੁਨੀ ਹੀ ਸੁਣਾਈ ਦੇ ਰਹੀ ਸੀ।ਇਸਦਾ ਕਾਰਨ ਇਹ ਸੀ ਕਿ ਭਾਈ ਮਨੀ ਸਿੰਘ ਜੀ ਦੇ ਰੋਮ ਰੋਮ ਵਿਚੋਂ ਉਸ ਵੇਲੇ ਨਾਮ ਰਸ ਦੇ ਫੁਹਾਰੇ ਚੱਲ ਰਹੇ ਸੀ।ਨਾਮ ਰਸ ਵਿਚ ਲੀਨ ਹੋਏ ਭਾਈ ਸਾਹਿਬ ਦੀ ਸੁਰਤੀ ਰਸ-ਰੂਪ ਵਾਹਿਗੁਰੂ ਦੇ ਰਸ ਵਿਚ ਸਮਾਈ ਹੋਈ ਸੀ।ਇਸੇ ਕਰਕੇ ਹੀ ਤਾਂ ਉਹ ਬੰਦ ਬੰਦ ਕੱਟਣ ਵਾਲੇ ਨੂੰ ਕਹਿ ਰਹੇ ਸੀ ਕਿ ਉਹ ਆਪਣੇ ਹਾਕਮ ਦੀ ਹੁਕਮ-ਅਦੂਲੀ ਨਾ ਕਰੇ..!ਪੂਰਾ ਹੱਥ ਕੱਟ ਕੇ ਜਿਸਮ ਦੇ ਡੱਕਰੇ ਡੱਕਰੇ ਕਰਕੇ ਸ਼ਹੀਦ ਕਰਨ ਦੀ ਥਾਂ ਹੱਥਾਂ ਦੀਆਂ ਉਂਗਲੀਆਂ ਦੇ ਪੋਟਿਆਂ ਤੋਂ ਬੰਦ ਬੰਦ ਕਰਕੇ ਕੱਟਣਾਂ ਸ਼ੁਰੂ ਕਰੇ।ਡਾਕਟਰ ਬਿਹੋਸ਼ੀ ਦਾ ਟੀਕਾ ਲਗਾ ਕੇ ਬੰਦੇ ਦੇ ਜਿਸਮ ਦੀ ਚੀਰ ਫਾੜ ਕਰ ਲੈਂਦੇ ਹਨ।ਬੰਦਾ ਸਰੀਰਕ ਦਰਦਾਂ ਤੋਂ ਬਚਿਆ ਰਹਿੰਦਾ ਹੈ ਪਰ ਨਾਮ ਬਾਣੀ ਦੇ ਰਸ ਦਾ ਟੀਕਾ ਭਾਈ ਮਨੀ ਸਿੰਘ ਜੀ ਵਰਗਿਆਂ ਦੀਆਂ ਸਰੀਰਕ ਦਰਦਾਂ ਨੂੰ ਗੂੜ੍ਹੀ ਨੀਂਦੇ ਸੁਲਾਉਣ ਪਿਛੋਂ ਉਨ੍ਹਾਂ ਦੇ ਰੋਮ ਰੋਮ ਵਿਚ ਪਰਮਰਸ ਘੋਲ ਦਿੰਦਾ ਹੈ,ਸਾਹਾਂ ਵਿਚ ਨਾਮ ਰਸ ਦੀ ਪੀਂਘ ਪਾ ਦਿੰਦਾ ਹੈ ਤੇ ਫਿਰ ਬੰਦ ਬੰਦ ਕਟਵਾਉਂਦਿਆਂ ਵੀ ਦੁੱਖ ਨਹੀਂ ਲਗਦਾ।ਸਗੋਂ ਪਰਮ ਅਨੰਦ ਵਾਲੀ ਨਾਮ ਖੁਮਾਰੀ ਚੜ੍ਹੀ ਰਹਿੰਦੀ ਹੈ।

ਧੰਨ ਹੈ..!ਦਮਦਮਾ ਸਾਹਿਬ ਦੀ ਪਵਿੱਤਰ ਧਰਤੀ..!ਇਸ ਧਰਤੀ ਦੀ ਗੋਦ ਹਰੀ ਕਰਨ ਲਈ ਕਰਤਾ ਪੁਰਖ ਨੇ ਜੁਗੋ ਜੁਗ ਅਟੱਲ ਗੁਰੂ,ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਗਟ ਗੁਰਾਂ ਕੀ ਦੇਹ ਦੇ ਸਰੂਪ ਦੀ ਸਦ-ਜੀਵੀ ਇਲਾਹੀ ਜੋਤ ਪ੍ਰਗਟ ਕੀਤੀ।'ਵਾਹੁ ਵਾਹੁ ਬਾਣੀ ਨਿਰੰਕਾਰ ਹੈ'ਨਿਰੰਕਾਰ ਨੇ ਆਪਣਾ ਨਿਆਰਾ ਸਰੂਪ ਪ੍ਰਗਟ ਕਰਨ ਲਈ ਨਿਆਰੀ ਖੇਡ ਖੇਡੀ।'ਪੂਰਨ ਪਰਮ ਜੋਤਿ ਪਰਮੇਸਰ' ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰਾਹੀਂ ਜੋਤ ਪ੍ਰਗਟਾਈ।ਦੁਨੀਆਂ ਦੇ ਬਾਕੀ ਧਰਮ ਗਰੰਥਾਂ ਵਾਂਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਿਰੇ ਧਰਮ ਗ੍ਰੰਥ ਹੀ ਨਾ ਰਹੇ ਸਗੋਂ ਕਲਿਯੁਗ ਦੇ ਘੋਰ ਅੰਧਕਾਰ ਵਿਚ ਗਿਆਨ ਦੀਆਂ ਰਿਸ਼ਮਾਂ ਵਰ੍ਹਾਉਣ ਲਈ,ਸਰਵ-ਸੁਖਾਂ ਦੇ ਦਾਤੇ ਨਿਰੰਕਾਰ ਜੀ ਆਪ ਬਾਣੀ ਦੇ ਸਰੂਪ ਵਿਚ ਪ੍ਰਗਟ ਹੋਏ।

**ਦਮਦਮਾ ਸਾਹਿਬ** ਦੀ ਧਰਤੀ ਨੇ ਸ੍ਰੀ ਗੁਰੂ ਗੋਬੰਦ ਸਿੰਘ ਜੀ,ਭਾਈ ਮਨੀ ਸਿੰਘ ਤੇ



ਬਾਬਾ ਦੀਪ ਸਿੰਘ ਜੀ ਦੇ ਜੀਵਨ ਕਾਲ ਦੀਆਂ ਬਹੁਤ ਸਾਰੀਆਂ ਯਾਦਾਂ ਨੂੰ ਸੰਭਾਲਿਆ ਹੋਇਆ ਹੈ।ਪਾਣੀ ਅਤੇ ਛੋਲਿਆਂ ਵਾਲੇ ਦੋ ਘੜੇ ਵੀ ਮੌਜੂਦ ਹਨ ਜਿਨ੍ਹਾਂ ਵਿਚੋਂ ਭੁੱਜੇ ਹੋਏ ਛੋਲਿਆਂ ਦੀ ਇਕ ਮੁੱਠ ਖਾ ਕੇ ਬਾਬਾ ਦੀਪ ਸਿੰਘ ਜੀ ਪਾਣੀ ਪੀ ਲੈਂਦੇ ਸੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਦੇ ਉਤਾਰੇ ਕਰਨ ਦੀ ਘਾਲ ਕਮਾਈ ਕਰਦਿਆਂ ਦਿਨ ਰਾਤ ਬਿਤਾਉਂਦੇ ਸੀ।ਅੰਮ੍ਰਿਤ ਬਾਣੀ ਲਿਖਣ ਦੀ ਸੇਵਾ ਕਰਕੇ ਭਾਈ ਮਨੀ ਸਿੰਘ ਜੀ ਦੇ ਰੋਮ ਰੋਮ ਵਿਚ ਅੰਮ੍ਰਿਤ ਰਸ ਘੁਲ ਗਿਆ ਤੇ ਉਨ੍ਹਾਂ ਨੇ ਬੰਦ ਬੰਦ ਕਟਵਾਉਂਦਿਆਂ ਵੀ ਸੁਰਤੀ ਨਾਮਰਸ ਵਿਚ ਜੋੜੀ ਰੱਖੀ ਪਰ ਬਾਬਾ ਦੀਪ ਸਿੰਘ ਜੀ ਨੇ ਤਾਂ ਕਮਾਲ ਹੀ ਕਰ ਛੱਡੀ..! ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਦੇ ਉਤਾਰੇ ਕਰਨ ਦੀ ਸੇਵਾ ਕਰਕੇ ਸੀਸ ਤਲੀ ਉਤੇ ਰੱਖ ਕੇ ਤੇਗ ਵਾਹੁਣ ਦੀ ਬਖਸ਼ਿਸ਼ ਪ੍ਰਾਪਤ ਕਰ ਲਈ।

ਹੁਣ ਗੁਰੂ ਜੀ ਦੀ ਭਵਿੱਖ ਬਾਣੀ ਦੇ ਸੱਚੀ ਹੋਣ ਦੀਆਂ ਸੁਲੱਖਣੀਆਂ ਘੜੀਆਂ ਆਣ ਪਹੁੰਚੀਆਂ ਹਨ।ਆਓ! ਰਲ ਕੇ ਆਪਣਾ ਆਪਣਾ ਯੋਗ ਦਾਨ ਪਾਈਏ...!ਕਿਧਰੇ ਐਸਾ ਨਾ ਹੋ ਜਾਵੇ ਕਿ ਗੁਰੂ ਕੀ ਕਾਂਸ਼ੀ ਦੇ ਸੇਵਾਦਾਰਾਂ ਦੀ ਕਤਾਰ ਵਿਚ ਖੜ੍ਹੇ ਹੋਣ ਦਾ ਮੌਕਾ ਹੱਥੋਂ ਨਿੱਕਲ ਜਾਵੇ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੀਸ ਦੀ ਮੰਗ ਕੀਤੀ ,ਹਜਾਰਾਂ ਵਿਚੋਂ ਸਿਰਫ ਪੰਜ ਸਿੰਘ ਹਾਜਰ ਹੋਏ।ਜਦੋਂ ਸਤਿਗੁਰਾਂ ਨੇ ਉਨ੍ਹਾਂ ਪੰਜਾਂ ਨੂੰ ਜੀਉਂਦਿਆਂ ਜਾਗਦਿਆਂ ਨੂੰ ਪੰਜਾਂ ਪਿਆਰਿਆਂ ਦੇ ਸਰੂਪ ਵਿਚ ਸੰਗਤਾਂ ਅਗੇ ਪੇਸ਼ ਕੀਤਾ ਹੋਵੇਗਾ... ਤਾਂ ਪਤਾ ਨਹੀਂ ਕਿੰਨਿਆਂ ਕੁ ਨੂੰ ਇਸ ਗੱਲ ਦਾ ਪਛਤਾਵਾ ਹੋਇਆ ਹੋਵੇਗਾ ਕਿ ਉਹ ਵੀ ਸੀਸ ਦੇਣ ਲਈ ਸਤਿਗੁਰਾਂ ਅਗੇ ਪੇਸ਼ ਕਿਉਂ ਨਹੀਂ ਹੋਏ।ਇਸ ਵੇਲੇ ਬਾਬਾ ਇਕਬਾਲ ਸਿੰਘ ਜੀ ਸੱਚੀ ਲਗਨ ਨਾਲ ਸੇਵਾ ਵਿਚ ਲੱਗੇ ਹੋਏ ਹਨ।ਉਹ ਕਲਗੀਧਰ ਪਾਤਿਸ਼ਾਹ ਦੀ ਗੁਰੂ ਕੀ ਕਾਸ਼ੀ ਦਾ ਹੋਕਾ ਦੇ ਰਹੇ ਹਨ।ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਭਵਿੱਖ ਬਾਣੀ ਸਾਡੇ ਕੰਨੀ ਪਾ ਰਹੇ ਹਨ।ਆਓ!ਅਸੀਂ ਵੀ ਵੇਲਾ ਸੰਭਾਲੀਏ..!ਗੁਰੂ ਕੀ ਕਾਸ਼ੀ ਦੇ ਸੇਵਾਦਾਰਾਂ ਦੀ ਕਤਾਰ ਵਿਚ ਖੜੇ ਹੋਣ ਦਾ ਸੁਭਾਗ ਪ੍ਰਾਪਤ ਕਰੀਏ.!ਅਜ ਕਲ੍ਹ ਧੁਰ ਕੀ ਬਾਣੀ ਅਤੇ ਸਿੱਖ ਇਤਿਹਾਸ ਵਾਰੇ ਬੜੇ ਭੁਲੇਖੇ ਪਾਏ ਜਾ ਰਹੇ ਹਨ।ਹਾਲਾਤ ਇਹੋ ਜਿਹੇ ਬਣੇ ਹੋਏ ਹਨ ਕਿ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਕਾਲ ਯੂਨੀਵਰਸਿਟੀ,ਗੁਰੂ ਕੀ ਕਾਸ਼ੀ ਦੀ ਸਖਤ ਜਰੂਰਤ ਹੈ।

ਅਕਾਲ ਯੂਨੀਵਰਸਿਟੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਦੀ ਸਹੀ ਪਛਾਣ ਕਰਵਾਕੇ ਸਾਡੇ ਸਾਰੇ ਭਰਮ ਭੁਲੇਖੇ ਦੂਰ ਕਰ ਦੇਵੇਗੀ।ਸਿੱਖ ਇਤਿਹਾਸ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੂਲ ਸਰੂਪ ਨੂੰ ਕਿਸੇ ਤਰ੍ਹਾਂ ਦੀ ਮਿਲਾਵਟ ਤੋਂ ਬਚਾ ਕੇ ਰੱਖਣ ਲਈ ਪੂਰੀ ਤਰ੍ਹਾਂ ਸਮਰੱਥ ਹੋਵੇਗੀ।

ਗੁਰੂ ਦੀ ਬਖਸ਼ਿਸ਼ ਨਾਲ ਇਸ ਵੇਲੇ ਅਕਾਲ ਯੂਨੀਵਰਸਿਟੀ ਦੀ ਉਹ ਇਮਾਰਤ ਤਿਆਰ ਹੋ ਰਹੀ ਹੈ ਜਿਸ ਵਿਚ ਬ੍ਰਹੰਮ ਗਿਆਨ ਦਾ ਦੀਵਾ ਜਗਣਾ ਹੈ।ਭਾਗਾਂ ਵਾਲੇ ਜੀਊੜੇ ਸੇਵਾ ਵਿਚ ਲੱਗੇ ਹੋਏ ਹਨ-

**ਵਿਚਿ ਦੁਨੀਆ ਸੇਵ ਕਮਾਈਐ ਤਾ ਦਰਗਹ ਬੈਸਣੁ ਪਾਈਐ॥**

(ਪੰਨਾਂ ੨੬)

**ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ॥**

(ਪੰਨਾਂ-੪੭੪)

ਗੁਰੂ ਪ੍ਰੇਮ ਦੀ ਮਸਤੀ ਵਿਚ ਆਪਾ ਵਾਰਦੇ ਹੋਏ ਡਾਕਟਰ ਖੇਮ ਸਿੰਘ ਜੀ ਗਿੱਲ ਆਪਣੇ ਸੰਗੀਆਂ ਸਾਥੀਆਂ ਨੂੰ ਨਾਲ ਲੈ ਕੇ ਬਾਬਾ ਇਕਬਾਲ ਸਿੰਘ ਜੀ ਦੇ ਮੋਢੇ ਨਾਲ ਮੋਢਾ ਜੋੜ ਕੇ ਸੇਵਾ ਵਿਚ ਲੱਗੇ ਹੋਏ ਹਨ-

**ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ॥**

(ਪੰਨਾਂ-੪੯੫)

ਨਿਰਸੁਆਰਥ ਭਾਵਨਾਂ ਨਾਲ ਸੇਵਾ ਕਰਨ ਵਾਲੇ ਵਿਰਲੇ ਹੀ ਹੁੰਦੇ ਹਨ।ਨਿਸ਼ਕਾਮ ਸੇਵਾ ਕਰਨੀ ਬੜੀ ਔਖੀ ਹੈ-

**ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰਿ ਦੇਇ॥**
**ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ॥**

## ਇਉ ਗੁਰਮੁਖਿ ਆਪੁ ਨਿਵਾਰੀਐ ਸਭੁ ਰਾਜੁ ਸ੍ਰਿਸਟਿ ਕਾ ਲੇਇ॥
## (ਪੰਨਾਂ-੬੪੭)

ਬਾਬਾ ਇਕਬਾਲ ਸਿੰਘ ਜੀ ਦੀ ਕਰੜੀ ਘਾਲਣਾਂ ਵਾਲੀ ਨਿਸ਼ਕਾਮ ਸੇਵਾ ਨੂੰ ਭਾਗ ਲੱਗੇ ਹਨ।ਅਕਾਲ ਅਕੈਡਮੀਆਂ ਰਾਹੀਂ ਅਧੁਨਿਕ ਵਿੱਦਿਆ ਅਤੇ ਆਤਮਿਕ ਗਿਆਨ ਵਿਚ ਜਿਹੜੀ ਕ੍ਰਾਂਤੀ ਆਈ ਹੈ ,ਉਹ ਜੱਗ ਜਾਹਰ ਹੈ।ਹੁਣ ਅਕਾਲ ਯੂਨੀਵਰਸਿਟੀ,ਗੁਰੂ ਕੀ ਕਾਂਸ਼ੀ ਦਾ ਪ੍ਰਗਟ ਪ੍ਰਤਾਪ ਜਾਹਰ ਕਰਨ ਲਈ ਬਾਬਾ ਜੀ ਦਿਨ ਰਾਤ ਮੇਹਨਤ ਕਰ ਰਹੇ ਹਨ।ਕੈਨੇਡਾ,ਅਮਰੀਕਾ,ਇੰਗਲੈਂਡ ਤੇ ਹੋਰ ਦੇਸ਼ਾਂ ਵਿਚ ਜਾ ਕੇ ਧੰਨ ਇਕੱਠਾ ਕਰਨ ਲਈ ਅਣਥੱਕ ਮੇਹਨਤ ਕਰ ਰਹੇ ਹਨ।ਨਿੱਜੀ ਜੀਵਨ ਦੀ ਕਮਾਈ ਵਾਲੇ ਪ੍ਰਾਣੀਆਂ ਦੇ ਬੋਲ ਬੰਦੇ ਦੀ ਕਾਇਆਂ ਪਲਟ ਦਿੰਦੇ ਹਨ।ਬਾਬਾ ਜੀ ਦੇ ਬਚਨ ਦਇਆ ਧਰਮ ਵਾਲੇ ਪ੍ਰਾਣੀਆਂ ਦੇ ਦਿਲਾਂ ਨੂੰ ਟੁੰਬਦੇ ਹਨ,ਵਿਰਾਸਤ ਦੇ ਅਣਮੋਲ ਖਜਾਨਿਆਂ ਨੂੰ ਸੰਭਾਲਣ ਲਈ ਤਨ ਮਨ ਤੇ ਧੰਨ ਦੀ ਸੇਵਾ ਕਰਕੇ ਜੀਵਨ ਲੇਖੇ ਲਾਉਣ ਦੀ ਲੋਚਾ ਪੈਦਾ ਕਰਦੇ ਹਨ।ਸੇਵਾ ਦੇ ਪੁੰਜ ਅਠਾਸੀ ਸਾਲਾਂ ਦੇ ਬਜੁਰਗ ਬਾਬਾ ਜੀ ਦੇ ਮਹਾਂ ਤਿਆਗ,ਸੱਚੀ ਲਗਨ,ਪ੍ਰੇਮਾ-ਭਗਤੀ ਤੇ ਉਚੇ ਆਦਰਸ਼ਾਂ ਨੂੰ ਦੇਖ ਕੇ ਗੁਰਸਿੱਖੀ ਕਮਾਉਣ ਨੂੰ ਦਿਲ ਕਰਦਾ ਹੈ।

ਜਦੋਂ ਦੇਸਾਂ ਬਿਦੇਸਾਂ ਵਿਚ ਕਿਸੇ ਬੰਦੇ ਦੇ ਉਚੇ ਸੁੱਚੇ ਜੀਵਨ ਅਤੇ ਨੇਕ ਕਮਾਈ ਦੀ ਧਾਂਕ ਪੈ ਜਾਵੇ ਤਾਂ ਹਉਮੈ ਦੀ ਤਿਲਕਣਬਾਜੀ ਵਿਚੋਂ ਨਿਕਲਣਾ ਬਹੁਤ ਮੁਸ਼ਕਿਲ ਹੁੰਦਾ ਹੈ ਪਰ ਨਿੰਮ੍ਰਤਾ ਦੇ ਪੁੰਜ ਬਾਬਾ ਜੀ ਨੇ ਇਕ ਬਹੁਤ ਹੀ ਸੋਹਣੇ ਤ੍ਰੀਕੇ ਨਾਲ ਆਪਣੇ ਆਪ ਨੂੰ ਹਉਮੈ ਦੇ ਰੋਗ ਤੋਂ ਬਚਾ ਕੇ ਪ੍ਰਭੂ ਪ੍ਰੀਤਮ ਦੇ ਚਰਨ ਕੰਵਲਾਂ ਨਾਲ ਜੋੜਿਆ ਹੋਇਆ ਹੈ।ਇਕ ਦਿਨ ਬਾਬਾ ਜੀ ਕਿਸੇ ਬੀਬੀ ਨਾਲ ਗੁਰੂ ਪ੍ਰੇਮ ਦੇ ਬਚਨਾਂ ਦੀ ਸਾਂਝ ਕਰ ਰਹੇ ਸੀ ਕਿ ਇਕ ਹੋਰ ਬੀਬੀ ਨੇ ਆ ਕੇ ਬਾਬਾ ਜੀ ਨੂੰ ਨਮਸਕਾਰਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ।ਵਾਰ ਵਾਰ ਬਾਬਾ ਜੀ ਦੇ ਪੈਰਾਂ ਵਲ ਹਥ ਕਰਕੇ ਮੱਥਾ ਟੇਕੀ ਜਾਵੇ।ਕਦੀ ਉਹ ਬਾਬਾ ਜੀ ਨੂੰ ਸੰਤ ਅਤਰ ਸਿੰਘ ਜੀ ਦਾ ਰੂਪ ਕਹੇ ਤੇ ਕਦੀ ਤਿੰਨਾਂ ਲੋਕਾਂ ਦੀ ਸੋਝੀ ਵਾਲਾ ਬ੍ਰਹੰਮ ਗਿਆਨੀ ਕਹੇ।ਬਾਬਾ ਜੀ ਉਸ ਬੀਬੀ ਵਲ ਦੇਖੀ ਜਾ ਰਹੇ ਸੀ ਤੇ ਨਾਲ ਹੀ ਨਾਲ ਆਪਣੇ ਕੋਲ ਬੈਠੀ ਬੀਬੀ ਦੇ ਸਿਰ ਨੂੰ ਪਲੋਸਦੇ ਹੋਏ ਬੜੀ ਹੀ ਮਿੱਠੀ ਅਵਾਜ਼ ਵਿਚ ਵਾਹਿਗੁਰੂ ਵਾਹਿਗੁਰੂ ਕਹੀ ਜਾ ਰਹੇ ਸੀ।ਜਦੋਂ ਸਿਫਤਾਂ ਕਰਨ ਵਾਲੀ ਬੀਬੀ ਬਾਬਾ ਜੀ ਨੂੰ ਮੱਥਾ ਟੇਕ ਕੇ ਚਲੇ ਗਈ ਤਾਂ ਬਾਬਾ ਜੀ ਨੇ ਕੋਲ ਬੈਠੀ ਬੀਬੀ ਨੂੰ ਗੁਰੂ-ਪ੍ਰੇਮ ਵਿਚ ਭਿੱਜੀ ਹੋਈ ਅਵਾਜ਼ ਵਿਚ ਹਉਮੈ ਤੋਂ ਬਚਣ ਦਾ ਤ੍ਰੀਕਾ ਦਸਦਿਆਂ ਕਿਹਾ ਕਿ ਜਦੋਂ ਕੋਈ ਇਸ ਤਰ੍ਹਾਂ ਮੱਥੇ ਟੇਕਣੋਂ ਅਤੇ ਸਿਫਤਾਂ ਦੇ ਪੁਲ ਬੰਨ੍ਹਣੋਂ ਨਹੀਂ ਹਟਦਾ ਤਾਂ ਉਹ ਅੰਤ੍ਰ ਧਿਆਨ ਹੋ ਕੇ ਆਪਣੇ ਸਤਿਗੁਰਾਂ ਦੇ ਚਰਨ ਫੜ ਲੈਂਦੇ ਹਨ ਤੇ ਬੇਨਤੀ ਕਰਦੇ ਹਨ ਕਿ ਸਤਿਗੁਰੂ ਜੀ!ਇਹ ਵਡਿਆਈ ਮੇਰੀ ਨਹੀਂ..!ਸਭ ਤੇਰੀ ਵਡਿਆਈ ਹੋ ਰਹੀ ਹੈ।ਇਹ ਕਹਿ ਕੇ ਬਾਬਾ ਜੀ ਨੇ ਉਸ ਬੀਬੀ ਦੇ ਦੋਨੋਂ ਹਥ ਆਪਣੇ ਹਥਾਂ ਵਿਚ ਫੜ ਕੇ ਆਪਣੇ ਸਿਰ ਉਤੇ ਰੱਖ ਕੇ ਕਿਹਾ;-"ਬੀਬੀ ਮੇਰੇ ਸਿਰ ਉਤੇ ਹਥ ਰੱਖ..!" ਬਾਬਾ ਜੀ ਦੇ ਅਸ਼ੀਰਵਾਦ ਲਈ ਤਰਸਦੀ ਹੋਈ ਬੀਬੀ ਨੇ ਬਾਬਾ ਜੀ ਦੇ ਹਥ ਫੜ ਕੇ ਆਪਣੇ ਸਿਰ ਉਤੇ ਰਖਵਾ ਲਏ ਤੇ ਕੁਝ ਪਲ ਆਪ ਮੁਹਾਰੇ ਫੁੱਟ ਰਹੇ ਸਿਮਰਨ ਦੀ ਮਸਤੀ ਵਿਚ ਬਿਤਾਏ।

ਮੱਥੇ ਟੇਕਣ ਵਾਲੀ ਬੀਬੀ ਸਿਫਤਾਂ ਦੇ ਪੁਲ ਬੰਨ੍ਹਦੀ ਰਹੀ।ਹਉਮੈ ਤੋਂ ਬਚਣ ਲਈ ਬਾਬਾ ਜੀ ਨੇ ਆਪਣੀ ਸੁਰਤੀ ਨੂੰ ਸਤਿਗੁਰਾਂ ਦੇ ਚਰਨਾਂ ਨਾਲ ਜੋੜੀ ਰੱਖਿਆ ਤੇ ਲਿਵ ਲੀਨ ਹੋਏ ਬਾਬਾ ਜੀ ਦਾ ਹਥ ਬੀਬੀ ਦੇ ਸਿਰ ਨੂੰ ਪਲੋਸਦਾ ਰਿਹਾ।ਇਸ ਪਲੋਸਣ ਵਿਚੋਂ ਉਸ ਨੂੰ ਉਹ ਕੁਝ ਮਿਲ ਗਿਆ ਜੋ ਸੰਤਾਂ ਮਹਾਂ ਪਰਖਾਂ ਕੋਲੋਂ ਲੈਣ ਜਾਈਦਾ ਹੈ।

ਨੰਗੇ ਭੁੱਖੇ ਲੋਕਾਂ ਲਈ ਦਾਨ ਪੁੰਨ ਕਰਨਾ,ਲੰਗਰ ਚਲਾਉਣੇ ਬੜੀ ਚੰਗੀ ਗੱਲ ਹੈ ਪਰ ਨਿੱਘਰਦੇ ਜਾ ਰਹੇ ਸਮਾਜ ਵਿਚ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਬਚਾਉਣ ਲਈ ਬੱਚਿਆਂ ਦੇ ਮਾਨਸਿਕ ਤੇ ਆਤਮਿਕ ਗੁਣਾਂ ਵਿਚ ਵਾਧਾ ਕਰਨ ਲਈ ਕਿਸੇ ਨੂੰ ਪੜ੍ਹਾ ਲਿਖਾ ਕੇ ਗੁਰਸਿੱਖੀ ਜੀਵਨ ਦਾ ਧਾਰਣੀ ਬਣਾਉਣਾ ਬਹੁਤ ਵੱਡੀ ਸਮਾਜਿਕ ਅਤੇ ਅਧਿਆਤਮਿਕ ਸੇਵਾ ਹੈ।ਕੌਮ ਨੂੰ ਜੀਉਂਦਿਆਂ ਰੱਖਣ ਲਈ ਅਤੇ ਉਚੱਾ ਚੁੱਕਣ ਲਈ ਆਉਣ ਵਾਲੀ ਪੀੜ੍ਹੀ ਨੂੰ ਅਧੁਨਿਕ ਪੜ੍ਹਾਈ ਅਤੇ ਆਤਮਿਕ ਗੁਣਾਂ ਨਾਲ ਭਰਪੂਰ ਕਰਕੇ ਗੁਣਵਾਨ ਬਣਾਉਣਾਂ... ਬਾਬਾ ਜੀ ਦਾ ਉਦੇਸ਼ ਹੈ।

ਆਤਮਿਕ ਗੁਣਾਂ ਦੀ ਸਾਂਝ ਕਰਨੀ ਉਤੱਮ ਸੇਵਾ ਹੈ।ਭਾਈ ਗੁਰਦਾਸ ਜੀ ਦਾ ਕਥਨ ਹੈ-

**ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ॥**
**ਤੈਸਾ ਪੁੰਨ ਸਿਖ ਕਉ ਇਕ ਸ਼ਬਦ ਸਿਖਾਏ ਕਾ॥**

ਇਸ ਡੂੰਘੇ ਆਧਿਆਤਮਿਕ ਪੁੰਨ ਦਾ ਕੋਈ ਅੰਤ ਨਹੀਂ ਹੈ।ਅਬਚਲ ਨਗਰ ਦੇ ਵਾਸੀ ਅਜਿਹੇ ਪੁੰਨ ਦਾਨ ਕਰਦੇ ਹਨ।ਡਿੱਗਿਆਂ ਢੱਠਿਆਂ ਨੂੰ ਉਪਰ ਚੁੱਕਣ ਲਈ ਆਪਾ ਵਾਰਦੇ ਹਨ।ਆਪਣੇ ਪਰਾਂ ਉਤੇ ਬਿਠਾ ਕੇ ਅਬਚਲ ਨਗਰ ਦੀਆਂ ਫੇਰੀਆਂ ਪੁਆ ਦਿੰਦੇ ਹਨ।ਪਤਾ ਨਹੀਂ ਕਿਹੜੇ ਵੇਲੇ ਕਿਸ ਮਹਾਂ ਪੁਰਸ਼ ਦੀ ਦਇਆ ਦ੍ਰਿਸ਼ਟੀ ਨੇ ਕਿਸ ਦੀ ਕਾਇਆਂ ਪਲਟ ਦੇਣੀ ਹੈ।ਗੁਰਬਾਣੀ ਦੇ ਅਣਿਆਲੇ ਤੀਰਾਂ ਦੀਆਂ ਚੋਭਾਂ ਨਾਲ ਪ੍ਰੇਮ ਵੈਰਾਗ ਦੇ ਸੋਮੇ ਫੁੱਟਦੇ ਹਨ।'ਅੰਤਰਗਤਿ ਤੀਰਥਿ ਮਲਿ ਨਾਉ' ਵਾਲੀ ਅਵੱਸਥਾ ਹੋ ਜਾਂਦੀ ਹੈ।ਜਨਮਾਂ ਜਨਮਾਂ ਦੇ ਪਾਪਾਂ ਦੀ ਮੈਲ ਪ੍ਰੇਮ-ਹੰਝੂਆਂ ਦੇ ਰੋੜ੍ਹ ਵਿਚ ਰੁੜ੍ਹ ਜਾਂਦੀ ਹੈ ਤੇ ਫਿਰ ਕੋਈ ਸਾਧੂ ਜਨ ਆ ਕੇ ਸ਼ਬਦ ਸੁਣਾਉਂਦਾ ਹੈ।ਪ੍ਰਭੂ ਮਿਲਾਪ ਲਈ ਸਹਿਕਦੇ ਜੀਊੜੇ ਦੇ ਮੱਥੇ ਉਤੇ ਆਪਣੀ ਦਿੱਬ ਦ੍ਰਿਸ਼ਟੀ ਦੀਆਂ ਨਜਰਾਂ ਛੁਆ ਕੇ ਨਿਰਮਲ ਬਾਣੀ ਦੇ ਸ਼ਬਦ ਦੀ ਰੁਣਝੁਕਾਰ ਦਾ ਪ੍ਰਸ਼ਾਦ ਬਖਸ਼ਦਾ ਹੈ।ਆਤਮਿਕ ਰੰਗ ਬਰਸਾਉਂਦਾ ਹੋਇਆ ਦੂਜਿਆਂ ਦੇ ਅੰਤਰ-ਹਿਰਦੇ ਠੰਡ ਪਾਉਣ ਲਈ ਨਾਮ ਰਤਨ ਦੇ ਅਣਮੁੱਲੇ ਦਾਨ ਕਰਦਾ ਹੈ।ਬੇਮੁਖਾਂ ਨੂੰ ਸਨਮੁਖ ਬਣਾਉਣ ਲਈ, ਉਨ੍ਹਾਂ ਦੇ ਜੀਵਨ ਨੂੰ ਨਵੇਂ ਸਿਰਿਓਂ ਘੜਦਾ ਹੋਇਆ ਆਤਮ ਬਲੀਦਾਨ ਦਿੰਦਾ ਹੈ।ਦੂਜਿਆਂ ਦੀ ਨਿੱਜ ਆਤਮਾ ਨੂੰ ਰੁਸ਼ਨਾਉਣ ਲਈ ਆਤਮਿਕ ਗੁਣਾਂ ਦੇ ਦੀਵੇ ਬਾਲਦਾ ਹੈ।

ਦਸ਼ਮੇਸ਼ ਪਿਤਾ ਦੇ ਪਿਆਰ ਵਿਚ ਲੱਟੂ ਹੋਏ ਗੁਰਸਿੱਖੜੇ ਗੁਰੂ ਦੇ ਰਾਹਾਂ ਉਤੇ ਤਨ ਮਨ ਤੇ ਧਨ ਵਾਰਨ ਲਈ ਸਦਾ ਤਿਆਰ ਰਹਿੰਦੇ ਹਨ।ਕੋਈ ਆਪਣੀ ਸਰੀਰਕ ਸੇਵਾ ਕਰਨ ਲਈ ਬਾਬਾ ਇਕਬਾਲ ਸਿੰਘ ਜੀ ਦੇ ਵਿਦਿਆ ਮੰਦਰਾਂ ਵਿਚ ਜਾ ਕੇ ਜੀਵਨ ਲੇਖੇ ਲਾਉਣ ਦੇ ਲਾਹੇ ਖੱਟਦਾ ਹੈ,ਕੋਈ ਵਿਦਿਆ ਪੜ੍ਹਾਉਣ ਦੇ ਚਾਅ ਨਾਲ ਜਾਂਦਾ ਹੈ ਤੇ ਕੋਈ ਆਤਮਿਕ ਗੁਣਾਂ ਦੀ ਸਾਂਝ ਕਰਨ ਦੇ ਇਰਾਦੇ ਨਾਲ ਇਲਾਹੀ ਮਹੌਲ ਦੇ ਲਾਹੇ ਖੱਟਣ ਲਈ ਜਾਂਦਾ ਹੈ।ਕਈਆਂ ਨੂੰ ਆਪਣਾ ਸੱਭ ਕੁਝ ਵਾਰ ਕੇ ਭੀ ਰੱਜ ਨਹੀਂ ਆਉਂਦਾ।ਉਹ ਦਾਤਾਰ ਪਿਤਾ ਦੀਆਂ ਦਿੱਤੀਆਂ ਦਾਤਾਂ ਵਿਚੋਂ ਇਨ੍ਹਾਂ ਵਿੱਦਿਆ ਮੰਦਰਾਂ ਲਈ ਦਿਲ ਖੋਲ੍ਹ ਕੇ ਭੇਟਾਵਾਂ ਹਾਜਰ ਕਰਦੇ ਹਨ।ਇਕ ਬੀਬੀ ਨੇ ਆਪਣੀ ਬੈਂਕ ਵਿਚੋਂ ਸਾਰੀ ਜਮ੍ਹਾਂ ਪੂੰਜੀ ਕਢਾਈ ਤੇ ਫਿਰ ਆਪਣੇ ਸੋਨੇ ਦੇ ਸਾਰੇ ਗਹਿਣੇ ਲੈ ਕੇ ਅਕਾਲ ਯੂਨੀਵਰਸਿਟੀ,ਗੁਰੂ ਕੀ ਕਾਂਸ਼ੀ ਲਈ ਭੇਟ ਕਰਨ ਲਈ ਬਾਬਾ ਜੀ ਕੋਲ ਜਾ ਪਹੁੰਚੀ।ਗੁਰੂ ਜੀ ਦੇ ਸਨਮੁੱਖ ਰਹਿਣ ਵਾਲੇ ਕਈ ਇਹੋ ਜਿਹੇ ਵੀ ਹੁੰਦੇ ਹਨ,ਜਿਹੜੇ ਗੁਰੂ ਦੇ ਚਰਨ-ਕਮਲਾਂ ਨੂੰ ਹਿਰਦੇ ਵਿਚ ਵਸਾ ਕੇ ਸਦਾ ਪਰਣੈ ਹੋਏ ਰਹਿੰਦੇ ਹਨ।ਆਪਾ ਵਾਰਦੇ ਹਨ ਤੇ ਗੁਰੂ ਤੋਂ ਬਿਨਾ ਹੋਰ ਕਿਸੇ ਨੂੰ ਕੁਝ ਨਹੀਂ ਜਾਣਦੇ,ਉਹ ਆਪਣੇ ਕੋਲ ਤਨ ਨਿਰਬਾਹ ਮਾਤਰ ਹੀ

ਰੱਖਦੇ ਹਨ ਅਤੇ ਬਾਕੀ ਸਭ ਕੁਝ ਗੁਰੂ-ਪੰਥ ਦੀ ਭੇਟ ਚੜ੍ਹਉਂਦੇ ਹਨ। ਅਬਚਲੀ ਜੋਤ ਦੇ ਚਾਨਣ ਵਿਚ ਜੀਉਣ ਵਾਲੇ ਇਕ ਗੁਰਮੁਖ ਪਿਆਰੇ ਨੇ ਆਪਣੇ ਪਿੰਡ ਦੀ ਸਾਰੀ ਜੱਦੀ ਜਾਇਦਾਦ ਅਤੇ ਚਾਰ ਏਕੜ ਜਮੀਨ ਵੇਚ ਕੇ ਬੜੂ ਸਾਹਿਬ ਲਈ ਭੇਟ ਕਰ ਦਿੱਤੀ। ਅਜਿਹੇ ਗੁਰੂ-ਆਸ਼ਕਾਂ ਦੀਆਂ ਭੇਟਾਵਾਂ ਸਵੀਕਾਰ ਕਰਨ ਲਈ ਤਾਂ ਪੰਥ ਦਾ ਵਾਲੀ ਆਪ ਬੁੱਕ ਅੱਡ ਕੇ ਖੜ੍ਹਾ ਰਹਿੰਦਾ ਹੈ...! ਜਿਵੇਂ ਰਵਿਦਾਸ ਜੀ ਦਾ ਭੇਜਿਆ ਹੋਇਆ ਟਕਾ (ਪੁਰਾਣੇ ਦੋ ਪੈਸੇ ਦਾ ਸਿੱਕਾ) ਪ੍ਰਾਪਤ ਕਰਨ ਲਈ ਗੰਗਾ ਮਈਆ ਇਕ ਅਰਸ਼ੀ ਦੇਵੀ ਦਾ ਸਰੂਪ ਧਾਰ ਕੇ ਦਰਿਆ ਗੰਗਾ ਦੇ ਪਾਣੀ ਵਿਚੋਂ ਬਾਹਰ ਆਈ, ਉਸਨੇ ਹੱਥ ਅੱਡ ਕੇ ਟਕਾ ਪ੍ਰਾਪਤ ਕੀਤਾ ਤੇ ਰਵਿਦਾਸ ਜੀ ਲਈ ਅਣਮੋਲ ਹੀਰਿਆਂ ਨਾਲ ਜੜਿਆ ਹੋਇਆ ਕੰਗਣ ਭੇਜਿਆ। ਇਸੇ ਤਰ੍ਹਾਂ ਹੀ ਅਕਾਲ ਯੂਨੀਵਰਸਿਟੀ, ਗੁਰੂ ਕੀ ਕਾਸ਼ੀ ਲਈ ਭੇਟਾਵਾਂ ਹਾਜਰ ਕਰਨ ਵਾਲਿਆਂ ਲਈ ਵੀ ਸ੍ਰੀ ਗੁਰੂ ਗਬਿੰਦ ਸਿੰਘ ਜੀ ਦੇ ਦਰ ਉਤੇ ਬਖਸ਼ਿਸ਼ਾਂ ਦੇ ਭੰਡਾਰ ਲੱਗੇ ਰਹਿੰਦੇ ਹਨ।

ਚੰਗੀ ਕਿਸਮਤ ਨਾਲ ਹੀ ਅਜਿਹੀ ਉਤਮ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੁੰਦਾ ਹੈ ਗੁਰੂ ਸਾਹਿਬ ਜੀ ਦੇ ਇਸ ਚੌਥੇ ਵਰ ਨੂੰ ਅੱਜ ਤੱਕ ਕਿਸੇ ਨੇ ਵੀ ਪੂਰਾ ਨਹੀਂ ਕੀਤਾ। ੧੨ ਮਿਸਲਾਂ, ਮਹਾਰਾਜਾ ਰਣਜੀਤ ਸਿੰਘ, ਪਟਿਆਲਾ, ਨਾਭਾ ਤੇ ਜੀਂਦ ਆਦਿ ਸਭ ਆਪਣਾ-ਆਪਣਾ ਰਾਜ ਕਰਕੇ ਚਲੇ ਗਏ, ਪਰ ਕਿਸੇ ਨੂੰ ਇਹ ਖਿਆਲ ਹੀ ਨਹੀਂ ਆਇਆ ਕਿ ਉਹ ਗੁਰੂ ਗੋਬਿੰਦ ਸਿੰਘ ਜੀ ਦਾ ਚੌਥਾ ਭਵਿੱਖਤ ਵਾਕ ਪੂਰਾ ਕਰ ਕੇ ਗੁਰੂ ਸਾਹਿਬ ਜੀ ਦੀ ਬਖ਼ਸ਼ਿਸ਼ ਲੈਣ।

ਅਜ ਗੁਰੂਆਂ ਦੀ ਧਰਤੀ (ਪੰਜਾਬ) ਨੂੰ ਭ੍ਰਿਸ਼ਟਾਚਾਰ ਅਤੇ ਨਸ਼ਿਆਂ ਦੇ ਹੜ੍ਹ ਵਿਚ ਰੁੜ੍ਹਦੀ ਜਾ ਰਹੀ ਨੂੰ ਬਚਾਉਣ ਲਈ,ਪੰਥ ਦੇ ਵਾਲੀ ਨੇ ਬਾਬਾ ਇਕਬਲ ਸਿੰਘ ਜੀ ਬੜੂ ਸਾਹਿਬ ਵਾਲਿਆਂ ਕੋਲੋਂ ਆਪਣੀ ਚੌਥੀ ਭਵਿੱਖਤ ਬਾਣੀ ਨੂੰ ਪੂਰਾ ਕਰਵਾਉਣ ਦੀ ਬਖਸ਼ਿਸ਼ ਕੀਤੀ ਹੈ।

ਸਾਰੀਆਂ ਸੰਗਤਾਂ ਨੇ ਕਲਗੀਧਰ ਟ੍ਰਸਟ, ਬੜੂ ਸਾਹਿਬ ਨੂੰ ਕਿਹਾ ਕਿ ਤੁਸੀਂ ਉਦਮ ਕਰਕੇ ਅਕਾਲ ਯੂਨੀਵਰਸਿਟੀ, ਗੁਰੂ ਕੀ ਕਾਸ਼ੀ ਪ੍ਰਗਟ ਕਰਕੇ ਗੁਰੂ ਗੋਬਿੰਦ ਸਿੰਘ ਜੀ ਦਾ ਚੌਥਾ ਭਵਿੱਖਤ ਵਾਕ ਪੂਰਾ ਕਰੋ। ਜਿਸ ਵਿਚ ਦੂਸਰੇ ਦੁਨਿਆਵੀ ਕਾਲਜਾਂ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਸਾਰ ਦੀਆਂ ਸਾਰੀਆਂ ਭਾਸ਼ਾਵਾਂ ਵਿਚ ਉੱਲਥਾ ਕਰਕੇ ਸਾਰੇ ਸੰਸਾਰ ਵਿਚ ਗੁਰਬਾਣੀ ਦਾ ਪ੍ਰਚਾਰ ਕੀਤਾ ਜਾ ਸਕੇ ਅਤੇ ਅਲੱਗ-ਅਲੱਗ ਭਸ਼ਾਵਾਂ ਵਿਚ ਵਿਦਵਾਨ/ਪ੍ਰਚਾਰਕ ਤਿਆਰ ਕਰਕੇ ਉਨ੍ਹਾਂ ਨੂੰ ਅਲੱਗ-ਅਲੱਗ ਦੇਸ਼ਾਂ ਵਿਚ ਭੇਜਿਆ ਜਾਵੇ ਤਾਂ ਕਿ ਉਹ ਉਨ੍ਹਾਂ ਲੋਕਾਂ ਵਿਚ ਜਾ ਕੇ ਉਨ੍ਹਾਂ ਦੀ ਬੋਲੀ ਵਿਚ ਸਿੱਖੀ ਦਾ ਪ੍ਰਚਾਰ ਕਰ ਸਕਣ। ਅੱਜ ਰੂਸ ਦੇ ਬਹੁਤ ਸਾਰੇ ਲੋਕ ਸਿੱਖ ਧਰਮ ਅਪਣਾਉਣਾ ਚਾਹੁੰਦੇ ਹਨ, ਉਹ ਪੰਜਾਬ ਤੇ ਦਿੱਲੀ ਆਏ ਅਤੇ ਇੱਥੋਂ ਗੁਰਬਾਣੀ ਦੇ ਗੁਟਕਾ ਸਾਹਿਬ ਲੈ ਕੇ ਗਏ, ਪਰ ਕਿਸੇ ਸਿੱਖ ਸੰਸਥਾ ਨੇ ਉੱਥੇ ਜਾ ਕੇ ਉਨ੍ਹਾਂ ਨੂੰ ਸਿੱਖੀ ਸਿਧਾਂਤਾਂ ਤੇ ਗੁਰਬਾਣੀ ਦੇ ਭਾਵ ਅਰਥ ਸਮਝਾਉਣ ਦਾ ਉਦਮ ਨਹੀਂ ਕੀਤਾ।

ਇਸ ਲੋੜ ਨੂੰ ਅਨੁਭਵ ਕਰਦਿਆਂ ਅਕਾਲ ਯੂਨੀਵਰਸਿਟੀ ਗੁਰੂ ਕੀ ਕਾਸ਼ੀ ਵਿਚ ਦੂਸਰੇ ਸਾਰੇ ਧਰਮਾਂ ਦਾ ਰੂਹਾਨੀ ਗਿਆਨ ਇਕੱਠਾ ਕਰਕੇ ਉਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ

ਤੁਲਨਾਇਆ ਜਾਵੇਗਾ ਤਾਂ ਕਿ ਸਾਰੇ ਸੰਸਾਰ ਨੂੰ ਦੱਸਿਆ ਜਾ ਸਕੇ ਕਿ ਸਾਰੇ ਧਰਮਾਂ ਦੀ ਰੂਹਾਨੀਅਤ ਦਾ ਨਿਚੋੜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੈ।

ਅੱਜ Interfaith ਦੀਆਂ ਬੜੀਆਂ ਕਾਨਫਰੰਸਾਂ ਹੋ ਰਹੀਆਂ ਹਨ, ਪਰ ਉਨ੍ਹਾਂ ਨੂੰ ਦੱਸਿਆ ਨਹੀਂ ਗਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਾਰੀ ਦੁਨੀਆਂ ਦਾ ਰੂਹਾਨੀ Interfaith ਗ੍ਰੰਥ ਹੈ, ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜੋ ਬਾਣੀ ਦਰਜ਼ ਹੈ, ਉਸ ਵਿਚ ੧੦ ਗੁਰੂ ਸਾਹਿਬਾਨਾਂ ਵਿਚੋਂ ਸਿਰਫ ੬ ਗੁਰੂ ਸਾਹਿਬਾਨਾਂ ਦੀ ਬਾਣੀ ਦਰਜ਼ ਹੈ, ਬਾਕੀ ੧੮ ਭਗਤਾਂ ਦੀ ਬਾਣੀ ਦਰਜ਼ ਹੈ, ਜਿਨ੍ਹਾਂ ਵਿਚੋਂ ੫ ਮੁਸਲਮਾਨ  ਫਕੀਰਾਂ ਬਾਬਾ ਫਰੀਦ ਜੀ, ਭਗਤ ਭੀਖਣ ਜੀ, ਬਾਬਾ ਸੱਤਾ ਤੇ ਬਾਬਾ ਬਲਵੰਡਾ ਜੀ ਅਤੇ ਭਗਤ ਕਬੀਰ ਜੀ ਦੀ ਬਾਣੀ ਦਰਜ਼ ਹੈ।ਇਸ ਤੋਂ ਇਲਾਵਾ ਉੱਚ ਜਾਤੀ ਦੇ ਰਾਮਾਨੰਦ ਗੌਡ-ਬ੍ਰਾਹਮਣ ਤੇ ਰਾਜਿਆਂ ਦੀ ਬਾਣੀ ਦਰਜ ਹੈ ਅਤੇ ਨੀਵੀਂ ਸਮਝੀ ਜਾਂਦੀ ਜਾਤ ਦੇ ਸਧਨਾ ਤੇ ਰਵਿਦਾਸ ਵਰਗਿਆਂ ਦੀ ਬਾਣੀ ਵੀ ਦਰਜ਼ ਹੈ, ਜਿਨ੍ਹਾਂ ਨੇ ਆਪਣੇ ਆਪ ਨੂੰ ਇਸ ਤਰ੍ਹਾਂ ਕਿਹਾ ਹੈ: "ਕਹਿ ਰਵਿਦਾਸ ਚਮਾਰਾ॥"

ਇਸ ਤੋਂ ਇਲਾਵਾ ਗਿਆਰਾਂ ਭੱਟ ਜੋ ਉੱਚ ਕੋਟੀ ਦੇ ਬ੍ਰਾਹਮਣ ਸਨ ਅਤੇ ਉਹ ਆਤਮਿਕ ਗਿਆਨ ਲਈ ਸਾਰੇ ਤੀਰਥਾਂ 'ਤੇ ਗਏ ਪਰ ਉਨ੍ਹਾਂ ਨੂੰ ਕਿਤਿਓਂ ਵੀ ਆਤਮ ਗਿਆਨ ਪ੍ਰਾਪਤ ਨਾ ਹੋਇਆ। ਉਨ੍ਹਾਂ ਨੂੰ ਜਦੋਂ ਪਤਾ ਲੱਗਿਆ ਕਿ ਅੰਮ੍ਰਿਤਸਰ ਵਿਖੇ ਗੁਰੂ ਅਰਜਨ ਦੇਵ ਜੀ ਸਮੇਂ ਦੇ ਅਵਤਾਰ ਪੁਰਸ਼, ਪੂਰਨ ਬ੍ਰਹਮਗਿਆਨੀ ਆਏ ਹੋਏ ਹਨ। ਉਨ੍ਹਾਂ ਸੋਚਿਆ ਕਿ ਉਨ੍ਹਾਂ ਦੀ ਸੰਗਤ ਕਰਕੇ ਉਨ੍ਹਾਂ ਤੋਂ ਪ੍ਰਭੂ ਗਿਆਨ ਪ੍ਰਾਪਤ ਕਰੀਏ। ਉਹ ਗੁਰੂ ਸਾਹਿਬ ਜੀ ਕੋਲ ਆਏ ਤੇ ਗੁਰੂ ਸਾਹਿਬ ਜੀ ਦੇ ਦਰਸ਼ਨ ਕਰਕੇ ਨਿਹਾਲ ਹੋਏ ਤੇ ਉਨ੍ਹਾਂ ਦਾ ਉਪਦੇਸ਼ ਕਮਾ ਕੇ ਬ੍ਰਹਮ-ਗਿਆਨੀ ਬਣ ਗਏ। ਉਨ੍ਹਾਂ ੧੧ ਆਤਮ ਦਰਸ਼ੀ ਭੱਟਾਂ ਦੀ ਬਾਣੀ ਵੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਹੈ। ਗੁਰੂ ਸਾਹਿਬ ਜੀ ਪਾਵਨ ਗੁਰਬਾਣੀ ਵਿਚ ਫੁਰਮਾਉਂਦੇ ਹਨ ਕਿ "**ਬਾਣੀ ਗੁਰੂ ਗੁਰੂ ਹੈ ਬਾਣੀ ਵਿਚ ਬਾਣੀ ਅੰਮ੍ਰਿਤ ਸਾਰੇ**" ਇਸ ਕਰਕੇ ਜਦੋਂ ਸਿੱਖ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਦਾ ਹੈ ਤਾਂ ਉਹ ਸਿਰਫ ਛੇ ਗੁਰੂਆਂ ਦੀ ਬਾਣੀ ਅੱਗੇ ਹੀ ਮੱਥਾ ਨਹੀਂ ਟੇਕਦਾ ਬਲਕਿ ਸਭ ਭਗਤਾਂ ਤੇ ਫਕੀਰਾਂ ਦੀ ਬਾਣੀ ਨੂੰ ਵੀ ਗੁਰੂ ਰੂਪ ਜਾਣ ਕੇ ਉਸ ਅੱਗੇ ਮੱਥਾ ਟੇਕਦਾ ਹੈ, ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਹੈ। ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਆਪਣੇ-ਆਪ ਵਿਚ ਸਾਰੀ ਦੁਨੀਆਂ ਦਾ Interfaith ਗ੍ਰੰਥ ਹੈ। ਪਰ ਬਹੁਤੇ ਲੋਕਾਂ ਨੂੰ ਇਸ ਬਾਰੇ ਅਜੇ ਪਤਾ ਹੀ ਨਹੀਂ ਹੈ, ਜੋ ਕਿ ਸਾਰੇ ਸੰਸਾਰ ਦੇ ਲੋਕਾਂ ਨੂੰ ਇਸ ਬਾਰੇ ਦੱਸਣਾ ਬਹੁਤ ਜ਼ਰੂਰੀ ਹੈ।

ਇਸ ਲਈ ਅਕਾਲ ਯੂਨੀਵਰਸਿਟੀ, ਗੁਰੂ ਕੀ ਕਾਸ਼ੀ ਵਿਚ ਇਹ ਉਪਰਾਲਾ ਕੀਤਾ ਜਾਵੇਗਾ ਕਿ ਵੱਡੇ-ਵੱਡੇ ਸਕਾਲਰ ਪੈਦਾ ਕਰਕੇ ਸਾਰੇ ਸੰਸਾਰ ਵਿਚ ਪ੍ਰਚਾਰ ਲਈ ਭੇਜੇ ਜਾਣ। ਅਕਾਲ ਯੂਨੀਵਰਸਿਟੀ ਗੁਰੂ ਕੀ ਕਾਸ਼ੀ ਨੂੰ ਪੂਰਾ ਕਰਨ ਲਈ ਲਗਭਗ ੫੦੦ ਕਰੋੜ ਰੁਪਏ ਦਾ ਖਰਚ ਹੋਵੇਗਾ, ਜੋ ਕਿ ਸੰਗਤਾਂ ਦੇ ਸਹਿਯੋਗ ਨਾਲ ਹੀ ਪੂਰਾ ਕੀਤਾ ਜਾ ਸਕਦਾ ਹੈ। ਇਸ ਲਈ

ਹਰ ਇੱਕ ਸਿੱਖ ਦਾ ਫਰਜ਼ ਬਣਦਾ ਹੈ ਕਿ ਉਹ ਗੁਰੂ ਗੋਬਿੰਦ ਸਿੰਘ ਜੀ ਦੇ ਗੁਰੂ ਕੀ ਕਾਸ਼ੀ ਲਈ ਉਚਾਰੇ ਇਹ ਬਚਨ ਪੂਰੇ ਕਰਨ ਲਈ ਆਪਣਾ ਦਸਵੰਧ ਘੱਟੋ-ਘੱਟ ਪੰਜ ਸਾਲਾਂ ਲਈ ਗੁਰੂ ਕੀ ਕਾਸ਼ੀ ਨਮਿਤ ਦੇਵੇ, ਤਾਂ ਜੋ ਅਕਾਲ ਯੂਨੀਵਰਸਿਟੀ, ਗੁਰੂ ਕੀ ਕਾਸ਼ੀ ਤਿਆਰ ਹੋ ਸਕੇ ਤੇ ਇਥੋਂ ਪੈਦਾ ਹੋਏ ਪ੍ਰਚਾਰਕ ਲੜਾਈ-ਝਗੜੇ ਤੇ ਈਰਖਾ ਦੀ ਅੱਗ ਵਿਚ ਸੜਦੀ-ਬਲਦੀ ਸਾਰੀ ਦੁਨੀਆਂ ਵਿਚ ਗੁਰਬਾਣੀ ਦਾ ਪ੍ਰਚਾਰ ਕਰਕੇ ਸਤਜੁਗ ਵਰਤਾਅ ਸਕਣ..।

ਰੂਹਾਨੀ ਜੀਵਨ ਦੇ ਅੱਤਿ ਸੂਖਮ ਭੇਦ ਜਾਨਣ ਲਈ ਲੋਕੀਂ ਬਨਾਰਸ ਜਾਂਦੇ ਹਨ, ਰਿਖੀ ਕੇਸ਼ ਦੇ ਮੰਦਰਾਂ ਵਿਚ ਜਾ ਕੇ ਸਮਾਧੀਆਂ ਲਗਾਉਣਾ ਸਿੱਖਦੇ ਹਨ।ਯੋਗ ਸਾਧਨਾ ਨਾਲ ਸਰੀਰਕ,ਮਾਨਸਿਕ ਤੇ ਆਤਮਿਕ ਸ਼ਕਤੀਆਂ ਪ੍ਰਾਪਤ ਕਰਦੇ ਹਨ।ਵੇਦਾਂ ਪੁਰਾਣਾਂ ਦਾ ਅਧਿਅਨ ਕਰਕੇ ਗਿਆਨ ਪ੍ਰਾਪਤ ਕਰਦੇ ਹਨ।ਕਲਗੀਧਰ ਪਾਤਿਸ਼ਾਹ ਨੇ ਆਪਣੇ ਸਿੰਘਾਂ ਨੂੰ ਕਾਸ਼ੀ ਭੇਜ ਕੇ ਉਥੋਂ ਦੀ ਸਾਰੀ ਜਾਣਕਾਰੀ ਲਈ ਤੇ ਫਿਰ ਉਨ੍ਹਾਂ ਨੇ ਸਰਬੱਤ ਦੇ ਭਲੇ ਲਈ ਦਮਦਮਾ ਸਾਹਿਬ ਦੀ ਧਰਤੀ ਨੂੰ "ਗੁਰੂ ਕੀ ਕਾਸ਼ੀ" ਹੋਣ ਦਾ ਵਰ ਦਿੱਤਾ।

ਉਹ ਦਿਨ,ਉਹ ਘੜੀ,ਉਹ ਪਲ ਕਿੰਨਾਂ ਸੁਭਾਗਾ ਸੀ...? ਜਿਸ ਦਿਨ,ਜਿਸ ਘੜੀ ਤੇ ਜਿਸ ਪਲ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਿਰੰਕਾਰੀ ਜੋਤ ਨਾਲ ਇਕ ਸੁਰ ਹੋ ਕੇ ਧੁਰ ਕੀ ਬਾਣੀ ਦਾ ਉਚਾਰਣ ਕਰਦਿਆਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਅਗੰਮੀ ਬਾਣੀ ਨੂੰ ਬਾਕੀ ਗੁਰੂਆਂ ਦੀ ਬਾਣੀ ਨਾਲ ਰਲਾ ਕੇ ਸ੍ਰੀ ਗੁਰ ਗ੍ਰੰਥ ਸਾਹਿਬ ਜੀ ਦਾ ਸਰੂਪ ਸੰਪੂਰਨ ਕੀਤਾ ਤੇ ਦਮਦਮਾ ਸਾਹਿਬ ਵਿਚ ਜੁੱਗੋ ਜੁੱਗ ਅਟੱਲ ਗੁਰੂ ਦੀ ਇਲਾਹੀ ਜੋਤ ਜਗਾ ਕੇ ਇਸ ਧਰਤੀ ਨੂੰ ਇਲਾਹੀ ਗੁਣਾਂ ਦੇ ਖਜਾਨਿਆਂ ਨਾਲ ਸਜਾ ਦਿੱਤਾ ਤੇ ਇਸ ਨੂੰ ਬ੍ਰਹੰਮ ਵਿਦਿਆ ਦਾ ਕੇਂਦਰ ਬਣਨ ਦੇ ਯੋਗ ਬਣਾ ਦਿੱਤਾ।

ਹੁਣ ਉਹ ਭਾਗਾਂ ਭਰੀ ਘੜੀ ਆਣ ਪਹੁੰਚੀ ਹੈ,ਜਦੋਂ ਅਗੰਮ ਅਗੋਚਰ ਦੇ ਬ੍ਰਹਮੰਡੀ ਨਜਾਰਿਆਂ ਦੀਆਂ ਗੁੱਝੀਆਂ ਰਮਜਾਂ ਸਮਝਣ ਲਈ ਅਕਾਲ ਯੂਨੀਵਰਸਿਟੀ, ਗੁਰੂ ਕੀ ਕਾਸ਼ੀ ਵਿਚ ਜਗਿਆਸੂਆਂ ਦੇ ਮੇਲੇ ਲੱਗਿਆ ਕਰਨਗੇ।ਕਰਤਾ ਪੁਰਖ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਭਵਿੱਖ ਬਾਣੀ ਨੂੰ ਸੱਚਿਆਂ ਕਰਨ ਲਈ ਆਪਣੀ ਕਲਾ ਆਪ ਵਰਤਾਏਗਾ।ਬ੍ਰਹੰਮ ਵਿਦਿਆ ਦੇ ਕੇਂਦਰ (ਅਕਾਲ ਯੂਨੀਵਰਸਿਟੀ) ਵਿਚ ਗੁਰਮਤਿ ਸੰਗੀਤ ਦੇ ਅਨਹਦੀ ਸੁਰਾਂ ਦੀਆਂ ਝੜੀਆਂ





ਲੱਗਿਆ ਕਰਨਗੀਆਂ।ਨਾਮ ਦੇ ਵਣਜਾਰੇ ਆਤਮਿਕ ਗੁਣਾਂ ਦੀ ਲੇਵਾ ਦੇਵੀ ਕਰਨਗੇ।ਰੂਹਾਨੀ ਰੂਪ ਰੰਗ ਰਸ ਦੇ ਲਿਸ਼ਕਾਰਿਆਂ ਨਾਲ ਲਿਸ਼ਕੇ ਹੋਇਆਂ ਲਈ "ਅਬਿਚਲ ਨਗਰੁ ਗੋਬਿੰਦ ਗੁਰੂ ਕਾ ਨਾਮੁ ਜਪਤ ਸੁਖੁ ਪਾਇਆ ਰਾਮ" ਵਾਲੀ ਗਲ ਹੋਵੇਗੀ।ਅੰਮ੍ਰਿਤ ਦੇ ਵਾਪਾਰੀ ਵਿਸਮਾਦੀ ਡੋਰਾਂ ਦੀਆਂ ਪੀਂਘਾਂ ਝੂਟਦੇ ਹੋਏ ਅਪਰੰਪਾਰ ਦੇ ਸੋਹਿਲੇ ਅਲਾਪਦੇ ਹੋਏ ਕਹਿਣਗੇ-

**ਮਾਈ ਰੀ ਪੇਖਿ ਰਹੀ ਬਿਸਮਾਦ॥ (ਅੰਕ ੧੨੨੬)**

ਅੱਜ ਸ੍ਰੀ ਗੁਰੂ ਨਾਨਕ ਦੇਵ ਜੀ ਸਰੀਰਕ ਤੌਰ ‘ਤੇ ਸਾਡੇ ਕੋਲ ਨਹੀਂ ਹਨ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਵਿਚ ਉਹ ਗੁਰੂਆਂ ਭਗਤਾਂ ਨੂੰ ਨਾਲ ਲੈ ਕੇ ਇਲਾਹੀ ਤਖਤ (ਸ੍ਰੀ ਗੁਰੂ ਨਨਾਕ ਦੇਵ ਜੀ ਦੀ ਗੁਰਗੱਦੀ) ਉਤੇ ਹਮੇਸ਼ਾਂ ਲਈ ਬਿਰਾਜਮਾਨ ਹਨ।ਦੁਨੀਆਂ ਵਿਚ ਉਚ ਕੋਟੀ ਦੀ ਅਧਿਆਤਮਿੱਕਤਾ ਅਤੇ ਰੂਹਾਨੀਅਤ ਨਾਲ ਭਰੇ ਹੋਏ ਧਰਮ ਗ੍ਰੰਥ ਹੋਰ ਵੀ ਬਥੇਰੇ ਮਿਲ ਜਾਣਗੇ ਪਰ ਐਸਾ ਧਰਮ ਗ੍ਰੰਥ ਕੋਈ ਨਹੀਂ ਹੈ ਜਿਸ ਵਿਚ ਕਿਸੇ ਅਵਤਾਰੀ ਪੁਰਸ਼ ਨੇ ਨੌਂ ਮਹੀਨੇ ਨੌਂ ਦਿਨ ਵਿਚ ਸਰਵ ਕਲਾ ਸਮਰੱਥ ਕਰਤਾ ਪੁਰਖ ਦੀ ਸਰਵ-ਵਿਆਪਕ ਜੋਤ ਨਾਲ ਇਕ ਸੁਰ ਹੋ ਕੇ,ਬਾਣੀ ਦੇ ਰਚਨਹਾਰਿਆਂ ਦੀ ਆਤਮਿਕ ਜੋਤ ਦੇ ਸਦੀਵੀ-ਦੀਵੇ ਬਾਲੇ ਹੋਣ...।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਜਗ ਮਗ ਕਰਦੇ ਨੂਰ ਦੀ ਦਿਵਾਲੀ ਦੇ ਦੀਵਿਆਂ ਦੀ ਸਾਂਝ ਦਾ ਪ੍ਰਗਟਾਵਾ ਕਰਨ ਲਈ ਸਾਨੂੰ ਇਸ ਵੇਲੇ ਅਕਾਲ ਯੂਨੀਵਰਸਿਟੀ,ਗੁਰੂ ਕੀ ਕਾਸ਼ੀ ਦੀ ਸਖਤ ਜਰੂਰਤ ਹੈ।ਵਾਹਿਗੁਰੂ ਕਿਰਪਾ ਕਰੇ..!ਇੱਥੇ ਜਗਣ ਵਾਲੇ ਬ੍ਰਹੰਮ ਗਿਆਨ ਦੇ ਚਾਨਣ ਮੁਨਾਰੇ ਥਾਣੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਮੰਡਲ ਦੀ ਲੋਅ ਨਾਲ ਸਾਰਾ ਜੱਗ ਰੌਸ਼ਨ ਹੋ ਜਾਵੇ..!ਦੁਨੀਆਂ ਭਰ ਦੀਆਂ ਸੱਭ ਜਾਤਾਂ ਬਰਾਦਰੀਆਂ ਦੇ ਲੋਕ ਦਸੋ ਪਾਤਿਸ਼ਾਹੀਆਂ ਦੀ ਜਗ ਮਗ ਜੋਤ,ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤੇਜ ਪ੍ਰਤਾਪ ਨਾਲ ਆਪਣੀ ਰੂਹ ਦਾ ਨਾਤਾ ਗੰਢਣ ਲਈ,ਅਕਾਲ ਯੂਨੀਵਰਸਿਟੀ,ਗੁਰੂ ਕੀ ਕਾਸ਼ੀ ਨਾਲ ਰਿਸ਼ਤਾ ਜੋੜ ਕੇ ਲੋਕ ਪ੍ਰਲੋਕ ਦੇ ਜੀਵਨ ਦੀ ਸੇਧ ਲੈਣ...। ਪੰਥ ਦਾ ਵਾਲੀ ਬਾਬਾ ਜੀ ਦੇ ਕਾਰਜ ਆਪ ਸਵਾਰੇ..!ਹਿੰਮਤ ਬਖਸ਼ੇ..! ਤੰਦਰੁਸਤੀ ਭਰੀ ਲੰਮੀਂ ਉਮਰ ਬਖਸ਼ੇ...!ਤਾਂ ਜੋ ਉਹ ਅਕਾਲ ਯੂਨੀਵਰਸਿਟੀ, ਗੁਰੂ ਕੀ ਕਾਸ਼ੀ ਵਿਚ ਅਧੁਨਿਕ ਪੜ੍ਹਾਈ ਦੇ ਨਾਲ ਨਾਲ ਰੂਹਾਨੀਅਤ ਦੇ ਵਿਸਮਾਦੀ ਪਦਾਰਥਾਂ ਦੇ ਭਰਪੂਰ ਖਜਾਨੇ ਸਥਾਪਤ ਕਰ ਸਕਣ।

***************

# ਅਕਾਲ ਅਕੈਡਮੀ ਬੜੂ ਸਾਹਿਬ



ਅਕਾਲ ਅਕਾਲ ਅਕੈਡਮੀ ਬੜੂ ਸਾਹਿਬ ਵਿਚ ਬਾਬਾ ਇਕਬਾਲ ਸਿੰਘ ਜੀ ਨਿਆਰੇ ਖਾਲਸੇ ਦੀ ਪਨੀਰੀ ਬੀਜ ਰਹੇ ਹਨ।ਬਾਣੀ ਅਤੇ ਬਾਣੇ ਦਾ ਪ੍ਰਵਾਹ ਚਲਾ ਕੇ ਖਾਲਸਾ ਪੰਥ ਦੀ ਮੁਰਝਾਈ ਜਾ ਰਹੀ ਸੂਰਤ ਵਿਚ ਨਿਖਾਰ ਲਿਆ ਰਹੇ ਹਨ।ਉਮੀਦ ਹੈ ਕਿ ਧੁਰ ਕੀ ਬਾਣੀ ਦੇ ਰੰਗ ਰਸ ਨਾਲ ਸਿੰਜੀ ਹੋਈ ਬਾਬਾ ਇਕਬਾਲ ਸਿੰਘ ਜੀ ਦੀ ਫੁਲਵਾੜੀ ਦੇ ਗੁਲਾਬ ਗੁਰਸਿੱਖੀ ਜੀਵਨ ਦੀ

ਖੁਸ਼ਬੂ ਬਣ ਕੇ ਸਾਰੇ ਸੰਸਾਰ ਨੂੰ ਮਹਿਕਾਉਣਗੇ।ਧੁਰ ਕੀ ਬਾਣੀ ਦੀਆਂ ਅਨਹਦੀ ਗੁੰਜਾਰਾਂ ਨਾਲ ਸਾਰੇ ਜਗ ਨੂੰ ਗੁੰਜਾਉਣਗੇ।ਅਕਾਲ ਅਕੈਡਮੀਆਂ ਦੇ ਛੋਟੇ-ਛੋਟੇ ਬੱਚਿਆਂ ਕੋਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਸ਼ੁੱਧ ਉਚਾਰਣ ਸੁਣ ਕੇ ਆਸ ਦੀ ਕਿਰਣ ਜਾਗਦੀ ਹੈ ਕਿ **ਰੱਬੀ ਬਾਣੀ ਦਾ ਮੂਲ ਸਰੂਪ ਬਚਾਉਣ ਲਈ ਇਹ ਨਿੱਕੇ-ਨਿੱਕੇ ਸ਼ੇਰ ਬੱਚੇ ਕਾਫੀ ਹਨ।**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਲਾਹੀ ਦਰਬਾਰ ਵਿਚ,ਖਾਲਸਈ ਬਾਣੇ ਵਿਚ ਸੱਜੀਆਂ ਹੋਈਆਂ,ਬਾਬਾ ਇਕਬਾਲ ਸਿੰਘ ਜੀ ਦੇ ਬੱਚਿਆਂ ਦੀਆਂ ਲੰਬੀਆਂ ਕਤਾਰਾਂ ਦਸ਼ਮੇਸ਼ ਪਿਤਾ ਦੀਆਂ ਲਾਡਲੀਆਂ **ਭੁਜੰਗ ਫੌਜਾਂ** ਪ੍ਰਤੀਤ ਹੁੰਦੀਆਂ ਹਨ।

ਸੰਤ ਅਤਰ ਸਿੰਘ ਜੀ ਦੇ ਬਚਨ ਅਜ ਬਾਬਾ ਇਕਬਾਲ ਸਿੰਘ ਜੀ ਬੜੂ ਸਾਹਿਬ ਵਾਲਿਆਂ ਨੇ ਸੱਚੇ ਕਰ ਦਿਖਾਏ ਹਨ।ਜੀਵਨ ਲੇਖੇ ਲਗਾ ਕੇ ਦਿਖਾਇਆ ਹੈ।ਉਨ੍ਹਾਂ ਦੇ ਤਿਆਗ,ਲਗਨ,ਅਤੇ ਤਨ ਮਨ ਧਨ ਨਾਲ ਕੀਤੀ ਅਣਥੱਕ ਸੇਵਾ ਸਦਕੇ ਹੀ ਅਜ ਅਕਾਲ ਅਕੈਡਮੀਆਂ ਵਿਚੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਲਿਸ਼ਕਾਰੇ ਮਾਰ ਰਹੀ ਹੈ।ਦੁਨਿਆਵੀ ਰੰਗ ਵਾਲੇ ਮਹੌਲ ਵਿਚ ਅਤੇ ਨਾਮ ਬਾਣੀ ਦੇ ਰੰਗ ਵਾਲੇ ਮਾਹੌਲ ਵਿਚ ਜਮੀਨ ਅਸਮਾਨ ਦਾ ਫਰਕ ਹੁੰਦਾ ਹੈ।ਇਹੀ ਕਾਰਨ ਹੈ ਕਿ ਅਕਾਲ ਅਕੈਡਮੀਆਂ ਵਿਚ ਬ੍ਰਹਮੰਡੀ ਊਰਜਾ ਦੀਆਂ ਤ੍ਰੰਗਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਦੂਣੀ ਚੌਣੀ ਤਰੱਕੀ ਕਰ ਰਹੇ ਹਨ।ਗੁਰਸਿੱਖੀ ਦੇ ਖੇਤਰ ਵਿਚ ਹੀ ਨਹੀਂ ਸਗੋਂ ਸਾਇੰਸ ਅਤੇ ਵਿੱਦਿਆ ਦੇ ਹੋਰ ਵਿਸ਼ਿਆਂ ਵਿਚ ਵੀ ਦੇਸ਼ ਦੇ ਦੂਜੇ ਸਕੂਲਾਂ,ਕਾਲਜਾਂ ਦੇ ਮੁਕਾਬਲਿਆਂ ਵਿਚ ਪਹਿਲੇ ਨੰਬਰ 'ਤੇ ਹਨ।ਖੇਡਾਂ ਦੇ ਮੈਦਾਨ ਵਿਚ ਵੀ ਮੱਲਾਂ ਮਾਰ ਰਹੇ ਹਨ।ਨਾਮ ਬਾਣੀ ਦੀਆਂ ਤਰੰਗਾਂ ਦੇ ਮਹੌਲ ਵਿਚ ਰਹਿਣ ਕਰਕੇ ਅਕੈਡਮੀ ਦੇ ਬੱਚੇ ਦੂਜੇ ਸਕੂਲਾਂ ਦੇ ਬੱਚਿਆਂ ਨਾਲੋਂ ਆਪਣੇ ਸਿਲੇਬਸ ਦੀ ਪੜ੍ਹਾਈ ਘੱਟ ਸਮੇ ਵਿਚ ਪੂਰੀ ਕਰ ਲੈਂਦੇ ਹਨ।

ਇਥੋਂ ਦੇ ਵਿਦਿਆਰਥੀ ਅੰਮ੍ਰਿਤ ਵੇਲਾ ਸੰਭਾਲਦੇ ਹਨ।ਤਪ-ਸਥਾਨ ਉਤੇ ਰਹਿਣ ਦੇ ਲਾਹੇ ਲੈਂਦੇ ਹੋਏ ਗੁਰਸਿੱਖੀ ਜੀਵਨ ਦਾ ਅਨੰਦ ਮਾਣਦੇ ਹਨ।ਨਾਮ ਬਾਣੀ ਦੇ ਮਹੌਲ ਵਿਚ ਤਿਆਰ ਕੀਤਾ ਹੋਇਆ ਬਿਬੇਕ ਦਾ ਖਾਣਾ ਖਾਂਦੇ ਹਨ।ਰਿਹਾਇਸ਼ੀ ਕਮਰਿਆਂ ਤੋਂ ਲੰਗਰ ਹਾਲ ਤਕ ਜਾਂਦੇ ਹੋਏ ਬੱਚਿਆਂ ਦੇ ਸਿਮਰਨ ਦੀਆਂ ਗੂੰਜਾਰਾਂ,ਖਾਣੇ ਦੇ ਮੇਜਾਂ ਅੱਗੇ ਜਾ ਕੇ ਰੁਕਦੀਆਂ ਹਨ।ਦਾਤਾਰ ਪਿਤਾ ਦੇ ਚਰਨਾਂ ਵਿਚ ਸ਼ੁਕਰਾਨੇ ਦੀ ਅਰਦਾਸ ਪਿੱਛੋਂ ਅੱਖੀਆਂ ਖੁਲ੍ਹਦੀਆਂ ਹਨ ਤੇ ਗੁਰੂ ਦੀਆਂ ਭੁਜੰਗ ਫੌਜਾਂ ਜੈਕਾਰੇ ਗੁੰਜਾ ਕੇ ਛਕਦੀਆਂ ਹਨ।ਨਾਮ ਬਾਣੀ ਦੇ ਰੰਗ ਰਸ ਨਾਲ ਸਿੰਜੇ ਹੋਏ ਅੰਮ੍ਰਿਤ-ਭੋਜਨ ਅਤੇ ਕਲਾ-ਕਲੇਸ਼ ਦੇ ਮਹੌਲ ਵਿਚ ਵਿਕਾਰੀ ਬੰਦਿਆਂ ਦੇ ਹੱਥੋਂ ਤਿਆਰ ਕੀਤੇ ਹੋਏ ਖਾਣੇ ਵਿਚ ਬੜਾ ਫਰਕ ਹੁੰਦਾ ਹੈ।ਸੁਰਤੀ ਬਿਰਤੀ ਵਿਚ ਬੜਾ ਫਰਕ ਪੈਂਦਾ ਹੈ।ਬਿਬੇਕ ਦਾ ਲੰਗਰ ਛਕਣ ਨਾਲ ਰੂਹਾਨੀ ਸ਼ਕਤੀ ਪ੍ਰਾਪਤ ਹੁੰਦੀ ਹੈ।

ਜਦੋਂ ਸਿੱਖ ਆਪਣੇ ਗੁਰੂ ਦਾ ਪੱਲਾ ਫੜ ਲੈਂਦਾ ਹੈ ਅਤੇ ਗੁਰੂ ਦਾ ਬਖਸ਼ਿਆ ਬਾਣਾ ਪਾ ਕੇ ਬਾਣੀ ਦਾ ਧਾਰਣੀ ਹੋ ਜਾਂਦਾ ਹੈ ਤਾਂ ਉਸਦੀ ਰਹਿਣੀ, ਬਹਿਣੀ, ਕਹਿਣੀ ਸੈਹਣੀ ਤੇ ਕਰਨੀ ਵਿਚ ਗੁਰਸਿੱਖੀ ਦੀ ਛਾਪ ਲੱਗ ਜਾਂਦੀ ਹੈ।ਅੱਗੋਂ ਖਾਲਸੇ ਨੂੰ ਆਪਣਾ ਸਰੂਪ ਬਖਸ਼ਣ ਵਾਲਾ ਦਸ਼ਮੇਸ਼ ਪਿਤਾ ਆਪਣੇ ਸ਼ੇਰ ਬੱਚਿਆਂ ਦੇ ਅੰਗ ਸੰਗ ਹੋ ਕੇ ਉਨ੍ਹਾਂ ਤੋਂ ਕਰਮ ਵੀ ਆਪਣੇ ਵਰਗੇ ਹੀ ਕਰਵਾ ਲੈਂਦਾ ਹੈ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦਰਸ਼ਨਾਂ ਦੀਆਂ ਅਲੌਕਿਕ ਝਲਕਾਂ ਉਨ੍ਹਾਂ ਨੂੰ ਰਸਤਾ ਦਿਖਾ ਕੇ ਡੋਲਣ ਤੋਂ ਬਚਾਉਂਦੀਆਂ ਹਨ।ਧੁਰ ਕੀ ਬਾਣੀ ਦੇ ਝੋਲੇ ਉਨ੍ਹਾਂ ਦੀ ਜੀਵਨ-ਬੇੜੀ ਨੂੰ ਪਾਰ ਲਗਾਉਂਦੇ ਹਨ।ਬਾਬਾ ਇਕਬਾਲ ਸਿੰਘ ਜੀ ਦੇ ਜੀਵਨ ਨੂੰ ਸ੍ਰੀ ਗੁਰੂ ਗ੍ਰੰਥ

ਸਾਹਿਬ ਜੀ ਦੇ ਪ੍ਰੇਮ-ਪ੍ਰਕਾਸ਼ ਨੇ ਰੁਸ਼ਨਾਇਆ ਹੋਇਆ ਹੈ।ਸੰਤ ਅਤਰ ਸਿੰਘ ਅਤੇ ਤੇਜਾ ਜੀ ਦੇ ਅਸ਼ੀਰਵਾਦ ਨਾਲ ਉਨ੍ਹਾਂ ਨੇ ਸ੍ਰੀ ਗੁਰੂ ਨਾਨਾਕ ਦੇਵ ਜੀ ਵਾਲੀ ਸਾਦਗੀ,ਲਗਨ,ਤਿਆਗ ਅਤੇ ਕਰੜੀ ਘਾਲਣਾਂ ਵਾਲੇ ਜੀਵਨ ਨੂੰ ਅਪਣਾਇਆ ਹੋਇਆ ਹੈ।ਉਚ ਵਿੱਦਿਆ ਵਿਚ ਨਿਪੁੰਨ ਹੋਣ ਪਿਛੋਂ,ਐਗ੍ਰੀਕਲਚਰ ਯੂਨੀਵਰਸਿਟੀ ਵਿਚ ਵਾਈਸਚਾਂਸਲਰ ਦੀ ਉਚੀ ਪੋਸਟ ਉਤੇ ਮੰਨੀ ਪ੍ਰਮੰਨੀ ਸ਼ਖਸੀਅਤ ਹੋ ਕੇ ਵੀ ਉਨ੍ਹਾਂ ਨੇ ਗੁਰਸਿੱਖੀ ਲਿਬਾਸ ਅਤੇ ਗੁਰਸਿੱਖੀ ਸਿਧਾਂਤਾਂ ਦੀ ਪਾਲਣਾਂ ਕਰਦਿਆਂ ਜਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਦੀ ਸ਼ਾਨ ਬਣਾਈ।ਸੰਤ ਅਤਰ ਸਿੰਘ ਜੀ ਦੇ ਪਰਮ ਸੇਵਕ ਸੰਤ ਤੇਜਾ ਸਿੰਘ ਜੀ ਦੇ ਇੱਕ ਇਸ਼ਾਰੇ ਉਤੇ ਉਨ੍ਹਾਂ ਨੇ ਅਮਰੀਕਾ ਜਾਣ ਦਾ ਪ੍ਰੋਗਰਾਮ ਛੱਡ ਦਿੱਤਾ।ਆਤਮਿਕ ਗੁਣਾਂ ਦੀ ਸਾਂਝ ਕਰਦਿਆਂ ਆਪਾ ਵਾਰਿਆ ਅਤੇ ਆਪਣੇ ਆਪ ਨੂੰ ਗੁਰੂ ਨਾਨਕ ਦਾ ਨਿਮਾਣਾਂ ਜਿਹਾ ਸਿੱਖ ਸਮਝ ਕੇ ਸਾਰਾ ਜੀਵਨ ਲੇਖੇ ਲਗਾਇਆ।ਗੁਰੂ ਦੀ ਬਖਸ਼ਿਸ ਨਾਲ ਉਨ੍ਹਾਂ ਦੇ ਬੜੇ ਬੜੇ ਪ੍ਰੋਜੈਕਟ ਚੱਲ ਰਹੇ ਹਨ ਤੇ ਹਰ ਮੈਦਾਨ ਫਤਿਹ ਹੋ ਰਹੀ ਹੈ।ਸਾਡੇ ਲਈ ਬਾਬਾ ਜੀ ਦਾ ਜੀਵਨ ਪ੍ਰੇਰਨਾ ਸ੍ਰੋਤ ਹੈ।

ਅੰਮ੍ਰਿਤ ਬਾਣੀ ਦੇ ਮੀਂਹ ਵਿਚ ਭਿੱਜਣ ਵਾਲੀ ਥਾਂ ਹੁਣ ਸਿਰਫ ਅਕਾਲ ਅਕੈਡਮੀ ਬੜੂ ਸਾਹਿਬ ਹੀ ਨਹੀਂ ਹੈ।ਪੰਜਾਬ ਅਤੇ ਦੇਸ਼ ਦੇ ਦੂਜੇ ਪ੍ਰਾਂਤਾਂ ਦੀਆਂ ੧੩੦ ਅਕਾਲ ਅਕੈਡਮੀਆਂ ਅਤੇ ੧੪ ਕਾਲਜਾਂ ਵਿਚੋਂ ਵੀ ਗੁਰੂ ਨਾਨਾਕ ਦੀ ਸਿੱਖੀ ਦੇ ਲਿਸ਼ਕਾਰੇ ਪੈਂਦੇ ਹਨ।ਸੰਤ ਅਤਰ ਸਿੰਘ ਜੀ ਦੇ ਸੁਪਨੇ ਸਾਕਾਰ ਹੋ ਰਹੇ ਹਨ।

**ਬੜੂ** ਨਾਮ ਹੀ ਇਸ ਸਚਾਈ ਦਾ ਪ੍ਰਤੀਕ ਹੈ ਕਿ ਇਸ ਥਾਂ ਨੂੰ ਉਨ੍ਹਾਂ ਸਿੱਧਾਂ,ਰਿਸ਼ੀਆਂ ਮੁਨੀਆਂ ਤੇ ਅਵਤਾਰੀ ਪੁਰਖਾਂ ਦੀ ਚਰਨ ਛੋਹ ਪ੍ਰਾਪਤ ਹੈ ਜਿਹੜੇ ਸਾਡੇ ਵਰਗੇ ਸਧਾਰਨ ਬੰਦਿਆਂ ਤੋਂ **ਬੜੇ** ਹਨ,ਉਤੱਮ ਹਨ।ਇਸ ਧਰਤੀ ਦੀ ਉਪਜ ਵੀ ਦੂਜੀਆਂ ਥਾਵਾਂ ਨਾਲੋਂ ਵਧੀਆ ਹੈ।ਸਿੱਖ ਇਤਿਹਾਸ ਮੁਤਾਬਿਕ ਬਾਬਾ ਰਾਮ ਰਾਇ ਇਸ ਤਪੋ ਭੂਮੀ ਵਿਚ ਉਗੀਆਂ ਜੜੀਆਂ ਬੂਟੀਆਂ ਅਤੇ ਅੰਮ੍ਰਿਤ ਜਲ ਦੀ ਵਰਤੋਂ ਨਾਲ ਦਵਾਈਆਂ ਤਿਆਰ ਕਰਕੇ ਲੋਕਾਂ ਦੀਆਂ ਬੀਮਾਰੀਆਂ ਠੀਕ ਕਰਦੇ ਹੁੰਦੇ ਸਨ।

ਕੁਦਰਤ ਦੇ ਅਸੂਲਾਂ ਮੁਤਾਬਿਕ ਤਪ ਸਥਾਨਾਂ ਦੀ ਪਵਿੱਤ੍ਰਤਾ ਨੂੰ ਕਾਇਮ ਰੱਖਣ ਲਈ ਉਥੇ ਸੰਤਾਂ,ਸਾਧੂਆਂ ਦੀ ਆਵਾ ਜਾਈ ਲੱਗੀ ਰਹਿੰਦੀ ਹੈ।ਬੜੂ ਸਾਹਿਬ ਦੀ ਤਪੋ ਭੂਮੀ ਵੀ ਇੱਕ ਠਾਕੁਰ ਦੀ ਮਲਕੀਅਤ ਬਣੀ ਰਹੀ ਤੇ ਉਹ ਆਪਣੀ ਜਮੀਨ ਉਤੇ ਬੈਠੇ ਕਿਸੇ ਤਪੱਸਵੀ ਸਾਧੂ ਨੂੰ ਰੋਟੀ ਪਾਣੀ ਪਹੁੰਚਾਉਣ ਦੀ ਸੇਵਾ ਕਰਦਾ ਰਿਹਾ।ਜਦੋਂ ਇਸ ਧਰਤੀ ਦੇ ਪ੍ਰਗਟ ਹੋਣ ਦਾ ਸਮਾਂ ਆਇਆ ਤਾਂ ਸੰਤ ਤੇਜਾ ਸਿੰਘ ਜੀ ਨੇ ਬਾਬਾ ਇਕਬਾਲ ਸਿੰਘ ਜੀ ਨੂੰ ਸੰਤ ਅਤਰ ਸਿੰਘ ਜੀ ਦੇ ਬਚਨ ਕਮਾਉਣ ਲਈ ਇਨ੍ਹਾਂ ਜੰਗਲਾਂ ਦੀ ਖੋਜ ਕਰਨ ਲਈ ਤੋਰ ਦਿਤਾ।ਸੰਤਾਂ ਦੇ ਬਚਨ ਕਮਾਉਣੇ ਬੜੇ ਔਖੇ ਹੁੰਦੇ ਹਨ।ਉਜਾੜ ਬੀਆ ਬਾਨ ਜੰਗਲਾਂ ਵਿਚੋਂ ਤਪ-ਸਥਾਨ ਦੀ ਖੋਜ ਕਰਨੀ ਕੋਈ ਸੌਖੀ ਗਲ ਨਹੀਂ ਸੀ।ਪਰ ਬਾਬਾ ਇਕਬਾਲ ਸਿੰਘ ਜੀ ਨੂੰ ਸਤਿਗੁਰੂ ਨੇ ਹਿੰਮਤ ਬਖਸ਼ੀ ਤੇ ਉਨ੍ਹਾਂ ਨੇ ਰੋਜ਼ਾਨਾ ਚਾਲੀ ਚਾਲੀ ਮੀਲ ਪੈਦਲ ਚਲ ਕੇ ਜੰਗਲ ਗਾਹੁਣੇ ਸ਼ੁਰੂ ਕੀਤੇ।ਸੁੰਨਸਾਂਨ ਜੰਗਲਾਂ

ਦੇ ਬਿੱਖੜੇ ਪੈਂਡੇ ਗੱਛਦਿਆਂ ਅਖੀਰ ਉਨ੍ਹਾਂ ਨੇ ਬੜੂ ਸਾਹਿਬ ਦੀ ਧਰਤੀ ਦੀਆਂ ਉਹ ਨਿਸ਼ਾਨੀਆਂ ਲੱਭ ਲਈਆਂ ਜਿਹੜੀਆਂ ਸੰਤ ਅਤਰ ਸਿੰਘ ਜੀ ਨੇ ਦੱਸੀਆਂ ਸਨ।

ਓਧਰ ਬੜੂ ਪਿੰਡ ਦੇ ਵਸਨੀਕ ਠਾਕੁਰ ਦੇ ਹਾਲਾਤ ਐਨੇ ਭੈੜੇ ਹੋ ਗਏ ਕਿ ਉਸਦਾ ਉਥੇ ਰਹਿਣਾ ਹੀ ਔਖਾ ਹੋ ਗਿਆ।ਸਾਧੂ ਠਾਕੁਰ ਨੂੰ ਜਮੀਨ ਵੇਚਣ ਦੀ ਸਲਾਹ ਦੇਣ ਪਿੱਛੋਂ ਆਪ ਪਤਾ ਨਹੀਂ ਕਿੱਥੇ ਛਪਨ ਹੋ ਗਿਆ।ਸਤਿਗੁਰਾਂ ਨੇ ਆਪ ਹੀ ਕਲਾ ਵਰਤਾਈ।ਸੰਤ ਤੇਜਾ ਸਿੰਘ ਜੀ ਨੇ ਠਾਕੁਰ ਨੂੰ ਉਸਦੇ ਮੂਹੋਂ ਮੰਗੀ ਕੀਮਤ ਦੇ ਕੇ ਜਮੀਨ ਖਰੀਦ ਲਈ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਦੇਸ਼ ਨੂੰ ਦੁਨੀਆਂ ਦੇ ਹਰ ਕੋਨੇ ਤੱਕ ਪਹੁੰਚਾਉਣ ਲਈ ਅਕਾਲ ਅਕੈਡਮੀ ਬਣਾਉਣ ਦਾ ਸ਼ੁਭ ਕਾਰਜ ਅਰੰਭਿਆ।

ਬੜੂ ਸਾਹਿਬ ਦੇ ਤਪ ਸਥਾਨ ਦੀ ਖੋਜ ਕਰਵਾ ਕੇ ਅਕਾਲ ਅਕੈਡਮੀ ਬਣਾਉਣੀ ਅਤੇ ਦਮਦਮਾ ਸਾਹਿਬ ਨੂੰ ਅਕਾਲ ਯੂਨੀਵਰਸਿਟੀ,ਗੁਰੂ ਕੀ ਕਾਸ਼ੀ ਬਣਾਉਣ ਦੀ ਭਵਿੱਖ ਬਾਣੀ ਸੱਚੀ ਕਰਨ ਲਈ ਬਾਬਾ ਜੀ ਤੋਂ ਸੇਵਾ ਲੈਣੀ ਵੀ ਕਲਗੀਧਰ ਪਾਤਿਸ਼ਾਹ ਦੀ ਇਕ ਨਿਆਰੀ ਖੇਲ੍ਹ ਹੀ ਹੈ।ਪੰਥ ਦਾ ਵਾਲੀ ਆਪ ਹੀ ਆਪਣੇ ਪੰਥ ਦੀ ਚੜ੍ਹਦੀ ਕਲਾ ਦੇ ਰੰਗ ਵਰਤਾਉਣ ਲਈ ਆਪਣੇ ਸੇਵਕਾਂ ਤੋਂ ਕਾਰਜ ਕਰਵਾ ਰਿਹਾ ਹੈ।

**ਅਕਾਲ ਅਕੈਡਮੀ ਬੜੂ ਸਾਹਿਬ ਅਤੇ ਗੁਰਸਿੱਖੀ ਬਾਣਾ:-** ਪਹਿਰਾਵਾ ਬੰਦੇ ਦੀ ਸ਼ਖਸੀਅਤ ਦੀ ਪਛਾਣ ਹੁੰਦਾ ਹੈ।ਜਦੋਂ ਸਾਨੂੰ ਕੋਈ ਗੁਰਸਿੱਖੀ ਬਾਣੇ ਵਿਚ ਮਿਲਦਾ ਹੈ ਤਾਂ ਉਸ ਨੂੰ ਦੇਖ ਕੇ ਗੁਰੂ ਯਾਦ ਆਉਂਦਾ ਹੈ।ਗੁਰੂ ਦੇ ਸ਼ੁਭ ਗੁਣ ਯਾਦ ਕਰਕੇ ਮਨ ਵਿਚ ਚੰਗੀਆਂ ਭਾਵਨਾਵਾਂ ਪੈਦਾ ਹੁੰਦੀਆਂ ਹਨ ਅਤੇ ਉਸ ਨਾਲ ਗੁਰੂ ਦੀ ਗੱਲ ਕਰਨ ਨੂੰ ਦਿਲ ਕਰਦਾ ਹੈ ਪਰ ਇਸ ਵਿਚ ਕੋਈ ਸੰਦੇਹ ਨਹੀਂ ਹੈ ਕਿ ਆਪਣੇ ਸੁਭਾ ਤੋਂ ਉਲਟ ਪਹਿਰਾਵਾ ਪਾਉਣ ਨਾਲ ਦੇਖਣ ਵਾਲੇ ਭੁਲੇਖਾ ਖਾ ਜਾਂਦੇ ਹਨ।ਪਖੰਡੀ ਲੋਕ ਸਾਧੂਆਂ ਦਾ ਪਹਿਰਾਵਾ ਪਾ ਕੇ ਦੁਨੀਆਂ ਨੂੰ ਠੱਗ ਲੈਂਦੇ ਹਨ।ਇਸੇ ਤਰ੍ਹਾਂ ਹੀ ਫੈਸ਼ਨ ਮੁਤਾਬਿਕ ਭੜਕੀਲੇ ਪਹਿਰਾਵੇ ਪਾਉਣ ਵਾਲੀਆਂ ਚੰਗੀਆਂ ਭਲੀਆਂ,ਭੋਲੀਆਂ ਭਾਲੀਆਂ ਕੁੜੀਆਂ ਵੀ ਕਈ ਵਾਰੀ ਅਣਭੋਲ ਹੀ ਬੁਰੇ ਬੰਦਿਆਂ ਦੀ ਹਵਸ ਦਾ ਸ਼ਿਕਾਰ ਹੋ ਜਾਂਦੀਆਂ ਹਨ।ਇਸੇ ਕਰਕੇ ਹੀ ਅਜ ਕ੍ਲ ਲੜਕੀਆਂ ਦੀ ਇੱਜਤ ਪੱਤ ਬਚਾਉਣ ਲਈ ਮਾਪਿਆਂ ਦੀ ਜਾਨ ਸੁੱਕੀ ਰਹਿੰਦੀ ਹੈ।ਬਲਾਤਕਾਰ ਦੀਆਂ ਖਬਰਾਂ ਨਾਲ ਅਖਬਾਰਾਂ ਭਰੀਆਂ ਹੁੰਦੀਆਂ ਹਨ।ਇਸ ਬੁਰਾਈ ਦੇ ਕਈ ਕਾਰਨ ਹੋ ਸਕਦੇ ਹਨ ਪਰ ਕਈਆਂ ਦਾ ਵਿਚਾਰ ਹੈ ਕਿ ਫੈਸ਼ਨ ਮੁਤਾਬਿਕ ਲੜਕੀਆਂ ਦੇ ਭੜਕੀਲੇ ਪਹਿਰਾਵੇ ਭੈੜੇ ਮਰਦਾਂ ਦੇ ਮਨਾ ਵਿਚ ਵਿਕਾਰ ਪੈਦਾ ਕਰਕੇ ਉਨ੍ਹਾਂ ਨੂੰ ਹੈਵਾਨੀਅਤ ਦੇ ਰਸਤੇ ਉਤੇ ਚੱਲਣ ਲਈ ਉਤਸਾਹਿਤ ਕਰਦੇ ਹਨ।

**ਬਾਬਾ ਹੋਰੁ ਪੈਨਣੁ ਖੁਸੀ ਖੁਆਰੁ।**
**ਜਿਤੁ ਪੈਧੈ ਤਨ ਪੀੜੀਐ ਮਨੁ ਮਹਿ ਚਲੇ ਵਿਕਾਰ।**

(੧੨)

ਅਸੀਂ ਆਪਣੇ ਵਿਰਸੇ ਨੂੰ ਛੱਡ ਕੇ ਬਿਦੇਸ਼ੀ ਸਭਿਆਚਾਰ ਦੀ ਨਕਲ ਕਰਕੇ ਆਪਣੇ ਪੈਰੀਂ ਆਪ ਹੀ ਕੁਹਾੜਾ ਮਾਰੀ ਜਾ ਰਹੇ ਹਾਂ।ਵਿਰਸੇ ਨੂੰ ਸੰਭਾਲਣ ਦੀ ਸੇਵਾ ਨਿਭਾਉਣ ਦੇ ਕਈ ਰਸਤੇ ਹਨ ਜਿਨ੍ਹਾਂ ਵਿਚ ਧਾਰਮਿਕ ਸੰਸਥਾਵਾਂ ਦੇ ਆਗੂਆਂ ਦਾ ਨਾਮ ਵਰਨਣਯੋਗ ਹੈ।ਪਰ ਸਾਡੇ ਕਈ ਦਿਖਾਵੇ ਦੇ ਧਾਰਮਿਕ ਆਗੂਆਂ ਦਾ ਇਹ ਹਾਲ ਹੈ ਕਿ ਇਕ ਦਿਨ ਕਿਸੇ ਧਾਰਮਿਕ ਸੰਸਥਾ ਦੀ ਆਗੂ ਬੀਬੀ ਨੇ ਆਪਣੇ ਰੁਝੇਵਿਆਂ ਦੀ ਕਹਾਣੀ ਪਾਉਂਦਿਆਂ ਕਿਹਾ,:-"ਮੈ ਹੁਣੇ ਹੀ ਇਕ

ਜਰੂਰੀ ਮੀਟਿੰਗ ਅਟੈਂਡ ਕਰਕੇ ਆਈ ਹਾਂ...।ਲੜਕੀਆਂ ਦੇ ਮਾਡਰਨ ਪਹਿਰਾਵੇ ਦਾ ਮਸਲਾ ਸੀ।" ਜਦੋਂ ਉਸ ਕੋਲੋਂ ਮੀਟਿੰਗ ਦੇ ਫੈਸਲੇ ਵਾਰੇ ਪੁੱਛਿਆ ਤਾਂ ਉਸਨੇ ਕਿਹਾ;-" ਬੜਾ ਹੀ ਸੋਚ ਸਮਝ ਕੇ ਇਹ ਫੈਸਲਾ ਲਿਆ ਗਿਆ ਹੈ ਕਿ ਲੜਕੀਆਂ ਨੂੰ ਮਾਡਰਨ ਪਹਿਰਾਵਾ ਪਹਿਨਣ ਤੋਂ ਰੋਕਣਾ ਉਚਿੱਤ ਨਹੀਂ ਹੈ।ਕਿਉਂਕਿ ਇਸ ਤਰ੍ਹਾਂ ਕਰਨ ਨਾਲ ਸਾਡੀਆਂ ਲੜਕੀਆਂ ਆਪਣੇ ਕਾਲਜਾਂ ਦੇ ਸਭਿਆਚਾਰਕ ਪ੍ਰੋਗਰਾਮਾਂ ਵਿਚ ਹਿੱਸਾ ਨਹੀਂ ਲੈ ਸਕਣਗੀਆਂ ਤੇ ਉਹ ਆਪਣੇ ਆਪ ਨੂੰ ਦੂਜੀਆਂ ਲੜਕੀਆਂ ਤੋਂ ਵੱਖਰੇ ਸਮਝ ਕੇ ਆਪਣਾ ਮਨੋ ਬਲ ਖੋਹ ਬੈਠਣਗੀਆਂ।"

ਉਸਦੀ ਗੱਲ ਸੁਣਕੇ ਅਕਾਲ ਅਕੈਡਮੀ ਬੜੂ ਸਾਹਿਬ ਦੀਆਂ ਲੜਕੀਆਂ ਦਾ ਪਹਿਰਾਵਾ ਯਾਦ ਆਇਆ ਤੇ ਇਸ ਗਲ ਦੀ ਸੋਝੀ ਹੋਈ ਕਿ ਬਾਬਾ ਇਕਬਾਲ ਸਿੰਘ ਜੀ ਨੇ ਖਾਲਸਈ ਬਾਣੇ ਉਤੇ ਮੋਹਰ ਲਗਾ ਕੇ ਬੱਚੀਆਂ ਨੂੰ ਗਿੱਦੜਾਂ ਤੋਂ ਸ਼ੇਰ ਬਣਾਇਆ ਹੋਇਆ ਹੈ।ਬੀਬੀਆਂ



ਰਾਣੀਆਂ ਦੇ ਲਿਬਾਸ ਵਿਚ ਸਜਾ ਕੇ ਗੁਰੂ ਦੀਆਂ ਲਾਡਲੀਆਂ ਬਣਾਇਆ ਹੋਇਆ ਹੈ।ਹੀਣ ਭਾਵਨਾਵਾਂ ਤੋਂ ਬਚਾ ਕੇ ਚੜ੍ਹਦੀ ਕਲਾ ਦੇ ਰੰਗਾਂ ਵਿਚ ਰੰਗਿਆ ਹੋਇਆ ਹੈ।ਉਹ ਉਚ ਕਿਸਮ ਦੇ ਸਭਿਆਚਾਰਕ ਪ੍ਰੋਗਰਾਮਾਂ ਵਿਚ ਸਭ ਤੋਂ ਅੱਗੇ ਹਨ ਤੇ ਨਾਲ ਹੀ ਅਧੁਨਿਕ ਵਿੱਦਿਆ ਦੇ ਹਰ ਵਿਸ਼ੇ ਵਿਚ ਵੀ ਆਪਣਾਂ ਨਾਮ ਰੌਸ਼ਨ ਕਰ ਰਹੀਆਂ ਹਨ।


ਰੂਹਾਨੀ ਵਿੱਦਿਆ ਦੀ ਸ਼ਕਤੀ ਵਿਕਾਰਾਂ ਨੂੰ ਰੋਕੀ ਰੱ**ਖਦੀ ਹੈ**।ਬਾਣੀ ਤੇ ਬਾਣੇ ਦੀਆਂ ਧਾਰਣੀ ਗੁਰਸਿੱਖ ਬੱਚੀਆਂ ਜਦੋਂ ਅਰਦਾਸ ਵਿਚ ਮਨ ਨੀਵਾਂ ਤੇ ਮੱਤਿ ਉਚੀ ਦੀ ਦਾਤ ਮੰਗਦੀਆਂ ਹਨ ਤਾਂ ਸਰਵ-ਸਮਰੱਥ ਦਾਤਾਰ ਪਿਤਾ ਉਨ੍ਹਾਂ ਦੀ ਮੱਤਿ ਪੱਤ ਦੀ ਰਾਖੀ ਕਰਨ ਲਈ ਅੰਗ ਸੰਗ ਸਹਾਈ ਹੁੰਦਾ ਹੈ।ਜਦੋਂ ਅਸੀਂ ਦਸ਼ਮੇਸ਼ ਪਿਤਾ ਦਾ ਬਖਸ਼ਿਆ ਬਾਣਾ ਪਾ ਕੇ ਖਾਲਸੇ ਦਾ ਸਰੂਪ ਧਾਰਨ ਕਰ ਲੈਂਦੇ ਹਾਂ ਤਾਂ ਫਿਰ 'ਖਾਲਸਾ ਮੇਰੋ ਰੂਪ ਹੈ ਖਾਸ' ਕਹਿਣ ਵਾਲੇ ਨੂੰ ਯਾਦ ਕਰਕੇ ਦਿਲ ਕਰਦਾ ਹੈ ਕਿ ਅਸੀਂ ਕਰਮ ਵੀ ਕਲਗੀਧਰ ਪਾਤਿਸ਼ਾਹ ਵਰਗੇ ਹੀ ਕਰੀਏ।

ਬਾਬਾ ਇਕਬਾਲ ਸਿੰਘ ਜੀ ਬੜੂ ਸਾਹਿਬ ਵਾਲਿਆਂ ਦੇ ਵਿੱਦਿਅਕ ਅਦਾਰਿਆਂ ਵਿਚ ਅੱਧ-ਨੰਗੇ ਜਿਸਮ ਦੀ ਪ੍ਰਦਰਸ਼ਨੀ ਕਰਨ ਲਈ ਫੈਸ਼ਨ ਦੀ ਦੌੜ ਨਹੀਂ ਲੱਗੀ ਹੋਈ,ਸਗੋਂ ਲੜਕੀਆਂ ਅਤੇ ਲੜਕਿਆਂ ਦਾ ਇੱਕੋ ਜਿਹਾ ਗੁਰਸਿੱਖੀ ਬਾਣਾਂ ਬਰਾਬਰੀ ਦਾ ਅਹਿਸਾਸ ਦਿਵਾਉਂਦਾ ਹੈ।ਜਿਸਮਾਨੀ ਤੇ ਮਾਨਸਿਕ ਕਮਜੋਰੀਆਂ ਨੂੰ ਪਰ੍ਹੇ ਹਟਾ ਕੇ ਆਤਮਿਕ ਗੁਣਾਂ ਦੀ ਸਾਂਝ ਦੇ ਰਸਤੇ ਵਲ ਤੋਰਦਾ ਹੈ।ਉਠਦਿਆਂ,ਬਹਿੰਦਿਆਂ,ਖਾਂਦਿਆਂ,ਪੀਂਦਿਆਂ ਸਿਮਰਨ ਦੀ ਗੁੰਜਾਰ ਅਤੇ ਸਖਤ ਮੇਹਨਤ ਦੇ ਰੁਝੇਵਿਆਂ ਵਾਲੇ ਜੀਵਨ ਵਿਚ ਫੈਸ਼ਨ ਪ੍ਰਸਤੀ ਵਲ ਧਿਆਨ ਜਾਣ ਦਾ ਮੌਕਾ ਹੀ ਨਹੀਂ ਮਿਲਦਾ ਤੇ ਗੁਰਸਿੱਖੀ ਦੀਆਂ ਬਖਸ਼ਿਸ਼ਾਂ ਨਾਲ ਜੀਵਨ ਸੰਵਰਿਆ ਰਹਿੰਦਾ ਹੈ।

ਚੜ੍ਹਦੀ ਜਵਾਨੀ ਵਿਚ ਬੱਚਿਆਂ ਦੀ ਸਰੀਰਕ ਤੇ ਮਾਨਸਿਕ ਅਵੱਸਥਾ ਨੂੰ ਸੰਭਾਲ ਕੇ



ਆਤਮਿਕ ਗੁਣਾਂ ਨਾਲ ਭਰਪੂਰ ਕਰਨ ਲਈ ਬੜੀ ਸਖਤ ਘਾਲਣਾਂ ਘਾਲਣੀ ਪੈਂਦੀ ਹੈ।ਬਾਬਾ ਜੀ ਜਾਣਦੇ ਹਨ ਕਿ ਇਸ ਉਮਰ ਦੇ ਦੋਸ਼ਾਂ ਤੋਂ ਬਚਾਉਣ ਲਈ ਬੱਚਿਆਂ ਨੂੰ ਕਿਹੋ ਜਿਹੇ ਲਿਬਾਸ ਦੀ ਜਰੂਰਤ ਹੁੰਦੀ ਹੈ।ਬਿਨਾ ਲਗਾਮ ਤੋਂ ਭਟਕਦੇ ਅਵਾਰਾ ਘੋੜਿਆਂ ਨੂੰ ਬਾਬਾ ਜੀ ਨੇ ਗੁਰਮਤਿ ਦੀ ਲਗਾਮ ਨਾਲ ਕਾਬੂ ਕੀਤਾ ਹੋਇਆ ਹੈ।ਬਾਣੀ ਤੇ ਬਾਣੇ ਨਾਲ ਸ਼ਿੰਗਾਰਿਆ ਹੋਇਆ ਹੈ।ਗਿੱਦੜਾਂ ਤੋਂ ਸ਼ੇਰ ਬਣਨ ਲਈ ਕਲਗੀਧਰ ਪਾਤਿਸ਼ਾਹ ਦੇ ਪੂਰਣਿਆਂ ਉਤੇ ਤੋਰਿਆ ਹੋਇਆ ਹੈ।



ਵਾਹਿਗੁਰੂ ਕਿਰਪਾ ਕਰਕੇ ਸਾਡੀ ਸਿੱਖ ਧਰਮ ਦੀ ਸਰਵ-ਉਚ ਧਾਰਮਿਕ ਸੰਸਥਾ ਦੇ ਪ੍ਰਬੰਧਕਾਂ ਨੂੰ ਸੁਮੱਤਿ ਬਖਸ਼ੇ...!ਉਹ ਗੁਰੂ ਦੀਆਂ ਗੋਲਕਾਂ ਦੇ ਨੋਟਾਂ ਨੂੰ ਵੋਟਾਂ ਲਈ ਵਰਤ ਕੇ ਰਾਜਸੀ ਤਾਕਤ ਲਈ ਹਾਬੜੇ ਫਿਰਨ ਦੀ ਥਾਂ ਖਾਲਸਾ ਸਕੂਲਾਂ, ਖਾਲਸਾ ਕਾਲਜਾਂ ਅਤੇ ਹੋਰ ਧਾਰਮਿਕ ਅਦਾਰਿਆਂ ਵਿਚ ਬਾਬਾ ਇਕਬਾਲ ਸਿੰਘ ਜੀ ਬੜੂ ਸਾਹਿਬ ਵਾਲਿਆਂ ਦੇ ਪੂਰਣਿਆਂ ਉਤੇ ਚੱਲ ਕੇ ਗੁਰਮਤਿ ਅਨੁਸਾਰ ਬਾਣੀ ਅਤੇ ਬਾਣੇ ਦੇ ਪ੍ਰਚਾਰ ਨਾਲ ਸਿੱਖ ਧਰਮ ਦੇ ਵਿਰਸੇ ਦੀ ਰਾਖੀ ਕਰਕੇ ਆਪਣੀਆਂ ਧੀਆਂ ਧੀਆਣੀਆਂ ਦੀ ਇੱਜਤ ਪੱਤ ਦਾ ਬਚਾਓ ਕਰਨ...!ਰਾਜਸੀ ਤਾਕਤਾਂ ਦੇ ਲਾਲਚ ਵਿਚ ਫਸੇ ਹੋਏ ਸਾਡੇ ਧਾਰਮਿਕ ਆਗੂਆਂ ਨੂੰ ਰੱਬ ਹਿੰਮਤ ਦੇਵੇ...!ਉਹ ਸਾਡੇ ਨਸ਼ੇ ਦੇ ਹੜ੍ਹ ਵਿਚ ਰੁੜ੍ਹੇ ਜਾਂਦੇ ਬਾਣੀ,ਬਾਣੇ ਅਤੇ ਗੁਰਸਿੱ**ਖੀ ਸਰੂਪ** ਤੋਂ ਬੇਮੁੱਖ ਹੋਏ ਪੁੱਤਰਾਂ ਨੂੰ ਦਸ਼ਮੇਸ਼ ਪਿਤਾ ਦੇ ਸ਼ੇਰ ਬੱਚੇ ਬਣਾ ਕੇ ਧੀਆਂ ਭੈਣਾਂ ਦੀ ਇੱਜਤ ਪੱ**ਤ** ਦੀ ਰਾਖੀ ਕਰਨ ਦੇ ਯੋਗ ਬਣਾਉਣ ਲਈ ਗੁਰਮਤਿ ਦਾ ਪ੍ਰਚਾਰ ਕਰਨ....।ਗੁਰੂ ਕਿਰਪਾ ਕਰੇ.! ਗੁਰੂ ਦੀਆਂ ਗੋ੍ਲਕਾਂ ਦੀ ਵਰਤੋਂ ਗੁਰਸਿੱਖੀ ਜੀਵਨ ਅਤੇ ਗੁਰਸਿੱ**ਖੀ ਬਾਣੇ** ਦੇ ਧਾਰਣੀ ਬਣਾਉਣ ਲਈ ਖਰਚੀ ਜਾਵੇ..!

ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਸਾਡੇ ਫੈਸ਼ਨਾਂ ਦੇ ਪੱ**ਟੇ ਹੋਏ ਲੜਕੇ ਲੜਕੀਆਂ ਵਿਚ ਫੈਲ ਰਹੀਆਂ ਮਾਨਸਿਕ ਬੀਮਾਰੀਆਂ ਦਾ ਇਲਾਜ ਅਖੀਰ ਗੁਰਮਤਿ ਦੀ ਦਵਾਈ ਅਤੇ ਸਾਦੇ ਲਿਬਾਸ ਨੇ ਹੀ ਕਰਨਾ ਹੈ**।ਕਾਲਜਾਂ ਦੀਆਂ ਸਟੇਜਾਂ ਉਤੇ ਮਾਡਰਨ ਪਹਿਰਾਵੇ ਦੇ ਪ੍ਰਦਰਸ਼ਨ ਕਰਨ ਨਾਲ ਅਸੀਂ ਆਪਣੇ ਬੱਚਿਆਂ ਤੋਂ ਕਿਹੜੇ ਗੁਣਾਂ ਦੀ ਆਸ ਕਰ ਸਕਦੇ ਹਾਂ?

ਬੜੂ ਸਾਹਿਬ ਦੇ ਵਿੱਦਿਅਕ ਅਦਾਰਿਆਂ ਵਿਚ ਆਤਮਿਕ ਗੁਣਾਂ ਦੀ ਲੇਵਾ ਦੇਵੀ ਹੁੰਦੀ ਹੈ।ਨਾਮ ਬਾਣੀ ਦੇ ਰੰਗ ਅਤੇ ਦੈਵੀ ਗੁਣਾਂ ਦੇ ਵਰਤਾਰੇ ਵਾਲਾ ਮਹੌਲ ਮੈਲੀਆਂ ਕੁਚੈਲੀਆਂ ਰੂਹਾਂ ਨੂੰ ਵੀ ਨਿਰਮਲ ਕਰ ਦਿੰਦਾ ਹੈ।ਗੁਰੂ ਕਿਰਪਾ ਨਾਲ ਕਈ ਬੱਚਿਆਂ ਦੇ ਪੁਨਰ ਜਨਮਾਂ ਦੇ ਅੰਕੁਰ ਫੁੱਟਦੇ ਹਨ ਤੇ ਰੱਬੀ ਸ਼ਕਤੀਆਂ ਦਾ ਪਰਵਾਹ ਚੱਲ ਪੈਂਦਾ ਹੈ।ਅੰਮ੍ਰਿਤ ਕੀਰਤਨ ਦੇ ਵਿਸਮਾਦੀ

ਸੁਰਾਂ ਦੀਆਂ ਫੁਹਾਰਾਂ ਦੀ ਠੰਡ ਵਿਚ ਫੈਸ਼ਨਾਂ ਦੀ ਭੁੱਖ ਅਤੇ ਵਿਸ਼ੇ ਵਿਕਾਰਾਂ ਦੀ ਅਗਨੀ ਦੇ ਪਸਰਨ ਲਈ ਕੋਈ ਥਾਂ ਨਹੀਂ ਰਹਿੰਦੀ।

ਖਾਲਸਾ ਸਕੂਲ ਅਤੇ ਖਾਲਸਾ ਕਾਲਜ ਹੋਰ ਵੀ ਬਥੇਰੇ ਮਿਲ ਜਾਣਗੇ ਜਿਨ੍ਹਾਂ ਵਿਚ ਵਿਦਿਆਰਥੀਆਂ ਨੂੰ ਅਧੁਨਿਕ ਪੜ੍ਹਾਈ ਦੇ ਵਿਸ਼ਿਆਂ ਦੇ ਨਾਲ ਨਾਲ ਥੋੜੀ ਬਹੁਤੀ ਧਾਰਮਿਕ ਸਿੱਖਿਆ ਵੀ ਦਿੱਤੀ ਜਾਂਦੀ ਹੈ ਪਰ ਅਕਾਲ ਅਕੈਡਮੀਆਂ ਦੀ ਵਿੱਲਖਣਤਾ ਇਸ ਵਿਚ ਹੈ ਕਿ ਇੱਥੇ ਬਾਣੀ ਅਤੇ ਬਾਣੇ ਦੇ ਧਾਰਣੀ ਵਿਦਿਆਰਥੀਆਂ ਨੂੰ **ਧੁਰ ਕੀ ਬਾਣੀ ਦੇ ਇਲਾਹੀ ਰੰਗਾਂ ਰਸਾਂ ਨੂੰ ਮਾਨਣ ਦੇ ਯੋਗ ਬਣਾਉਣ ਲਈ ਸਖਤ ਘਾਲਣਾਂ ਘਾਲੀ ਜਾਂਦੀ ਹੈ।ਧੁਰ ਕੀ ਬਾਣੀ ਦੇ ਸ਼ੁਧ ਉਚਾਰਣ ਵਿਚ ਪਰਪੱਕ ਹੋ ਕੇ ਨਿਰੰਕਾਰੀ ਬਾਣੀ ਦੀਆਂ ਬਖਸ਼ਿਸ਼ਾਂ ਪ੍ਰਾਪਤ ਕਰਨ ਦੇ ਯੋਗ ਬਣਾਇਆ ਜਾਂਦਾ ਹੈ**।ਚੋਜੀ ਪ੍ਰੀਤਮ ਆਪਣੇ ਚੋਜਾਂ ਦਾ ਵਰਤਾਰਾ ਬਾਬਾ ਇਕਬਾਲ ਸਿੰਘ ਜੀ ਦੇ ਬੱਚਿਆਂ ਕੋਲੋਂ ਕਰਵਾ ਰਹੇ ਹਨ।ਇਨ੍ਹਾਂ ਬੱਚਿਆਂ ਨੂੰ ਇਸ ਸਚਾਈ ਦਾ ਅਨੁਭਵ ਹੈ ਕਿ **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੁਨੀਆਂ ਦੇ ਬਾਕੀ ਸਾਰੇ ਧਰਮ ਗ੍ਰੰਥਾਂ ਨਾਲੋਂ ਵੱਖਰੀ ਕਿਸਮ ਨਾਲ ਪ੍ਰਗਟ ਗੁਰਾਂ ਕੀ ਦੇਹ ਹਨ ਅਤੇ ਅਸੀਂ ਇਸ ਨਿਰੰਕਾਰੀ ਜੋਤ ਨਾਲ ਆਤਮਿਕ ਸਾਂਝ ਬਣਾ ਕੇ ਨਾਮ ਬਾਣੀ ਦੀ ਕਮਾਈ ਕਰਨੀ ਹੈ**।ਅਨਹਦੀ ਬਾਣੀ ਦਾ ਸ਼ੁਧ ਉਚਾਰਣ,ਤੰਤੀ ਸਾਜਾਂ ਦੀ ਸੰਗਤ ਨਾਲ ਗੁਰੂ ਜੀ ਦੇ ਹੁਕਮਾਂ ਅਨੁਸਾਰ ਨਿਰਧਾਰਿਤ ਰਾਗਾਂ ਵਿਚ ਕੀਰਤਨ ਅਤੇ ਨਾਮ ਸਿਮਰਨ ਨਾਲ ਵਾਤਾਵਰਣ ਵਿਚ ਵਿਸਮਾਦੀ ਤ੍ਰੰਗਾਂ ਪੈਦਾ ਹੁੰਦੀਆਂ ਹਨ।ਅਜਿਹੇ ਮਾਹੌਲ ਵਿਚ ਰਹਿ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਗਟ ਪ੍ਰਤਾਪ ਦਾ ਅਸਰ,ਹਰ ਕੋਈ ਕਬੂਲਦਾ ਹੈ,ਕੋਈ ਥੋੜ੍ਹਾ ਤੇ ਕੋਈ ਬਹੁਤਾ।ਪੂਰਬਲੇ ਜਨਮਾਂ ਦੀ ਕਮਾਈ ਵਾਲੇ ਅਤੇ ਗੁਰਸਿੱਖ ਪਰਿਵਾਰਾਂ ਨਾਲ ਜੁੜੇ ਹੋਏ ਬੱਚੇ ਛੇਤੀ ਰੰਗੇ ਜਾਂਦੇ ਹਨ ਪਰ ਸਾਰੇ ਬੱਚੇ ਆਪਣੇ ਆਪਣੇ ਸੰਸਕਾਰਾਂ ਨਾਲ ਜੁੜੇ ਹੋਏ ਹੋਣ ਕਰਕੇ ਆਪਣੀ ਆਪਣੀ ਅਵਸਥਾ ਅਨੁਸਾਰ ਨਾਮ ਬਾਣੀ ਦਾ ਅਸਰ ਕਬੂਲ ਕਰਦੇ ਹਨ।ਸੋਚੋ ਤਾਂ ਭਲਾ!ਮਾਡਰਨ ਪਹਿਰਾਵੇ ਵਿਚ ਕਾਲਜਾਂ ਦੀਆਂ ਸਟੇਜਾਂ ਉਤੇ ਨੱਚਦੀਆਂ ਟੱਪਦੀਆਂ ਕੁੜੀਆਂ ਨੂੰ ਦੇਖਣ ਵਾਲੇ ਕਿਹੜੇ ਗੁਣਾਂ ਦੇ ਧਾਰਣੀ ਬਣਨਗੇ?

ਗੁਰੂਆਂ ਦੀ ਧਰਤੀ ਪੰਜਾਬ ਉਤੇ ਨਸ਼ਿਆਂ ਅਤੇ ਫੈਸ਼ਨ ਦੇ ਕੋਹੜ ਤੋਂ ਬਚਾਓ ਲਈ ਅਕਾਲ ਅਕੈਡਮੀਆਂ ਦੇ ਯੋਗਦਾਨ ਦੀ ਸ਼ਲਾਘਾਯੋਗ ਹੈ।ਆਪਣੇ ਬੱਚਿਆਂ ਨੂੰ ਖਾਲਸਈ ਬਾਣੇ ਵਿਚ ਸਿੰਗਾਰਿਆ ਹੋਇਆ ਦੇਖਣ ਦੀਆਂ ਰੀਝਾਂ ਪੂਰੀਆਂ ਕਰਨ ਲਈ ਗੁਰਸਿੱਖ ਮਾਪਿਆਂ ਲਈ ਅਕਾਲ ਅਕੈਡਮੀਆਂ ਵਰਦਾਨ ਸਾਬਤ ਹੋ ਰਹੀਆਂ ਹਨ।ਅਜ ਕ੍ਲ ਮਾੜੇ ਹਾਲਾਤਾਂ ਕਾਰਨ ਬਹੁਤੇ ਮਾਪਿਆਂ ਨੇ ਆਪਣੇ ਬਿਗੜੇ ਹੋਏ ਬੱਚਿਆਂ ਨੂੰ ਫੈਸ਼ਨ ਅਤੇ ਬੁਰੀ ਸੰਗਤ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਪਰ ਜਦੋਂ ਉਨ੍ਹਾਂ ਦੀਆਂ ਸਾਰੀਆਂ ਕੋਸ਼ਿਸ਼ਾਂ ਨਿਸਫਲ ਹੋ ਗਈਆਂ ਤਾਂ ਉਨ੍ਹਾਂ ਨੇ ਹਾਰ ਕੇ ਆਪਣੇ ਬੱਚਿਆਂ ਨੂੰ ਸਿੱਧੇ ਰਾਹ ਪਾਉਣ ਲਈ ਅਕਾਲ ਅਕੈਡਮੀਆਂ ਵਿਚ ਦਾਖਲ ਕਰਵਾ ਦਿੱਤਾ।ਕਲਿਯੁਗ ਦੇ ਘੋਰ ਅਸਰਾਂ ਦੇ ਸਰਾਪੇ ਹੋਏ ਬੱਚਿਆਂ ਲਈ ਅਕਾਲ ਅਕੈਡਮੀਆਂ ਸੁਧਾਰ ਘਰ ਬਣ ਕੇ ਸਾਬਤ ਹੋ ਰਹੀਆਂ ਹਨ।**ਬਾਬਾ ਇਕਬਾਲ ਸਿੰਘ ਜੀ ਦੀ ਕਰੜੀ ਘਾਲਣਾਂ ਨਾਲ ਖੋਜੇ ਤਪ-ਸਥਾਨ ਉਤੇ ਬਣੇ ਰੂਹਾਨੀ ਅਤੇ ਅਧੁਨਿਕ ਵਿਦਿਆ ਦੇ ਸੁਮੇਲ ਵਾਲੇ ਸਾਗਰ ਵਿਚ ਡੁੱਬਕੀਆਂ ਲਗਾਉਣ ਵਾਲੇ ਕਾਲੇ ਕਾਂ ਵੀ ਗੁਰਸਿੱਖੀ ਬਾਣੇ ਵਿਚ ਸਜੇ ਹੋਏ ਚਿੱਟੇ ਹੰਸ ਹੋ ਕੇ ਬਾਹਰ ਨਿਕਲਦੇ ਹਨ।**



**ਨਾਮ ਬਾਣੀ ਦੇ ਰੰਗ ਵਿਚ ਰੰਗੀ ਅਕਾਲ ਅਕੈਡਮੀ ਬੜੂ ਸਾਹਿਬ ਵਿਚ ਆਤਮਿਕ ਗੁਣਾਂ ਦੀ ਸਾਂਝ ਦਾ ਲਾਭ ਹਰ ਇਕ ਨੂੰ ਹੁੰਦਾ ਹੈ।** ਕਿਸੇ ਨੂੰ ਥੋੜ੍ਹਾ ਤੇ ਕਿਸੇ ਨੂੰ ਬਹੁਤਾ।ਹਰ ਕੋਈ ਆਪਣੇ ਆਪਣੇ ਸੰਸਕਾਰਾਂ ਅਨੁਸਾਰ ਰੂਹਾਨੀ ਵਾਤਾਵਰਣ ਦਾ ਅਸਰ ਕਬੂਲ ਕਰਦਾ ਹੈ।ਦੈਵੀ ਗੁਣਾਂ ਦੇ ਵਰਤਾਰੇ ਵਾਲੇ ਮਹੌਲ ਵਿਚ, ਜਨਮਾਂ ਜਨਮਾਂਤ੍ਰਾਂ ਦੀ ਕਮਾਈ ਨਾਲ ਨਿਰਮਲ ਹੋਈਆਂ ਰੂਹਾਂ ਵਾਲੇ ਬੱਚਿਆਂ ਦੇ ਪੁਨਰ ਜਨਮਾਂ ਦੇ ਅੰਕੁਰ ਫੁੱਟਦੇ ਹਨ ਤੇ ਰੱਬੀ ਸ਼ਕਤੀਆਂ ਦਾ ਪਰਵਾਹ ਚੱਲ ਪੈਂਦਾ ਹੈ।

ਇਕ ਦਿਨ ਬੜੂ ਸਾਹਿਬ ਅਕੈਡਮੀ ਵਿਚ ਦੋ ਨੰਨੇਂ ਮੁੰਨੇਂ ਵਿਦਿਆਰਥੀ ਖੜ੍ਹੇ ਆਪਸ ਵਿਚ ਗੱਲਾਂ ਕਰ ਰਹੇ ਸੀ।ਪੰਜ ਕੁ ਸਾਲ ਦਾ ਲੜਕਾ ਆਪਣੇ ਹਾਣ ਦੀ ਲੜਕੀ ਕੋਲੋਂ ਬੜੇ ਜੋਰਦਾਰ ਸ਼ਬਦਾਂ ਵਿਚ ਪੁੱਛ ਰਿਹਾ ਸੀ;-"ਤੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਮੱਥਾ ਕਿਉਂ ਨਹੀਂ ਟੇਕਿਆ?"

ਲੜਕੀ;-"ਕਿੱਥੇ ਆ ਗੁਰੂ ਜੀ?"

ਲੜਕਾ ਹੱਥ ਦੇ ਇਸ਼ਾਰੇ ਨਾਲ ਸਮਝਾਉਂਦਾ ਹੋਇਆ;-" ਇੱਥੇ ਹੀ ਤਾਂ ਖੜ੍ਹੇ ਸੀ…!"

ਲੜਕੀ ਹੈਰਾਨਗੀ ਨਾਲ;-"ਨਹੀਂ….!ਇੱਥੇ ਤਾਂ ਕੋਈ ਨਹੀਂ ਆਇਆ…!"

ਲੜਕਾ(ਬੜੇ ਰੋਅਬ ਨਾਲ);-"ਕਿਉਂ ਨਹੀਂ ਆਇਆ..? ਹੁਣੇ ਹੀ ਤਾਂ ਗੁਰੂ ਜੀ ਘੋੜੇ 'ਤੇ ਸਵਾਰ ਹੋ ਕੇ ਆਏ ਸੀ..।ਉਹ ਇਥੇ ਹੀ…ਤੇਰੇ ਕੋਲ ਹੀ ਤਾਂ ਖੜੇ ਸੀ!"

ਲੜਕੀ;-"ਹੈਂ..! ਗੁਰੂ ਜੀ?ਨਹੀਂ…! ਮੈ…ਤਾਂ ਗੁਰੂ ਜੀ ਨੂੰ ਕਿਤੇ ਨਹੀਂ ਦੇਖਿਆ।"

ਲੜਕਾ;-" ਕਿਉਂ ..?ਤੂੰ ਕਿਉਂ ਨਹੀਂ ਦੇਖਿਆ..?ਇਥੇ ਤੇਰੇ ਕੋਲ ਹੀ ਤਾਂ ਖੜੇ ਸੀ..!"

ਭੋਲੇ ਭਾਲੇ ਬੱਚੇ..!ਦੋਨੋ ਹੀ ਸੱਚੇ ਸੀ।ਲੜਕਾ ਇਸ ਗੱਲ ਉਤੇ ਜੋਰ ਦੇਈ ਜਾਂਦਾ ਸੀ ਕਿ ਲੜਕੀ ਨੇ ਗੁਰੂ ਜੀ ਨੂੰ ਮੱਥਾ ਕਿਉਂ ਨਹੀਂ ਟੇਕਿਆ ਪਰ ਉਸਨੂੰ ਇਹ ਨਹੀਂ ਸੀ ਪਤਾ ਕਿ ਸ਼ਹੀਦਾਂ ਸਿੰਘਾਂ ਦੇ ਸਿਰਤਾਜ ਕਲਗੀਧਰ ਪਾਤਿਸ਼ਾਹ ਦੇ ਇਲਾਹੀ ਦਰਸ਼ਨਾ ਦੀ ਬਖਸ਼ਿਸ਼ ਦੋਨਾਂ ਵਿਚੋਂ ਕਿਸੇ ਇੱਕ ਨੂੰ ਵੀ ਹੋ ਸਕਦੀ ਹੈ ਤੇ ਉਸਦੇ ਨਾਲ ਖੜ੍ਹਾ ਵਿਅਕਤੀ ਦਰਸ਼ਨਾਂ ਤੋਂ ਵਾਂਝਾ ਵੀ ਰਹਿ ਸਕਦਾ ਹੈ।ਓਧਰ ਕੁੜੀ ਵਿਚਾਰੀ ਨੂੰ ਕੁਝ ਸਮਝ ਨਹੀਂ ਸੀ ਆ ਰਹੀ ਕਿ ਲੜਕਾ ਉਸਨੂੰ ਮੱਥਾ ਟੇਕਣ ਲਈ ਕਿਉਂ ਕਹਿ ਰਿਹਾ ਹੈ।**ਦੋਨੋ ਹੀ ਸੱਚੇ ਸੀ।ਦੋਨਾਂ ਵਿਚੋਂ ਝੂਠ ਬੋਲਣਾ ਕਿਸੇ ਨੂੰ ਵੀ ਨਹੀਂ ਸੀ ਆਉਂਦਾ।**

ਅਕਾਲ ਅਕੈਡਮੀ ਬੜੂ ਸਾਹਿਬ ਵਿਚ ਸ਼ਹੀਦਾਂ ਸਿੰਘਾਂ ਦਾ ਪਹਿਰਾ ਹੈ,ਨਾਮ ਬਾਣੀ ਨਾਲ ਸਿੰਜੀਆਂ ਥਾਵਾਂ ਉਤੇ ਅਣਦਿਸਦੀ ਦੁਨੀਆਂ ਦੇ ਅਸਚ੍ਰਜ ਦ੍ਰਿਸ਼ਿ ਪ੍ਰਗਟ ਹੁੰਦੇ ਰਹਿੰਦੇ

ਹਨ। ਪੂਰਬਲੇ ਕਰਮਾਂ ਦੀ ਬਖਸ਼ਿਸ਼ ਵਾਲਿਆਂ ਨੂੰ ਅਤੇ ਬੰਦਗੀ ਵਾਲਿਆਂ ਨੂੰ ਅਲੌਕਿਕ ਦਰਸ਼ਨਾਂ ਦੀ ਬਖਸ਼ਿਸ਼ ਵੀ ਹੋ ਜਾਂਦੀ ਹੈ ਪਰ ਉਹ ਇਹੋ ਜਿਹੀਆਂ ਬਖਸ਼ਿਸ਼ਾਂ ਨੂੰ ਛੁਪਾਉਣ ਵਿਚ ਹੀ ਬਿਹਤਰੀ ਸਮਝਦੇ ਹਨ। ਫਿਰ ਭੀ ਉਨ੍ਹਾਂ ਦੇ ਸਾਧੂ ਸੁਭਾ ਅਤੇ ਭੋਲੇ-ਪਨ ਕਾਰਨ ਉਨ੍ਹਾਂ ਦੇ ਦੈਵੀ ਗੁਣਾਂ ਦਾ ਪ੍ਰਗਟਾਵਾ ਸਹਿਜੇ ਹੀ ਹੋ ਜਾਂਦਾ ਹੈ।

ਮਾਸੂਮ ਜਿੰਦਾਂ ਦੀ ਭਗਤੀ ਦੇ ਗੂੜ੍ਹੇ ਰੰਗ ਰਸ ਦੀ ਸਾਂਝ ਕਰਨ ਲਈ ਸ਼ਹੀਦ ਸਿੰਘਾਂ ਨੇ ਬੜੂ ਸਾਹਿਬ ਵਿਚ ਡੇਰਾ ਲਗਾਇਆ ਹੋਇਆ ਹੈ। ਇਥੇ ਸ਼ਹੀਦ ਸਿੰਘਾਂ ਅਤੇ ਸ਼ਹੀਦ ਸਿੰਘਣੀਆਂ ਦੀ ਆਵਾ ਜਾਈ ਲੱਗੀ ਰਹਿੰਦੀ ਹੈ। ਆਮ ਤੌਰ 'ਤੇ ਇਹ ਗੁਪਤ ਰਹਿ ਕੇ ਨਾਮ ਬਾਣੀ ਦੇ ਅਭਿਲਾਖੀਆਂ ਦੀ ਸੰਗਤ ਕਰਦੇ ਹਨ ਪਰ ਲੋੜ ਪੈਣ ਉਤੇ ਉਹ ਪ੍ਰਗਟ ਰੂਪ ਵਿਚ ਵੀ ਦਿਖਾਈ ਦੇ ਦਿੰਦੇ ਹਨ। ਗੁਰੂ ਪਿਆਰਿਆਂ ਦੀਆਂ ਆਸਾਂ ਮੁਰਾਦਾਂ ਪੂਰੀਆਂ ਕਰਦੇ ਹਨ।

ਇਕ ਅਟੱਲ ਸਚਾਈ ਹੈ ਕਿ ਜਿੱਥੇ ਪੂਰਨ ਰਹਿਤ ਮਰਿਆਦਾ, ਭੈ-ਭਾਵਨੀ ਅਤੇ ਪ੍ਰੇਮਾਂ-ਭਗਤੀ ਦੇ ਰੰਗਾਂ ਵਿਚ ਰਹਿ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਸੰਭਾਲ ਹੁੰਦੀ ਹੋਵੇ ਅਤੇ ਨਿਰਸੁਆਰਥ ਭਾਵਨਾ ਨਾਲ ਨਾਮ ਬਾਣੀ ਦਾ ਪਰਵਾਹ ਚਲਦਾ ਹੋਵੇ, ਉਥੇ ਸ਼ਹੀਦਾਂ ਸਿੰਘਾਂ ਦਾ ਪਹਿਰਾ ਹੁੰਦਾ ਹੈ। ਮਜਲੂਮਾਂ ਦੀ ਰੱਖਿਆ ਲਈ ਜੁਲਮ ਨਾਲ ਟੱਕਰ ਲੈਂਦਿਆਂ ਜਿਹੜੀਆਂ ਥਾਵਾਂ ਉਤੇ ਮਰਜੀਵੜਿਆਂ ਦਾ ਲਹੂ ਡੁਲ੍ਹਦਾ ਹੈ,ਉਹ ਥਾਵਾਂ ਪਵਿੱਤਰ ਹੋ ਜਾਂਦੀਆਂ ਹਨ। ਉਥੇ ਸ਼ਹੀਦਾ ਸਿੰਘਾਂ ਦੇ ਡੇਰੇ ਬਣ ਜਾਂਦੇ ਹਨ। ਲੋਕਾਂ ਦੀਆਂ ਮੁਰਾਦਾਂ ਪੂਰੀਆਂ ਹੋਣ ਲੱਗ ਪੈਂਦੀਆਂ ਹਨ। ਇਕ ਇਤਿਹਾਸਿਕ ਘਟਨਾਂ ਵਰਨਣ ਯੋਗ ਹੈ। ਜਦੋਂ ਅੰਗਰੇਜ਼ਾਂ ਦੇ ਰਾਜ ਵਿਚ ਸੂਰਜ ਕਦੀ ਨਹੀਂ ਸੀ ਡੁੱਬਦਾ। ਭਾਵ ਦੁਨੀਆਂ ਦੇ ਬਹੁਤੇ ਦੇਸ਼ਾਂ ਵਿਚ ਅੰਗਰੇਜ਼ਾਂ ਦੀ ਹਕੂਮਤ ਸੀ ਤਾਂ ਉਸ ਸਮੇ ਅਫਰੀਕਾ ਦੇ ਕਿਸੇ ਘਣੇ ਜੰਗਲ ਵਿਚ ਅੰਗਰੇਜ਼ਾਂ ਨੇ ਸੜਕ ਬਣਾਉਣ ਲਈ ਸਿੱਖਾਂ ਨੂੰ ਚੁਣਿਆ। ਅੰਗਰੇਜ਼ ਸਿੱਖਾਂ ਨੂੰ ਇਕ ਬਹਾਦਰ ਕੌਮ ਮੰਨਦੇ ਸੀ ਤੇ ਉਹ ਜਾਣਦੇ ਸੀ ਕਿ ਸਿੱਖ ਹੀ ਜੰਗਲੀ ਸ਼ੇਰਾਂ ਵਿਚ ਰਹਿ ਕੇ ਲੰਬੇ ਸਮੇ ਤੱਕ ਕੰਮ ਕਰ ਸਕਦੇ ਹਨ। ਹਵਾਈ ਜਹਾਜ਼ ਰਾਹੀਂ ਸਿੱਖਾਂ ਦਾ ਕਾਫਲਾ ਆਪਣੇ ਨਾਲ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦਾ ਸਰੂਪ ਲੈ ਕੇ ਅਫਰੀਕਾ ਪਹੁੰਚਿਆ। ਸੜਕ ਬਣਾਉਣ ਦਾ ਕੰਮ ਅਰੰਭ ਕਰਨ ਤੋਂ ਪਹਿਲੇ ਉਨ੍ਹਾਂ ਨੇ ਇਕ ਲੱਕੜੀ ਦਾ ਖੋਖਾ ਤਿਆਰ ਕਰਕੇ ਉਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ। ਸੜਕ ਬਣਾਉਣ ਦੇ ਨਾਲ ਨਾਲ ਸਿੰਘਾਂ ਦਾ ਨਿਤ ਨੇਮ ਅਤੇ ਨਾਮ ਬਾਣੀ ਦਾ ਪਰਵਾਹ ਵੀ ਚੜ੍ਹਦੀ ਕਲਾ ਵਿਚ ਹੋਣ ਲੱਗਾ। ਜਿਉਂ ਜਿਉਂ ਸੜਕ ਬਣਕੇ ਅੱਗੇ ਵਧਦੀ ਗਈ,ਤਿਉਂ ਤਿਉਂ ਗੁਰੂ ਜੀ ਦਾ ਖੋਖਾ ਵੀ ਅੱਗੇ ਜਾ ਕੇ ਬਣਾ ਲਿਆ ਜਾਂਦਾ। ਜੰਗਲੀ ਸ਼ੇਰਾਂ ਵਿਚ ਰਹਿ ਕੇ ਸਿੰਘ ਸਤਿਗੁਰੂ ਜੀ ਦੀ ਸੇਵਾ ਵਿਚ ਪ੍ਰੇਮ ਤੇ ਸ਼ਰਧਾ ਦੇ ਫੁਲ ਚੜ੍ਹਾਉਂਦੇ ਰਹੇ।

ਅਖੀਰ ਸੜਕ ਪੂਰੀ ਹੋ ਗਈ। ਅੰਗਰੇਜ਼ਾਂ ਨੇ ਥੋੜੇ ਥੋੜੇ ਕਰਕੇ ਸਿੱਖਾਂ ਨੂੰ ਵਾਪਿਸ ਭੇਜਣਾਂ ਸ਼ੁਰੂ ਕਰ ਦਿੱਤਾ। ਅੰਤ ਵਿਚ ਸਿਰਫ ਇਕ ਹੀ ਸਿੰਘ ਉਥੇ ਰਹਿ ਗਿਆ ਜਿਹੜਾ ਸ੍ਰੀ ਗੁਰੂ

ਗ੍ਰੰਥ ਸਾਹਿਬ ਜੀ ਦੀ ਸੇਵਾ ਸੰਭਾਲ ਕਰਦਾ ਰਿਹਾ।ਇਕ ਦਿਨ ਉਹ ਸਤਿਗੁਰਾਂ ਦਾ ਪ੍ਰਕਾਸ਼ ਕਰਕੇ ਨਾਮ ਬਾਣੀ ਦੇ ਰੰਗ ਵਿਚ ਬੈਠਾ ਸੀ ਕਿ ਉਸਨੂੰ ਕਿਸੇ ਖਾਸ ਕੰਮ ਲਈ ਛੇਤੀ ਦਫਤਰ ਪੁਜੱਣ ਲਈ ਕਿਹਾ ਗਿਆ।ਉਹ ਖੋਖੇ ਦਾ ਦਰਵਾਜਾ ਬੰਦ ਕਰਕੇ ਚਲੇ ਗਿਆ।ਹਾਲਾਤ ਕੁਝ ਐਸੇ ਬਣ ਗਏ ਕਿ ਉਸਨੂੰ ਉਥੋਂ ਹੀ ਹੁਕਮ ਦੇ ਬੱਧੇ ਨੂੰ ਇੰਡੀਆ ਜਾਣਾ ਪੈ ਗਿਆ। ਉਸਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਵਾਰੇ ਬਥੇਰਾ ਕਿਹਾ ਪਰ ਉਸਦੀ ਕੋਈ ਪੇਸ਼ ਨਾ ਗਈ।

ਇਸ ਪਿਛੋਂ ਇਕ ਦਿਨ ਇਕ **ਅਫਰੀਕਨ** (ਕਾਲਾ) ਉਥੋਂ ਦੀ ਲੰਘਿਆ ਤਾਂ ਉਸਨੇ ਖੋਖੇ ਦੇ ਆਲੇ ਦੁਆਲੇ ਇਕ ਨੂਰਾਨੀ ਤੇਜ ਪ੍ਰਤਾਪ ਵਾਲੇ ਘੋੜ-ਸਵਾਰ ਨੂੰ ਘੁੰਮਦਿਆਂ ਦੇਖਿਆ।ਉਸਨੂੰ ਆਪਣੀਆਂ ਅੱਖੀਆਂ ਉਤੇ ਯਕੀਨ ਨਹੀਂ ਸੀ ਆ ਰਿਹਾ ਇਸ ਲਈ ਉਹ ਦੁਬਾਰਾ ਦੇਖਣ ਗਿਆ।ਦੂਜੀ ਵਾਰੀ ਵੀ ਉਸ ਨੇ ਉਸੇ ਤਰ੍ਹਾਂ ਹੀ ਕਿਸੇ ਅਰਸ਼ੀ ਫਰਿਸ਼ਤੇ ਵਰਗੇ ਕਲਗੀ ਵਾਲੇ ਸਿੰਘ ਨੂੰ ਖੋਖੇ ਦੇ ਦੁਆਲੇ ਘੁੰਮਦਿਆਂ ਦੇਖਿਆ।

ਉਸਨੂੰ ਇਕ ਸਰਦਾਰ ਦੀ ਯਾਦ ਆਈ ਜਿਸ ਦੀ ਪਗੜੀ ਤੇ ਲਿਬਾਸ ਕੁਝ ਕੁਝ ਉਸ ਘੋੜ-ਸਵਾਰ ਨਾਲ ਮਿਲਦਾ ਸੀ।ਉਸਨੇ ਆਪਣੇ ਕੁਝ ਸਾਥੀਆਂ ਨਾਲ ਗੱਲ ਕੀਤੀ ਤੇ ਉਨ੍ਹਾਂ ਨੂੰ ਨਾਲ ਲੈ ਕੇ ਉਸ ਸ਼ਹਿਰ ਵਿਚ ਗਿਆ ਜਿਥੇ ਉਹ ਦੁਕਾਨਦਾਰੀ ਦਾ ਕੰਮ ਕਰਦਾ ਸੀ। ਕਾਲੇ ਆਦਮੀਆਂ ਨੇ ਸਰਦਾਰ ਨਾਲ ਸਾਰੀ ਗੱਲ ਕੀਤੀ ਤੇ ਫਿਰ ਉਸ ਨੂੰ ਨਾਲ ਲੈ ਕੇ ਉਸ ਖੋਖੇ ਕੋਲ ਪਹੁੰਚੇ।ਖੋਖਾ ਖੋਲ੍ਹ ਕੇ ਦੇਖਿਆ ਤਾਂ ਸਰਦਾਰ ਨੂੰ ਸਾਰੀ ਗੱਲ ਸਮਝ ਆ ਗਈ। ਉਸਨੇ ਆਪਣੇ ਸਾਥੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ **ਪ੍ਰਗਟ ਗੁਰਾਂ ਕੀ ਦੇਹ** ਹੋਣ ਬਾਰੇ ਚਾਨਣਾਂ ਪਾਇਆ ਤੇ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਉਸ ਖੋਖੇ ਦੁਆਲੇ ਪਹਿਰਾ ਦੇਣ ਦੀ ਸਾਰੀ ਗਲ ਸਮਝਾਈ।ਕਲਗੀਆਂ ਵਾਲੇ ਦੀ ਇਲਾਹੀ ਸ਼ਖਸੀਅਤ ਤੋਂ ਪ੍ਰਭਾਵਿਤ ਹੋ ਕੇ ਕਾਲਿਆਂ ਨੇ ਸ਼ਰਧਾ ਦੇ ਫੁਲ ਚੜ੍ਹਾਏ ਅਤੇ ਉਥੇ ਖੋਖੇ ਦੀ ਥਾਂ ਗੁਰਦੁਆਰਾ ਬਣਾਇਆ।ਅੱਜ ਉਥੇ ਇਕ ਆਲੀਸ਼ਾਨ ਗੁਰਦੁਆਰਾ ਹੈ। ੨੪ ਘੰਟੇ ਲੰਗਰ ਚਲਦਾ ਹੈ।ਸੜਕ ਉਤੋਂ ਦੀ ਜਾਣ ਵਾਲੇ ਸਾਰੇ ਟਰੱਕ ਡਰਾਈਵਰ ਰੁਕ ਕੇ ਮੱਥਾ ਟੇਕਦੇ ਹਨ ਤੇ ਲੰਗਰ ਸ਼ਕ ਕੇ ਜਾਂਦੇ ਹਨ।ਨਾਮ ਬਾਣੀ ਦਾ ਪ੍ਰਵਾਹ ਚੜ੍ਹਦੀ ਕਲਾ ਵਿਚ ਹੁੰਦਾ ਰਹਿੰਦਾ ਹੈ।ਕਾਲੇ ਲੋਕੀ ਬੜੀ ਸ਼ਰਧਾ ਭਾਵਨਾਂ ਨਾਲ ਸੇਵਾ ਕਰਦੇ ਹਨ।ਇਸ ਗਰਿਦੁਆਰੇ ਨੂੰ **ਕਾਲਿਆਂ ਦਾ ਗੁਰਦੁਆਰਾ** ਵੀ ਕਿਹਾ ਜਾਂਦਾ ਹੈ।

ਅਕਾਲ ਅਕੈਡਮੀ ਬੜੂ ਸਾਹਿਬ ਦੀ ਤਪੋ ਭੂਮੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਮ-ਉਜਾਲਾ ਹੈ।ਆਉਣ ਵਾਲੇ ਸਮੇ ਵਿਚ ਜਿਨ੍ਹਾਂ ਮਹਾਂਪੁਰਸ਼ਾਂ ਨੇ ਕਲਿਯੁਗੀ ਜੀਵਾਂ ਨੂੰ ਸੰਸਾਰ ਦੇ ਭਵ ਸਾਗਰ ਵਿਚੋਂ ਪਾਰ ਕਰਨਾਂ ਹੈ..।ਉਨ੍ਹਾਂ ਵਿਚੋਂ ਕਈਆਂ ਦਾ ਬਾਲਪਨ ਇਨ੍ਹਾਂ ਅਕਾਲ ਅਕੈਡਮੀਆਂ ਵਿਚ ਬੀਤ ਰਿਹਾ ਹੈ।ਜਿਹੜੇ ਬਚਪਨ ਵਿਚ ਹੀ ਇੱਕ ਇੱਕ ਚੌਂਕੜੇ ਉਤੇ ਸ੍ਰੀ ਅਖੰਡ ਪਾਠ ਸਾਹਿਬ ਦਾ ਸੰਪੂਰਨ ਪਾਠ ਕਰਨ ਦੇ ਸਮਰੱਥ ਹਨ...।ਕੀ ਉਹ ਆਉਣ ਵਾਲੇ ਸਮੇ ਦੇ ਮਹਾਂਪੁਰਖ ਨਹੀਂ ਹੋਣਗੇ...?ਇਨ੍ਹਾਂ ਮਹਾਂਪੁਰਖਾਂ ਦੇ ਬਚਪਨ ਦੀ ਸੇਵਾ ਸੰਭਾਲ ਦਾ ਕਾਰਜ ਦਾਤਾਰ ਪਿਤਾ ਨੇ ਸੰਤ ਬਾਬਾ ਇਕਬਾਲ ਸਿੰਘ ਜੀ ਨੂੰ ਸੌਂਪ ਕੇ ਇਨ੍ਹਾਂ ਦੇ ਪੂਰਬਲੇ ਜਨਮਾਂ ਦੇ ਸਰਮਾਏ ਨੂੰ ਘੋਰ ਕਲਿਯੁਗ ਦੇ ਅਸਰਾਂ ਤੋਂ ਬਚਾਇਆ ਹੋਇਆ ਹੈ।ਇਨ੍ਹਾਂ ਬਾਲ-ਮਹਾਂ-ਪੁਰਖਾਂ ਦੀ ਅਗਲੇਰੀ ਰੂਹਾਨੀ ਵਿੱਦਿਆ ਤੇ ਅਧੁਨਿਕ ਪੜ੍ਹਈ ਦਾ ਪ੍ਰਬੰਧ ਕਰਨ ਲਈ ਅਕਾਲ ਯੂਨੀਵਰਸਿਟੀ,ਗੁਰੂ ਕੀ ਕਾਸ਼ੀ ਹੋਂਦ ਵਿਚ ਆ ਰਹੀ ਹੈ।ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਭਵਿੱਖ

ਬਾਣੀ ਰੰਗ ਲਿਆਏਗੀ...!ਇਕ ਅਲੌਕਿਕ ਨਜਾਰਾ ਦੇਖਣ ਨੂੰ ਮਿਲੇਗਾ।ਨਾਮ ਬਾਣੀ ਦੇ ਵਰਜਾਰਿਆਂ ਨੂੰ ਅਕਾਲ ਯੂਨੀਵਰਸਿਟੀ,ਗੁਰੂ ਕੀ ਕਾਸ਼ੀ ਵਿਚੋਂ ਕਾਮ ਧੇਨ ਗਊ ਤੇ ਪਾਰਜਾਤ ਬ੍ਰਿਖ ਵਰਗੀਆਂ ਸਾਰੀਆਂ ਬਖਸ਼ਿਸ਼ਾਂ ਪ੍ਰਾਪਤ ਹੋਣਗੀਆਂ।ਪ੍ਰਭੂ-ਪ੍ਰੀਤ ਵਾਲਿਆਂ ਲਈ ਭਗਤੀ-ਭੰਡਾਰਾਂ ਦਾ ਅਸਲੀ ਠਿਕਾਣਾਂ ਹੋਵੇਗਾ-

**ਆਜ ਮੈ ਬੈਸਿਓ ਹਰਿ ਕੇ ਹਾਟ॥**

**ਨਾਮੁ ਰਾਸਿ ਸਾਝੀ ਕਰਿ ਜਨ ਸਿਉ ਜਾਂਉ ਨ ਜਮ ਕੈ ਘਾਟ॥ (੧੨੬੯)**

ਅਕਾਲ ਅਕੈਡਮੀਆਂ ਵਾਂਗ ਹੀ ਅਕਾਲ ਯੂਨੀਵਰਸਿਟੀ, ਗੁਰੂ ਕੀ ਕਾਸ਼ੀ ਵੀ ਬ੍ਰਹੰਮ ਵਿੱਦਿਆ ਦੀ ਇਕ ਅਦੁੱਤੀ ਮਿਸਾਲ ਹੋਵੇਗੀ।ਧੁਰ ਕੀ ਬਾਣੀ ਦੇ ਸ਼ੁੱਧ ਉਚਾਰਣ ਦੀਆਂ ਅਨਹਦੀ ਤ੍ਰੰਗਾਂ ਦੀ ਛਹਿਬਰ ਵਿਚੋਂ ਗੁਰੂ ਕੀ ਕਾਸ਼ੀ ਦੇ ਸਾਰੇ ਗੁਣ ਨਿਖੱਰ ਕੇ ਸਾਹਮਣੇ ਆਉਣਗੇ।ਅਗੰਮ ਅਗੋਚਰ ਦੀਆਂ ਨਿਆਰੀਆਂ ਖੇਲ੍ਹਾਂ ਦੇ ਪ੍ਰਗਟ ਪ੍ਰਤਾਪ ਨਾਲ ਵਿਸ਼ਵ ਵਿਚ ਕੀ ਕੀ ਹੋ ਰਿਹਾ ਹੈ?ਇਹ ਸਾਰੇ ਭੇਦ ਜਾਨਣ ਲਈ ਦੁਨੀਆਂ ਭਰ ਦੀਆਂ ਨਜਰਾਂ ਅਕਾਲ ਯੂਨੀਵਰਸਿਟੀ,ਗੁਰੂ ਕੀ ਕਾਸ਼ੀ ਉਤੇ ਟਿਕੀਆਂ ਰਹਿਣਗੀਆਂ।ਸਦੀਆਂ ਤੋਂ ਬਨਾਰਸ(ਕਾਂਸ਼ੀ)ਸਾਧੂਆਂ ਸੰਤਾਂ ਦਾ ਠਿਕਾਣਾਂ ਬਣਿਆ ਹੋਇਆ ਹੈ।ਇਸੇ ਤਰ੍ਹਾਂ ਹੀ ਆਉਣ ਵਾਲੇ ਸਮੇ ਵਿਚ ਅਕਾਲ ਯੂਨਵਿਰਸਿਟੀ, ਗੁਰੂ ਕੀ ਕਾਸ਼ੀ ਵੀ ਨਾਮ ਦੇ ਵਣਜਾਰਿਆਂ ਦਾ ਅਸਲੀ ਠਿਕਾਣਾਂ ਹੋਵੇਗਾ।ਦੁਨਿਆਵੀ ਵਿਦਿਆਲਿਆਂ ਵਿਚ ਬੱਚਿਆਂ ਨੂੰ ਦਿਮਾਗੀ ਸ਼ਕਤੀ ਦੇ ਸਹਾਰੇ ਡਿਗਰੀਆਂ ਮਿਲਦੀਆਂ ਹਨ ਪਰ ਬਾਬਾ ਇਕਬਾਲ ਸਿੰਘ ਜੀ ਦੇ ਵਿਦਿਆਲਿਆਂ ਦੀ ਵਿਲੱਖਣਤਾ ਇਸ ਵਿਚ ਹੈ ਕਿ ਇਥੇ ਵਿਦਿਆਰਥੀਆਂ ਨੂੰ ਮਾਨਸਿਕ ਤੇ ਆਤਮਿਕ ਸ਼ਕਤੀ ਵਧਾਉਣ ਲਈ ਨਾਮ ਬਾਣੀ ਦਾ ਦਾਰੂ ਮਿਲਦਾ ਹੈ ਅਤੇ ਗੁਰਸਿੱਖੀ ਸਿਧਾਂਤਾਂ ਦੀ ਪਾਲਣਾ ਕਰਨੀ ਸਿਖਾਈ ਜਾਂਦੀ ਹੈ।ਬੱਚੇ ਬੁਰਾਈਆਂ ਤੋਂ ਦੂਰ ਰਹਿ ਕੇ ਆਪਣੀ ਮਾਨਸਿਕ ਅਤੇ ਆਤਮਿਕ ਅਵਸਥਾ ਦਾ ਵਿਕਾਸ ਕਰਦੇ ਹਨ।ਮਾਨਸਿਕ ਅਤੇ ਆਤਮਿਕ ਗੁਣਾਂ ਦੇ ਵਾਧੇ ਨਾਲ ਦਿਮਾਗੀ ਸ਼ਕਤੀ ਪੂਰਨ ਰੂਪ ਵਿਚ ਖਿੜਦੀ ਹੈ।ਜਿਸ ਕਰਕੇ ਵਿਸ਼ਵਾਸ ਨਾਲ ਕਿਹਾ ਜਾ ਸਕਦਾ ਹੈ ਕਿ ਇਥੋਂ ਦੇ ਪੜ੍ਹੇ ਹੋਏ ਵਿਦਿਆਰਥੀ ਦੁਨਿਆਵੀ ਪੜ੍ਹਾਈ ਵਿਚ ਵੀ ਦੇਸ਼ ਵਿਦੇਸ਼ ਦੀਆਂ ਬਾਕੀ ਯੂਨੀਵਰਸਿਟੀਆਂ ਤੋਂ ਅੱਗੇ ਹੋਣਗੇ।

ਸਿੱਖ ਇਤਿਹਾਸ ਗੁਰਸਿੱਖਾਂ ਦੀ ਅਣਮੋਲ ਵਿਰਾਸਤ ਹੈ।ਇਸ ਅਮਾਨਤ ਦੇ ਮੂਲ ਸਰੂਪ ਨੂੰ ਸੰਭਾਲਣਾਂ ਸਾਡਾ ਪਰਮ ਧਰਮ ਹੈ।ਬਾਬਾ ਇਕਬਾਲ ਸਿੰਘ ਜੀ ਦੇ ਬਾਲ-ਖਾਲਸੇ ਵਲ ਦੇਖ ਕੇ ਭਰੋਸਾ ਹੁੰਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਇਹ ਭੁਜੰਗ-ਫੋਜ ਆਪਣੀ ਵਿਰਾਸਤ ਨੂੰ ਸੰਭਾਲਣ ਲਈ ਪੂਰੀ ਤਰ੍ਹਾਂ ਸਮਰੱਥ ਹੈ।ਵਿਸ਼ਵਾਸ ਨਾਲ ਕਿਹਾ ਜਾ ਸਕਦਾ ਹੈ ਕਿ ਇਹ ਬਾਲ-ਹੰਸ ਆਪਣੇ ਸਿੱਖ ਇਤਿਹਾਸ ਅਤੇ ਧੁਰ ਕੀ ਬਾਣੀ ਦੇ ਇਲਾਹੀ ਸਰੂਪ ਨੂੰ ਸਿਰਫ ਸੰਭਾਲਣਗੇ ਹੀ ਨਹੀਂ,ਸਗੋਂ ਦੁਨੀਆਂ ਦੇ ਹਰ ਕੋਨੇ ਤੱਕ ਪਹੁੰਚਾਉਣਗੇ।ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਦੇ ਲਿਸ਼ਕਾਰਿਆਂ ਦੀਆਂ ਇਲਾਹੀ ਕਿਰਨਾਂ ਨਾਲ ਸਾਰੇ ਜੱਗ ਨੂੰ ਰੁਸ਼ਨਾਉਣਗੇ।ਅੰਮ੍ਰਿਤ ਬਾਣੀ ਦੀਆਂ ਸੱਚੀਆਂ ਸੁੱਚੀਆਂ ਬੂੰਦਾਂ ਦਾ ਮੀਂਹ ਵਰ੍ਹਾ ਕੇ ਧਰਤੀ ਮਾਤਾ ਦੇ ਸੀਨੇ ਠੰਡ ਪਾਉਣਗੇ।

ਅਕਾਲ ਅਕੈਡਮੀਆਂ ਵਿਚ ਇਲਾਹੀ ਬਾਣੀ ਨੂੰ ਧੁਰ ਕੀ ਬਾਣੀ ਸਮਝ ਕੇ ਸ਼ੁਧ ਰੂਪ ਵਿਚ ਉਚਾਰਿਆ ਜਾਂਦਾ ਹੈ,ਮੰਨਿਆਂ ਜਾਂਦਾ ਹੈ ਤੇ ਗੁਰਬਾਣੀ ਦੇ ਸਿਧਾਂਤਾਂ ਅਨੁਸਾਰ ਜੀਵਿਆ ਜਾਂਦਾ ਹੈ।

ਇਹ ਠੀਕ ਹੈ ਕਿ ਸਮੇ ਦੇ ਵਿਕਾਸ ਨਾਲ ਸਾਡੀ ਅੱਜ ਦੀ ਬੋਲੀ ਮੁਤਾਬਿਕ ਬਾਣੀ ਦੇ ਕੁਝ ਸ਼ਬਦ ਲਗਾਂ-ਮਾਤਰਾਂ ਵਿਚ ਤਬਦੀਲੀ ਕਰਨ ਨਾਲ ਜ਼ਿਆਦਾ ਸੌਖ ਨਾਲ ਸਮਝ ਆ ਜਾਂਦੇ ਹਨ ਤੇ ਕਈ ਵਾਰੀ ਆਪ-ਮੁਹਾਰੇ ਹੀ ਮੂੰਹ ਵਿਚੋਂ ਬਿੰਦੀਆਂ ਟਿੱਪੀਆਂ ਦੀ ਅਵਾਜ ਨਿਕਲ ਜਾਂਦੀ ਹੈ। ਉਦਾਹਰਣ ਵਜੋਂ **ਆਖਾ ਜੀਵਾ ਵਿਸਰੈ ਮਰਿ ਜਾਉ** ਨੂੰ ਬੇਧਿਆਨੇ ਹੀ **ਆਖਾਂ ਜੀਵਾਂ ਵਿਸਰੈ ਮਰਿ ਜਾਉ** ਕਹਿ ਹੋ ਜਾਂਦਾ ਹੈ। **ਆਖਾ ਜੀਵਾ** ਨੂੰ **ਆਖਾਂ ਜੀਵਾਂ** ਕਹਿਣ ਤੇ ਸਮਝਣ ਵਿਚ ਸੌਖ ਮਹਿਸੂਸ ਹੁੰਦੀ ਹੈ। ਇਸੇ ਸੌਖ ਦੇ ਬਹਾਨੇ ਹੀ ਸਾਡੇ ਕੁਝ ਪ੍ਰਚਾਰਕਾਂ ਨੇ ਬਾਣੀ ਨੂੰ ਸੋਧਣ ਦੀ ਰੀਤ ਚਲਾਈ ਤੇ ਹੁਣ ਇਸ ਰੀਤ ਦਾ ਨਤੀਜਾ ਸਾਡੇ ਸਾਹਮਣੇ ਹੀ ਹੈ। ਕਈ ਬਾਣੀ ਦੇ ਪ੍ਰੇਮੀ ਭੋਲੇਪਨ ਵਿਚ ਹੀ ਇਸ ਰੀਤ ਉਤੇ ਪਹਿਰਾ ਦੇਈ ਜਾਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੂਲ ਸਰੂਪ ਨੂੰ ਖਤਰੇ ਤੋਂ ਅਣਜਾਣ ਸੰਗਤ ਇਸ ਗਲਤੀ ਨੂੰ ਅਣਗੌਲਿਆਂ ਕਰੀ ਜਾ ਰਹੀ ਹੈ ਤੇ ਪੰਥ ਦੇ ਦੋਖੀ ਆਪਣੀਆਂ ਲੂੰਬੜ ਚਾਲਾਂ ਚੱਲਣ ਵਿਚ ਕਾਮਯਾਬ ਹੋ ਕੇ ਇਲਾਹੀ ਬਾਣੀ ਦੇ ਮੂਲ ਸਰੂਪ ਨੂੰ ਨੁਕਸਾਨ ਪਹੁੰਚਾਉਣ ਦੇ ਆਹਰ ਵਿਚ ਜੁੱਟੇ ਹੋਏ ਹਨ। ਹੁਣ ਫੈਸਲਾ ਅਸੀਂ ਕਰਨਾਂ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮੂਲ ਸਰੂਪ ਕਿਵੇਂ ਬਚਾਇਆ ਜਾਵੇ। **ਜੇਕਰ ਅਕਾਲ ਅਕੈਡਮੀਆਂ ਦੇ ਬੱਚੇ ਆਖਾ ਜੀਵਾ ਨੂੰ ਆਖਾ ਜੀਵਾ ਕਹਿ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰ ਸਕਦੇ ਹਨ ਤਾਂ ਸਾਨੂੰ ਇਨ੍ਹਾਂ ਬੱਚਿਆਂ ਦੀ ਰੀਸ ਕਰਨ ਵਿਚ ਕਿੰਨੀਂ ਕੁ ਤਕਲੀਫ ਸਹਾਰਨੀ ਪੈ ਸਕਦੀ ਹੈ?**

ਗੁਰਬਾਣੀ ਦੇ ਪ੍ਰੇਮੀਆਂ ਨੂੰ ਉਹ ਸੌਖਾਂ ਚੰਗੀਆਂ ਨਹੀਂ ਲਗਦੀਆਂ,ਜਿਨ੍ਹਾਂ ਸੌਖਾਂ ਨੂੰ ਅਪਣਾ ਕੇ ਧੁਰ ਕੀ ਬਾਣੀ ਦੇ ਮੂਲ ਸਰੂਪ ਨੂੰ ਕੋਈ ਖਤਰਾ ਹੋਵੇ। ਉਨ੍ਹਾਂ ਨੂੰ ਧੁਰ ਕੀ ਬਾਣੀ ਦੇ ਗੁਰੂ ਸਰੂਪ ਹੋਣ ਦੀ ਅਟੱਲ ਸਚਾਈ ਉਤੇ ਭਰੋਸਾ ਹੁੰਦਾ ਹੈ। ਕਈਆਂ ਨੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਰੂਪੀ ਪ੍ਰਗਟ ਸਰੂਪ ਦੇ ਦਰਸ਼ਨਾਂ ਦਾ ਪ੍ਰੇਮ-ਅਨੰਦ ਵੀ ਮਾਣਿਆਂ ਹੋਇਆ ਹੁੰਦਾ ਹੈ ਇਸ ਲਈ ਉਹ ਰੱਬੀ ਬਾਣੀ ਦੇ ਉਚਾਰਣ ਵਿਚ ਭੁੱਲ ਕੇ ਵੀ ਅੱਖਰਾਂ ਦੀ ਵਾਧ ਘਾਟ ਨਹੀਂ ਕਰਦੇ।

ਬਾਣੀ ਦੇ ਅੱਤਿ ਸੂਖਮ ਭਾਵ-ਅਰਥ ਜਾਨਣੇ ਸਾਡੇ ਕਲਿਯੁਗੀ ਜੀਵਾਂ ਦੇ ਵੱਸ ਦੀ ਗੱਲ ਨਹੀਂ ਹੈ। ਇਹੀ ਕਾਰਣ ਹੈ ਕਿ ਅਸੀਂ ਧੁਰ ਕੀ ਬਾਣੀ ਦੇ ਅੰਤ੍ਰੀਵ ਭਾਵ ਸਮਝਣ ਤੋਂ ਵਾਂਝੇ ਰਹਿ ਜਾਂਦੇ ਹਾਂ ਪਰ ਜਦੋਂ ਕੋਈ ਪ੍ਰੇਮ ਵਿਚ ਲੀਨ ਹੋ ਕੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿਚ ਢਹਿ ਢੇਰੀ ਹੋ ਜਾਂਦਾ ਹੈ,ਘੋਲ ਘੁਮਾਈ ਹੋ ਕੇ ਬਾਣੀ ਦਾ ਸ਼ੁਧ ਉਚਾਰਣ ਕਰਦਾ ਹੈ ਤਾਂ ਦਿਆਲੂ ਸਤਿਗੁਰੂ ਉਸਨੂੰ ਗਲੇ ਲਗਾਉਣ ਲੱਗਿਆਂ ਜ਼ਰਾ ਵੀ ਢਿੱਲ ਨਹੀਂ ਕਰਦਾ। ਪ੍ਰੇਮ-ਵਸ ਹੋ ਕੇ ਉਹ ਉਸਦੇ ਭੋਲੇਪਨ ਤੇ ਰੀਝਦਾ ਹੈ। ਸ਼ਰਣ ਪਏ ਦੀ ਲਾਜ ਰੱਖਣ ਲਈ ਉਸਨੂੰ ਧੁਰ ਕੀ ਬਾਣੀ ਦੀਆਂ ਗੁੱਝੀਆਂ ਰਮਜਾਂ ਸਮਝਣ ਦੇ ਸਮਰੱਥ ਬਣਾ ਦਿੰਦਾ ਹੈ।

ਗੁਰੂ ਪਿਆਰੇ ਇਲਾਹੀ ਬਾਣੀ ਨੂੰ ਅੰਤਰ-ਆਤਮੇ ਵਸਾ ਕੇ ਬਾਣੀ ਦੇ ਰਚਨਹਾਰਿਆਂ ਦੀ ਸੰਗਤ ਦੇ ਲਾਹੇ ਪ੍ਰਾਪਤ ਕਰ ਲੈਂਦੇ ਹਨ। ਕਦੀ ਉਹ ਸ੍ਰੀ ਗੁਰੂ ਨਾਨਾਕ ਦੇਵ ਜੀ ਦੀ ਹੇਕ ਨਾਲ ਹੇਕ ਮਿਲਾ ਕੇ ਅਗੰਮ ਅਗੋਚਰ ਦੇ ਦੇਸ਼ ਪਹੁੰਚ ਜਾਂਦੇ ਹਨ,ਕਦੀ ਅੰਗਦ ਤੇ ਅਮਰਦਾਸ ਜੀ ਦਾ ਪੱਲਾ ਫੜ ਕੇ ਸੇਵਾ ਸਿਮਰਨ ਦੀ ਸੋਝੀ ਪ੍ਰਾਪਤ ਕਰ ਲੈਂਦੇ ਹਨ,ਰਾਮ ਦਾਸ ਤੇ ਅਰਜਨ ਗੁਰੂ ਉਨ੍ਹਾਂ ਨੂੰ ਦਸਮ ਦੁਆਰ ਦੇ ਰੰਗ ਰੂਪ ਮਾਨਣ ਲਈ ਅਤੇ ਪ੍ਰੇਮ-ਭਗਤੀ ਦੀਆਂ ਚਰਮ ਸੀਮਾਵਾਂ ਤਕ ਪਹੁੰਚਾਣ ਲਈ ਸਹਾਈ ਹੁੰਦੇ ਹਨ,ਦੁਨਿਆਵੀ ਭਵ ਸਾਗਰ ਵਿਚ ਡੁੱਬਦੇ ਜਾਂਦਿਆਂ ਦੀਆਂ ਬਾਹਵਾਂ ਫੜ ਕੇ ਆਪਣੇ ਬਲ ਬੂਤੇ ਨਾਲ ਰੂਹਾਨੀ ਮੰਜਿਲਾਂ ਤਹਿ ਕਰਵਾਉਂਦੇ ਹਨ। ਸ੍ਰੀ ਗੁਰੂ ਤੇਗ ਬਹਾਦਰ ਜੀ ਉਨ੍ਹਾਂ ਦੇ ਨਾਮ-ਧੰਨ ਨਾਲ ਲੱਦੇ ਬੇੜੇ ਨੂੰ ਡੁੱਬਣ ਤੋਂ ਬਚਾਉਣ ਲਈ ਮੋਹ ਮਾਇਆ ਦੇ ਸਮੁੰਦਰੀ ਤੂਫਾਨ ਵਿਚ ਪਹੁੰਚਣ ਲਈ ਜ਼ਰਾ ਜਿੰਨੀ ਵੀ ਦੇਰ ਨਹੀਂ ਕਰਦੇ ਤੇ ਨਿਰੰਕਾਰੀ ਜੋਤ

ਵਾਲੀ ਗੁਰਗੱਦੀ ਦੇ ਜਾਗਤ ਜੋਤ ਹੋਣ ਦੀ ਪਛਾਣ ਕਰਵਾਉਣ ਲਈ ਆਪਣਾ ਮੋਢਾ ਲਹੂ-ਲੁਹਾਣ ਕਰਵਾ ਕੇ ਗੁਰਸਿਖਾਂ ਦੇ ਡੁਬਦੇ ਬੇੜੇ ਪਾਰ ਕਰ ਦਿੰਦੇ ਹਨ।ਰਵਿਦਾਸ ਜੀ ਪ੍ਰੇਮ-ਲੋਰ ਵਿਚ ਆ ਕੇ ਆਪਣੇ ਬੇਗਮਪੁਰੇ ਦੀ ਸੈਰ ਕਰਵਾਉਣ ਲਈ ਸੱਦੇ ਦਿੰਦੇ ਹਨ।ਕਬੀਰ ਸਚਾਈ ਦੀ ਗੰਢ ਫਰੋਲ ਕੇ ਬੈਠਾ ਹਮੇਸ਼ਾਂ ਹੀ ਚੰਗੇ ਮਾੜੇ ਦੀ ਪਛਾਣ ਕਰਵਾਉਣ ਲਈ ਤਿਆਰ ਰਹਿੰਦਾ ਹੈ।

ਸੱਚੀਂ...!ਬੜਾ ਹੀ ਚੰਗਾ ਲਗਦਾ ਹੈ ਜਦੋਂ ਅਸੀਂ ਬੜੂ ਸਾਹਿਬ ਦੇ ਬੱਚਿਆਂ ਦੇ ਮੂਹੋਂ ਗੁਰੂਆਂ ਤੇ ਭਗਤਾਂ ਦੇ ਮੂੰਹ ਦੀ ਬੋਲੀ ਦੇ ਸੱਚੇ ਸੁੱਚੇ ਬੋਲਾਂ ਦਾ ਸ਼ੁੱਧ ਉਚਾਰਣ ਸੁਣਦੇ ਹਾਂ।ਅੰਮ੍ਰਿਤ ਬਾਣੀ ਵਿਚ ਆਪਣੀ ਮੱਤਿ ਦੇ ਛਿੱਟੇ ਪਾਉਣ ਦੀ ਥਾਂ,ਉਹ ਪੂਰੀ ਭੈ-ਭਾਵਨੀ ਨਾਲ ਗੁਰਬਾਣੀ ਦੇ ਜਗ ਮਗ ਨੂਰ ਵਿਚ ਲੀਨ ਹੋਏ ਦਿਖਾਈ ਦਿੰਦੇ ਹਨ।ਗੁਰੂ ਪਿਆਰੇ,ਗੁਰੂ ਸੰਵਾਰੇ,ਇਹ ਨਿੱਕੜੇ ਨਿੱਕੜੇ ਗੁਰੂ ਦੇ ਲਾਲ ਜਦੋਂ ਪ੍ਰੇਮ-ਸ਼ਰਧਾ ਦੀਆਂ ਪੀਂਘਾਂ ਝੂਟਦੇ ਹੋਏ ਬਾਣੀ ਦਾ ਸ਼ੁੱਧ ਉਚਾਰਣ ਕਰਦੇ ਹਨ ਤਾਂ ਪੂਰਾ ਸਤਿਗੁਰੂ ਇਨਾਂ ਦੇ ਸੀਨਿਆਂ ਵਿਚ ਬਾਣੀ ਦੇ ਭਾਵ ਪ੍ਰਗਟ ਕਰ ਦਿੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਚੇ ਸੁੱਚੇ ਦਰਬਾਰ ਵਿਚ ਚਿੱਟੀਆਂ ਪੁਸ਼ਾਕਾਂ ਵਿਚ ਸਜੇ ਹੋਏ ਇਹ ਦੁੱਧ-ਚਿੱਟੇ-ਹੰਸੁਲੇ ਬੱਚੇ ਭਗਤੀ ਭਾਵਨਾਂ ਦਾ ਨਮੂਨਾਂ ਦਿਖਾਈ ਦਿੰਦੇ ਹਨ।

ਅਕਾਲ ਅਕੈਡਮੀ ਬੜੂ ਸਾਹਿਬ ਦੇ ਬੱਚਿਆਂ ਦਾ ਤੰਤੀ ਸਾਜਾਂ ਦੀ ਸੰਗਤ ਨਾਲ, ਨਿਰਧਾਰਿਤ ਰਾਗਾਂ ਅਤੇ ਸ਼ੁੱਧ ਉਚਾਰਣ ਨਾਲ ਕੀਤਾ ਸਹਿਜ ਪਾਠ ਇਕ ਅਦੁੱਤੀ ਮਿਸਾਲ ਹੈ।ਰਾਗਾਂ ਦੇ ਚਲਨ ਨੂੰ ਪੂਰੀ ਤਰ੍ਹਾਂ ਕਾਇਮ ਰੱਖਿਆ ਗਿਆ ਹੈ ਪਰ ਰਾਗ ਵਿੱਦਿਆ ਵਿਚ ਨਿਪੁੰਨਤਾ ਦਾ ਦਿਖਾਵਾ ਕਰਨ ਲਈ ਗੁੰਝਲਦਾਰ ਤਾਨਾਂ,ਅਲਾਪ,ਗਮਕ,ਕਣ ਮੁਰਕੀਆਂ ਅਤੇ ਸ਼ਾਸਤਰੀ ਸੰਗੀਤ ਦੀਆਂ ਹੋਰ ਖੂਬੀਆਂ ਦਿਖਾ ਕੇ ਸ਼ਾਸਤਰੀ ਸੰਗੀਤ ਨੂੰ ਬਾਣੀ ਉਤੇ ਹਾਵੀ ਨਹੀਂ ਹੋਣ ਦਿੱਤਾ।ਸਗੋਂ ਬਾਣੀ ਦੇ ਭਾਵ ਪ੍ਰਗਟ ਲਈ ਹੀ ਰਾਗ ਵਿਦਿਆ ਦੀ ਵਰਤੋਂ ਕੀਤੀ ਗਈ ਹੈ।ਇਉਂ ਲਗਦਾ ਹੈ ਜਿਵੇਂ ਗੁਰਮਤਿ ਸੰਗੀਤ ਰੂਪੀ ਫੁੱਲਾਂ ਲੱਦੀ ਬੇੜੀ ਵਿਚ ਬੈਠੇ ਅਕਾਲ ਅਕੈਡਮੀ ਦੇ ਗੁਰਸਿੱਖ ਬੱਚੇ ਧੁਰ ਕੀ ਬਾਣੀ ਅਲਾਪਦੇ ਹੋਏ ਸੰਸਾਰ ਰੂਪੀ ਭਵ ਸਾਗਰ ਨੂੰ ਪਾਰ ਕਰਦੇ ਹੋਏ,ਰੱਜ ਰੱਜ ਕੇ ਅਨਹਦ ਬਾਣੀ ਦੀ ਮਿਠਾਸ ਚਖ ਰਹੇ ਹਨ ਤੇ ਦੇਖਣ ਸੁਣਨ ਵਾਲਿਆਂ ਦਾ ਮੂੰਹ ਵੀ ਮਿੱਠਾ ਕਰਵਾਈ ਜਾ ਰਹੇ ਹਨ।ਟੈਲੀਵੀਯਨ ਰਾਹੀਂ ਦੇਸ਼ਾਂ ਵਿਦੇਸ਼ਾਂ ਵਿਚ ਪ੍ਰਸਾਰਿਤ ਕੀਤੇ ਜਾ ਰਹੇ ਪ੍ਰੋਗਰਾਮਾਂ ਵਿਚ ਬਾਣੀ ਅਤੇ ਬਾਣੇ ਦੇ ਧਾਰਣੀ ਬੱਚੇ ਗੁਰ-ਫੁਰਮਾਨਾਂ ਉਤੇ ਪੂਰੇ ਉਤਰੇ ਹਨ।

ਬਚਪਨ ਦੀ ਦਹਿਲੀਜ ਉਤੇ ਖੜ੍ਹਕੇ ਚੜ੍ਹਦੀ ਜਵਾਨੀ ਵਲ ਜਾਣ ਸਮੇ, ਬੱਚਿਆਂ ਨੂੰ ਦੁਨਿਆਵੀ ਲਾਲਸਾਵਾਂ ਘੇਰਦੀਆਂ ਹਨ,ਵਿਕਾਰ ਪਿੱਛਾ ਨਹੀਂ ਛਡਦੇ।ਆਤਮਿਕ ਗੁਣ ਧਾਰਣ ਕਰਨ ਦੀ ਥਾਂ ਬੱਚਿਆਂ ਦੇ ਦਿਲਾਂ ਵਿਚ ਸਰੀਰਕ ਤੌਰ 'ਤੇ ਸੋਹਣੇ ਬਣ ਕੇ ਦੂਜਿਆਂ ਨੂੰ ਲੁਭਾਉਣ ਦੀਆਂ ਤ੍ਰਿਸ਼ਨਾਵਾਂ ਜਾਗਦੀਆਂ ਹਨ ਪਰ ਬਾਬਾ ਇਕਬਾਲ ਸਿੰਘ ਜੀ ਨੇ ਆਪਣੇ ਬਚਿਆਂ ਨੂੰ ਇਸ ਕੱਚੀ ਉਮਰ ਦੇ ਦੋਸ਼ਾਂ ਤੋਂ ਬਚਾਉਣ ਲਈ **ਪੱਕੇ ਨੇਮਾਂ ਦੀਆਂ ਲੋੜੀਂਦੀ ਸਖਤੀ ਵਾਲੀਆਂ ਮਜਬੂਤ ਵਾੜਾਂ ਲਗਾਈਆਂ ਹੋਈਆਂ ਹਨ**।ਗੁਰਬਾਣੀ ਦੇ ਸਿਧਾਂਤਾਂ ਅਨੁਸਾਰ ਜੀਵਨ ਜੀਊਣ ਦੇ ਪੱਕੇ ਨਿਯਮ ਨਿਭਾਉਣ ਲਈ ਅਤੇ ਨਾਮ ਬਾਣੀ ਦੀ ਅਤੁੱਟ ਕਮਾਈ ਕਰਨ ਦੇ ਯੋਗ ਬਣਾਉਣ ਲਈ ਘਾਲਣਾਂ ਘਾਲੀ ਜਾਂਦੀ ਹੈ।ਜਿਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਬੱਚੇ ਆਪਣੇ ਤਨ ਤੇ ਮਨ ਨੂੰ ਵਿਕਾਰਾਂ ਵਿਚ ਗਾਲਣ ਸਾੜਨ ਦੀ ਬਰਬਾਦੀ ਤੋਂ ਬਚਾ ਕੇ ਆਤਮਿਕ ਗੁਣਾਂ ਨਾਲ ਭਰਪੂਰ ਕਰਨ ਵਿਚ ਹੀ ਆਪਣੀ ਜੀਵਨ-ਸ਼ਕਤੀ ਖਰਚਦੇ ਹਨ।ਨਾਮ ਬਾਣੀ ਨਾਲ ਜੁੜੇ ਹੋਏ ਬੱਚੇ ਕੱਚੀ ਉਮਰ ਵਿਚ ਹੀ ਗੁਰਸਿੱਖੀ ਦੇ ਲਾਹੇ ਲੈਣ ਦੇ ਯੋਗ ਬਣ ਜਾਂਦੇ ਹਨ।ਚੜ੍ਹਦੇ ਸੂਰਜ ਦੀਆਂ ਕਿਰਨਾਂ ਵਾਂਗ ਹੀ ਰੱਬੀ ਬਾਣੀ ਦੇ ਗੋਹਜ ਜਾਨਣ ਦਾ ਚਾਅ ਤੇ ਉਮਾਹ, ਇਨ੍ਹਾਂ ਦੇ ਦਿਲ

ਦਿਮਾਗ 'ਚੋਂ ਫੁੱਟ ਫੁੱਟ ਪੈਂਦਾ ਹੈ।ਪਰਮ ਹੰਸ ਬਾਬਾ ਇਕਬਾਲ ਸਿੰਘ ਜੀ ਇਨ੍ਹਾਂ ਨੂੰ ਕੀਰਤਨ ਰੂਪੀ ਨਿਰਮੋਲਿਕ ਹੀਰਿਆਂ ਦੇ ਨਾਲ ਨਾਲ ਪ੍ਰੇਮਾ-ਭਗਤੀ,ਸੇਵਾ ਸਿਮਰਨ ਤੇ ਗੁਰਸਿੱਖੀ ਜੀਵਨ ਦੇ ਉਚੇ ਸੁੱਚੇ ਗੁਣਾਂ ਦਾ ਹੰਸਾਂ ਵਾਲਾ ਚੋਗ ਚੁਗਾਉਂਦੇ ਹਨ।ਬਾਬਾ ਜੀ ਦੇ ਅਸ਼ੀਰਵਾਦ ਨਾਲ ਇਹ ਬਾਲ ਤੇ ਬਾਲੜੀਆਂ ਧੁਰ ਕੀ ਬਾਣੀ ਰਾਹੀਂ ਸਾਨੂੰ ਵਿਸਮਾਦੀ ਰੰਗ ਰਸ ਨਾਲ ਸਿੰਜਦੇ ਹਨ।ਅਨਹਦ ਬਾਣੀ ਦੀਆਂ ਘਨਘੋਰ ਘਟਾਵਾਂ ਦੀਆਂ ਘੇਰਾਂ ਵਿਚ ਘਿਰੇ ਹੋਇਆਂ ਦੇ ਚੇਹਰਿਆਂ ਦੇ ਪ੍ਰੇਮ ਪ੍ਰਕਾਸ਼ ਵਿਚੋਂ ਬਾਣੀ ਦੇ ਅੰਤ੍ਰੀਵ ਭਾਵ ਡੁਲ੍ਹ ਡੁਲ੍ਹ ਪੈਂਦੇ ਹਨ।ਫਿਰ ਬਾਣੀ ਦੇ ਅਰਥ ਦੱਸਣ ਜਾਂ ਪੁੱਛਣ ਦੀ ਲੋੜ ਨਹੀਂ ਰਹਿੰਦੀ।ਬਾਣੀ ਦੇ ਅਰਥ ਇਨ੍ਹਾਂ ਦੀ ਰਸ-ਭਿੰਨੀ ਅਵਾਜ਼ ਰਾਹੀਂ ਫੁਲਝੜੀਆਂ ਬਣ ਕੇ ਖਿੜਦੇ ਹਨ,ਸ਼ੁੱਧ ਉਚਾਰਣ ਦੇ ਬੋਲਾਂ ਰਾਹੀਂ ਟਪਕਦੇ ਹੋਏ ਕੰਨਾਂ ਵਿਚ ਰਸ ਘੋਲਦੇ ਹਨ ਤੇ ਚੇਹਰਿਆਂ ਦੇ ਹਾਵਾਂ ਭਾਵਾਂ ਰਾਹੀਂ ਪ੍ਰਗਟ ਹੁੰਦੇ ਦਿਸ ਪੈਂਦੇ ਹਨ।ਦੇਖਣ ਸੁਣਨ ਵਾਲਿਆਂ ਦੇ ਦਿਲਾਂ ਨੂੰ ਟੁੰਬਦੇ ਹਨ।ਬਾਬਾ ਇਕਬਾਲ ਸਿੰਘ ਜੀ ਦੀ ਸੰਗਤ ਵਿਚ ਹੋ ਰਹੇ ਨਾਮ ਬਾਣੀ ਦਾ ਪ੍ਰਕਾਸ਼ ਧਰਤੀ ਮਾਂ ਦੇ ਸੀਨੇ ਠੰਡ ਪਾਉਂਦਾ ਹੈ।ਘੋਰ ਕਲਿਯੁਗ ਦੇ ਅਸਰਾਂ ਦੀ ਤਪਸ਼ ਮਿਟਾਉਣ ਲਈ ਹਵਾ ਵਿਚ ਅੰਮ੍ਰਿਤ ਬੂੰਦਾਂ ਬਣ ਕੇ ਠੰਡ ਵਰਸਾਉਂਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿਚ ਬੈਠੇ ਅਕਾਲ ਅਕੈਡਮੀ ਦੇ ਬੱਚੇ ਜਦੋਂ ਨਿਰਧਾਰਿਤ ਰਾਗਾਂ ਰਾਹੀਂ ਗੁਰਬਾਣੀ ਦਾ ਸ਼ੁੱਧ ਉਚਾਰਣ ਕਰਦੇ ਹਨ ਤਾਂ ਖੰਡਾਂ ਬ੍ਰਹਮੰਡਾਂ ਦਾ ਮਾਲਿਕ ਇਨ੍ਹਾਂ ਦੇ ਹਿਰਦਿਆਂ ਵਿਚ ਅੰਮ੍ਰਿਤ ਰਸ ਘੋਲ ਕੇ ਬਾਣੀ ਦੇ ਭਾਵ ਪ੍ਰਗਟ ਕਰ ਦਿੰਦਾ ਹੈ।ਦੇਖਣ ਸੁਣਨ ਵਾਲੇ ਵੀ ਨਿਹਾਲ ਹੋ ਜਾਂਦੇ ਹਨ।ਬਾਣੀ ਦੇ ਅਰਥ ਜਾਨਣ ਲਈ ਲਗਾਂ ਮਾਤਰਾਂ ਵਿਚ ਹੇਰਾ ਫੇਰੀ ਕਰਨ ਦੀ ਜਰੂਰਤ ਨਹੀਂ ਰਹਿੰਦੀ।ਸੱਚੀ ਲਗਨ,ਪ੍ਰੇਮ ਤੇ ਦੀਵਾਨਗੀ ਨਾਲ ਇਨ੍ਹਾਂ ਨੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਹਨ।ਕਈ ਅਭਿਆਸੀ ਬੱਚੇ ਇੱਕ ਇੱਕ ਚੌਂਕੜੇ ਉਤੇ ਸ੍ਰੀ ਅਖੰਡ ਪਾਠ ਸਾਹਿਬ ਦਾ ਸੰਪੂਰਨ ਪਾਠ ਕਰਨ ਦੇ ਸਮਰੱਥ ਹੋਣ ਦੀਆਂ ਬਖਸ਼ਿਸ਼ਾਂ ਨੂੰ ਪ੍ਰਾਪਤ ਹਨ ਅਤੇ ਕਈ ਨਾਮ ਬਾਣੀ ਦੇ ਰੰਗ ਵਿਚ ਰੰਗੇ ਹੋਏ ਚਾਤ੍ਰਿਕ ਮਨ ਦੀ ਪਿਆਸ ਨਾਲ ਬਾਬਾ ਇਕਬਾਲ ਸਿੰਘ ਜੀ ਕੋਲ ਜਾਂਦੇ ਹਨ ਤੇ ਆਪਣੇ ਪਿਆਰੇ ਬਾਬਾ ਜੀ ਨੂੰ ਅਕਾਲ ਪਰੁਖ ਅੱਗੇ ਅਰਦਾਸ ਕਰਨ ਲਈ ਬੇਨਤੀ ਕਰਦੇ ਹਨ ਕਿ ਦਾਤਾਰ ਪਿਤਾ ਉਨ੍ਹਾਂ ਨੂੰ ਵੀ ਇੱਕ ਚੌਂਕੜੇ ਉਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨ ਪਾਠ ਕਰਨ ਦੇ ਸਮਰੱਥਾ ਬਖਸ਼ੇ।

ਰੱਬੀ ਬਾਣੀ ਵਿਚ ਦਖਲ ਅੰਦਾਜ਼ੀ ਕਰਨ ਦੇ ਦੋਸ਼ ਕਾਰਨ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਨੇ ਬਾਬਾ ਰਾਮ ਰਾਇ ਨੂੰ ਗੁਰਗੱਦੀ ਦੇ ਹੱਕ ਤੋਂ ਵਾਂਝਿਆ ਰੱਖਿਆ ਅਤੇ ਛੋਟੇ ਸਾਹਿਬਜ਼ਾਦੇ ਸ੍ਰੀ ਹਰ ਕ੍ਰਿਸ਼ਨ ਜੀ ਨੂੰ ਅਠੱਵੇਂ ਨਾਨਕ ਦੇ ਰੂਪ ਵਿਚ ਪ੍ਰਗਟ ਕਰਕੇ ਉਸਨੂੰ ਇਲਾਹੀ ਸ਼ਕਤੀਆਂ ਦੀਆਂ ਬਖਸ਼ਿਸ਼ਾਂ ਨਾਲ ਭਰਪੂਰ ਕੀਤਾ।ਨਿਰੰਕਾਰੀ ਜੋਤ ਦੀ ਇਲਾਹੀ ਗੁਰਗੱਦੀ ਉਤੇ ਬਿਰਾਜਮਾਨ ਬਾਲਾ ਪ੍ਰੀਤਮ ਨੇ ਪੰਡਿਤਾਂ ਦੇ ਸ਼ੰਕੇ ਦੂਰ ਕਰਨ ਲਈ ਗੁੰਗੇ ਬੋਲੇ ਕੋਲੋਂ ਵੇਦ ਮੰਤ੍ਰਾਂ ਦਾ ਜਾਪ ਕਰਵਾ ਕੇ ਗੁਰੂ ਨਾਨਾਕ ਦੇਵ ਜੀ ਦੀ ਗੁਰਗੱਦੀ ਦੀਆਂ ਅਲੌਕਿਕ ਸ਼ਕਤੀਆਂ ਦੇ ਸਬੂਤ ਦਿੱਤੇ।ਪਲੇਗ ਵਰਗੀ ਨਾਮੁਰਾਦ ਬਿਮਾਰੀ ਤੋਂ ਪੀੜਤ ਦਿੱਲੀ ਦੇ ਲੋਕਾਂ ਨੂੰ ਆਪਣੀ ਦਇਆ ਦ੍ਰਿਸ਼ਟੀ ਨਾਲ ਬਚਾ ਕੇ ਗੁਰਗੱਦੀ ਦੀ ਜਾਹਰੀ ਕਲਾ ਵਰਤਾਈ।ਉਸੇ ਗੁਰਗੱਦੀ ਉਤੇ ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੁਸ਼ੋਭਿਤ ਹਨ।ਅਸੀਂ ਸਾਰੇ ਆਪਣੇ ਗੁਰੂ ਨੂੰ ਮੱਥਾ ਟੇਕਦੇ ਹਾਂ।ਸੋਹਣੇ ਰੁਮਾਲੇ ਭੇਟ ਕਰਦੇ ਹਾਂ।ਕੀਮਤੀ ਚਾਨਣੀਆਂ ਤੇ ਪਾਲਕੀਆਂ ਨਾਲ ਪੂਰਾ ਜਲੌ-ਜਲਾਲ ਕਾਇਮ ਰੱਖਦੇ ਹਾਂ।ਸਾਰੀ ਉਮਰ ਬਾਣੀ ਵੀ ਪੜ੍ਹਦੇ ਹਾਂ।ਫਿਰ ਵੀ ਅੰਮ੍ਰਿਤ ਬਾਣੀ ਦੀਆਂ ਬਖਸ਼ਿਸ਼ਾ ਤੋਂ ਵਾਂਝੇ ਕਿਉਂ ਹਾਂ?ਕਿਧਰੇ ਅਸੀਂ ਵੀ ਬਾਬਾ ਰਾਮ ਰਾਇ ਵਾਂਗ ਹੀ ਬਾਣੀ ਪੜ੍ਹਨ ਵਿਚ ਕੋਈ ਉਕਤਾਈ ਤੇ ਨਹੀਂ ਕਰਦੇ...?ਸ਼ਾਇਦ ਇਸੇ ਕਰਕੇ ਹੀ ਸਾਡਾ ਸਭ ਦਾ ਸਾਂਝਾ

ਪਿਤਾ ਪ੍ਰਮਾਤਮਾ ਸਾਡੇ ਉਤੇ ਖੁਸ਼ ਨਹੀਂ ਹੈ।ਸਾਡੇ ਕੋਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਦੋ ਘੰਟਿਆਂ ਤੋਂ ਵੱਧ ਕਿਉਂ ਨਹੀਂ ਬੈਠਿਆ ਜਾਂਦਾ?ਸਾਡੇ ਵਿਚ ਇੱਕ ਚੌਂਕੜੇ ਵਿਚ ਪੂਰਾ ਅਖੰਡਪਾਠ ਕਰਨ ਦੀ ਹਿੰਮਤ ਕਿਉਂ ਨਹੀਂ?ਕਿਹੜੀਆਂ ਕਮੀਆਂ ਹੋਣ ਕਰਕੇ ਸਤਿਗੁਰਾਂ ਨੇ ਸਾਨੂੰ ਇਕ ਚੌਂਕੜੇ ਵਿਚ ਅਖੰਡ ਪਾਠ ਕਰਨ ਵਰਗੀਆਂ ਅਨੇਕਾਂ ਬਖਸ਼ਿਸ਼ ਤੋਂ ਵਾਂਝਿਆਂ ਰੱਖਿਆ ਹੋਇਆ ਹੈ ?ਤੇ ਉਹ ਕਿਹੜੀਆਂ ਖੂਬੀਆਂ ਹਨ ਜਿਨ੍ਹਾਂ ਕਰਕੇ ਬਾਬਾ ਇਕਬਾਲ ਸਿੰਘ ਜੀ ਦੇ ਬੱਚਿਆਂ ਦੇ ਬਾਲਪਨ ਨੂੰ ਸਤਿਗੁਰਾਂ ਨੇ ਵਿਸਮਾਦੀ ਰੰਗਾਂ ਨਾਲ ਸ਼ਿੰਗਾਰਿਆ ਹੋਇਆ ਹੈ?ਸ਼ਾਇਦ ਇਹ ਧੁਰ ਕੀ ਬਾਣੀ ਦੇ ਸ਼ੁਧ ਉਚਾਰਣ ਦੀਆਂ ਹੀ ਬਰਕਤਾਂ ਹਨ..!ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਲਹੀ ਤਖਤ ਉਤੇ ਬਿਰਾਜਮਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰੇਮ ਵਿਚ ਘੋਲ ਘੁਮਾਈ ਹੋਣ ਦੇ ਨਤੀਜੇ ਹਨ..!

******************

# ਘਟਿ ਘਟਿ ਵਾਜਹਿ ਨਾਦ

ਜਦੋਂ ਕਣ-ਕਣ ਵਿਚ ਰਮੇ ਹੋਏ ਰਾਮ ਪਿਆਰੇ ਦਾ ਨੂਰ ਦਿਸਣ ਲੱਗ ਪਵੇ ਅਤੇ **ਘਟਿ ਘਟਿ ਵਾਜਹਿ ਨਾਦ** ਦੀਆਂ ਕਣੀਆਂ ਦੀ ਸਰਸ਼ਾਰ ਤੁਹਾਡੇ ਰੋਮ-ਰੋਮ ਵਿਚ ਰਸ ਘੋਲ ਦੇਵੇ ਤਾਂ ਸਮਝੋ ਕਿ ਤੁਸੀਂ ਮਨੁੱਖਾ ਜੀਵਨ ਦੇ ਅਸਲੀ ਲਾਹੇ ਪ੍ਰਾਪਤ ਕਰ ਰਹੇ ਹੋ।ਆਦਿ ਕਾਲ ਤੋਂ ਹੀ,ਧੁਰ ਕੀ ਬਾਣੀ ਦੇ ਇਲਾਹੀ ਬੋਲ, **ਘਟਿ ਘਟਿ ਵਾਜਹਿ ਨਾਦ** ਦੇ ਸੁਰਾਂ ਵਿਚ ਰਸੇ ਹੋਏ ਸਾਰੇ ਬ੍ਰਹਿਮੰਡ ਵਿਚ ਲਗਾਤਾਰ ਅਲਾਪ ਹੋਈ ਜਾ ਰਹੇ ਹਨ।ਦਸੋ ਪਾਤਿਸ਼ਾਹੀਆਂ ਦੇ ਜੋਤ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਗਟ ਪ੍ਰਤਾਪ ਦੇ ਦਰਸ਼ਨ ਦੀਦਾਰੇ ਵੀ ਇਨ੍ਹਾਂ ਰੰਗਾਂ ਵਿਚ ਸਮਾਏ ਹੋਏ ਹਨ।ਅਨੰਤ ਕਾਲ ਤੋਂ ਗਗਨ ਮੰਡਲ ਵਿਚ ਪਸਰੀ ਹੋਈ ਇਲਾਹੀ ਬਾਣੀ ਦਾ ਅਨਹਦ ਨਾਦ,ਜੇ ਕਿਸੇ ਦੇ ਉਨਮਨ ਹੋਏ ਮਨ ਦੀਆਂ ਅੱਖੀਆਂ ਅੱਗੇ ਪ੍ਰਗਟ ਹੋ ਜਾਵੇ ਤਾਂ ਸਮਝੋ ਕਿ ਉਸ ਨੂੰ ਜੋਤ ਸਰੂਪੀ ਇਲਾਹੀ ਗੁਰਬਾਣੀ ਦੇ ਦਰਸ਼ਨ ਹੋ ਗਏ।

ਗੁਰਮਤਿ ਸੰਗੀਤ ਵਿਚ **ਘਟਿ ਘਟਿ ਵਾਜਹਿ ਨਾਦ** ਦੀਆਂ ਗੁੱਝੀਆਂ ਰਮਜਾਂ ਛੁਪੀਆਂ ਹੋਈਆਂ ਹਨ।"ਵਾਜੇ ਅਨਹਦ ਤੂਰੇ" ਦੀ ਘਾੜਤ ਘੜਨ ਵਾਲਾ ਵਿਧਾਤਾ ਆਪਣੇ ਪਿਆਰਿਆਂ ਨੂੰ ਲਾਡ ਲਡਾਉਣ ਲਈ ਅਨੇਕਾਂ ਪ੍ਰਕਾਰ ਦੀਆਂ ਅਨਹਦ ਧੁਨੀਆਂ ਦੀ ਬਖਸ਼ਿਸ਼ ਕਰਦਾ ਹੈ।ਲਿਵ ਦੀਆਂ ਡੋਰਾਂ ਵਿਚ ਬੱਝ ਕੇ ਆਤਮਿਕ ਅਨੰਦ ਦੇ ਹੁਲਾਰੇ ਲੈਣ ਵਾਲੇ ਇਕ ਗੁਰਸਿੱਖ (ਇੰਜਨੀਅਰਿੰਗ ਕਾਲਜ ਵਿਚ ਸਾਇੰਸ ਦਾ ਪ੍ਰੋਫੈਸਰ) ਰਾਤ ਦੇ ਬਾਰਾਂ ਵਜੇ ਉਠ ਕੇ ਇਸ਼ਨਾਨ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿਚ ਸਮਾਧੀ ਲਗਾਇਆ ਕਰਦੇ ਸੀ।ਉਨ੍ਹਾਂ ਦਾ ਕਹਿਣਾ ਸੀ ਕਿ ਬਾਰਾਂ ਵਜੇ ਤੋਂ ਅੰਮ੍ਰਿਤ ਵੇਲੇ ਦੇ ਚਾਰ ਵਜੇ ਤੱਕ ਉਨ੍ਹਾਂ ਨੂੰ ਸਮਾਧੀ-ਅਵਸਥਾ

ਦੌਰਾਨ ,ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦਰਸ਼ਨ ਅਤੇ ਬਾਣੀ ਦੇ ਸ਼ਬਦ ਅਨਹਦ ਧੁਨੀਆਂ ਵਿਚ ਸੁਣਾਈ ਦਿਆ ਕਰਦੇ ਸਨ।

ਕੋਈ ਵਿਰਲੇ ਹੀ ਹੁੰਦੇ ਹਨ ਜਿਹੜੇ ਮਨੁੱਖਾ ਜੀਵਨ ਦੇ ਲਾਹੇ ਖੱਟਣ ਲਈ ਘਟਿ ਘਟਿ ਵਾਜਹਿ ਨਾਦ ਦੀ ਪ੍ਰਪਤੀ ਲਈ ਵਿਲਕਦੇ ਹਨ,ਲੇਲ੍ਹਣੀਆਂ ਕਢਦੇ ਹਨ,ਬਿਲਲਾਉਂਦੇ ਹਨ ਤੇ ਸਾਧੂਆਂ ਸੰਤਾਂ ਦੀ ਸੰਗਤ ਕਰਦੇ ਹੋਏ ਨਾਮ ਬਾਣੀ ਦੀ ਸੱਚੀ ਸੁੱਚੀ ਘਾਲਣਾਂ ਘਾਲਦੇ ਹਨ।ਕਦੀ-ਕਦੀ ਏਦਾਂ ਵੀ ਹੁੰਦਾ ਹੈ ਕਿ ਸੰਤ ਬਾਬਾ ਇਕਬਾਲ ਸਿੰਘ ਜੀ ਵਰਗੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਟੱਲ ਹੁਕਮਾਂ ਅਨੁਸਾਰ ਇਲਾਹੀ ਬਾਣੀ ਦੇ ਸ਼ੁੱਧ ਉਚਾਰਣ ਅਤੇ ਨਿਰਧਾਰਿਤ ਰਾਗਾਂ ਵਿਚ ਗਾਏ ਜਾਣ ਵਾਲੇ ਗੁਰਮਤਿ ਸੰਗੀਤ ਦੇ ਵਿਦਿਆਲੇ ਖੋਲ੍ਹਣ ਦਾ ਉਪਰਾਲਾ ਕਰਨ ਲਈ ਆਪਣਾ ਜੀਵਨ ਸਮਰਪਤ ਕਰ ਦਿੰਦੇ ਹਨ ਅਤੇ ਸੰਤ ਅਤਰ ਸਿੰਘ ਜੀ ਅਤੇ ਸੰਤ ਤੇਜਾ ਸੰਘ ਜੀ ਦਾ ਸੁਪਨਾ ਸੱਚਾ ਕਰਨ ਲਈ ਥਾਂ-ਥਾਂ ਜਾ ਕੇ ਗੁਰਮਤਿ ਸੰਗੀਤ ਦੀਆਂ ਫੁਲਵਾੜੀਆਂ ਸਜਾ ਦਿੰਦੇ ਹਨ।ਮਾਸੂਮ ਬੱਚਿਆਂ ਰਾਹੀਂ ਧੁਰ ਕੀ ਬਾਣੀ ਰਾਹੀਂ ਨਿਰੰਕਾਰੀ ਜੋਤ ਦੇ ਚਾਨਣ ਦਾ ਮੀਂਹ ਵਰ੍ਹਾ ਕੇ ਆਤਮਿਕ ਅਵਸਥਾ ਵਾਲੇ ਜੀਵਾਂ ਨੂੰ **ਘਟਿ ਘਟਿ ਵਾਜਹਿ ਨਾਦ** ਦੀ ਜਾਣ ਪਛਾਣ ਕਰਵਾ ਦਿੰਦੇ ਹਨ।ਪ੍ਰੇਮ,ਵੈਰਾਗ,ਸ਼ਰਧਾ ਤੇ ਭਗਤੀ ਨਾਲ ਮਾਂਜੇ ਧੋਤੇ ਹੋਏ ਸੁੱਚੇ ਮਨਾ ਵਿਚ ਜਦੋਂ ਅੰਮ੍ਰਿਤ ਕੀਰਤਨ ਦੀਆਂ ਕਣੀਆਂ ਪੈਂਦੀਆਂ ਹਨ ਤਾਂ ਘਟਿ ਘਟਿ ਵਾਜਹਿ ਨਾਦੁ ਦੇ ਦ੍ਰਿਸ਼ਟਾਂਤ ਦਿਖਾਈ ਦਿੰਦੇ ਹਨ ਤੇ ਇਨ੍ਹਾਂ ਦ੍ਰਿਸ਼ਟਾਂਤਾਂ ਰਾਹੀਂ ਹੀ ਉਸ ਅਦ੍ਰਿਸ਼ਟ ਵਾਹਿਗੁਰੂ ਦੀ ਪਛਾਣ ਹੁੰਦੀ ਹੈ।

ਜਿਨ੍ਹਾਂ ਨੇ ਇਹ ਰੰਗ ਮਾਣੇ ਹਨ ਉਹ ਜਾਣਦੇ ਹਨ ਕਿ ਘਟਿ ਘਟਿ ਵਾਜਹਿ ਨਾਦੁ ਦੀਆਂ ਗੋਹਜ ਭਰੀਆਂ ਰਮਜਾਂ ਦੇ ਅਨੁਭਵ ਗੁਰੂ ਦੀ ਬਖਸ਼ਿਸ਼ ਨਾਲ ਹੀ ਪ੍ਰਾਪਤ ਹੁੰਦੇ ਹਨ ਤੇ ਫਿਰ ਸਾਡੀਆਂ ਸੁਰਤੀਆਂ ਦੁਨਿਆਵੀ ਮੰਡਲਾਂ ਦੀ ਕੈਦ ਵਿੱਚੋਂ ਨਿੱਕਲ ਕੇ ਨਾਦ ਯੋਗ ਦੀਆਂ ਉਡਾਰੀਆਂ ਮਾਰਦੀਆਂ ਹੋਈਆਂ ਉਥੇ ਪਹੁੰਚ ਜਾਂਦੀਆਂ ਹਨ,ਜਿੱਥੇ ਬਾਬੇ ਨਾਨਕ ਦੀ ਆਰਤੀ ਹੋ ਰਹੀ ਹੈ।ਚੰਦ ਸੂਰਜ ਦੇ ਦੀਵਿਆਂ ਅਤੇ ਡਲ੍ਹ ਡਲ੍ਹ ਕਰਦੇ ਤਾਰਿਆਂ ਨਾਲ ਭਰੇ ਗਗਨ ਰੂਪੀ ਥਾਲ ਉਤੇ ਪੌਣ ਚੌਰ ਝੁਲਾ ਰਹੀ ਹੈ।ਉਥੇ ਨਿਰੰਤਰ ਕਾਲ ਤੋਂ 'ਅਨਹਤਾ ਸਬਦ ਵਾਜੰਤ ਭੇਰੀ' ਦੇ ਸੁਰ ਵਿਸਮਾਦੀ ਤ੍ਰੰਗਾਂ ਦੀ ਵਾਛੜ ਬਣ ਕੇ ਵਰ੍ਹ ਰਹੇ ਹਨ।ਰੰਗ ਬ੍ਰੰਗੇ ਪ੍ਰਕਾਸ਼ ਦੇ ਨੂਰਾਨੀ ਬੱਦਲਾਂ ਦੀਆਂ ਘਨਘੋਰ ਘਟਾਵਾਂ ਵਿੱਚੋਂ ਰੰਗ ਬ੍ਰੰਗੇ ਸੁਰਾਂ ਦੀਆਂ ਰੰਗ ਬ੍ਰੰਗੀਆਂ ਰੰਗਦਾਰ ਬੂੰਦਾਂ ਨਾਲ ਸਾਰੇ ਖੰਡ ਬ੍ਰਹਮੰਡ ਸਰਸ਼ਾਰ ਹੋ ਰਹੇ ਹਨ।ਗੁਰਮੁੱਖਾਂ ਦੇ ਬ੍ਰਿਹੋਂ-ਬਾਣ ਸਹਿੰਦੇ ਪਪੀਹੇ-ਮਨ ਇਨ੍ਹਾਂ ਸੁਆਂਤ-ਬੂੰਦਾਂ ਨਾਲ ਰਸ ਰਸ ਕੇ ਠੰਡੇ ਠਾਰ ਹੋ ਰਹੇ ਹਨ।

**ਰੱਬ ਕਰੇ..!ਇਸ 'ਘਟਿ ਘਟਿ ਵਜਹਿ ਨਾਦ' ਦੀਆਂ ਧੁਨੀਆਂ ਦੀ ਬਖਸ਼ਿਸ਼ ਸਭ ਨੂੰ ਪ੍ਰਾਪਤ ਹੋਵੇ...ਤੇ ਫਿਰ ਕਦੀ ਕੋਈ ਧੁਰ ਕੀ ਬਾਣੀ ਵਿਚ ਕਮੀਆਂ ਹੋਣ ਦਾ ਭੁਲੇਖਾ ਖਾ ਕੇ ਇਸ ਨੂੰ ਸੋਧਣ ਦਾ ਹੀਆ ਨਾ ਕਰੇ...!**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਗਟ ਪ੍ਰਤਾਪ ਦੇਖ ਕੇ ਵਿਦੇਸ਼ੀ ਲੋਕਾਂ ਦੀ ਦਿਲਚਸਪੀ ਵਧ ਰਹੀ ਹੈ।ਕੈਨੇਡਾ,ਅਮਰੀਕਾ ਅਤੇ ਕਈ ਹੋਰ ਦੇਸ਼ਾਂ ਦੇ ਗੋਰੇ ਤੇ ਕਾਲੇ ਗੁਰਸਿੱਖ ਨਾਦ ਯੋਗ ਦੀ ਸਾਇੰਸ ਨੂੰ ਅਮਲ ਵਿਚ ਲਿਆ ਕੇ ਕੀਰਤਨ ਕਰਦੇ ਹਨ।ਇੰਗਲੈਂਡ ਵਿਚ ਪ੍ਰੋਫੈਸਰ ਸੁਰਿੰਦਰ ਸਿੰਘ ਜੀ ਅਦੁੱਤੀ ਸੇਵਾ ਨਿਭਾ ਰਹੇ ਹਨ।ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀ ਵਾਰ ਸਰੂਪ ਦੇ ਸ਼ੁੱਧ ਉਚਾਰਣ ਵਿੱਚ ਪ੍ਰਪੱਕ ਹੋ ਕੇ ਗੁਰ ਫੁਰਮਾਨਾਂ ਉਤੇ ਪੂਰੇ ਉਤਰਨ ਲਈ ਤੰਤੀ ਸਾਜਾਂ ਦੀ ਸੰਗਤ ਨਾਲ ਨਿਰਧਾਰਿਤ ਰਾਗਾਂ ਵਿਚ ਕੀਰਤਨ ਪ੍ਰਚਾਰ ਕਰ ਰਹੇ ਹਨ।ਉਨ੍ਹਾਂ ਦਾ ਇੰਟਰਨੈਟ ਰਾਹੀਂ ਤੰਤੀ ਸਾਜਾਂ ਨਾਲ ਗੁਰਮਤ ਸੰਗੀਤ ਸਿੱਖਿਆ ਦੇਣ ਦਾ ਢੰਗ ਵੀ ਕਾਮਯਾਬ ਹੋ ਰਿਹਾ ਹੈ।ਵਿਦੇਸ਼ਾਂ ਦੇ ਭੁੱਲੇ ਭੱਟਕੇ ਪ੍ਰਾਣੀਆਂ ਨੂੰ ਗੁਰਬਾਣੀ ਦੇ ਘਟਿ ਘਟਿ ਵਾਜਹਿ ਨਾਦ ਦੀਆਂ

ਅਨਹਦ ਧੁਨੀਆਂ ਨਾਲ ਅੰਤਰ ਆਤਮੇ ਠੰਡ ਪੈਣ ਦੇ ਅਨੁਭਵ ਕਰਵਾ ਰਹੇ ਹਨ।ਨਾਦ ਯੋਗ ਦੀ ਤ੍ਰੰਗ-ਸ਼ਕਤੀ ਨਾਲ,ਅੰਮ੍ਰਿਤ ਬਾਣੀ ਦੀ ਊਰਜਾ ਪ੍ਰਗਟ ਹੋਣ ਦੇ ਪ੍ਰਤੱਖ ਪ੍ਰਮਾਣ ਦੇਖ ਕੇ ਦੇਸ਼ਾਂ ਵਿਦੇਸ਼ਾਂ ਵਿਚ ਹਜਾਰਾਂ ਵਿਦਿਆਰਥੀ ਰਾਜ ਅਕੈਡਮੀ ਤੋਂ ਲਾਭ ਪ੍ਰਾਪਤ ਕਰ ਰਹੇ ਹਨ।ਇੰਟਰਨੈਟ ਅਤੇ ਟੈਲੀਵੀਜਨ ਰਾਹੀਂ ਪ੍ਰੋ: ਸੁਰਿੰਦਰ ਸਿੰਘ ਜੀ ਦੇ ਗੁਰਮਤਿ ਸੰਗੀਤ ਦੇ ਪਰਚਾਰ ਦਾ ਯਤਨ ਸ਼ਲਾਘਾ ਯੋਗ ਹੈ।ਨਾਦ ਯੋਗ ਦੀ ਸਾਇੰਸ ਨੂੰ ਸਮਝਣ ਵਾਲੇ ਗੁਰਮੁੱਖ ਪਿਆਰੇ ਜਾਣਦੇ ਹਨ ਕਿ **ਬਾਣੀ ਦੇ ਹਰ ਅੱਖਰ ਅਤੇ ਲਗਾਂ-ਮਾਤਰਾਂ ਦੇ ਉਚਾਰਣ ਵਿਚ,ਨਾਦ ਯੋਗ ਦੀ ਭਰਪੂਰ ਸ਼ਕਤੀ ਨਾਲ ਇਲਾਹੀ ਰੰਗ ਰਸ ਦੀ ਬਣਤਰ ਛੁਪੀ ਹੋਈ ਹੈ**।ਉਨ੍ਹਾਂ ਨੇ ਅਨੁਭਵ ਕੀਤਾ ਹੋਇਆ ਹੁੰਦਾ ਹੈ ਕਿ ਗੁਰਬਾਣੀ ਵਿਚ **ਘਟਿ ਘਟਿ ਵਾਜਹਿ ਨਾਦ** ਦੀ ਪਾਰਸ ਕਲਾ ਛੁਪੀ ਹੋਈ ਹੈ।ਇਸ ਲਈ ਉਹ ਗੁਰਬਾਣੀ ਦਾ ਸ਼ੁੱਧ ਉਚਾਰਣ ਕਰਦੇ ਹਨ।ਭੁੱਲ ਕੇ ਵੀ ਧੁਰ ਕੀ ਬਾਣੀ ਦੇ ਉਚਾਰਣ ਵਿਚ ਫਰਕ ਨਹੀਂ ਪੈਣ ਦਿੰਦੇ।

**********************

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦਰਸ਼ਨ

ਦੁਨੀਆਂ ਦੇ ਸਾਰੇ ਧਰਮ ਗ੍ਰੰਥ ਸਤਿਕਾਰ ਯੋਗ ਹਨ,ਪੂਜਣ ਯੋਗ ਹਨ ਪਰ ਭਾਰਤ ਦੀ ਸੁਪਰੀਮ ਕੋਰਟ ਦੁਨੀਆਂ ਨੂੰ ਇਹ ਫੈਸਲਾ ਸੁਣਾ ਚੁੱਕੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੂਜੇ ਧਰਮਾਂ ਦੇ ਧਰਮ ਗ੍ਰੰਥਾਂ ਵਾਂਗ ਇਕ ਧਰਮ ਗ੍ਰੰਥ ਹੀ ਨਹੀਂ ਹੈ ਸਗੋਂ ਸਿੱਖਾਂ ਲਈ ਅਤੇ ਨਾਨ ਸਿੱਖਾਂ ਲਈ ਇਕ ਜੀਉਂਦੀ ਜਾਗਦੀ ਸ਼ਖਸੀਅਤ ਹੈ,-

> In a judgment entitled Shiromani Gurdwara Parbandhak Committee Amritsar v. Som Nath Dass and others[1] delivered on March 29, 2000, the Supreme Court of India has held that Sri Guru Granth Sahib is a juristic person.... The Court held categorically that Guru Granth Sahib could not be equated with an idol, as idol worship is contrary to the Sikh principles. Thus, it clearly maintains and upholds the separate, unique and independent

identity of Sikhism. It was held that no doubt, the Sikh scripture is a sacred book but it cannot be equated with the sacred books of other religions as the reverence of Guru Granth Sahib is based on different conceptual faith, belief and application. It is the living and eternal Guru of Sikhs. Before referring to the arguments of the parties, the Court examined the Sikh history and principles to hold Guru Granth Sahib a juristic person. It noted, "Sikhism grew because of the vibrating divinity of Guru Nanak ji and the succeeding Gurus, and the wealth of all their teachings is contained in 'Guru Granth Sahib'. The last of the living Gurus was Guru Gobind Singh ji who recorded the sanctity of 'Guru Granth Sahib' and gave it the recognition of a living Guru. Thereafter it remained not only a sacred book but is reckoned as a living Guru."[22]
AIR 1973 P&H 470[22] para 1.

ਕਹਿੰਦੇ ਨੇ, ਸ੍ਰੀ ਗੁਰੂ ਨਾਨਾਕ ਦੇਵ ਜੀ ਦੇ ਸਮੇ ਉਨ੍ਹਾਂ ਨੂੰ ਵੀ ਕੁਝ ਲੋਕ 'ਕੁਰਾਹੀਆ' ਕਹਿੰਦੇ ਸਨ।ਦੁਨੀਆਂ ਭਰ ਦੇ ਇਤਿਹਾਸ ਵਿਚ ਗੁਰੂਆਂ ਪੀਰਾਂ ਅਤੇ ਭਗਤਾਂ ਦੇ ਜੀਵਨ ਕਾਲ ਸਮੇਂ, ਸਾਰੇ ਲੋਕਾਂ ਨੇ ਉਨ੍ਹਾਂ ਨੂੰ ਪਛਾਣਿਆ ਨਹੀਂ ਸੀ।ਉਨ੍ਹਾਂ ਦੀ ਅਸਲੀ ਪਛਾਣ ਵਿਰਲਿਆਂ ਨੂੰ ਹੀ ਹੁੰਦੀ ਸੀ।

ਰਵਿਦਾਸ ਜੀ ਨੂੰ ਕਿੰਨੇ ਕੁ ਲੋਕਾਂ ਨੇ ਪਛਾਣਿਆਂ ਸੀ? ਬ੍ਰਾਹਮਣ ਨੇ ਗੰਗਾ ਮਈਆ ਵਲੋਂ ਭੇਜਿਆ ਹੋਇਆ ਕੰਗਣ ਰਵਿਦਾਸ ਜੀ ਨੂੰ ਦੇਣ ਦੀ ਥਾਂ ਆਪ ਹੀ ਵੇਚ ਵੱਟ ਕੇ ਖਾ ਲਿਆ ਪਰ ਉਹੀ ਕੰਗਣ ਜਦੋਂ ਰਾਜੇ ਕੋਲ ਪਹੁੰਚਿਆ ਤਾਂ ਰਾਜਾ ਉਸਦੇ ਨਾਲ ਦਾ ਕੰਗਣ ਲੈਣ ਲਈ ਰਵਿਦਾਸ

ਕੋਲ ਪਹੁੰਚ ਗਿਆ। ਰਵਿਦਾਸ ਜੀ ਨੇ ਆਪਣੀ ਜੁੱਤੀਆਂ ਗੰਢਣ ਵਾਲੀ ਕੁੰਨੀ (ਪਾਣੀ ਵਾਲਾ ਭਾਂਡਾ ਜਿਸ ਵਿਚ ਚਮੜਾ ਭਿਓਂ ਕੇ ਜੁੱਤੀਆਂ ਗੰਢਣ ਦਾ ਕੰਮ ਕੀਤਾ ਜਾਂਦਾ ਹੈ) ਵਿਚੋਂ ਹੀ ਗੰਗਾ ਮਈਆ ਵਿਚ ਰੁੜ੍ਹੇ ਜਾਂਦੇ ਅਨੇਕਾਂ ਕੰਗਣ ਦਿਖਾਉਣ ਦਾ ਅਨੁਭਵ ਕਰਵਾ ਕੇ ਰਾਜੇ ਨੂੰ ਆਪਣਾ ਮੁਰੀਦ ਬਣਾ ਲਿਆ। ਰਾਣੀ ਮੀਰਾ ਨੇ ਰਵਿਦਾਸ ਨੂੰ ਪਛਾਣਿਆ। ਬਾਕੀ ਸਾਰੇ ਉਸ ਕੋਲੋਂ ਜੁੱਤੀਆਂ ਹੀ ਗੰਢਵਾਉਂਦੇ ਰਹੇ।

ਧਰਮ ਦੀ ਆੜ ਵਿਚ ਜੁਲਮ ਢਾਹੁਣ ਵਾਲੇ ਮੁਸਲਿਮ ਹਾਕਮ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣ ਕੇ ਸ਼ਹੀਦ ਕੀਤਾ ਪਰ ਟੋਡਰ ਮੱਲ ਨੇ ਸਾਹਿਬਜ਼ਾਦਿਆ ਦਾ ਸਸਕਾਰ ਕਰਨ ਲਈ ਸੋਨੇ ਦੀਆਂ ਮੋਹਰਾਂ ਵਿਛਾ ਕੇ ਜਮੀਨ ਖਰੀਦੀ। ਕੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਜਾਨ ਦੇ ਵੈਰੀਆਂ ਨੇ ਗੁਰੂ ਜੀ ਨਾਲ ਵੈਰ ਕਮਾਉਣ ਦੀ ਕੋਈ ਕਸਰ ਛੱਡੀ? ਪਰ ਜਦੋਂ ਕਦੀ ਕਿਸੇ ਵੈਰੀਆਂ ਵਲੋਂ ਛੱਡੇ ਹੋਏ ਜਾਸੂਸ ਨੂੰ ਵੀ ਗੁਰੂ ਜੀ ਦੀ ਪਛਾਣ ਹੋ ਗਈ ਤਾਂ ਉਹ ਫਿਰ ਗੁਰੂ ਜੀ ਦਾ ਹੀ ਹੋ ਗਿਆ। ਤੇ ਫਿਰ ਉਹ ਮੁਗਲ ਬਾਦਸ਼ਾਹਾਂ ਨੂੰ ਵੀ ਸੁਨੇਹੇ ਭੇਜਣ ਲੱਗਿਆ ਕਿ ਉਹ ਵੀ ਗੁਰੂ ਜੀ ਨਾਲ ਵੈਰ ਕਰਨਾ ਛੱਡ ਦੇਣ ਅਤੇ ਆ ਕੇ ਗੁਰੂ ਜੀ ਦੇ ਪੈਰੀਂ ਪੈ ਜਾਣ।

ਇਸੇ ਤਰ੍ਹਾਂ ਹੀ ਇਸ ਵੇਲੇ ਵੀ,ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੁਰਗੱਦੀ ਉਪਰ ਬਿਰਾਜਮਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਨਿਰੰਕਾਰੀ ਜੋਤ ਦੇ ਸਰੂਪ ਵਿਚ ਜਗ ਮਗਾ ਰਹੇ ਹਨ। ਗਿਆਰਵੀਂ ਪਾਤਿਸ਼ਾਹੀ ਦੇ ਸਰੂਪ ਵਿਚ ਦਸੋ ਪਾਤਿਸ਼ਾਹੀਆਂ ਅਤੇ ਭਗਤ ਸਾਡੇ ਸਾਹਮਣੇ ਬਿਰਾਜਮਾਨ ਹਨ। ਪਰ ਇਸ ਨੂਰ ਦੇ ਦਰਸ਼ਨਾਂ ਦੇ ਅਨੁਭਵ ਕਿਸੇ ਭਾਗਾਂ ਵਾਲੇ ਨੂੰ ਹੀ ਹੁੰਦੇ ਹੈ।

ਮਿਸਾਲ ਦੇ ਤੌਰ ‘ਤੇ **ਬਾਬਾ ਨੰਦ ਸਿੰਘ ਜੀ** ਨੂੰ ੬ ਸਾਲ ਦੀ ਉਮਰ ਵਿਚ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦਰਸ਼ਨਾ ਨੇ ਇਸ ਤਰ੍ਹਾਂ ਖਿੱਚਿਆ ਕਿ ਉਹ ਕਦੀ ਵੀ ਸਤਿਗੁਰਾਂ ਵਲ ਪਿੱਠ ਨਹੀਂ ਸੀ ਕਰਦੇ। ਉਨ੍ਹਾਂ ਨੇ ਸਾਰਾ ਜੀਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦਰਸ਼ਨਾ ਦੇ ਅਨੁਭਵ ਕਰਦਿਆਂ ਗੁਜਾਰਿਆ।

ਸੰਤ ਤੇਜਾ ਸਿੰਘ ਜੀ ਦੀ ਜੀਵਨੀ ਵਿਚ ਲਿਖਿਆ ਹੋਇਆ ਹੈ- “ਗੁਰਮੁਖ ਪਿਆਰੇ ਸੰਤ ਅਤਰ ਸਿੰਘ ਜੀ ਦੇ ਅਨਿੰਨ ਸੇਵਕ **ਸੰਤ ਤੇਜਾ ਸਿੰਘ ਜੀ** ਐਮ.ਏ.ਐਲ.ਐਲ.ਬੀ.(ਪੰਜਾਬ),ਐਮ.ਏ.(ਹਰਵਰਡ ਅਮਰੀਕਾ)ਨੂੰ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਦੁੱਤੀ ਹਸਤੀ ਦੀ ਪਛਾਣ ਨਹੀਂ ਸੀ ਤਾਂ ਉਦੋਂ ਉਹ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਨੂੰ ਮੱਥਾ ਵੀ ਨਹੀਂ ਸੀ ਟੇਕਦੇ ਪਰ ਉਨ੍ਹਾਂ ਦੇ ਦੈਵੀ ਗੁਣਾਂ ਵਾਲੇ ਸੁਭਾ ਕਾਰਨ ਜਦੋਂ ਉਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਗਿਆਰਵੀਂ ਪਾਤਿਸ਼ਾਹੀ ਦੇ ਸਰੂਪ ਵਿਚ ਪ੍ਰਗਟ ਹੋਏ ਤਾਂ ਉਸ ਅਨੁਭਵ ਦਾ ਜ਼ਿਕਰ ਉਹ ਆਪਣੀ ਕਲਮ ਤੋਂ ਲਿਖੀ ਆਪਣੀ ਜੀਵਨ ਕਥਾ ਵਿਚ ਇਸ ਤਰ੍ਹਾਂ ਬਿਆਨ ਕਰਦੇ ਹਨ,- “ਨਿਸ਼ਕਾਮ ਸੇਵਾ ਕਰਦਿਆਂ ਮਨ ਰੂਪੀ ਭਾਂਡਾ ਕੁਝ ਮਾਂਜਿਆ ਗਿਆ ਅਤੇ ਰੱਬੀ ਬਾਣੀ ਦੀ

ਅਕਰਸ਼ਨ ਸ਼ਕਤੀ(Magnetic Power)ਨੇ ਆਪਣਾ ਅਸਰ ਕਰਨਾ ਸ਼ੁਰੂ ਕਰ ਦਿੱਤਾ,ਸਰੀਰ ਜਿਹੜਾ ਕਿ ਮੱਥਾ ਟੇਕਣ ਤੋਂ ਵੀ ਮੁਨਕਰ ਸੀ,ਉਹ ਜਿੱਥੇ ਵੀ ਰੱਬੀ ਕੀਰਤਨ ਹੁੰਦਾ,ਖਿਚਿਆ ਹੋਇਆ,ਉਸੇ ਪਾਸੇ ਹੀ ਤੁਰਿਆ ਜਾਂਦਾ,ਜਿਸ ਤਰ੍ਹਾਂ ਲੋਹੇ ਨੂੰ ਮਿਕਨਾਤੀਸ ਖਿੱਚ ਲੈਂਦਾ ਹੈ,ਦਾਸ ਦੇ ਸਰੀਰ ਨੂੰ ਗੁਰਬਾਣੀ ਦੀ Magnetic power ਖਿੱਚ ਲੈਂਦੀ।ਆਖਰ ਇਹ ਦਸ਼ਾ ਆ ਗਈ,ਜਦ ਅਰਦਾਸ ਦਾ ਭੋਗ "ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬਤ ਦਾ ਭਲਾ"ਤੇ ਪੈਂਦਾ ਤਦ ਦਾਸ ਵਾਸਤੇ ਸਾਰੀ ਦੁਨੀਆਂ ਫਨਾਹ ਹੋ ਜਾਂਦੀ ਅਤੇ ਦਾਸ ਮੱਥੇ ਭਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਹਜੂਰ ਡਿਗ ਪੈਂਦਾ ਅਤੇ ਭੁਚੰਗੀ ਸਿੰਘ ਫੜ ਲੈਂਦੇ ਤੇ ਡਿਗਣ ਨਾ ਦਿੰਦੇ,ਹੌਲੀ ਹੌਲੀ ਮੱਥਾ ਟਿਕਾ ਦਿੰਦੇ।

ਇਸ ਮਸਤਾਨੀ ਦਸ਼ਾ ਵਿਚ ਦਾਸ ਨੂੰ ਦੇਖ ਕੇ ਭਾਈ ਮਨੀ ਸਿੰਘ ਜੀ ਜਿਹੜੇ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਸ਼ਰਧਾਲੂ ਸਨ,ਦਾਸ ਪਾਸ ਆਏ ਅਤੇ ਆਖਿਆ,-"ਤੁਸੀਂ ਕੋਈ ਡਾਕਟਰ ਅਥਵਾ ਸੰਤ ਲੱਭੋ,ਜਿਹੜਾ ਤੁਹਾਡੇ ਇਸ ਕਰਮ ਦਾ ਇਲਾਜ ਕਰੇ।"ਦਾਸ ਨੇ ਜਵਾਬ ਦਿੱਤਾ,-"ਦਾਸ ਨੂੰ ਸੰਤ ਅਸੰਤ ਦੀ ਸੋਝੀ ਨਹੀਂ,ਜਿਥੇ ਸਤਿਗੁਰੂ ਸੱਚੇ ਪਾਤਿਸ਼ਾਹ ਲੈ ਜਾਣਗੇ,ਉਥੇ ਦਾਸ ਚਲੇ ਜਾਵੇਗਾ।"

ਇਸ ਬਚਨ ਬਿਲਾਸ ਦੇ ਦੋ ਕੁ ਦਿਨ ਮਗਰੋਂ ਦਾਸ ਨੇ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦਾ ਆਪਣੇ ਕੁਵਾਟਰ ਵਿਚ ਪ੍ਰਕਾਸ਼ ਕਰ ਲਿਆ,ਜਦ ਪਹਿਲੇ ਦਿਨ ਬੀੜ ਖੁਲ੍ਹੀ ਤਦ ਕੁਦਰਤੀ ਸੋਰਠਿ ਰਾਗ ਅਰੰਭ ਹੋਇਆ,(ਦਾਸ ਅਜੇ ਮਰਿਯਾਦਾ ਵਿਚ ਨਹੀਂ ਸੀ ਆਇਆ,ਖੁਲ੍ਹਾ ਘੋੜ ਚੜ੍ਹਾ ਸੀ) ਇਥੋਂ ਪਾਠ ਅਰੰਭ ਕਰ ਦਿੱਤਾ।ਪਿਆਰੇ **ਪਾਠਕ ਜੀ!ਦਾਸ ਬੀ. ਏ. ਵਿਚ Chemistry ਵਿਚ ਫਸਟ ਰਿਹਾ।ਸੋ ਆਪਣੇ ਵਿਦਿਆ ਦੇ ਤਜਰਬੇ ਦੇ ਅਧਾਰ 'ਤੇ ਦਾਸ ਨੇ ਪ੍ਰਤੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰੂਹਾਨੀ ਬਾਣੀ ਦੀ ਖਿੱਚ ਪ੍ਰਤੀਤ ਕੀਤੀ।ਮਨ ਦੇ ਵਹਿਨ Hallucination ਕਰਕੇ ਨਹੀਂ।ਸਗੋਂ ਸਚਮੁਚ ਸਰੀਰਕ (Physical) ਤੌਰ 'ਤੇ ਦਾਸ ਦੇ ਸੀਸ ਨੂੰ ਗੁਰਬਾਣੀ ਦੀ ਅਕਰਸ਼ਨ ਸ਼ਕਤੀ( Magnet power) ਇਸ ਤਰ੍ਹਾਂ ਖਿੱਚ ਲੈਂਦੀ, ਜਿਸ ਤਰ੍ਹਾਂ ਲੋਹੇ ਦੇ ਇਕ ਟੁਕੜੇ ਨੂੰ ਇਕ Magnet। ਦਾਸ ਦਾ ਸੀਸ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਨਾਲ ਜੁੜ ਜਾਂਦਾ। ਅਤੇ ਬਹੁਤ ਸਾਰਾ ਚਿਰ ਹਰ ਰੋਜ ਇਹ ਦਸ਼ਾ ਰਹਿੰਦੀ।**

ਇਨ੍ਹਾਂ ਦਿਨਾਂ ਵਿਚ ਦਾਸ ਨੂੰ ਰੱਬੀ ਅਥਵਾ Spiritual experience ਹੋਇਆ।ਦਾਸ ਦੇ ਗ੍ਰਹਿ ਵਿਚ ਰਹਿਣ ਵਾਲੇ ਵਾਰੀ ਵਾਰੀ ਪਾਠ ਅਤੇ ਅਰਦਾਸ ਕਰਦੇ।ਇਕ ਦਿਨ ਦਾਸ ਦੀ ਮਾਤਾ ਜੀ ਦੀ ਵਾਰੀ ਆਈ,ਦਾਸ ਨੇ ਮਾਤਾ ਜੀ ਅੱਗੇ ਅਰਦਾਸ ਕਰਨ ਲਈ ਬੇਨਤੀ ਕੀਤੀ।ਮਾਤਾ ਜੀ ਨੇ ਆਖਿਆ;-"ਪੁੱਤ ਮੈਨੂੰ ਤਾਂ ਅਰਦਾਸ ਕੰਠ ਨਹੀਂ।"ਦਾਸ ਅਜੇ ਮਰਿਯਾਦਾ ਤੋਂ ਬਾਹਰ ਸੀ, ਬੇਨਤੀ ਕੀਤੀ,"ਮਾਤਾ ਜੀ! ਜਿਵੇਂ ਆਉਂਦੀ ਹੈ ਬੇਨਤੀ ਕਰ ਲਵੋ।"ਗੁਰਮੁਖ ਭੋਲੀ ਮਾਤਾ ਜੀ ਨੇ ਬਚਨ ਮੰਨ ਲਏ ਅਤੇ ਦਸਾਂ ਪਾਤਿਸ਼ਾਹੀਆਂ ਦਾ ਨਾਮ ਲਏ

ਬਿਨਾ ਅਰਦਾਸ ਕਰ ਦਿੱਤੀ।ਜਿਸ ਵੇਲੇ ਮਾਤਾ ਜੀ ਦੀ ਅਰਦਾਸ ਦੀ ਸਮਾਪਤੀ ਹੋਈ ਦਾਸ ਚੌਫਾਲ ਸੁਹਾਗੇ ਵਤਿ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿਚ ਮੱਥੇ ਦੇ ਭਾਰ ਡਿੱਗ ਪਿਆ।**ਜਦ ਤੀਕਰ telegraphically ਦਾਸ ਦੇ ਹਿਰਦੇ ਵਿਚੋਂ ਦਸਾਂ ਪਾਤਿਸ਼ਾਹੀਆਂ ਦੇ ਨਾਵਾਂ ਦੀ ਲੜੀ ਨਹੀਂ ਨਿਕਲੀ,ਖੜ੍ਹਾ ਨਹੀਂ ਹੋ ਸਕਿਆ।ਸਤਿਗੁਰੂ ਸੱਚੇ ਪਾਤਿਸ਼ਾਹ ਨੇ Spiritual ਅਨੁਭਵ ਕਰਵਾ ਦਿੱਤਾ ਕਿ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ, ਉਥੇ ਦਸੇ ਪਾਤਿਸ਼ਾਹੀਆਂ ਹਾਜ਼ਰ ਨਾਜ਼ਰ ਹਨ।"**

ਸੰਤ ਤੇਜਾ ਸਿੰਘ ਜੀ ਦੀ ਇਸ ਹੱਡ ਬੀਤੀ ਨੂੰ ਪੜ੍ਹ ਕੇ ਯਕੀਨ ਹੋ ਜਾਂਦਾ ਹੈ ਕਿ ਦੁਨੀਆਂ ਭਰ ਦੇ ਸਾਰੇ ਪਵਿੱਤਰ ਧਰਮ ਗ੍ਰੰਥ ਸਤਿਕਾਰ ਯੋਗ ਹਨ,ਪੂਜਣ ਯੋਗ ਹਨ ਪਰ ਉਹ ਗੁਰੂਆਂ ਪੀਰਾਂ ਦੀਆਂ ਪੂਜਣ ਯੋਗ ਰਚਨਾਵਾਂ ਹੀ ਹਨ।ਉਨ੍ਹਾਂ ਵਿਚੋਂ **ਕਿਸੇ ਧਰਮ ਗ੍ਰੰਥ ਨੂੰ ਵੀ ਜੋਤ ਸਰੂਪ ਹੋਣ ਦਾ ਵਰਦਾਨ ਦੇ ਕੇ ਸਦੀਵੀ ਜੀਊਣ ਵਾਲਿਆਂ ਦੇ ਇਲਾਹੀ ਤਖਤ ਉਤੇ ਬਿਰਾਜਮਾਨ ਹੋਣ ਦਾ ਅਵਸਰ ਪ੍ਰਾਪਤ ਨਹੀਂ ਹੈ।** ਸਿਰਫ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਮਹਾਰਾਜ ਹੀ ਹਨ ਜਿਸ ਦੀ ਸ਼ਰਣ ਵਿਚ ਡਿਗਦਿਆਂ ਹੀ ਸੰਤ ਤੇਜਾ ਸਿੰਘ ਜੀ ਵਰਗੇ ਇਲਾਹੀ ਤਖਤ ਉਤੇ ਬਿਰਾਜਣ ਵਾਲਿਆਂ ਦੀਆਂ ਸ਼ਖਸੀਅਤਾਂ ਨਾਲ ਜੁੜਨ ਦਾ ਅਨੁਭਵ ਕਰਦੇ ਹਨ।ਜਦ ਤਕ **telegraphically ਉਨ੍ਹਾਂ ਦੇ ਹਿਰਦੇ ਵਿਚੋਂ ਦਸਾਂ ਪਾਤਿਸ਼ਾਹੀਆਂ ਦੇ ਨਾਵਾਂ ਦੀ ਲੜੀ ਨਿਕਲ** ਨਹੀਂ ਜਾਂਦੀ, ਉਨ੍ਹਾਂ ਦਾ ਮੱਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਨਾਲ ਜੁੜਿਆ ਰਹਿੰਦਾ ਹੈ।ਜਿਵੇਂ ਲੋਹਾ ਚੁੰਬਕ ਨਾਲ ਜੁੜਦਾ ਹੈ ਉਸੇ ਤਰ੍ਹਾਂ ਹੀ ਉਹ ਵੀ ਮਿਕਨਾਤੀਸੀ ਖਿੱਚ ਨਾਲ ਗੁਰੂ ਚਰਨਾ ਨਾਲ ਜੁੜੇ ਰਹਿੰਦੇ ਹਨ।

***

**ਇਕ ਹਲਕੀ ਉਮਰ ਦੇ ਸਿੰਘ** ਦੀ ਉਦ੍ਹਾਰਣ ਪੇਸ਼ ਹੈ।ਉਹ ਪਿਛਲੇ ਜਨਮਾਂ ਦੀ ਕਮਾਈ ਕਰਕੇ,ਬਚਪਨ ਤੋਂ ਹੀ ਇਲਾਹੀ ਮੰਡਲਾਂ ਦੀਆਂ ਬਖਸ਼ਿਸ਼ਾਂ ਦਾ ਅਨੁਭਵ ਕਰਦਾ ਆ ਰਿਹਾ ਹੈ ਤੇ ਇਸ ਵੇਲੇ ਵੀ ਉਹ ਅੰਤ੍ਰ-ਆਤਮੇ ਪੂਰਨ ਸ਼ਾਂਤੀ ਦੀ ਅਵੱਸਥਾ ਨੂੰ ਪ੍ਰਾਪਤ ਹੈ ਪਰ ਲੋਕਾਂ ਦੀਆਂ ਨਜਰਾਂ ਵਿਚ ਆਮ ਬੰਦਿਆਂ ਵਾਂਗ ਹੀ ਵਿਚਰਦਾ ਹੈ।ਇਕ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਜਾਗਦੀ ਜੋਤ ਦੇ ਰੂਪ ਵਿਚ ਦੇਖਣ ਦੀ ਹੱਡ ਬੀਤੀ ਸੁਣਾਉਂਦਿਆਂ ਉਸ ਨੇ ਪ੍ਰੇਮ ਭਿੱਜੀ ਅਵਾਜ਼ ਵਿਚ ਦੱਸਿਆ ਕਿ ਇਕ ਵਾਰੀ ਉਹ ਦੋਦੜੇ ਪਿੰਡ ਵਿਚ ਸਮਾਗਮ ਅਟੈਂਡ ਕਰਦਾ ਹੋਇਆ ਨਾਮ ਬਾਣੀ ਦੇ ਪ੍ਰਵਾਹ ਵਿਚ ਰੰਗਿਆ ਗਿਆ।ਕੀਰਤਨ ਦੀਆਂ ਘੂੰਮਰਾਂ ਵਿਚ ਜਦੋਂ ਉਸਦੀ ਸੁਰਤੀ ਪੂਰੀ ਤਰ੍ਹਾਂ ਚੜ੍ਹੀ ਹੋਈ ਸੀ ਤਾਂ ਉਸ ਨੇ ਖੁੱਲ੍ਹੀਆਂ ਅੱਖੀਆਂ ਨਾਲ ਦੇਖਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਉਪਰ ਪ੍ਰਕਾਸ਼ ਹੀ ਪ੍ਰਕਾਸ਼ ਹੈ ਅਤੇ ਉਸੇ ਪ੍ਰਕਾਸ਼ ਵਿਚੋਂ ਹੀ ਪ੍ਰਕਾਸ਼ ਦੇ ਗੋਲੇ ਨਿੱਕਲ ਨਿੱਕਲ ਕੇ ਸੰਗਤਾਂ ਉਤੇ ਆ ਕੇ ਬਰਸ ਰਹੇ ਹਨ।ਏਨੀ ਗੱਲ ਕਹਿ ਕੇ ਉਸ ਪ੍ਰੇਮ-ਵੱਸ ਹੋਈ ਜਿੰਦੜੀ ਦਾ ਗੱਚ ਭਰ ਗਿਆ,ਉਸਤੋਂ ਬੋਲਿਆ ਨਾ ਜਾਵੇ।ਉਸਦੀਆਂ

ਅੱਖੀਆਂ ਮੀਟੀਆਂ ਗਈਆਂ ਤੇ ਉਹ ਰੁਕਦੀ ਹੋਈ ਆਵਾਜ਼ ਵਿਚ ਸ਼ਬਦ ਪੜ੍ਹਨ ਲੱਗ ਪਿਆ-

**ਸਾਧ ਸੰਗਤ ਅਸਥਾਨ ਜਗ ਮਗ ਨੂਰ ਹੈ॥**

ਇਸ ਸ਼ਬਦ ਦੀਆਂ ਦੋ ਤੁਕਾਂ ਪੜ੍ਹਨ ਪਿਛੋਂ ਉਸਨੇ ਵੈਰਾਗ-ਮਈ ਹਿਰਦੇ ਵ੍ਹਿੰਨੀ ਅਵਾਜ਼ ਵਿਚ ਜੋਦੜੀ ਕਰਨੀ ਸ਼ੁਰੂ ਕਰ ਦਿੱਤੀ -

**ਸਭਿ ਸੁਹਾਗਣਿ ਮਾਣਹਿ ਰਲੀਆ ਇਕ ਦੇਵਹੁ ਰਾਤਿ ਮੁਰਾਰੀ ॥**

(ਪੰਨਾ ੯੫੯)

'ਜਗ ਮਗ ਨੂਰ ਹੈ' ਵਾਲੀ ਘੜੀ ਨੂੰ ਯਾਦ ਕਰ ਕੇ ਉਸ ਨੇ ਆਪਣੇ ਮੁਰਾਰੀ-ਪ੍ਰੀਤਮ ਕੋਲੋਂ ਉਸ ਇਲਾਹੀ ਨੂਰ ਦੀ ਬਰਸਾਤ ਵਾਲੀ ਰਾਤ ਦੇ ਪਰਮ-ਅਨੰਦ ਲਈ ਪਪੀਹੇ ਵਾਲੀ ਕੂਕ-ਪੁਕਾਰ ਕੀਤੀ।ਅੱਗੋਂ ਭਗਤਾਂ ਦੀਆਂ ਮੰਗਾਂ ਪੂਰੀਆਂ ਕਰਨ ਵਾਲੇ ਨੇ ਇਕ ਘੜੀ ਵੀ ਨਾ ਲਾਈ ਤੇ ਉਸ ਨੂੰ ਉਸੇ ਰੰਗ ਵਿਚ ਹੀ ਡੁਬੋ ਦਿੱਤਾ।ਫਿਰ ਕੀ ਸੀ..? ਅਨੰਦ ਸਾਗਰਾਂ ਵਿਚ ਤਾਰੀਆਂ ਲਾਉਣ ਵਾਲੇ ਕੋਲ ਕੁਝ ਦੱਸਣ ਦੀ ਹਿੰਮਤ ਹੀ ਨਾ ਰਹੀ।ਉਹ ਜਾ ਪਹੁੰਚਾ ਇਲਾਹੀ ਮੰਡਲਾਂ ਦੇ ਬੇਗਮ ਪੁਰੇ ਵਿਚ...।ਭਿੱਜਣ ਲੱਗਿਆ... ਇਲਾਹੀ ਪ੍ਰਕਾਸ਼ ਦੇ ਰੰਗ-ਰਸ ਦੀਆਂ ਫੁਹਾਰਾਂ ਵਿਚ....।ਗੜੁੰਦ ਹੋ ਗਿਆ ਆਪਣੇ ਮੁਰਾਰੀ ਪ੍ਰੀਤਮ ਦੇ ਮੇਲ-ਮਿਲਾਪ ਵਾਲੀ ਰਾਤ ਦਾ ਅਨੰਦ ਮਾਣਦਾ ਹੋਇਆ....।ਤੇ ਫਿਰ ਪੁੱਛਣ ਵਾਲੇ ਦਾ ਵੀ ਹੌਸਲਾ ਨਾ ਪਿਆ ਕਿ ਉਹ ਪ੍ਰੇਮ-ਮੁਗਧ ਹੋਏ ਸਿੰਘ ਦੀ ਸੁਰਤੀ ਉਖਾੜੇ.......।

***

ਦੁਨੀਆਂ ਭਰ ਵਿਚ ਮੰਨੇਂ ਪ੍ਰਮੰਨੇਂ ਸਾਇੰਸਦਾਨ **ਵਾਸੂ ਭਾਰਦਵਾਜ** ਦੇ ਇਲਾਜ ਲਈ ਡਾਕਟਰਾਂ ਨੇ ਸਾਰੀ ਵਾਹ ਲਗਾ ਲਈ ਪਰ ਉਸਦੇ ਬਚਣ ਦੀ ਕੋਈ ਉਮੀਦ ਨਾ ਰਹੀ।ਤਦ ਉਸਨੇ ਹਰਿਮੰਦਰ ਸਾਹਿਬ ਜਾ ਕੇ ਸ੍ਰੀ ਅਖੰਡ ਪਾਠ ਸਾਹਿਬ ਦੀ ਬਾਣੀ ਸੁਣੀ।ਗੁਰੂ ਜੀ ਦੀ ਸ਼ਰਣ ਵਿਚ ਬੈਠੇ ਹੋਏ ਨੇ ਦੇਖਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਦੂਧੀਆ ਰੰਗ ਦੀ ਜੋਤ ਪ੍ਰਗਟ ਹੋਈ ਤੇ ਉਸਦੇ ਕੰਨ ਰਾਹੀ ਪ੍ਰਵੇਸ਼ ਹੋ ਕੇ ਕੈਂਸਰ ਵਾਲੀ ਥਾਂ ਉਤੇ ਪਹੁੰਚੀ ਤੇ ਉਸਨੂੰ ਨਵਾਂ ਨਰੋਆ ਕਰ ਗਈ।ਦੇਸ਼ ਵਿਦੇਸ਼ ਦੇ ਡਾਕਟਰਾਂ ਅਤੇ ਸਾਇੰਸਦਾਨਾ ਲਈ ਇਹ ਅਸਚਰਜ ਕਹਾਣੀ ਇਕ ਚਰਚਾ ਦਾ ਵਿਸ਼ਾ ਬਣਿਆ।ਸ੍ਰੀ ਹਰਿਮੰਦਰ ਸਾਹਿਬ ਵਿਚ ਅਜਿਹੀਆਂ ਹੋਰ ਵੀ ਕਈ ਘਟਨਾਵਾਂ ਦੇਖਣ ਵਿਚ ਆਉਂਦੀਆਂ ਹਨ।ਹਰਿਮੰਦਰ ਸਾਹਿਬ ਵਿਚ ਹੀ ਨਹੀਂ ਦੁਨੀਆਂ ਦੇ ਕਿਸੇ ਕੋਨੇ ਵਿਚ ਵੀ,ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਨਾਮ ਬਾਣੀ ਦੇ ਰੰਗਾਂ ਵਿਚ ਰਹਿ ਕੇ ਕੀਤਾ ਹੋਇਆ ਹੋਵੇ,ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬਖਸ਼ਿਸ਼ਾਂ ਦੇ ਭੰਡਾਰੇ ਖੁਲ੍ਹੇ ਰਹਿੰਦੇ ਹਨ।

***

# ਸਰਬ ਰੋਗ ਕਾ ਅਉਖਦੁ ਨਾਮੁ

ਦਸੋ ਪਾਤਿਸ਼ਾਹੀਆਂ ਦੇ ਜੋਤ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਬਾਰ ਵਿਚ ਨਾਮ ਬਾਣੀ ਦਾ ਪ੍ਰਵਾਹ ਵਾਤਾਵਰਣ ਦਾ ਰੰਗ ਬਦਲ ਦਿੰਦਾ ਹੈ।ਲਿਵ ਲੀਨ ਹੋਈ ਸਾਧ ਸੰਗਤ ਦੇ ਜਗ ਮਗ ਨੂਰ ਵਿਚ ਬੈਠ ਕੇ ਅਸੀਂ ਮੋਹ ਮਾਇਆ ਦੇ ਚਿੱਕੜ ਵਿਚੋਂ ਨਿਕਲ ਕੇ ਆਤਮਿਕ ਮੰਡਲ ਦੀਆਂ ਸ਼ਕਤੀਆਂ ਦਾ ਅਨੁਭਵ ਕਰਦੇ ਹਾਂ।ਨਾਮ-ਰਸ ਦੀਆਂ ਤ੍ਰੰਗਾਂ ਭਰੇ ਘਣੇ ਬੱਦਲ ਸਾਡੀ ਸੁਰਤੀ ਬਿਰਤੀ ਨੂੰ ਬਦਲ ਦਿੰਦੇ ਹਨ।ਆਤਮਿਕ ਸ਼ਕਤੀਆਂ ਦੇ ਦੁਆਰ ਖੁਲ੍ਹਦੇ ਹਨ।ਅਨਹਦ ਧੁਨੀਆਂ ਅਤੇ ਦਸਮ ਦੁਆਰ ਦੇ ਆਤਮ ਪ੍ਰਕਾਸ਼ ਵਿਚ ਅਨੇਕਾਂ ਰੂਪਾਂ ਰੰਗਾਂ ਦੇ ਦ੍ਰਿਸ਼ਟਾਂਤ ਪੈਦਾ ਹੁੰਦੇ ਹਨ।

**ਵਾਹੁ ਵਾਹੁ ਬਾਣੀ ਨਿਰੰਕਾਰ ਹੈ** ਜਦੋਂ ਨਿਰੰਕਾਰੀ ਜੋਤ ਦੀ ਮਿਕਨਾਤੀਸੀ ਖਿੱਚ ਨਾਲ ਧੁਰ ਕੀ ਬਾਣੀ ਦੀ ਪਾਰਸ ਕਲਾ ਵਰਤਦੀ ਹੈ ਤਾਂ ਸਰੀਰਕ ਰੋਗ ਦੂਰ ਹੋ ਜਾਂਦੇ ਹਨ।**ਸਰਬ ਰੋਗ ਕਾ ਅਉਖਦੁ ਨਾਮੁ** ਦੀ ਸੰਸਥਾ ਇਸ ਸਚਾਈ ਦੀ ਜੀਊਂਦੀ ਜਾਗਦੀ ਮਿਸਾਲ ਹੈ।ਦੇਸ਼ਾਂ ਬਿਦੇਸ਼ਾਂ ਵਿਚ ਅਨੇਕਾਂ ਰੋਗੀਆਂ ਨੇ ਇਸ ਸੰਸਥਾ ਤੋਂ ਲਾਭ ਉਠਾ ਕੇ ਲਾਇਲਾਜ ਬੀਮਾਰੀਆਂ ਤੋਂ ਛੁਟਕਾਰਾ ਪਾਇਆ ਹੈ।ਇਸ ਸੰਸਥਾ ਦੇ ਮੁਖੀ **ਸਰਦਾਰ ਹਰਦਿਆਲ ਸਿੰਘ ਜੀ** ਦੇ ਆਪਣੇ ਜੀਵਨ ਵਿਚ ਅਜਿਹੀ ਘਟਨਾ ਵਾਪਰੀ ਕਿ ਉਹ ਕਿਸੇ ਐਸੀ ਬਿਮਾਰੀ ਦੇ ਸ਼ਿਕਾਰ ਹੋ ਗਏ ਜਿਸਦਾ ਕੋਈ ਇਲਾਜ ਨਹੀਂ ਸੀ।ਜਦੋਂ ਡਾਕਟਰਾਂ ਨੇ ਹੱਥ ਖੜ੍ਹੇ ਕਰ ਦਿੱਤੇ ਤਾਂ ਉਨ੍ਹਾਂ ਨੇ ਨਾਮ ਬਾਣੀ ਨੂੰ ਅਧਾਰ ਬਣਾ ਕੇ ਨਾਮੁਰਾਦ ਬਿਮਾਰੀ ਤੋਂ ਛੁਟਕਾਰਾ ਪਾ ਲਿਆ।ਧੁਰ ਕੀ ਬਾਣੀ ਦੀ ਬਖਸ਼ਿਸ਼ ਦਾ ਅਨੁਭਵ ਸਾਂਝਾ ਕਰਨ ਲਈ,ਹੁਣ ਉਹ ਦੇਸ਼ਾਂ ਬਿਦੇਸ਼ਾਂ ਵਿਚ ਨਾਮ ਬਾਣੀ ਦੀ ਦਵਾਈ ਨਾਲ ਸਰੀਰਕ ਰੋਗਾਂ ਤੋਂ ਨਵਿਰਤੀ ਪਾਉਣ ਦਾ ਸੁਨੇਹਾ ਦੇ ਰਹੇ ਹਨ।

ਸਰਦਾਰ ਹਰਦਿਆਲ ਸਿੰਘ ਜੀ ਦੇ ਛੋਟੇ ਭਰਾ **ਡਾਕਟਰ ਬਲਵੰਤ ਸਿੰਘ ਜੀ** ਇਸ ਸੰਸਥਾ ਵਿਚ ਅਹਿਮ ਭੂਮਿਕਾ ਨਿਭਾ ਰਹੇ ਹਨ।ਡਾਕਟਰ ਹੋਣ ਦੇ ਨਾਤੇ ਪਹਿਲਾਂ ਮਰੀਜਾਂ ਦੀਆਂ ਬੀਮਾਰੀਆਂ ਦੀ ਡਾਕਟਰੀ ਟੈਸਟਾਂ ਦੇ ਅਧਾਰ ਉਤੇ ਜਾਂਚ ਪੜਤਾਲ ਕਰਦੇ ਹਨ ਤੇ ਫਿਰ ਡਾਕਟਰੀ ਦਵਾਈਆਂ ਦੀ ਥਾਂ ਨਾਮ ਬਾਣੀ ਦੇ ਦਾਰੂ ਨਾਲ ਬੀਮਾਰੀ ਖਤਮ ਹੋਣ ਦੇ ਸਬੂਤ ਪੇਸ਼ ਕਰਦੇ ਹਨ।ਦੈਵੀ ਗੁਣਾਂ ਦੇ ਧਾਰਣੀ ਡਾਕਟਰ ਬਲਵੰਤ ਸਿੰਘ ਜੀ ਧੁਰ ਕੀ ਬਾਣੀ ਦੇ ਮੂਲ ਸਰੂਪ ਦੀ ਸੁੱਚਮਤਾ ਵਲ ਖਾਸ ਧਿਆਨ ਦਿੰਦੇ ਹਨ।ਰੱਬੀ ਬਾਣੀ ਦਾ ਸ਼ੁਧ ਉਚਾਰਣ ਕਰਕੇ ਬਾਣੀ ਦੀ ਪਾਰਸ ਕਲਾ ਵਰਤਾਉਂਦੇ ਹਨ।ਇਲਾਹੀ ਮੰਡਲ ਦੇ ਵਾਸੀ ਗੁਰੂਆਂ ਭਗਤਾਂ ਦੀਆਂ ਰਚਨਾਵਾਂ ਦੀ ਬੋਲੀ ਅਤੇ ਲਿਪੀ ਦੀਆਂ ਲਗਾਂ ਮਾਤਰਾਂ ਵਿਚ ਜ਼ਰਾ ਜਿੰਨਾ ਵੀ ਫਰਕ ਨਹੀਂ ਪੈਣ ਦਿੰਦੇ।**ਇਹੀ**

**ਕਾਰਨ ਹੈ ਕਿ ਇਸ ਸੰਸਥਾ ਦੇ ਕੈਂਪਾਂ ਵਿਚ ਜੋਤ-ਸਰੂਪ ਬਾਣੀ ਦੇ ਸ਼ੁਧ ਉਚਾਰਣ ਦੇ ਤੇਜ ਪ੍ਰਤਾਪ ਨਾਲ ਨਾਮ-ਦਾਰੂ ਦੀ ਅੰਮ੍ਰਿਤ ਵਰਖਾ ਹੁੰਦੀ ਹੈ ਤੇ ਰੋਗੀਆਂ ਦੇ ਦੁਖ ਦੂਰ ਹੁੰਦੇ ਹਨ।**

**ਇਸ ਸੰਸਥਾ** ਦੇ ਕੈਂਪਾਂ ਵਿਚ ਧੁਰ ਕੀ ਬਾਣੀ ਦੇ ਰਚਨਹਾਰਿਆਂ ਦੀ ਨਿਰੰਜਨੀ ਜੋਤ ਨੂੰ ਹਾਜਰਾ ਹਜੂਰ ਸਮਝਿਆ ਜਾਂਦਾ ਹੈ।ਇਹੀ ਕਾਰਨ ਹੈ ਕਿ ਇਥੇ ਬਾਣੀ ਦੀ ਸੰਪੂਰਨ ਕਲਾ ਵਰਤਦੀ ਹੈ।

ਰਿਸ਼ੀਆਂ,ਮੁਨੀਆਂ,ਗੁਰੂਆਂ ਤੇ ਪੀਰਾਂ ਦੇ ਨਾਵਾਂ ਨਾਲ ਜੁੜੇ ਹੋਏ ਅਸਥਾਨ ਵੀ ਸਾਨੂੰ ਉਨ੍ਹਾਂ ਦੀਆਂ ਰੂਹਾਨੀ ਸ਼ਕਤੀਆਂ ਨਾਲ ਜੋੜਦੇ ਹਨ।ਸ਼ਰਧਾਲੂਆਂ ਦੀ ਸ਼ਰਧਾ,ਭਗਤੀ ਅਤੇ ਜਪ ਤਪ ਦੀ ਸ਼ਕਤੀ ਨਾਲ ਉਸ ਥਾਂ ਦੀ ਪਵਿੱਤ੍ਰਤਾ ਦੂਣੀ ਚੌਣੀ ਹੋ ਜਾਂਦੀ ਹੈ।ਅਜਿਹੀਆਂ ਤਪ ਸਾਧਨਾ ਨਾਲ ਜੁੜੀਆਂ ਹੋਈਆਂ ਥਾਵਾਂ ਉਤੇ ਰੱਬੀ ਨੂਰ ਵਰ੍ਹਦਾ ਹੈ ਅਤੇ ਇਸ ਨੂਰ ਦੀ ਬੁਛਾੜ ਵਿਚ ਵਿਚਰਨ ਵਾਲੀਆਂ ਨਿਰਮਲ ਰੂਹਾਂ ਆਤਮਿਕ ਮੰਡਲ ਦੀਆਂ ਬਖਸ਼ਿਸ਼ਾਂ ਪ੍ਰਾਪਤ ਕਰ ਲੈਂਦੀਆਂ ਹਨ।

ਰੱਬ ਦੇ ਨਾਮ ਦਾ ਜਪ ਤਪ ਭਾਵੇਂ ਕਿਸੇ ਵੀ ਨਾਮ ਨਾਲ ਕੀਤਾ ਜਾਵੇ..ਵਾਤਾਵਰਣ ਵਿਚ ਬੰਦਗੀ ਦਾ ਰੰਗ ਜਰੂਰ ਚੜ੍ਹਦਾ ਹੈ।ਅਜਿਹੇ ਹੀ ਇਕ ਜਪ ਤਪ ਵਾਲੇ ਥਾਂ ਦੀ ਸੋਭਾ ਸੁਣ ਕੇ ਇਕ ਜਗਿਆਸੂ ਸਿੰਘ ਕਿਸੇ ਰਿਸ਼ੀ ਮੁਨੀ ਦੇ ਮੰਦਰ ਵਿਚ ਜਾ ਪਹੁੰਚਾ।ਸੰਸਾਰਿਕ ਲੋੜਾਂ ਦੀ ਪੂਰਤੀ ਅਤੇ ਦੁਖ ਤਕਲੀਫਾਂ ਦੀ ਨਵਿਰਤੀ ਲਈ ਪਾਠ ਪੂਜਾ ਕਰਵਾਉਣ ਲਈ ਪ੍ਰਬੰਧਕਾਂ ਕੋਲੋਂ ਪਾਠ ਪੂਜਾ ਕਰਵਾਉਣ ਲਈ ਮੋਟੀ ਰਕਮ ਸੁਣਕੇ ਨਿਰਾਸ਼ ਹੋਇਆ।ਵਾਪਸ ਜਾਣ ਤੋਂ ਪਹਿਲਾਂ ਉਹ ਮੰਤ੍ਰ ਜਾਪ ਵਾਲੇ ਉਸ ਹਾਲ ਕਮਰੇ ਵਿਚ ਜਾ ਪਹੁੰਚਾ ਜਿਥੇ ਇਕ ਸ਼ਰਧਾਲੂ ਆਪਣੇ ਦੁਖਾਂ ਦੀ ਨਵਿਰਤੀ ਲਈ ਦਿਲ ਜਾਨ ਨਾਲ ਮੰਤ੍ਰ ਜਾਪ ਕਰ ਰਿਹਾ ਸੀ।ਰਿਸ਼ੀ ਮੁਨੀ ਦੇ ਨਾਮ ਨਾਲ ਜੁੜੇ ਹੋਏ ਇਸ ਅਸਥਾਨ ਉਤੇ ਹਰ ਵੇਲੇ ਮੰਤ੍ਰ ਜਾਪ ਦਾ ਪਰਵਾਹ ਚਲਦਾ ਰਹਿੰਦਾ ਸੀ।ਇਸ ਹਾਲ ਦੀ ਸ਼ੁੱਧਤਾ ਦਾ ਪੂਰਾ ਧਿਆਨ ਰੱਖਿਆ ਜਾਂਦਾ ਸੀ।ਇਥੇ ਕਿਸੇ ਨੂੰ ਗੱਲ ਬਾਤ ਕਰਨ ਦੀ ਜਾਂ ਕੁਝ ਖਾਣ ਪੀਣ ਦੀ ਆਗਿਆ ਨਹੀਂ ਸੀ।ਦੂਰਾਂ ਦੂਰਾਂ ਤੋਂ ਆਏ ਭਗਤ-ਜਨ ਆਪੋ ਆਪਣੀਆਂ ਮਨੋਕਾਮਨਾਮਾਂ ਦੀ ਪੂਰਤੀ ਲਈ ਸਰਵ ਸੁੱਖਾਂ ਦੇ ਦਾਤੇ ਸੁਆਮੀ ਦੇ ਚਰਨ ਕਮਲਾਂ ਦਾ ਧਿਆਨ ਧਰ ਕੇ ਮੰਤ੍ਰ-ਮੁਗਧ ਹੋਏ ਬੈਠੇ ਰਹਿੰਦੇ ਸਨ।ਆਪਣੇ ਚਿੱਤੋਂ ਹਰ ਕੋਈ ਘੋਰ ਤਪਸਵੀ ਬਣਨ ਦੀ ਕੋਸ਼ਿਸ਼ ਕਰਦਾ ਸੀ।

ਕਮਰੇ ਵਿਚ ਪੈਰ ਧਰਦਿਆਂ ਹੀ ਜਗਿਆਸੂ ਸਿੰਘ ਦੇ ਸਿਰ ਤੋਂ ਪੈਰਾਂ ਤਕ,ਰੋਮ ਰੋਮ ਵਿਚ ਝੁਨਝੁਨਾਹਟ ਦੀਆਂ ਲਹਿਰਾਂ ਸ਼ੁਰੂ ਹੋ ਗਈਆਂ।ਉਸਨੂੰ ਸਾਰਾ ਹਾਲ ਇਲਾਹੀ ਪ੍ਰਕਾਸ਼ ਨਾਲ ਭਰਿਆ ਹੋਇਆ ਦਿਖਾਈ ਦਿੱਤਾ।ਹੋਰ ਕੁਝ ਨਹੀਂ,ਸਿਰਫ ਪ੍ਰਕਾਸ਼ ਹੀ ਪ੍ਰਕਾਸ਼ ਨਜਰੀਂ ਆਇਆ ਤੇ ਫਿਰ ਉਸ ਪ੍ਰਕਾਸ਼ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਅਲੌਕਿਕ ਦਰਸ਼ਨ ਹੋਏ।ਉਸਦੀ ਸੁੱਧ ਬੁੱਧ ਵਿਸਰ ਗਈ।ਬੁਲੰਦ ਅਵਾਜ਼ ਵਿਚ ਉਸਦਾ ਸੁਆਸ ਗਿਰਾਸ ਸਿਮਰਣ ਸ਼ੁਰੂ ਹੋ ਗਿਆ।ਉਸਦੀ

ਅਵਾਜ਼ ਆਲੇ ਦੁਆਲੇ ਦੇ ਮਕਾਨਾਂ ਵਿਚ ਵੀ ਸੁਣਨ ਲੱਗੀ।ਦੂਰ ਦੁਰਾਡਿਓਂ ਜਾਪ ਕਰਵਾਉਣ ਆਈ ਇਕ ਬੀਬੀ ਵਾਹਿਗੁਰੂ ਨਾਮ ਦੀ ਗੂੰਜਾਰ ਸੁਣ ਕੇ ਆਪਣੇ ਚੁਬਾਰੇ ਵਿਚੋਂ ਦੌੜੀ ਆਈ।ਸਿੰਘ ਨੂੰ ਜਦੋਂ ਹੋਸ਼ ਆਈ ਤਾਂ ਉਸਨੇ ਦੇਖਿਆ ਕਿ ਉਹ ਮੰਦਰ ਦੀਆਂ ਮੂਰਤੀਆਂ ਦੇ ਸਾਹਮਣੇ ਸਮਾਧੀ ਲਗਾਈ ਬੈਠਾ ਹੈ।ਅਖੰਡ ਕੀਰਤਨੀ ਜਥੇ ਦੇ ਅਭਿਆਸੀ ਸਿੰਘ ਦੇ ਸਵਾਸ ਗਿਰਾਸ ਸਿਮਰਨ ਦੀ ਅਵਾਜ਼ ਉਸਦੇ ਆਲੇ ਦੁਆਲੇ ਬੈਠੇ ਪ੍ਰਾਣੀਆਂ ਨੂੰ ਹੈਰਾਨ ਕਰ ਰਹੀ ਹੈ।

ਹੋਸ਼ ਆਉਂਦਿਆਂ ਹੀ ਉਸਨੇ ਮਹਿਸੂਸ ਕੀਤਾ ਕਿ ਉਸਦੇ ਸਾਹਾਂ ਵਿਚ ਪ੍ਰਮ ਰਸ ਦੀ ਮਿਠਾਸ ਘੁਲੀ ਹੋਈ ਹੈ ਪਰ ਉਸਦੇ ਖੱਬੇ ਹੱਥ ਦੀ ਚੀਚੀ ਉਂਗਲੀ ਅਤੇ ਉਸਦੇ ਨਾਲ ਦੀ ਉਂਗਲੀ ਤੋਂ ਲੈ ਕੇ ਸਾਰੀ ਬਾਂਹ ਵਿਚੋਂ ਦੀ ਜਾਂਦੀ ਹੋਈ ਦਰਦ ਛਾਤੀ ਵਲ ਜਾ ਰਹੀ ਹੈ।ਇਕ ਔਰਤ ਘਬਰਾਈ ਹੋਈ ਕਹਿ ਰਹੀ ਹੈ;-"ਕੀ ਹੋਇਆ ?ਕੀ ਹੋਇਆ…?ਪਾਣੀ ਲਿਆਵਾਂ..?"ਕੋਈ ਉਸਦੀ ਪਿਠ ਉਤੇ ਹੱਥ ਫੇਰ ਰਿਹਾ ਹੈ ਅਤੇ ਕੋਈ ਉਸਦੇ ਮੋਢੇ ਨੂੰ ਫੜ ਕੇ ਬੈਠਾ ਹੈ ਪਰ ਉਸ ਕੋਲੋਂ ਕੁਝ ਬੋਲਿਆ ਨਹੀਂ ਸੀ ਜਾਂਦਾ।ਸਿਮਰਨ ਉਛਾਲੇ ਖਾ ਰਿਹਾ ਸੀ।ਸਾਹ ਨਾਲ ਸਾਹ ਨਹੀਂ ਸੀ ਰਲ ਰਿਹਾ ਤੇ ਉਹ ਹੈਰਾਨਗੀ ਵਿਚ ਆਪਣੇ ਆਲੇ ਦੁਆਲੇ ਦੇਖ ਰਿਹਾ ਸੀ ,ਨਾਲ ਹੀ ਨਾਲ ਆਪਣੇ ਸਾਹਾਂ ਅੰਦਰ ਪਈ ਨਾਮ ਰਸ ਦੀ ਪੀਂਘ ਦੇ ਹੁਲਾਰਿਆਂ ਦਾ ਅਨੰਦ ਲੈ ਰਿਹਾ ਸੀ।ਖੱਬੀ ਬਾਂਹ ਦੀ ਦਰਦ ਤੋਂ ਵੀ ਜਾਣੂੰ ਸੀ।ਉਸਨੂੰ ਇਸ ਗੱਲ ਦਾ ਕੋਈ ਸੋਝੀ ਨਹੀਂ ਸੀ ਕਿ ਉਹ ਹਾਲ ਦੇ ਦਰਵਾਜੇ ਤੋਂ ਮੂਰਤੀਆਂ ਤੱਕ ਕਿਵੇਂ ਪਹੁੰਚਾ।ਕਿਵੇਂ ਉਸਦੀ ਸਮਾਧੀ ਲੱਗ ਗਈ ਤੇ ਕਿੰਨੀ ਦੇਰ ਸਮਾਧੀ ਵਿਚ ਬੈਠਣ ਪਿੱਛੋਂ ਉਸਨੂੰ ਹੋਸ਼ ਆਈ।

ਸਾਹਾਂ ਵਿਚ ਪਏ ਨਾਮ-ਰਸ ਦੇ ਘੁੱਟ ਭਰਨ ਦੇ ਨਾਲ ਨਾਲ ਬਾਂਹ ਅਤੇ ਉਂਗਲਾਂ ਵਿਚ ਹੋ ਰਹੇ ਹਲਕੇ ਜਿਹੇ ਦਰਦ ਨੂੰ ਮਹਿਸੂਸ ਕਰਦਾ ਹੋਇਆ ਉਹ ਘਰ ਪਹੁੰਚਾ।ਕੁਝ ਦਿਨ ਤੱਕ ਇਹ ਰਸ ਅਤੇ ਦਰਦ ਦੋਨੋਂ ਕਾਇਮ ਰਹੇ ਤੇ ਫਿਰ ਹੌਲੀ ਹੌਲੀ ਘਟਦੇ ਹੋਏ ਖਤਮ ਹੋ ਗਏ।ਆਪਣੇ ਕਾਰ ਵਿਹਾਰ ਵਿਚ ਫਸਿਆ ਹੋਇਆ ਉਹ ਪਹਿਲਾਂ ਵਰਗਾ ਹੀ ਹੋ ਗਿਆ।ਕਈ ਸਾਲ ਉਹ ਸਾਧੂਆਂ ਸੰਤਾਂ ਕੋਲੋਂ,ਇਕੋ ਹੀ ਸਮੇਂ ਬਾਂਹ ਦੀ ਦਰਦ ਅਤੇ ਨਾਮ-ਰਸ ਦੀ ਪ੍ਰਾਪਤੀ ਵਾਰੇ ਪੁੱਛਦਾ ਰਿਹਾ ਪਰ ਕਿਸੇ ਕੋਲੋਂ ਵੀ ਉਸਨੂੰ ਤੱਸਲੀ ਨਾਂ ਹੋਈ।

ਕਦੀ ਕਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਬਾਰ ਵਿਚ ਰੰਗਲੇ ਸਜਨਾਂ ਦੀ ਰੈਣ ਸਬਾਈ ਕੀਰਤਨ ਵਿਚ ਜਾ ਕੇ ਉਸੇ ਤਰ੍ਹਾਂ ਹੀ ਉਸਨੂੰ ਨਾਮ-ਰਸ ਦੀ ਬਖਸ਼ਿਸ਼ ਦੇ ਨਾਲ ਨਾਲ ਖੱਬੀ ਬਾਂਹ ਅਤੇ ਉਂਗਲੀਆਂ ਦਾ ਦਰਦ ਮਹਿਸੂਸ ਹੁੰਦਾ।ਜਿਸਮਾਨੀ ਦਰਦ ਦੀ ਪ੍ਰੇਸ਼ਾਨੀ ਉਸਨੂੰ ਸੰਗਤ ਵਿਚੋਂ ਉਠ ਕੇ ਬਾਹਰ ਜਾਣ ਲਈ ਮਜਬੂਰ ਕਰ ਦਿੰਦੀ।

ਸਰਬ ਰੋਗ ਕਾ ਅਉਖਦੁ ਨਾਮੁ ਦੀ ਸੰਸਥਾ ਦੇ ਕੈਂਪ ਵਿਚ ਵੀ ਸੰਗਤ ਵਿਚ ਬੈਠਿਆਂ ਜਦੋਂ ਉਸਦੇ ਦਰਦ ਸ਼ੁਰੂ ਹੁੰਦੀ ਤਾਂ ਉਹ ਉਠ ਕੇ ਬਾਹਰ ਚਲੇ ਜਾਂਦਾ।ਅਖੀਰ ਚੰਗੇ ਭਾਗਾਂ ਨੂੰ ਉਸਦਾ ਕਿਸੇ ਆਤਮਿਕ ਗਿਆਨ ਵਾਲੇ ਗੁਰਮੁਖ ਪਿਆਰੇ ਨਾਲ ਮਿਲਾਪ ਹੋਇਆ

ਜਿਸਨੇ ਉਸਨੂੰ ਸੋਝੀ ਦੁਆਈ ਕਿ ਸਾਡੇ ਸਰੀਰ ਵਿਚ ਬਹੱਤਰ ਹਜਾਰ ਨਾੜੀਆਂ ਹਨ।ਜਦੋਂ ਕਿਧਰੇ ਇਨ੍ਹਾਂ ਨਾੜੀਆਂ ਵਿਚ ਕੋਈ ਬਿਮਾਰੀ ਦਾ ਅੰਸ਼ ਪਲਦਾ ਹੈ ਤਾਂ ਉਸਨੂੰ ਕੱਢਣ ਲਈ ਅਸੀਂ ਦਵਾਈਆਂ ਖਾਦੇ ਹਾਂ ਜਾਂ ਸਰਜਰੀ ਕਰਵਾਉਂਦੇ ਹਾਂ ਪਰ ਨਾਮ ਅਭਿਆਸੀ ਨਾਮ ਰਸ ਦੀ ਅੰਮ੍ਰਿਤ ਵਰਖਾ ਵਿਚ ਇਨ੍ਹਾਂ ਨਾੜੀਆਂ ਦਾ ਇਸ਼ਨਾਨ ਕਰਵਾ ਕੇ ਜਨਮਾਂ ਜਨਮਾਂ ਦੀ ਮੈਲ ਉਤਾਰ ਕੇ ਸਰੀਰਕ ਤੌਰ 'ਤੇ ਵੀ ਨਵੇਂ ਨਰੋਏ ਹੋ ਜਾਂਦੇ ਹਨ ਅਤੇ ਮਾਨਸਿਕ ਬਲ ਦੇ ਨਾਲ ਨਾਲ ਆਤਮਿਕ ਅਵਸਥਾ ਦੀ ਪ੍ਰਮ ਅਵਸਥਾ ਦੀ ਪ੍ਰਾਪਤੀ ਵੀ ਕਰਦੇ ਹਨ।ਮਾਨਸਿਕ ਬੀਮਾਰੀਆਂ ਜਾਂ ਸਰੀਰਕ ਬਮਾਰੀਆਂ ਕਾਰਨ ਜਦੋਂ ਇਹ ਨਾੜੀਆਂ ਸੁੱਕ ਸੜ ਜਾਂਦੀਆਂ ਹਨ ਨਾਮ ਰਸ ਦੀ ਦਵਾਈ ਨਾਲ '**ਸੂਕੇ ਕਾਸਟ ਹਰਿਆ**' ਵਾਲੀ ਗੱਲ ਹੋ ਜਾਂਦੀ ਹੈ।ਲਿਵ ਲੀਨ ਹੋਏ ਨਾਮ ਅਭਿਆਸੀਆਂ ਦੇ ਅਖਾੜਿਆਂ ਵਿਚ ਨਾਮ ਰਸ ਦੀ ਅੰਮ੍ਰਿਤ ਵਰਖਾ ਹੁੰਦੀ ਹੈ ।ਜਿਵੇਂ ਬਾਹਰ ਬਾਰਸ਼ ਹੁੰਦੀ ਹੋਵੇ ਤਾਂ ਠੰਡ ਕਮਰੇ ਵਿਚ ਵੀ ਪਹੁੰਚਦੀ ਹੈ।ਇਸੇ ਤਰ੍ਹਾਂ ਹੀ ਨਾਮ-ਰਸੀਆਂ ਉਤੇ ਜਦੋ ਛਹਿਬਰ ਲਗਦੀ ਹੈ ਤਾਂ ਕਣੀਆਂ ਉਨ੍ਹਾਂ ਦੇ ਕੋਲ ਬੈਠਣ ਵਾਲਿਆਂ ਉਤੇ ਵੀ ਪੈਂਦੀਆਂ ਹਨ ਤੇ ਕਈ ਵਾਰੀ ਉਹ ਕਦੀ ਕਦਾਈਂ ਪੈਣ ਵਾਲੀਆਂ ਕਣੀਆਂ ਰੋਗੀਆਂ ਦੇ ਦੁਖ ਦੂਰ ਕਰ ਦਿੰਦੀਆਂ ਹਨ।

ਰੰਗਲੇ ਸੱਜਣ ਨੇ ਸਮਝਾਇਆ ਕਿ ਨਾਮ ਸਿਮਰਨ ਵਿਚ ਲੀਨ ਹੋਇਆਂ ਜੇ ਕਦੀ ਜਿਸਮ ਦੇ ਕਿਸੇ ਅੰਗ ਵਿਚ ਦਰਦ ਹੋਵੇ ਤਾਂ ਇਸ ਦਾ ਮਤਲਬ ਇਹ ਹੁੰਦਾ ਹੈ ਕਿ ਉਥੇ ਕਿਸੇ ਬਿਮਾਰੀ ਦੀ ਮੈਲ ਜੰਮੀਂ ਹੋਈ ਹੈ ਤੇ ਨਾਮ ਸਿਮਰਨ ਦੀ ਵਰਖਾ ਦਾ ਹੜ੍ਹ ਉਸ ਨੂੰ ਬਾਹਰ ਧਕੇਲ ਰਿਹਾ ਹੈ।ਜਿਵੇਂ ਕਿਸੇ ਭਾਂਡੇ ਵਿਚ ਕੋਈ ਚੀਜ਼ ਜੰਮ ਜਾਵੇ ਤਾਂ ਉਹ ਪਾਣੀ ਨਾਲ ਧੋਤਿਆਂ ਨਹੀਂ ਉਤਰਦੀ,ਉਸਨੂੰ ਰਗੜ ਰਗੜ ਕੇ ਸਾਫ ਕਰਨਾ ਪੈਂਦਾ ਹੈ।ਇਸੇ ਤਰ੍ਹਾਂ ਹੀ ਸਾਡੇ ਸਰੀਰਕ ਅਤੇ ਮਾਨਸਿਕ ਰੋਗਾਂ ਨੂੰ ਦੂਰ ਕਰਨ ਲਈ ਵੀ ਨਾਮ ਸਿਮਰਨ ਦੀਆਂ ਘਨਘੋਰ ਘਟਾਵਾਂ ਅਤੇ ਬਾਣੀ ਦੇ ਅਣਿਆਲੇ ਤੀਰਾਂ ਦੀਆਂ ਤੇਜ ਬਿਜਲੀਆਂ ਦੀ ਜਰੂਰਤ ਪੈਂਦੀ ਹੈ।ਇਸ ਲਈ ਸਿਮਰਣ ਕਰਦਿਆਂ ਜੇ ਸਰੀਰ ਦੇ ਕਿਸੇ ਅੰਗ ਵਿਚ ਹਲਕਾ ਜਿਹਾ ਦਰਦ ਹੋਵੇ ਤਾਂ ਘਬਰਾਉਣਾ ਨਹੀਂ ਸਗੋਂ ਸਿਮਰਨ ਵਿਚ ਲੀਨ ਹੋਏ ਰਹਿਣਾ ਚਾਹੀਦਾ ਹੈ।

ਜਗਿਆਸੂ ਸਿੰਘ ਦਿਲ ਦਾ ਮਰੀਜ ਸੀ ਪਰ ਸਰਜਰੀ ਕਰਵਾਉਣ ਤੋਂ ਡਰਦਾ ਸੀ।ਕਈ ਸਾਲਾਂ ਤੋਂ ਡਾਕਟਰ ਦੇ ਕਹੇ ਅਨੁਸਾਰ ਦਵਾਈਆਂ ਖਾ ਰਿਹਾ ਸੀ।ਹਰ ਸਾਲ ਦਿਲ ਵਿਚ ਬਲਾਕਿਜ ਹੋਣ ਦੀ ਰੀਪੋਰਟ ਮਿਲਦੀ ਸੀ ਪਰ ਇਸ ਵਾਰੀ ਜਦੋਂ ਉਸਦੇ ਦਿਲ ਦੇ ਟੈਸਟ ਦੀ ਰੀਪੋਰਟ ਆਈ ਤਾਂ ਉਸਦੇ ਦਿਲ ਦੀਆਂ ਨਾੜੀਆਂ ਬਿਨਾਂ ਓਪਰੇਸ਼ਨ ਤੋਂ ਹੀ ਸਾਫ ਹੋਈਆਂ ਦੇਖ ਕੇ ਡਾਕਟਰ ਹੈਰਾਨ ਰਹਿ ਗਿਆ।ਗੁਰਸਿੱਖ ਪਰਿਵਾਰ ਨਾਲ ਜੁੜਿਆ ਹੋਇਆ ਹਾਰਟ ਸਪੈਸ਼ਿਲਿਸਟ ਜਾਣਦਾ ਸੀ ਕਿ ਨਾਮ ਸਿਮਰਨ ਦੀ ਅੰਮ੍ਰਿਤ ਵਰਖਾ ਨਾਲ ਦਿਲ ਦਾ ਭਾਂਡਾ ਮਾਂਜਿਆ ਜਾ ਸਕਦਾ ਹੈ।ਉਸਨੇ ਆਪਣੇ ਮਰੀਜ ਕੋਲੋਂ ਵਾਰ ਵਾਰ ਸਿਮਰਨ ਕਰਵਾ ਕੇ ਚੰਗੀ ਤਰ੍ਹਾਂ ਦੀ ਘੋਖ ਪੜਤਾਲ ਕੀਤੀ।ਕੁਝ ਪਲ ਅੰਤ੍ਰ ਧਿਆਨ ਹੋ ਕੇ ਬੈਠਾ ਰਿਹਾ ਤੇ ਫਿਰ '**ਸਰਬ**

**ਰੋਗ ਕਾ ਅਉਖਦੁ ਨਾਮੁ..**'ਧੁਰ ਕੀ ਬਾਣੀ ਦੇ ਸ਼ਬਦ ਦਾ ਉਚਾਰਣ ਕਰਦਿਆਂ ਉਸਨੇ ਮਰੀਜ ਨੂੰ ਕਿਹਾ ਕਿ ਉਸਦਾ ਦਿਲ ਬਿਲਕੁਲ ਠੀਕ ਹੈ ਅਤੇ ਹੁਣ ਉਸਨੂੰ ਕੋਈ ਦਵਾਈ ਖਾਣ ਦੀ ਜਰੂਰਤ ਨਹੀਂ ਹੈ ਤੇ ਨਾ ਹੀ ਓੁਸਨੂੰ ਕਦੀ ਹਾਰਟ ਸਪੈਸ਼ਿਲਿਸਟ ਕੋਲ ਜਾਣ ਦੀ ਜਰੂਰਤ ਹੈ।

ਹਾਰਟ ਸਪੈਸ਼ਿਲਿਸਟ ਕੋਲੋਂ ਰੀਪੋਰਟ ਫੈਮਿਲੀ ਫੀਜ਼ੀਸ਼ੀਅਨ ਕੋਲ ਪਹੁੰਚੀ।ਰੀਪੋਰਟ ਦੇਖ ਕੇ ਡਾਕਟਰ ਹੈਰਾਨ ਹੋ ਗਈ।ਵਾਰ ਵਾਰ ਪਿਛਲੀਆਂ ਰੀਪੋਰਟਾਂ ਦੇਖਣ ਪਿਛੋਂ ਕਹਿੰਦੀ ਕਿ ਰੀਪੋਰਟ ਗਲਤ ਆ ਗਈ ਹੈ।ਜਦੋਂ ਮਰੀਜ ਨੇ ਹਾਰਟ ਸਪੈਸ਼ਿਲਿਸਟ ਵਾਲੀ ਸਾਰੀ ਗਲ ਸੁਣਾਈ ਤਾਂ ਆਪਣੇ ਧਰਮ ਵਿਚ ਪੱਕੀ ਮੁਸਲਿਮ ਡਾਕਟਰ ਨੇ ਅਖੀਆਂ ਮੀਟੀਆਂ ਅਤੇ ਆਪਣਾ ਮੱਥਾ ਫੜ ਕੇ ਬਹਿ ਗਈ।ਕੁਝ ਪਲ ਦੀਨ ਦੁਨੀਆਂ ਦੇ ਮਾਲਿਕ ਦੀ ਯਾਦ ਵਿਚ ਬਿਤਾ ਕੇ ਕਹਿੰਦੀ;- "ਅੱਲਾ ਤਾਲਾ ਨੇ ਯੇਹ ਕਿਆ ਕੀਆ..!" **ਮੁਸਲਿਮ ਡਾਕਟਰ ਨੇ ਜਗਿਆਸੂ ਸਿੰਘ ਦੀ ਗੁਰਸਿੱਖੀ ਵਿਚੋਂ ਆਪਣੇ ਅੱਲਾ ਤਾਲਾ ਨੂੰ ਰੱਜ ਕੇ ਨਿਹਾਰਿਆ....।**

*********************

ਨਾਮ ਬਾਣੀ ਅਤੇ ਕੀਰਤਨ ਦੇ ਰਸੀਏ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਆਪਣੀ ਹੱਡ ਬੀਤੀ ਲਿਖਦਿਆਂ ਦੱਸਦੇ ਹਨ ਕਿ ਜਿਸ ਦਿਨ ਉਨ੍ਹਾਂ ਨੂੰ ਜੋਤ ਪ੍ਰਗਟ ਹੋਈ, ਉਸ ਦਿਨ ਉਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਪਰ ਅਤਿੱ ਸੁੰਦਰ ਪ੍ਰਕਾਸ਼ ਦੇ ਅਲੌਕਿਕ ਦ੍ਰਿਸ਼ਿ ਦੇ ਦਰਸ਼ਨਾਂ ਦਾ ਅਨੁਭਵ ਹੋਇਆ।

***

ਸਾਡੇ ਮਨਾਂ ਦੀਆਂ ਉਲਝਣਾਂ ਦੂਰ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬੜੇ ਅਸਚਰਜ ਕੌਤਕ ਵਰਤਾ ਕੇ ਭਰਮ ਭੁਲੇਖੇ ਦੂਰ ਕਰ ਦਿੰਦੇ ਹਨ।ਧੁਰ ਦਰਗਾਹੀ ਹੁਕਮਨਾਮਿਆਂ ਦੀ ਬਖਸ਼ਿਸ਼ ਨਾਲ ਹਰ ਸਵਾਲ ਦਾ ਜਵਾਬ ਦੇ ਕੇ ਸਾਨੂੰ ਲੋਕ ਪ੍ਰਲੋਕ ਦੇ ਜੀਵਨ ਦੀ ਸੇਧ ਦਿੰਦੇ ਹਨ ਤੇ ਕਦੀ ਕਦੀ ਇਲਾਹੀ ਦ੍ਰਿਸ਼ਟਾਂਤ ਦਿਖਾ ਕੇ ਗੋਹਜ ਭਰੀਆਂ ਗੱਲਾਂ ਦੀ ਸੋਝੀ ਕਰਵਾ ਦਿੰਦੇ ਹਨ।ਇਕ ਵਾਰੀ **ਬੀਬੀ ਗੁਰਦੀਪ ਕੌਰ ਜੀ** ਨੇ **ੴ** ਦੇ ਡੂੰਘੇ ਭਾਵ-ਅਰਥ ਜਾਨਣ ਲਈ ਕਈ ਸਾਧੂ ਜਨਾਂ ਨਾਲ ਵਿਚਾਰ ਸਾਂਝੇ ਕੀਤੇ ਪਰ ਤਸੱਲੀ ਨਾ ਹੋਈ।ਹਾਰ ਕੇ ਉਨ੍ਹਾਂ ਨੇ ਦੀਨ ਦਇਆਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ **ੴ** ਦੀ ਸੋਝੀ ਪ੍ਰਾਪਤ ਕਰਨ ਲਈ ਪ੍ਰੇਮ ਵ੍ਹਿੰਨੇਂ ਦਿਲ ਨਾਲ ਅਰਦਾਸ ਕੀਤੀ ਤੇ ਤਾਬਿਆ ਵਿਚ ਜਾ ਕੇ ਬੈਠ ਗਏ।ਰੁਮਾਲਾ ਚੁੱਕਣ ਤੋਂ ਪਹਿਲੇ ਹੀ ਉਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਉਪਰ ਪ੍ਰਕਾਸ਼ ਨਾਲ ਲਿਖੇ ਹੋਏ ਬਹੁਤ ਬੜੇ ਅਕਾਰ ਵਿਚ **ੴ** ਦੇ ਦਰਸ਼ਨ ਹੋਏ।ਇਕ ਅੱਖਰ ਨੂੰ ਦੇਖ ਕੇ ਉਨ੍ਹਾਂ ਨੂੰ ਇਕੋ ਪ੍ਰਮਾਤਮਾਂ ਦੀ ਸੋਝੀ ਹੋਈ ਅਤੇ ਊੜੇ ਦੀਆਂ ਤਿੰਨੋਂ ਲਕੀਰਾਂ ਵਿਚੋਂ ਜਗਤ ਨੂੰ ਪੈਦਾ ਕਰਨ,ਪਾਲਣ ਅਤੇ ਕਾਲ ਦੇ

ਰੂਪ ਵਿਚ ਬ੍ਰਹਮਾਂ ਵਿਸ਼ਨੂੰ ਤੇ ਮਹੇਸ਼ ਦੀਆਂ ਸ਼ਕਤੀਆਂ ਦਾ ਗਿਆਨ ਹੋਇਆ।ਇਨ੍ਹਾਂ ਤਿੰਨੋਂ ਲਕੀਰਾਂ ਨੂੰ ਸਮੇਟਦੀ ਹੋਈ ਲਕੀਰ ਨੂੰ ਦੇਖ ਕੇ ਇਹ ਸੋਝੀ ਹੋਈ ਕਿ ਬ੍ਰਹਮਾਂ ਵਿਸ਼ਨੂੰ ਮੇਹਸ਼ ਦੀਆਂ ਸ਼ਕਤੀਆਂ ਵੀ ਕਰਤਾ ਪੁਰਖ ਦੀ ਰਜ਼ਾ ਵਿਚ ਹੀ ਚਲਦੀਆਂ ਹਨ।ਫਿਰ ਊੜੇ ਦੇ ਖੁਲ੍ਹੇ ਮੂੰਹ ਵਿਚੋਂ ਸਰਵ ਵਿਆਪੀ ਕਰਤਾ ਪਰੁਖ ਦੀ ਬੇਅੰਤਤਾ,ਅਪਰੰਮਪਾਰਤਾ ਤੇ ਅਗਮਅਪਾਰਤਾ ਦੇ ਦਰਸ਼ਨ ਹੋਏ।ਊੜੇ ਦੇ ਖੁਲ੍ਹੇ ਮੂੰਹ ਦੀ ਉਪਰਲੀ ਲਕੀਰ ਅੰਬਰ ਦੇ ਖੁਲ੍ਹੇ ਵੇਹੜੇ ਵਲ ਇਸ ਤਰ੍ਹਾਂ ਜਾ ਰਹੀ ਸੀ ਕਿ ਜਿਵੇਂ ਉਸਦਾ ਕੋਈ ਅੰਤ ਹੀ ਨਹੀਂ ਹੈ ਅਤੇ ਇਸ ਅਨੰਤਤਾਈ ਵਿਚੋਂ- **'ਹੁਕਮੀ ਹੋਵਨਿ ਆਕਾਰ।ਹੁਕਮੁ ਨ ਕਹਿਆ ਜਾਈ'** ਵਾਲੀ ਜਪੁਜੀ ਸਾਹਿਬ ਦੀ ਪਾਉੜੀ ਦੇ ਅਰਥਾਂ ਦਾ ਦ੍ਰਿਸ਼-ਚਿੱਤ੍ਰ ਕਿਸੇ ਇਲਾਹੀ ਰੂਪ ਵਿਚ ਉਘੜ ਉਘੜ ਕੇ ਸਾਹਮਣੇ ਆਉਣ ਲੱਗ ਪਿਆ,ਬੀਬੀ ਜੀ ਦੀ ਰੂਹ ਨੂੰ ਜਿਵੇਂ ਖੰਬ ਲੱਗ ਗਏ ਹੋਣ...!ਊੜੇ ਦੇ ਖੁਲ੍ਹੇ ਮੂੰਹ ਦੀ ਉਪਰਲੀ ਲਕੀਰ ਦੀ ਪ੍ਰਕਾਸ਼ ਡੋਰੀ ਵਿਚ ਬੱਝ ਕੇ ਉਨ੍ਹਾਂ ਦੀ ਰੂਹ ਦਾ ਪਤੰਗ ਇਕ ਓਅੰਕਾਰ ਦੇ ਦੇਸ਼ ਵਿਚ ਉਡਾਰੀਆਂ ਮਰਨ ਲੱਗ ਪਿਆ।ਖੰਡਾਂ ਬ੍ਰਹਮੰਡਾਂ ਵਿਚ ਕਰਤਾ ਪੁਰਖ ਦੇ ਹੁਕਮ ਦਾ ਵਰਤਾਰਾ ਦੇਖਣ ਪਿਛੋਂ ਬੀਬੀ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਸੀਸ ਝੁਕਾਇਆ ਤਾਂ ਅਨੁਭਵ ਹੋਇਆ ਕਿ ਇਹੀ ਸਤਿਗੁਰੂ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਹਨ ਜਿਨ੍ਹਾਂ ਕੋਲੋਂ ਉਨ੍ਹਾਂ ਨੇ ਗਿਆਨ-ਅੰਮ੍ਰਿਤ ਅਤੇ ਨਾਮ ਬਾਣੀ ਦੇ ਰਸ ਰੰਗ ਦਾ ਪ੍ਰਸ਼ਾਦ ਲੈਣਾਂ ਹੈ।ਇਸ ਤਰ੍ਹਾਂ...ਸਤਿਗੁਰਾਂ ਨੇ ਪ੍ਰਕਾਸ਼ ਦੇ ਇਲਾਹੀ ਦ੍ਰਿਸ਼ ਦੀ ਬਖਸ਼ਿਸ਼ ਨਾਲ **੧ਓ ਸਤਿਗੁਰ ਪ੍ਰਸਾਦਿ** ਦੇ ਭਾਵ ਅਰਥ ਸਮਝਾ ਦਿੱਤੇ।

***

ਇਕ ਵਾਰੀ **ਸੋਲਾਂ ਕੁ ਸਾਲ ਦੀ ਮਾਸੂਮ ਲੜਕੀ** ਦੇ ਪੂਰਬਲੇ ਜਨਮਾ ਦੇ ਅੰਕੁਰ ਐਸੇ ਫੁੱਟੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਣ ਵਿਚ ਬੈਠੀ ਹੋਈ ਦੀ ਦਸ ਦਸ ਘੰਟੇ ਸਮਾਧੀ ਲੱਗੀ ਰਹਿੰਦੀ।ਫੁਰਨੇ ਸੱਚੇ ਹੋਣ ਲੱਗ ਪਏ।ਅੰਤਰਯਾਮਤਾ ਦੀਆਂ ਬਖਸ਼ਿਸ਼ਾਂ ਪ੍ਰਾਪਤ ਹੋਣ ਲੱਗੀਆਂ।ਰਿੱਧੀਆਂ ਸਿੱਧੀਆਂ ਵੀ ਫੇਰੇ ਮਾਰਨ ਲੱਗੀਆਂ।ਸ਼ਹੀਦਾਂ ਸਿੰਘਾਂ ਦੇ ਮੇਲ ਮਿਲਾਪ ਦੀਆਂ ਬਖਸ਼ਿਸ਼ਾਂ ਵੀ ਸ਼ੁਰੂ ਹੋ ਗਈਆਂ।ਉਸਦੀ ਸੁਰਤੀ ਹਰ ਵੇਲੇ ਨਾਮ ਬਾਣੀ ਦੇ ਰੰਗ ਵਿਚ ਰੰਗੀ ਰਹਿੰਦੀ।ਇਕ ਦਿਨ ਉਹ ਦੋਨੋ ਹੱਥ ਜੋੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਣ ਵਿਚ ਖੜ੍ਹੀ ਸਹਿਜ ਪਾਠ ਦੇ ਮੱਧ ਦੇ ਭੋਗ ਦੀ ਅਰਦਾਸ ਕਰ ਰਹੀ ਸੀ ਕਿ ਉਸ ਲਈ ਅਰਦਾਸ ਪੂਰੀ ਕਰਨੀ ਔਖੀ ਹੋ ਗਈ।ਲੰਬੀ, ਪਤਲੀ, ਨਾਜ਼ੁਕ ਜਿਹੀ ਲੜਕੀ ਦਾ ਸਰੀਰ ਕਈ ਵਲ ਖਾਂਦਾ ਹੋਇਆ ਗੁਰੂ ਜੀ ਦੀ ਸ਼ਰਣ ਵਿਚ ਡਿਗ ਪਿਆ।ਗੁਰੂ ਜੀ ਦੀ ਤਾਬਿਆ ਵਿਚ ਬੈਠੀ ਪਾਠ ਕਰਨ ਵਾਲੀ ਸਿੰਘਣੀ ਨੂੰ ਇਸ ਤਰ੍ਹਾਂ ਲੱਗਿਆ ਕਿ ਜਿਵੇਂ ਲੜਕੀ ਦੇ ਪੇਟ ਵਿਚ,ਨਾ ਸਹਾਰੀ ਜਾਣ ਵਾਲੀ ਦਰਦ ਹੋਈ ਹੋਵੇ ਤੇ ਉਹ ਦਰਦ ਦੀ ਮਾਰੀ ਡਿਗ ਪਈ ਹੋਵੇ ਪਰ ਹੋਸ਼ ਆਉਣ 'ਤੇ ਲੜਕੀ ਨੇ ਦੱਸਿਆ ਕਿ ਅਰਦਾਸ ਕਰਦਿਆਂ ਉਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਪਰ ਪ੍ਰਕਾਸ਼ ਹੀ ਪ੍ਰਕਾਸ਼ ਦਿਸਿਆ ਅਤੇ ਉਸ ਪ੍ਰਕਾਸ਼ ਵਿਚੋਂ ਹੀ ਉਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਹੋਏ।ਖਾਸ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਅੱਖੀਆਂ ਦੀ ਚੁੰਬਕੀ ਖਿੱਚ ਉਸ ਕੋਲੋਂ ਸਹਾਰੀ ਨਹੀਂ

ਸੀ ਜਾ ਰਹੀ..।

ਦਰਸ਼ਨ ਝਲਕਾਂ ਦੇ ਵਿਸ਼ੇ ਉਤੇ ਡੂੰਘੀ ਵਿਚਾਰ ਕਰਦਿਆਂ ਇਕ ਦਿਨ ਉਹ ਗੁੰਮ ਸੁੰਮ ਜਿਹੀ ਹੋ ਕੇ ਕਹਿੰਦੀ-"ਸ੍ਰੀ ਗੁਰੂ ਨਾਨਾਕ ਦੇਵ ਜੀ ਦੀਆਂ ਵੱਖੋ ਵੱਖਰੀਆਂ ਸ਼ਕਲਾਂ ਦੀਆਂ ਬਣਾਈਆਂ ਤਸਵੀਰਾਂ ਤਾਂ ਚਿੱਤਰਕਾਰਾਂ ਦੀ ਮਨੋਕਲਪਨਾ ਹੀ ਹੈ,ਗੁਰੂ ਜੀ ਦੀ ਅਸਲੀ ਸ਼ਕਲ ਨੂੰ ਕੌਣ ਜਾਣਦਾ ਹੈ?ਮੈ ਵੀ ਨਹੀਂ ਜਾਣਦੀ।ਦਰਸ਼ਨ ਝਲਕਾਰੇ ਸਮੇ ਮੇਰੇ ਕੋਲ ਖੜ੍ਹਾ ਕੋਈ ਮੈਨੂੰ ਦੱਸ ਵੀ ਨਹੀਂ ਸੀ ਰਿਹਾ ਕਿ ਦਰਸ਼ਨ ਝਲਕਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹੀ ਹਨ।ਫਿਰ ਵੀ ਮੈਨੂੰ ਇਸ ਗੱਲ ਦਾ ਯਕੀਨ ਕਿਉਂ ਹੈ ਕਿ ਦਰਸ਼ਨ ਦੀਦਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹੀ ਸਨ?" ਫਿਰ ਆਪੇ ਹੀ ਆਪਣੇ ਸਵਾਲ ਦਾ ਜਵਾਬ ਦੇਣ ਲੱਗ ਪਈ,ਕਹਿੰਦੀ;-"ਇਹ ਸਭ ਸਾਡੀ ਅੰਤਰ ਆਤਮਾਂ ਦੀ ਹੀ ਖੇਡ ਹੈ।ਮੇਰੀ ਅੰਤਰ ਆਤਮਾਂ ਨੇ ਹੀ ਮੈਨੂੰ ਦੱਸ ਦਿੱਤਾ ਕਿ ਦਰਸ਼ਨ ਝਲਕਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹਨ।ਅਸਲ ਵਿਚ ਉਹ ਸਾਡੇ ਅੰਦਰ ਹੀ ਹੈ।ਦਰਸ਼ਨ ਦੇਣ ਵਾਲਾ ਵੀ ਉਹੀ ਹੈ ਤੇ ਦਰਸ਼ਨ ਕਰਨ ਵਾਲੇ ਵਿਚ ਵੀ ਉਹ ਆਪ ਹੀ ਹੈ।ਉਹ ਆਪਣਾ ਖੇਲ੍ਹ ਆਪ ਹੀ ਖੇਲ ਰਿਹਾ ਹੈ।ਸ਼ਹੀਦਾਂ ਸਿੰਘਾਂ ਦੀਆਂ ਰੰਗ-ਰੰਗਲੀਆਂ ਖੇਡ੍ਹਾਂ ਵਿਚ ਵੀ ਉਹ ਆਪ ਹੀ ਵਿਚਰ ਰਿਹਾ ਹੈ।ਸਭ ਪਾਸੇ ਉਸਦਾ ਆਪਣਾ ਹੀ ਪਸਾਰਾ ਹੈ।"

ਦਰਸ਼ਨ ਝਲਕਾਂ ਦੀ ਬਖਸ਼ਿਸ਼ ਪਿੱਛੋਂ ਲੜਕੀ ਦਾ ਧਿਆਨ ਹਰ ਵੇਲੇ ਸਿਮਰਨ ਵਿਚ ਟਿਕਿਆ ਰਹਿੰਦਾ।ਗੁਰੂ ਜੀ ਦੇ ਚਰਨ-ਕਮਲ ਹਿਰਦੇ ਵਿਚ ਵਸਾ ਕੇ ਅੰਤ੍ਰ-ਆਤਮੇ ਸੰਮ੍ਹਾਲੀ ਰੱਖਦੀ।ਨਾਮ-ਖੁਮਾਰੀ ਦੀ ਘੂਕੀ ਵਿਚ ਉਹ ਗੁਰੂ ਦੀ ਸ਼ਰਣ ਵਿਚ ਟਿਕੀ ਰਹਿੰਦੀ ਗੁਰੂ ਜੀ ਦੇ ਸਨਮੁਖ ਰਹਿ ਕੇ,ਸੀਸ ਗੁਰੂ ਚਰਨਾਂ ਵਿਚ ਝੁਕਾਈ ਰੱਖਦੀ।ਕੁਝ ਦਿਨਾ ਪਿੱਛੋਂ ਨਾਮ-ਬਾਣੀ ਦੇ ਰਸੀਆਂ ਦੀ ਰੈਣ ਸਬਾਈ ਦਾ ਕੀਰਤਨ ਬੜੀ ਚੜ੍ਹਦੀ ਕਲਾ ਦੇ ਰੰਗਾਂ ਵਿਚ ਹੋ ਰਿਹਾ ਸੀ।ਸੰਗਤ ਉਤੇ ਕੀਰਤਨ ਦਾ ਪ੍ਰਭਾਵ ਬੜੇ ਅਲੌਕਿਕ ਢੰਗ ਨਾਲ ਪੈ ਰਿਹਾ ਸੀ।ਉਸ ਲੜਕੀ ਦਾ ਸਿਮਰਨ ਐਨੀ ਜੋਰ ਦੀ ਉਛਾਲੇ ਮਾਰਨ ਲੱਗਿਆ ਕਿ ਵਿਚਾਰੀ ਤੋਂ ਅਜਰ ਨੂੰ ਜਰਨਾ ਔਖਾ ਹੋ ਗਿਆ।ਸਾਹ ਨਾਲ ਸਾਹ ਨਾ ਰਲੇ..! ਤੇ ਉਹ ਬੇਸੁੱਧ ਹੋ ਕੇ ਡਿਗ ਪਈ। ਹੋਸ਼ ਆਉਣ 'ਤੇ ਉਸਨੇ ਦੱਸਿਆ ਕਿ ਉਸਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਪਰ ਪ੍ਰਕਾਸ਼ ਹੀ ਪ੍ਰਕਾਸ਼ ਦਿਸਿਆ ਤੇ ਫਿਰ ਉਸ ਅਤਿੱ ਸੁੰਦਰ ਪ੍ਰਕਾਸ਼ ਵਿਚੋਂ ਪ੍ਰਕਾਸ਼ ਦੇ ਗੋਲੇ ਨਿਕਲ ਨਿਕਲ ਕੇ ਬਾਹਰ ਸੰਗਤਾਂ ਉਤੇ ਵਰ੍ਹਨ ਲੱਗ ਪਏ।

ਉਸ ਲੜਕੀ ਦੀ ਨਿੱਜ ਆਤਮਾ ਨੂੰ ਪ੍ਰੇਮਾ-ਭਗਤੀ ਨਾਲ ਸ਼ਿੰਗਾਰ ਹੁੰਦੀ ਦੇਖ ਕੇ,**ਇਕ ਗੁਰਸਿੱਖ ਬੀਬੀ** ਜਿਹੜੀ ਆਪਣੀਆਂ ਰੂਹਾਨੀ ਸ਼ਕਤੀਆਂ ਦੇ ਭੰਡਾਰਾਂ ਨੂੰ ਲੁਕਾਉਣ ਵਿਚ ਹੀ ਬੇਹਤਰੀ ਸਮਝਦੀ ਸੀ,ਉਸਨੂੰ ਆਪਣਾ ਆਪ ਲੁਕਾ ਕੇ ਰੱਖਣ ਦਾ ਖਿਆਲ ਨਾ ਰਿਹਾ।ਇਕ ਦਿਨ ਜੋੜਾ ਘਰ ਵਿਚ ਲੜਕੀ ਨੂੰ ਇਕਲਿਆਂ ਖੜ੍ਹੀ ਦੇਖ ਕੇ ਉਹ ਉਸ ਕੋਲ ਗਈ।ਉਸਦੀ ਬੇਕਾਬੂ ਹੋਈ ਰਸਨਾਂ,ਆਤਮ-ਗਿਆਨ ਦੀਆਂ ਫੁਲਝੜੀਆਂ ਬਣ ਕੇ ਲੜਕੀ ਦੇ

ਅੰਤ੍ਰੀਵ-ਮਨ ਉਤੇ ਚਾਨਣ ਦੇ ਛੱਟੇ ਖਲਾਰ ਗਈ।ਉਸਨੇ ਲੜਕੀ ਨੂੰ ਸਮਝਾਇਆ ਕਿ ਉਸਦੀ ਪ੍ਰੇਮਾ-ਭਗਤੀ ਨੂੰ ਸੋਹਣੇ ਢੰਗ ਨਾਲ ਰੰਗ ਲੱਗ ਰਿਹਾ ਹੈ ਇਸ ਲਈ ਉਹ ਨਾਮ ਬਾਣੀ ਦੀ ਕਮਾਈ ਇਸੇ ਤਰ੍ਹਾਂ ਹੀ ਕਰਦੀ ਰਹੇ...ਪਰ ਰਿੱਧੀਆਂ ਸਿੱਧੀਆਂ ਦੇ ਚੱਕਰ ਤੋਂ ਬਚ ਕੇ ਰਹੇ...।

ਸਿੰਘਣੀ ਦੀ ਸ਼ਖਸੀਅਤ ਅਤੇ ਵਾਰਤਾ ਲਾਪ ਨੇ ਲੜਕੀ ਦੀ ਅੰਤ੍ਰ-ਆਤਮਾ ਨੂੰ ਟੁੰਬਿਆ ਪਰ ਰਿੱਧੀਆਂ ਸਿੱਧੀਆਂ ਵਾਲੀ ਗੱਲ ਨੂੰ ਉਸ ਨੇ ਅਣਗੌਲਿਆਂ ਹੀ ਕਰ ਛੱਡਿਆ ਅਤੇ ਉਹ ਇਸ ਦਿਲਚਸਪ ਖੇਡ ਵਿਚ ਮਸਤ ਰਹੀ।ਸੰਗੀਆਂ ਸਾਥੀਆਂ ਵਿਚ ਇਸ ਗੱਲ ਦੀ ਚਰਚਾ ਅਤੇ ਆਪਣੀ ਵਡਿਆਈ ਹੁੰਦੀ ਦੇਖ ਕੇ ਉਸ ਨੂੰ ਚੰਗਾ ਲਗਦਾ ਸੀ।ਉਸਤਤੀ ਦੇ ਨਸ਼ੇ ਨੇ ਉਸਦੇ ਪ੍ਰੇਮ-ਵੈਰਾਗ ਦੇ ਹੰਝੂਆਂ ਅੱਗੇ ਬੰਨ ਲਗਾ ਦਿੱਤਾ।ਉਸ ਦੇ ਸਾਰੇ ਹੰਝੂ ਸੁੱਕ ਗਏ ਤੇ ਫਿਰ ਉਸਨੂੰ ਉਸ ਗੁਰਮੁੱਖ ਪਿਆਰੀ ਦੀ ਗੱਲ ਯਾਦ ਆਉਣ ਲੱਗੀ।ਉਸਨੂੰ ਆਪਣੇ ਜੀਵਨ ਦੀਆਂ ਓਹ ਘੜੀਆਂ ਯਾਦ ਆਉਣ ਲੱਗੀਆਂ ਜਦੋਂ ਉਸਨੂੰ ਪ੍ਰਭੂ ਪ੍ਰੀਤਮ ਦੇ ਪ੍ਰੇਮ ਵੈਰਾਗ ਵਿਚ ਹੰਝੂਆਂ ਦੀਆਂ ਧਾਰਾਂ ਵਗਾ ਕੇ ਕਦੀ ਰੱਜ ਹੀ ਨਹੀਂ ਸੀ ਆਉਂਦਾ।ਪ੍ਰੇਮ-ਵੈਰਾਗ ਦੀਆਂ ਝੜੀਆਂ ਤੋਂ ਬਿਨਾ,ਉਸਨੂੰ ਆਪਣਾ ਆਪਾ ਰੁੱਖਾ ਰੁੱਖਾ ਲੱਗਣ ਲੱਗਿਆ।ਉਸਦੀਆਂ ਅੱਖੀਆਂ ਵਿਚੋਂ ਵਗਦੀਆਂ ਬ੍ਰਿਹੜੇ ਦੇ ਮੋਤੀਆਂ ਦੀਆਂ ਲੜੀਆਂ,ਪੱਕੀਆਂ ਕੜੀਆਂ ਬਣ ਕੇ ਉਸਨੂੰ ਉਸਦੇ ਪ੍ਰਭੂ-ਪ੍ਰੀਤਮ ਨਾਲ ਮਿਲਾਈ ਰੱਖਦੀਆਂ ਸੀ, ਗੁਰੂ ਚਰਨਾਂ ਨੂੰ ਹਿਰਦੇ ਵਿਚ ਵਸਾਈ ਰੱਖਦੀਆਂ ਸੀ ਤੇ ਆਲੇ ਦੁਆਲੇ ਤੋਂ ਬੇਖਬਰ ਬਣਾਈ ਰੱਖਦੀਆਂ ਸੀ ਪਰ ਹੁਣ ਉਨ੍ਹਾਂ ਲੜੀਆਂ ਦੇ ਟੁੱਟਣ ਨਾਲ ਉਸਨੂੰ ਆਪਣਾ ਆਪ ਸੁੰਨਾਂ ਸੁੰਨਾ ਲੱਗਣ ਲੱਗ ਪਿਆ।ਬ੍ਰਿਹੋਂ-ਬਾਣਾਂ ਦੀਆਂ ਝੜੀਆਂ ਦੀ ਹਰਿਆਵਲ ਤੋਂ ਬਿਨਾ ਉਸਦੇ ਸਿਮਰਣ ਵਿਚ ਸੋਕਾ ਛਾ ਗਿਆ ਤੇ ਉਸਦੇ ਪੱਲੇ ਬੱਸ !ਯਾਦਾਂ ਹੀ ਰਹਿ ਗਈਆਂ।

ਫਿਰ ਇਕ ਦਿਨ ਕਿਸੇ ਦੇ ਘਰ ਕੀਰਤਨ ਸਮਾਗਮ ਵਿਚ ਲੜਕੀ ਨੇ ਦੇਖਿਆ ਕਿ ਉਹੀ ਗੁਰਮੁਖ ਪਿਆਰੀ ਸਾਰੀ ਸੰਗਤ ਦੇ ਪਿੱਛੇ ਕੰਧ ਨਾਲ ਢਾਸਣਾਂ ਲਗਾ ਕੇ ਬੈਠੀ ਹੋਈ ਹੈ।ਉਸਨੇ ਸੁਰਤੀ ਰਾਹੀਂ ਉਸ ਸਿੰਘਣੀ ਦੀ ਸੰਗਤ ਕਰਨੀ ਚਾਹੀ।ਭਗਤ-ਜਨ ਸਰੀਰਾਂ ਨਾਲ ਨਹੀਂ...! ਸੁਰਤੀਆਂ ਰਾਹੀਂ ਇਕ ਦੂਜੇ ਦੀ ਸੰਗਤ ਕਰ ਲੈਂਦੇ ਹਨ।ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਿੰਨਾ ਦਿਆਲੂ ਹੋਰ ਕੌਣ ਹੋ ਸਕਦਾ ਹੈ?ਭਗਤ ਜਨਾਂ ਦੇ ਆਤਮ-ਮਾਰਗ ਉਤੇ ਗੁਰੂ ਜੀ ਆਪ ਸਹਾਈ ਹੁੰਦੇ ਹਨ।ਡੁੱਬਦੇ ਜਾਂਦਿਆਂ ਦੀਆਂ ਬਾਹਾਂ ਫੜਕੇ ਪਾਰ ਉਤਾਰੇ ਕਰਨ ਵਿਚ ਕਦੀ ਦੇਰ ਨਹੀਂ ਲਾਉਂਦੇ।

ਆਤਮਿਕ ਮੰਡਲਾਂ ਦੀ ਵਸਨੀਕ ਸਿੰਘਣੀ ਦੀ ਮੇਹਰ ਦ੍ਰਿਸ਼ਟੀ ਨਾਲ ਲੜਕੀ ਨੂੰ ਪ੍ਰੇਮ-ਵੈਰਾਗ ਦੀ ਬਖਸ਼ਿਸ਼ ਹੋਈ।ਉਹ ਬ੍ਰਿਹੋਂ ਕੁੱਠੇ ਦਿਲ ਨਾਲ ਪ੍ਰੇਮ-ਹੰਝੂਆਂ ਦੇ ਹਾਰ ਪ੍ਰੋ ਪ੍ਰੋ ਕੇ ਸਤਿਗੁਰਾਂ ਦੇ ਚਰਨਾ ਵਿਚ ਸਜਾਉਣ ਲੱਗੀ।ਉਸਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁੰਦਰ ਸਰੂਪ ਅੱਗੇ ਸਿਰ ਝੁਕਾ ਕੇ ਸਿਮਰਨ ਵਿਚ ਸੁਰਤੀ ਟਿਕਾ ਲਈ।ਸਾਹਾਂ ਦਾ ਦੌਰ ਮੱਧਮ ਹੁੰਦਾ ਹੁੰਦਾ

ਪਤਾ ਹੀ ਨਾ ਲੱਗੇ ਕਿ ਸਾਹ ਆਉਂਦਾ ਵੀ ਹੈ ਕਿ ਨਹੀਂ।ਲੜਕੀ ਦੇ ਸਾਹਮਣੇ ਇਕ ਇਲਾਹੀ ਦ੍ਰਿਸ਼ਟਾਂਤ ਸੱਜ ਗਿਆ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਅਤੇ ਚੰਦੋਏ ਦੇ ਵਿਚਕਾਰ ਪ੍ਰਕਾਸ਼ ਲਹਿਰਾ ਰਿਹਾ ਸੀ।**'ਪੂਰਨ ਪਰਮ ਜੋਤਿ ਪਰਮੇਸਰ'**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜੋਤ-ਸਰੂਪ ਹੋ ਕੇ ਪ੍ਰਗਟ ਹੋਏ।ਅੱਤਿ ਸੋਹਲ,ਸੁਖਾਵਾਂ,ਨਿਰਮਲ,ਅਗੰਮੀ ਲਹਿਰਾਂ ਨਾਲ ਸੱਜਿਆ ਹੋਇਆ ਤੇ ਤਾਰਿਆਂ ਦੇ ਰੰਗ ਵਿਚ ਰੰਗਿਆ ਹੋਇਆ ਨੂਰ ਉਸਦੇ ਸਾਹਮਣੇ ਸੀ।ਉਹ ਉਸ ਝਿਲਮਿਲ ਕਰਦੇ ਪ੍ਰਕਾਸ਼ ਵਿਚ ਲੀਨ ਸੀ ਕਿ ਸੰਗਤ ਵਿਚ ਸਭ ਤੋਂ ਪਿੱਛੇ ਬੈਠੀ ਸਿੰਘਣੀ ਦੀ ਸ਼ਕਲ ਉਸ ਪ੍ਰਕਾਸ਼ ਵਿਚ ਆ ਕੇ ਇਸ ਤਰ੍ਹਾਂ ਸੱਜ ਗਈ ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਚੰਦੋਏ ਦੇ ਵਿਚਕਾਰ ਕੋਈ ਨੂਰਾਨੀ ਚਿੱਤ੍ਰ ਝਿਲਮਿਲਾ ਰਿਹਾ ਹੋਵੇ।**'ਵਾਹੁ ਵਾਹੁ ਬਾਣੀ ਨਿਰੰਕਾਰ ਹੈ'** ਨਿਰੰਕਾਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਰਾਹੀਂ ਦਰਸ਼ਨ ਦੇਣ ਦਾ ਅਡੰਬਰ ਰਚਿਆ ਤੇ ਫਿਰ ਉਸ ਨਿਰੰਕਾਰੀ ਪ੍ਰਕਾਸ਼ ਵਿਚ ਸਿੰਘਣੀ ਦਾ ਸਰੂਪ ਅਸਚਰਜ ਰੂਪ ਧਾਰ ਕੇ ਆਣ ਸਮਾਇਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਪਰ ਪ੍ਰਮ-ਪ੍ਰਕਾਸ਼ ਦੇ ਅਲੌਕਿਕ ਨਜਾਰੇ ਦੇ ਅਨੁਭਵ ਨੇ ਲੜਕੀ ਨੂੰ ਸੋਝੀ ਕਰਵਾਈ ਕਿ **'ਪ੍ਰਕਾਸ਼ ਦਰਸ਼ਨ ਵਾਹਿਗੁਰੂ ਦਰਸ਼ਨ ਹੈ'** ਤੇ ਇਸ ਪ੍ਰਕਾਸ਼ ਵਿਚ ਸਿੰਘਣੀ ਦੇ ਦਰਸ਼ਨ ਹੋਣੇ ,ਉਸ ਸਿੰਘਣੀ ਦਾ ਵਾਹਿਗੁਰੂ ਨਾਲ ਅਭੇਦਤਾ ਦ੍ਰਸਾਉਣ ਸਾ ਸੰਕੇਤ ਹੈ।

**ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ**

**ਭੇਦੁ ਨ ਜਾਣਹੁ ਮੂਲ ਸਾਈਂ ਜੇਹਿਆ**

(ਪੰਨਾਂ ੩੯੭)

ਲੜਕੀ ਜਾਣ ਗਈ ਕਿ ਪ੍ਰਮ-ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਲਾਹੀ-ਪ੍ਰਕਾਸ਼ ਵਿਚ ਸਮਾ ਕੇ ਦਰਸ਼ਨ ਦੇਣ ਵਾਲੀ ਸਿੰਘਣੀਂ,ਆਪਣੇ **ਪ੍ਰਕਾਸ਼ ਸਰੂਪੀ** ਪ੍ਰਭੂ-ਪ੍ਰੀਤਮ ਦੇ ਅੰਗੀਂ ਸਮਾਈ ਹੋਈ ਹੈ।ਮੋਹ ਮਾਇਆ ਦੇ ਜਾਲ ਤੋਂ ਪਰ੍ਹੇ ਦਾ ਪ੍ਰਮ-ਪ੍ਰਕਾਸ਼...!ਜਿੱਥੇ ਦੁਨਿਆਵੀ ਤ੍ਰਿਸ਼ਨਾਵਾਂ ਦਾ ਲੇਪ ਮਾਤ੍ਰ ਭੀ ਨਹੀਂ ਹੈ ਅਤੇ ਗਿਆਨ-ਅੰਮ੍ਰਿਤ ਦੇ ਅਥਾਹ ਸਾਗਰਾਂ ਦੀਆਂ ਅਮਿਣਵੀਆਂ ਦੂਰੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਆਪਣੇ ਪੰਨਿਆਂ ਵਿਚ ਸਮੇਟਿਆ ਹੋਇਆ ਹੈ...!ਉਸ ਅਲੌਕਿਕ ਪ੍ਰਕਾਸ਼ ਵਿਚ ਸੱਜ ਧੱਜ ਕੇ ਬੈਠੀ ਹੋਈ ਗੁਰਮੁੱਖ ਸਖੀ ਸਹੇਲੀ ਦੇ ਦਰਸ਼ਨ ਕਰਕੇ ਲੜਕੀ ਨੂੰ ਬ੍ਰੰਹਮ ਗਿਆਨੀਆਂ ਦੇ ਅਸਲੀ ਟਿਕਾਣੇ ਦੀ ਸੋਝੀ ਹੋਈ।

ਇਕ ਵਾਰੀ ਉਸ ਲੜਕੀ ਨੂੰ ਆਪਣੀ ਰਿਸ਼ਤੇਦਾਰ, ਇਕ ਬੁੱਢੀ ਮਾਈ ਦੇ ਘਰ ਵਿਚ ਰਹਿਣ ਦਾ ਮੌਕਾ ਮਿਲਿਆ ਜਿਸਨੇ ਆਪਣੇ ਇਕੱਲਪੁਣੇ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰੇਮ ਪ੍ਰਕਾਸ਼ ਨਾਲ ਸੰਵਾਰਿਆ ਹੋਇਆ ਸੀ।ਨਾਮ ਬਾਣੀ ਦੇ ਮਹੌਲ ਵਿਚ ਰਹਿ ਕੇ ਉਸ ਲੜਕੀ ਦੀ ਭਗਤੀ ਦੇ ਰੰਗਾਂ ਵਿਚ ਦੂਣ ਸਵਾਇਆ ਵਾਧਾ ਹੋਣ ਲੱਗਿਆ।ਜਿਉਂ ਜਿਉਂ ਭਗਤੀ-ਭੇਦਾਂ ਦੇ

ਅਲੌਕਿਕ ਨਜਾਰੇ ਸਾਹਮਣੇ ਆਉਂਦੇ, ਤਿਉਂ ਤਿਉਂ ਉਸਦੀ ਨਾਮ ਬਾਣੀ ਵਿਚ ਲੀਨ ਹੋਣ ਦੀ ਰੁਚੀ ਵਧਦੀ ਜਾਂਦੀ।ਕਈ ਵਾਰੀ ਦੂਰ ਨੇੜੇ ਵਾਪਰ ਰਹੀਆਂ ਘਟਨਾਵਾਂ ਸਮਾਧੀ ਅਵਸਥਾ ਵਿਚ ਦਿਸ ਪੈਂਦੀਆਂ ਤੇ ਸਮਾ ਬੀਤ ਜਾਣ ਪਿਛੋਂ ਪਤਾ ਲਗਦਾ ਕਿ ਜੋ ਕੁਝ ਉਸਨੇ ਸਮਾਧੀ ਵਿਚ ਬੈਠੀ ਹੋਈ ਨੇ ਦੇਖਿਆ ਸੀ ਉਹ ਹਕੀਕਤ ਹੀ ਸੀ।

ਇਕ ਦਿਨ ਉਹ ਲੰਮੇ ਸਮੇ ਤੋਂ ਬਿਨਾ ਕੁਝ ਖਾਧਿਆਂ ਪੀਤਿਆਂ ਕਮਰੇ ਦਾ ਦਰਵਾਜਾ ਬੰਦ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿਚ,ਪੱਥਰ ਦੀ ਮੂਰਤੀ ਬਣ ਕੇ ਬੈਠੀ ਹੋਈ ਸੀ।ਬੁੱਢੀ ਮਾਈ ਨੂੰ ਮਿਲਣ ਲਈ ਯੁਨੀਵਰਸਿਟੀ ਵਿਚ ਪੜ੍ਹ ਰਹੀਆਂ ਪੀ.ਐਚ.ਡੀ.ਦੀਆਂ ਦੋ ਵਿਦਿਆਰਥਣਾਂ ਆਣ ਪਹੁੰਚੀਆਂ।ਕੜਾਕੇ ਦੀ ਗਰਮੀ ਵਿਚ ਬਸਾਂ ਦੇ ਲੰਬੇ ਸਫਰ ਨਾਲ ਉਨ੍ਹਾਂ ਦੇ ਕੱਪੜੇ ਪਸੀਨੇ ਨਾਲ ਭਿੱਜੇ ਹੋਏ ਸਨ।ਬੁੱਢੀ ਮਾਈ ਨੇ ਪ੍ਰੇਮ ਨਾਲ ਜੀ ਆਇਆਂ ਕਹਿਣ ਪਿੱਛੋਂ ਉਨ੍ਹਾਂ ਨੂੰ ਇਸ਼ਨਾਨ ਕਰਨ ਲਈ ਕਿਹਾ ਤੇ ਆਪ ਉਨ੍ਹਾਂ ਦੇ ਖਾਣ ਪੀਣ ਦੀ ਸੇਵਾ ਕਰਨ ਲਈ ਰਸੋਈ ਵਿਚ ਜਾ ਵੜੀ।ਉਨ੍ਹਾਂ ਦੋਨਾਂ ਲੜਕੀਆਂ ਨੇ ਬੜੇ ਆਦਰ ਸਤਿਕਾਰ ਨਾਲ ਬੁੱਢੜੀ ਨੂੰ ਕਿਹਾ ਕਿ ਰਸੋਈ ਦਾ ਕੰਮ ਉਹ ਆਪ ਕਰਨਗੀਆਂ।ਤੇ ਫਿਰ ਨਹਾ ਧੋ ਕੇ ਗੁਰੂ ਮਹਾਰਾਜ ਦੀ ਸ਼ਰਣ ਵਿਚ ਜਾ ਕੇ ਨਾਮ ਬਾਣੀ ਦੇ ਲਾਹੇ ਪ੍ਰਾਪਤ ਕਰਨਗੀਆਂ।

ਇਕ ਲੜਕੀ ਰਸੋਈ ਵਿਚ ਚਲੇ ਗਈ ਤੇ ਦੂਜੀ ਨੇ ਘਰ ਦੀ ਸਫਾਈ ਲਈ ਝਾੜੂ ਪੋਚਾ ਫੜ ਲਿਆ।ਉਹ ਘਰ ਦੀ ਇਕ ਇਕ ਪੌੜੀ ਉਤੇ ਪੋਚਾ ਫੇਰਦੀ ਹੋਈ ਮੱਥਾ ਟੇਕੀ ਜਾਵੇ ਤੇ ਨਾਲੇ ਆਪਣੇ ਹਿਰਨੀ ਵਰਗੇ ਸੁੰਦਰ ਨੈਣ-ਕਟੋਰਿਆਂ ਵਿਚੋਂ ਪ੍ਰਭੂ ਪ੍ਰੀਤਮ ਦੇ ਪ੍ਰੇਮ-ਹੰਝੂ ਕੇਰੀ ਜਾਵੇ।ਰਹਿਰਾਸ ਦਾ ਸਮਾ ਹੋ ਗਿਆ।ਦੋਨਾਂ ਕੁੜੀਆਂ ਨੇ ਆਪੋ ਆਪਣਾ ਕੰਮ ਕਰਦੀਆਂ ਹੋਈਆਂ ਨੇ ਰਹਿਰਾਸ ਸਾਹਿਬ ਦਾ ਪਾਠ ਕਰਨਾ ਸ਼ੁਰੂ ਕਰ ਲਿਆ।

ਰਸੋਈ ਵਿਚ ਕੰਮ ਕਰਨ ਵਾਲੀ ਲੜਕੀ ਪਾਠ ਦੀ ਸਮਾਪਤੀ ਪਿਛੋਂ ਅਰਦਾਸ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਮਰੇ ਵਿਚ ਚਲੇ ਗਈ।ਕਮਰੇ ਦਾ ਦਰਵਾਜਾ ਖੋਲ੍ਹਦਿਆ ਹੀ ਉਸਦਾ ਰੋਮ ਰੋਮ ਕਾਸਮਿਕ ਅਨਰਜੀ ਦੀਆਂ ਤਰੰਗਾਂ ਨਾਲ ਖਿੜ ਉਠਿਆ।ਮੱਥਾ ਟੇਕਿਆ ਤਾਂ ਸਾਹਮਣੇ ਸਮਾਧੀ ਅਵਸਥਾ ਵਿਚ ਬੈਠੀ ਲੜਕੀ ਉਤੇ ਨਜਰ ਪਈ।ਉਹ ਦੋਨੋਂ ਇਕ ਦੂਜੇ ਨੂੰ ਨਹੀਂ ਸੀ ਜਾਣਦੀਆਂ।ਸਮਾਧੀ ਵਾਲੀ ਲੜਕੀ ਨੂੰ ਕਮਰੇ ਤੋਂ ਬਾਹਰ ਕਿਸੇ ਦੇ ਆਉਣ ਦੀ ਕੋਈ ਖਬਰ ਨਹੀਂ ਸੀ ਤੇ ਬਾਹਰੋਂ ਆਈਆਂ ਲੜਕੀਆਂ ਨੂੰ ਬੁੱਢੀ ਮਾਈ ਤੋਂ ਬਿਨਾ ਘਰ ਵਿਚ ਕਿਸੇ ਹੋਰ ਦੇ ਹੋਣ ਦੀ ਕੋਈ ਖਬਰ ਨਹੀਂ ਸੀ।

ਬਿਨਾ ਕਿਸੇ ਜਾਣ ਪਛਾਣ ਤੋਂ ਦੋਨਾ ਲੜਕੀਆਂ ਦਾ ਮਿਲਨ ਕੁਝ ਇਸ ਤਰ੍ਹਾਂ ਹੋਇਆ ਕਿ ਦੋਨਾਂ ਦਾ ਸਿਮਰਨ ਸੋਮੇ ਵਾਂਗੂੰ ਫੁੱਟ ਕੇ ਬੇਕਾਬੂ ਹੋ ਕੇ ਵਹਿ ਤੁਰਿਆ ਹੋਵੇ।ਉਨ੍ਹਾਂ ਨੂੰ ਆਪਣੇ ਆਪ ਦੀ ਕੋਈ ਸੁਧ ਬੁਧ ਨਾ ਰਹੀ।ਸਿਮਰਨ ਦੀ ਅਵਾਜ਼ ਸੁਣ ਕੇ ਬੁੱਢੀ ਮਾਈ ਅੰਦਰ ਪਹੁੰਚੀ ਤੇ ਉਹ ਵੀ ਨਾਮ ਦੇ ਰੰਗ ਵਿਚ ਰੰਗੀ ਗਈ।ਦੂਜੀ ਕੁੜੀ ਆਪਣਾ ਕੰਮ ਖਤਮ ਕਰਨ ਪਿਛੋਂ

ਇਸ਼ਨਾਨ ਕਰ ਰਹੀ ਸੀ।ਵਾਸ਼ ਰੂਮ ਵਿਚੋਂ ਬਾਹਰ ਨਿਕਲੀ ਤਾਂ ਉਹ ਵੀ ਸਿਮਰਨ ਦੀ ਗੁੰਜਾਰ ਦੀ ਚੁੰਬਕੀ ਖਿੱਚ ਨਾਲ ਖਿੱਚੀ ਗਈ।ਗੁਰੂ ਜੀ ਦੀ ਸ਼ਰਣ ਵਿਚ ਨਾਮ ਦੇ ਰੰਗ ਦੀ ਇਲਾਹੀ ਝੜੀ ਲੱਗੀ ਹੋਈ ਦੇਖ ਕੇ ਉਹ ਗਦ ਗਦ ਹੋ ਗਈ।ਸਤਿਗੁਰਾਂ ਦੇ ਚਰਨਾਂ ਵਿਚ ਰੱਜ ਰੱਜ ਕੇ ਪ੍ਰੇਮ-ਹੰਝੂਆਂ ਦੀ ਭੇਟ ਚੜ੍ਹਾਉਣ ਪਿੱਛੋਂ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਬੈਠ ਕੇ ਚੌਰ ਸਾਹਿਬ ਦੀ ਸੇਵਾ ਕਰਨ ਲੱਗ ਪਈ।ਸਖੀਆਂ ਸਹੇਲੀਆਂ ਨੂੰ ਲੋਟ ਪੋਟ ਹੋਇ ਗਈਆ ਦੀ ਅਵਸਥਾ ਵਿਚ ਦੇਖ ਕੇ ਉਹ ਆਪਣੇ ਸਤਿਗੁਰਾਂ ਤੋਂ ਬਲਿਹਾਰ ਜਾ ਰਹੀ ਸੀ।ਪ੍ਰੇਮ-ਹੰਝੂਆਂ ਦੇ ਮੋਤੀਆਂ ਦੀਆਂ ਲੜੀਆਂ ਲਗਾਤਾਰ ਓਿਸਦੀਆਂ ਗਲ੍ਹਾਂ ਉਤੇ ਵਹਿ ਰਹੀਆਂ ਸਨ।ਉਸਨੇ ਬੁੱਢੀ ਮਾਈ ਨਾਲ ਸਲਾਹ ਕੀਤੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁੱਖ ਆਸਣ ਦੀ ਸੇਵਾ ਕਰਨ ਦੀ ਥਾਂ ਰੈਣ ਸਬਾਈ ਸਿਮਰਣ ਦੇ ਮਹਾਂ ਅਨੰਦ ਦੀਆਂ ਪੀਂਘਾਂ ਝੂਟੀਆਂ ਜਾਣ.. ।

ਰਾਤ ਪੈ ਗਈ ਪਰ ਉਹ ਦੋਨੋਂ ਲੜਕੀਆਂ ਬੇਸੁੱਧ ਹੋਈਆਂ ਇਕੋ ਨਾਮ ਦੀ ਧੁਨੀ ਗੁੰਜਾਉਂਦੀਆਂ ਰਹੀਆਂ।ਇਸੇ ਰੰਗ ਵਿਚ ਸਮਾ ਬੀਤਦਾ ਗਿਆ ਅੱਧੀ ਰਾਤ ਹੋ ਗਈ।ਸੁੰਨ ਸਾਂਨ ਥਾਂ ਵਿਚ ਬਣੇ ਘਰ ਅੱਗਿਓਂ ਕੁੱਤਿਆਂ ਦੀ ਹੂ..ਹੂ..ਦੀ ਅਵਾਜ ਆਉਣ ਲੱਗੀ।ਬੁੱਢੀ ਮਾਈ ਘਰ ਤੋਂ ਬਾਹਰ ਨਿੱਕਲੀ।ਕੁੱਤਿਆਂ ਦੀ ਮਸਤਾਨੀ ਦਸ਼ਾ ਦੇਖ ਕੇ ਉਹ ਦੰਗ ਰਹਿ ਗਈ।ਉਸਦੇ ਸਾਹਮਣੇ ਚਾਰ ਕੁੱਤੇ ਮੂੰਹ ਉਪਰ ਚੁੱਕੀ, ਘਰ ਦੇ ਅੰਦਰ ਹੋ ਰਹੇ ਕੁੜੀਆਂ ਦੇ ਸਿਮਰਨ ਦੀ ਅਵਾਜ ਨਾਲ ਅਵਾਜ ਮਿਲਾਈ ਅਤੇ ਲੈਅ ਨਾਲ ਲੈਅ ਮਿਲਾਈ ਹੂ..ਹੂ..ਕਰ ਰਹੇ ਸਨ।ਬੁੱਢੀ ਮਾਈ ਨੂੰ ਇੰਜ ਪ੍ਰਤੀਤ ਹੋਇਆ ਕਿ ਜਿਵੇਂ ਕਿਸੇ ਦੀ ਮੌਤ ਸਮੇ,ਜਦੋਂ ਜਮ ਆਉਂਦੇ ਹਨ ਤਾਂ ਸਾਨੂੰ ਮਨੁੱਖ ਜਾਤੀ ਨੂੰ ਜਮ ਨਜਰੀਂ ਨਹੀਂ ਆਉਂਦੇ ਪਰ ਕੁੱਤਿਆਂ ਨੂੰ ਜਮ ਦਿਸ ਪੈਂਦੇ ਹੁੰਦੇ ਹਨ ਤੇ ਉਹ ਜਮਾ ਨੂੰ ਦੇਖ ਕੇ ਲੰਬੀਆਂ ਹੇਕਾਂ ਕੱਢ ਕੱਢ ਕੇ ਰੋਂਦੇ ਹਨ ਇਸੇ ਤਰ੍ਹਾਂ ਹੀ ਸ਼ਹੀਦ ਸਿੰਘਾਂ ਦੀ ਹੋਂਦ ਨੂੰ ਵੀ ਮਨੁੱਖਾਂ ਨਾਲੋਂ ਕੁੱਤੇ ਜ਼ਿਆਦਾ ਪਛਾਣਦੇ ਹਨ।ਘਰ ਦੇ ਅੰਦਰ ਉਚੀਆਂ ਸੁੱਚੀਆਂ ਰੂਹਾਂ ਵਾਲੀਆਂ ਲੜਕੀਆਂ ਦਾ ਸਿਮਰਨ ਵੀ ਸ਼ਹੀਦ ਸਿੰਘਾਂ ਦੀ ਮੇਹਰ ਨਾਲ ਹੀ ਚੱਲ ਰਿਹਾ ਸੀ ਅਤੇ ਬਾਹਰ ਕੁੱਤਿਆਂ ਦੀ ਹੂ..ਹੂ...ਦੀ ਅਵਾਜ਼ ਦੇ ਨਜਾਰੇ ਵਿਚ ਵੀ ਸ਼ਹੀਦ ਸਿੰਘਾਂ ਦਾ ਹੱਥ ਸੀ।

ਸ਼ਾਮ ਦੀ ਰਹਿਰਾਸ ਦੇ ਸਮੇ ਤੋਂ ਅੰਮ੍ਰਿਤ ਵੇਲੇ ਦੇ ਚਾਰ ਵੱਜ ਗਏ।ਦੋਨਾਂ ਲੜਕੀਆਂ ਦੇ ਰੂਹ ਦਾ ਮਿਲਾਪ, ਅਖੰਡ ਸਿਮਰਨ ਵਿਚ ਲੀਨ ਹੋ ਕੇ ਬੀਤਿਆ।ਨਾਮ ਖੁਮਾਰੀ ਦੀ ਮਸਤੀ ਵਿਚੋਂ ਕੁਝ ਹੋਸ਼ ਆਈ ਤਾਂ ਬੁੱਢੀ ਮਾਈ ਨੇ ਕੁੜੀਆਂ ਦੀ ਆਪਸ ਵਿਚ ਜਾਣ ਪਛਾਣ ਕਰਵਾਈ।

ਅਸੀਂ ਪਾਠ ਪੂਜਾ ਕਰਨ ਲਈ ਇਸ਼ਨਾਨ ਕਰਕੇ ਸਾਫ ਸੁਥਰੇ ਕਪੜੇ ਪਾ ਕੇ ਬੈਠਦੇ ਹਾਂ ਪਰ ਉਸ ਕੁੜੀ ਦੇ ਕਪੜੇ ਤਾਂ ਬੱਸ ਦੇ ਲੰਬੇ ਸਫਰ ਕਾਰਨ ਪਸੀਨੇ ਨਾਲ ਭਿੱਜੇ ਹੋਏ ਸੀ।ਅਗੋਂ ਰਸੋਈ ਵਿਚ ਸਟੋਵ ਅਗੇ ਕੰਮ ਕਰਨ ਨਾਲ ਹੋਰ ਭਿੱਜ ਗਏ ਹੋਣਗੇ।ਉਸਨੇ ਤਾਂ ਸਾਰਾ ਕੰਮ ਮੁਕਾ ਕੇ ਇਸ਼ਨਾਨ ਕਰਕੇ ਕਪੜੇ ਬਦਲਣੇ ਸੀ।ਪਰ ਸਤਿਗੁਰਾਂ ਨੇ ਉਸਨੂੰ ਮੈਲੇ ਕੁਚੈਲੇ

ਲਿਬਾਸ ਵਿਚ ਹੀ ਅਪਣਾ ਲਿਆ।ਇਸ ਤੋਂ ਪਹਿਲੇ ਉਸਨੂੰ ਸਵਾਸ ਗਿਰਾਸ ਸਿਮਰਨ ਦਾ ਐਸਾ ਅਭਿਆਸ ਕਦੀ ਨਹੀਂ ਸੀ ਹੋਇਆ ਪਰ ਅਜ ਉਹ ਨਾਮ ਦੇ ਰੰਗ ਵਿਚ ਰੰਗ ਹੋ ਕੇ ਸੱਚੀ ਸੁਹਾਗਣ ਦੇ ਰੂਪ ਵਿਚ ਦਿਖਾਈ ਦੇ ਰਹੀ ਸੀ।ਸਿਮਰਨ ਦੀ ਘੂਕੀ ਵਿਚ ਲੜਖੜਾਉਂਦੇ ਕਦਮਾ ਨਾਲ ਤੁਰਦੀ ਹੋਈ ਉਹ ਵਾਸ਼ ਰੂਮ ਵਿਚ ਗਈ।ਇਸ਼ਨਾਨ ਕਰਕੇ ਸਾਫ ਸੁਥਰੇ ਕਪੜੇ ਪਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿਚ ਸ਼ੁਕਰਾਨੇ ਦੀ ਅਰਦਾਸ ਕੀਤੀ।ਅੰਮ੍ਰਿਤ ਵੇਲੇ ਦਾ ਨਿਤ ਨੇਮ ਅਰੰਭ ਕਰਨ ਤੋਂ ਪਹਿਲੇ ਬੁੱਢੀ ਮਾਈ ਨੇ ਉਸ ਕੁੜੀ ਨੂੰ ਸਿਰੋਪੇ ਦੀ ਬਖਸ਼ਿਸ਼ ਨਾਲ ਸ਼ਗਨ ਮਨਾਏ।

## ਦਿਲਾਂ ਦੀ ਸਾਂਝ

ਘਰ ਦੇ ਬਨੇਰੇ ਉਤੇ ਆ ਕੇ ਕਾਂ ਬੋਲੇ ਤਾਂ ਇਸ ਨੂੰ ਕਿਸੇ ਮਹਿਮਾਨ ਦੇ ਆਉਣ ਦਾ ਸੁਨੇਹਾ ਸਮਝਿਆ ਜਾਂਦਾ ਹੈ।ਵਿਛੋੜਿਆਂ ਦੀਆਂ ਘੜੀਆਂ ਵਿਚ ਮਿਲਣ ਦੀ ਆਸ ਬੱਝਦੀ ਹੈ।ਬ੍ਰਿਹੋਂ ਕੁੱਠੇ ਦਿਲਾਂ ਦੀ ਸਾਂਝ ਨੂੰ ਢਾਰਸ ਮਿਲਦੀ ਹੈ।

ਕਾਵਾਂ ਦੇ ਪ੍ਰੀਤ ਮਿਲਣ ਦੇ ਬੋਲ ਸੁਣ ਕੇ ਪ੍ਰਭੂ-ਪ੍ਰੀਤਮ ਦੇ ਪ੍ਰੇਮ-ਮਿਲਾਪ ਲਈ ਲੋਚਣ ਵਾਲਿਆਂ ਦੇ ਦਿਲਾਂ ਵਿਚੋਂ ਹੂਕ ਨਿਕਲਦੀ ਹੈ-

ਉਡਹੁ ਨ ਕਾਗਾ ਕਾਰੇ ਬੇਗਿ ਮਿਲੀਜੇ ਆਪੁਨੇ ਰਾਮ ਪਿਆਰੇ

ਪੰਨਾਂ(੩੩੮)

ਭੈਣਾਂ ਆਪਣੇ ਵੀਰਾਂ ਨੂੰ ਉਡੀਕਦੀਆਂ ਕਾਵਾਂ ਹੱਥ ਸੁਨੇਹੇ ਭੇਜਦੀਆਂ ਹਨ ਤੇ ਬਿਰਹਨਾਂ ਬਨੇਰੇ ਉਤੇ ਬੈਠੇ ਕਾਂਵਾਂ ਨਾਲ ਬਿਰਹਾ-ਵਿਛੋੜੇ ਦਾ ਦੁੱਖ ਸਾਂਝਾ ਕਰਦੀਆਂ ਹਨ,ਉਨ੍ਹਾਂ ਨੂੰ ਘਿਓ ਦੀਆਂ ਚੂਰੀਆਂ ਪੌਂਦੀਆਂ ਹੋਈਆਂ ਗੌਂਦੀਆਂ ਹਨ-

ਅੱਜ ਬੋਲ ਵੇ ਬਨੇਰੇ ਉਤੇ ਕਾਂਵਾਂ...ਤੈਨੂੰ ਘਿਓ ਦੀਆਂ ਚੂਰੀਆਂ ਮੈ ਪਾਵਾਂ...ਕਿ ਦੱਸ ਮਾਹੀ ਆਵੇਗਾ ਕਿ ਨਾ..

ਕਾਲੇ-ਕਲੂਟੇ ਕਾਂ ਦਿਲਾਂ ਦੇ ਸੁਰਖ ਲਹੂ ਦੇ ਸੂਹੇ ਪ੍ਰੇਮ-ਪ੍ਰਕਾਸ਼ ਵਿਚ ਸਾਂਝਾਂ ਦਾ ਰਸ ਘੋਲਦੇ ਹੋਏ,ਪ੍ਰੀਤ ਸੁਨੇਹੇ ਦਿੰਦੇ ਹਨ।ਦਿਲਾਂ ਵਿਚ ਸਾਂਝ ਦੀ ਜੋਤ ਜਗਾਉਣ ਲਈ,ਇਹ ਪ੍ਰਭੂ ਪ੍ਰੀਤਮ ਦੇ ਜੀਵਾਂ ਨਾਲ ਸਾਂਝਾਂ ਪਾਲਦੇ ਹਨ।ਪੂਰਨ ਪਰਮ ਜੋਤਿ ਪਰਮੇਸਰ ਦੀ ਜੋਤ ਪ੍ਰਗਟਾਉਣ ਲਈ,ਸਰਵ-ਸਾਂਝ ਦਾ ਦੀਵਾ ਜਗਾਈ ਰੱਖਦੇ ਹਨ।

ਇਕ ਦਿਨ ਇਕ ਪੂਰਨ ਸੰਤ ਪੁਰਸ਼ ਨਾਮ ਖੁਮਾਰੀ ਵਿਚ ਮਸਤ ਹੋ ਕੇ ਤੁਰਿਆ ਜਾ ਰਿਹਾ ਸੀ।ਉਸਨੇ ਦੇਖਿਆ ਕਿ ਸੈਂਕੜੇ ਕਾਂ ਇਕ ਦਰਖਤ ਦੇ ਆਲੇ ਦੁਆਲੇ ਉਡਦੇ ਹੋਏ

ਵਿਲਕਦੀ ਹੋਈ ਅਵਾਜ ਵਿਚ ਕਾਵਾਂ-ਰੌਲੀ ਪਾ ਰਹੇ ਹਨ।ਉਹ ਉਸ ਦਰਖਤ ਕੋਲ ਗਿਆ ਤਾਂ ਕੀ ਦੇਖਦਾ ਹੈ ਕਿ ਇਕ ਕਾਂ ਜ਼ਖਮੀ ਹਾਲਤ ਵਿਚ ਡਿਗਿਆ ਹੋਇਆ ਤੜਫ ਰਿਹਾ ਹੈ ਤੇ ਅਸਮਾਨ ਵਿਚ ਉਡਦੇ ਸਾਰੇ ਕਾਂ ਆਪਣੇ ਸਾਥੀ ਦੀ ਬੁਰੀ ਹਾਲਤ ਦੇਖ ਕੇ ਚੀਖ ਚੀਖ ਕੇ ਕੁਰਲਾ ਰਹੇ ਹਨ।ਜ਼ਖਮੀ ਕਾਂ ਦੇ ਦਰਦ ਵਿਚ ਸਾਰੀ ਕਾਂ ਜਾਤੀ ਦੀ ਕੁਰਲਾਹਟ ਸੁਣ ਕੇ ,ਸੰਤ ਦਾ ਦਿਲ ਪੰਘਰਿਆ।ਕਾਂਵਾਂ ਦਾ ਦਰਦ ਮਹਿਸੂਸ ਕਰਕੇ ਉਸਨੂੰ ਸਾਰੇ ਜੀਵ ਜੰਤੂਆਂ ਨੂੰ ਉਪਜਾਉਣ ਵਾਲੇ ਦੀ ਸਰਵ-ਵਿਆਪਕਤਾ ਦਾ ਅਭਾਸ ਹੋਇਆ।ਉਸ ਨੇ ਸਰਵ ਜੀਆਂ ਦੇ ਦਾਤੇ ਸੁਆਮੀ ਦੇ ਚਰਨ ਕਮਲਾਂ ਦਾ ਧਿਆਨ ਧਰ ਕੇ ਅੱਖੀਆਂ ਮੀਟੀਆਂ ਤੇ ਕਾਵਾਂ ਦੀ ਬੇਚੈਨੀ ਦੂਰ ਕਰਨ ਲਈ, ਜ਼ਖਮੀ ਕਾਂ ਦੀ ਤੰਦਰੁਸਤੀ ਲਈ ਬੇਨਤੀ ਕੀਤੀ।ਅੱਖੀਆਂ ਖੋਲ੍ਹੀਆਂ ਤਾਂ ਕੀ ਦੇਖਦਾ ਹੈ ਕਿ ਜਮੀਨ ਉਤੇ ਡਿੱਗੇ ਪਏ ਕਾਂ ਨੇ ਉਡਾਰੀ ਮਾਰੀ ਅਤੇ ਅਸਮਾਨ ਵਿਚ ਉਡਦੇ ਆਪਣੇ ਸਾਥੀਆਂ ਨਾਲ ਜਾ ਰਲਿਆ।ਕਾਵਾਂ ਦੀ ਕਾਵਾਂ-ਰੌਲੀ ਵਿਚੋਂ ਕੁਰਲਾਹਟ ਦੀ ਥਾਂ ਖੁਸ਼ੀ ਦੀ ਲਹਿਰ ਸੁਣ ਕੇ ਸੰਤ ਦੇ ਦਿਲ ਵਿਚੋਂ ਵੀ ਅਨੰਦ-ਮਈ ਸੋਮਾਂ ਫੁੱਟਿਆ।ਦੁਖਭੰਜਨ ਸੁਆਮੀ ਦਾ ਸ਼ੁਕਰਾਨਾਂ ਕਰਦੇ ਹੋਏ ਸੰਤ ਨੇ ਦੇਖਿਆ ਕਿ ਸਾਰੇ ਕਾਂ ਖੁਸ਼ੀਆਂ ਮਨਾਉਂਦੇ ਹੋਏ ਆਪਣੇ ਆਪਣੇ ਘਰਾਂ ਵਲ ਪਰਤ ਰਹੇ ਹਨ।ਪਲਾਂ ਵਿਚ ਹੀ ਅਸਮਾਨ ਖਾਲੀ ਹੋ ਗਿਆ..ਚੁੱਪ ਹੋ ਗਿਆ..ਸ਼ਾਤ ਹੋ ਗਿਆ…।

ਹੁਣ ਸੰਤ ਪੁਰਸ਼ ਦੇ ਮਨ ਨੂੰ ਇਸ ਸੋਚ ਨੇ ਘੇਰ ਲਿਆ ਕਿ ਕਿਸੇ ਬੰਦੇ ਨੂੰ ਮੌਤ ਦੇ ਜੁਬਾੜੇ ਵਿਚ ਫਸਿਆਂ ਹੋਇਆਂ ਦੇਖ ਕੇ ਅਸੀਂ ਮਨੁੱਖ ਕਾਵਾਂ ਵਾਂਗੂੰ ਇਕੱਠੇ ਹੋ ਕੇ ਕਿਉਂ ਨਹੀਂ ਤੜਫ ਤੜਫ ਕੇ ਦੁਹਾਈ ਪਾਉਂਦੇ?ਮਨੁੱਖਤਾ ਦਾ ਘਾਣ ਹੁੰਦਾ ਦੇਖ ਕੇ ਵੀ ਅਸੀਂ ਆਪਣੇ ਸੁੱਖਾਂ ਅਰਾਮਾਂ ਵਿਚ ਹੀ ਮਸਤ ਰਹਿੰਦੇ ਹਾਂ ਪਰ ਏਧਰ ਇਕ ਕਾਂ ਦੇ ਸੱਟ ਵੱਜੀ ਤਾਂ ਸਾਰੀ ਕਾਂ ਜਾਤੀ ਜ਼ਖਮੀ ਦਿਲ ਨਾਲ ਕੁਰਲਾਉਣ ਲੱਗ ਪਈ।ਕਾਵਾਂ ਨੂੰ ਆਪਣੇ ਬਿਗਾਨੇ ਦੀ ਪਛਾਣ ਨਾ ਰਹੀ।ਸਾਰੇ ਰਲ ਕੇ ਰੋਏ।ਦੁੱਖ ਵਿਚ ਤੜਫਦੇ ਸਾਥੀ ਨੂੰ ਦੇਖ ਕੇ ,ਸਾਰਿਆਂ ਨੇ ਰਲ ਕੇ ਉਸਦਾ ਦਰਦ ਮਹਿਸੂਸ ਕੀਤਾ ਪਰ ਅਸੀਂ ਮਨੁੱਖ ਸਿਰਫ ਆਪਣਿਆਂ ਲਈ ਹੀ ਰੋਂਦੇ ਹਾਂ ਤੇ ਆਪਣਿਆਂ ਲਈ ਹੀ ਹੱਸਦੇ ਹਾਂ।ਸਾਡੇ ਨਾਲੋਂ ਤਾਂ ਕਾਂ ਹੀ ਚੰਗੇ!ਉਹ ਇਕ ਦੂਜੇ ਦੇ ਦੁੱਖ ਸੁੱਖ ਦੀ ਸਾਂਝ ਹੰਢਾਉਂਦੇ ਹਨ।

***

## 'ਪਰਤਾਪੁ ਤੁਮ੍ਹਾਰਾ ਦੇਖਿ ਕੈ ਜਮਦੂਤ ਛਡਿ ਜਾਹਿ'

ਇਕ ਜਵਾਨ ਲੜਕਾ ਪ੍ਰੇਤ-ਵੱਸ ਹੋ ਕੇ ਖੌਫਨਾਕ ਅਵਾਜਾਂ ਕੱਢਦਾ ਹੋਇਆ ਐਨੀ ਦੁਹਾਈ ਪਾਉਂਦਾ ਸੀ ਕਿ ਗਵਾਂਢੀ ਉਸਦੀ ਭਿਆਨਕ ਦਸ਼ਾ ਦੇਖਣ ਲਈ ਆਪਣਿਆਂ ਕੋਠਿਆਂ ਦੀਆਂ ਛੱਤਾਂ ਉਪਰ ਆ ਕੇ ਖੜ੍ਹੇ ਹੋ ਜਾਂਦੇ ਸੀ।ਰੌਲਾ-ਰੱਪਾ ਸੁਣ ਕੇ ਇਕ ਨਾਮ ਬਾਣੀ ਦੀ ਅਭਿਆਸਣ ਬੀਬੀ ਉਸ ਘਰ ਜਾ ਪਹੁੰਚੀ।ਉਸਨੇ ਬਾਣੀ ਦੇ ਪ੍ਰਗਟ ਪ੍ਰਤਾਪ ਨਾਲ ਜਮਦੂਤਾਂ ਨੂੰ ਭਜਾਉਣ ਵਾਲੇ ਸਰਵ-ਸਮਰੱਥ ਦਾਤਾਰ ਪਿਤਾ ਅੱਗੇ ਅਰਦਾਸ ਕੀਤੀ ਅਤੇ ਬੁਲੰਦ ਅਵਾਜ ਵਿਚ ਸੁਖਮਨੀ ਸਾਹਿਬ ਦਾ ਪਾਠ ਕਰਨਾ ਸ਼ੁਰੂ ਕਰ ਦਿੱਤਾ।ਪ੍ਰੇਤ-ਵੱਸ ਹੋਏ ਲੜਕੇ ਨੇ ਬੀਬੀ ਨੂੰ ਚੁੱਪ ਕਰਾਵਾਉਣ ਲਈ ਬੜੀਆਂ ਹੀ ਖੌਫਨਾਕ ਅਵਾਜਾਂ ਅਤੇ ਡਰਾਉਣੇ ਇਸ਼ਾਰਿਆਂ ਨਾਲ ਡਰਾ ਧਮਕਾ ਕੇ ਬਾਣੀ ਪੜ੍ਹਨ ਤੋਂ ਰੋਕਿਆ ਪਰ ਬੀਬੀ ਇਕਾਗਰ-ਚਿੱਤ ਹੋ ਕੇ ਬਾਣੀ ਵਿਚ ਲੀਨ

ਰਹੀ। ਅਖੀਰ ਪ੍ਰੇਤ ਕੰਧਾਂ ਨਾਲ ਸਿਰ ਟਕਰਾਉਂਦਾ ਹੋਇਆ ਭੱਜ ਗਿਆ। ਲੰਮਾਂ-ਝੰਮਾਂ, ਸੋਹਣਾ ਸੁਨੱਖਾ,ਸ਼ਰਮਾਕਲ ਜਿਹਾ ਲੜਕਾ ਪ੍ਰੇਤ ਦੀ ਕੈਦ ਤੋਂ ਅਜਾਦ ਹੋ ਕੇ ਗੁਰਬਾਣੀ ਦਾ ਧਾਰਣੀ ਹੋ ਗਿਆ।

ਇਸ ਅਦਭੁਤ ਘਟਨਾਂ ਨੂੰ ਦੇਖ ਕੇ ਕਈਆਂ ਨੇ ਬੀਬੀ ਦੀ ਕਰਾਮਾਤ ਕਹਿ ਕੇ ਉਸ ਦੀਆਂ ਵਡਿਆਈਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਪਰ ਉਸ ਨੇ ਬੜੀ ਹੀ ਹਲੀਮੀ ਨਾਲ ਆਪਣੀਆਂ ਸਿਫਤਾਂ ਕਰਨ ਤੋਂ ਰੋਕਿਆ ਅਤੇ ਸਭ ਨੂੰ ਸਮਝਾਇਆ ਕਿ ਇਹ ਸਭ ਧੁਰ ਕੀ ਬਾਣੀ ਦੀ ਕਰਾਮਾਤ ਹੈ। ਬਾਣੀ ਦੇ ਪ੍ਰਗਟ ਪ੍ਰਤਾਪ ਨਾਲ ਭੂਤ ਪ੍ਰੇਤ ਸਭ ਦੌੜ ਜਾਂਦੇ ਹਨ।

ਉਸ ਬੀਬੀ ਦੇ ਜੀਵਨ ਨੂੰ ਪੰਥ ਦੇ ਵਾਲੀ ਨੇ ਬਾਣੀ ਦੀ ਪਾਰਸ ਕਲਾ ਦੀ ਛੋਹ ਨਾਲ ਸ਼ਿਗਾਰਿਆ ਹੋਇਆ ਹੈ ਅਤੇ ਸੰਤ-ਸਿਪਾਹੀਆਂ ਵਾਲੀ ਕਰਨੀ ਨਾਲ ਨਿਵਾਜਿਆ ਹੋਇਆ ਹੈ। ਇਸ ਲਿਖਤ (ਅਕਾਲ ਯੂਨੀਵਰਸਿਟੀ,ਗੁਰੂ ਕੀ ਕਾਸ਼ੀ) ਰਾਹੀਂ ਧੁਰ ਕੀ ਬਾਣੀ ਦੇ ਸ਼ੁੱਧ ਉਚਾਰਣ ਦੇ ਵਿਸ਼ੇ ਉਤੇ ਲਿਖਣਾਂ ਵੀ ਉਸ ਬੀਬੀ ਦੀ ਪ੍ਰੇਰਨਾਂ ਅਤੇ ਅਰਦਾਸ ਦਾ ਹੀ ਫਲ ਹੈ। ਉਸਦੇ ਮੂੰਹ ਦੀਆਂ ਬਾਤਾਂ ਨੂੰ ਲਿਖਤੀ ਰੂਪ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ।

ਪਤੀ ਦੀ ਮੌਤ ਪਿੱਛੋਂ ਇਸ ਬੀਬੀ ਨੂੰ ਬੱਚਿਆਂ ਦਾ ਪੇਟ ਪਾਲਣ ਲਈ ਨੌਕਰੀ ਕਰਦਿਆਂ ਕੁਝ ਐਸੇ ਦੁਸ਼ਟ ਬੰਦਿਆਂ ਨਾਲ ਵਾਹ ਪੈ ਗਿਆ, ਜਿਨ੍ਹਾਂ ਨੇ ਜੁਲਮ ਦੀ ਹੱਦ ਮੁਕਾਈ ਹੋਈ ਸੀ। ਕਲਗੀਧਰ ਦੀ ਸ਼ੇਰ ਬੱਚੀ ਨੇ ਦੁਸ਼ਟ-ਚੌਂਕੜੀ ਦੀ ਈਨ ਮੰਨਣ ਨਾਲੋਂ ਜਬਰ ਜੁਲਮ ਨਾਲ ਟਕਰਾਉਣਾਂ ਹੀ ਬੇਹਤਰ ਸਮਝਿਆ ਪਰ ਜਾਲਮਾਂ ਦੇ ਹੱਥ ਬੜੇ ਲੰਬੇ ਸੀ। ਜਿਸ ਕਰਕੇ ਉਸਦੇ ਪਰਿਵਾਰ ਨੂੰ ਵੀ ਜੁਲਮ ਦਾ ਸ਼ਿਕਾਰ ਹੋਣਾ ਪਿਆ। ਬਚਣ ਦਾ ਕੋਈ ਰਸਤਾ ਨਾ ਰਿਹਾ। ਉਸਦੇ ਮੂੰਹ ਵਿਚ ਰੋਟੀ ਨਹੀਂ ਸੀ ਲੰਗਦੀ। ਸੋਚਾਂ ਵਿਚ ਡੁੱਬੀ ਹੋਈ ਉਹ ਸਿਰ ਉਤੇ ਆਉਣ ਵਾਲੀਆਂ ਕਹਿਰ ਦੀਆਂ ਘੜੀਆਂ ਵਾਰੇ ਸੋਚਦੀ ਰਹਿੰਦੀ ਸੀ,ਅਜਿਹੀ ਹਾਲਤ ਵਿਚ ਉਸਨੂੰ ਨੂੰ ਡੋਲਣ ਤੋਂ ਬਚਾਉਣ ਲਈ ਛੋਟੇ ਸਾਹਿਬਜ਼ਾਦਿਆਂ ਨੇ ਦਰਸ਼ਨ ਦੀਦਾਰੇ ਬਖਸ਼ ਕੇ ਨਿਹਾਲ ਕੀਤਾ ਅਤੇ ਜੁਲਮ ਨਾਲ ਟਕਰਾਉਣ ਦੀ ਪ੍ਰੇਰਨਾ ਦਿੱਤੀ।

ਇਕ ਰਾਤ ਉਹ ਆਪਣੇ ਬੱਚਿਆਂ ਨੂੰ ਨਾਲ ਲੈ ਕੇ ਵੇਹੜੇ ਵਿਚ ਲੰਮੀ ਪਈ ਹੋਈ ਸੀ। ਨੀਂਦ ਨਹੀਂ ਸੀ ਆ ਰਹੀ ਕਿਉਂਕਿ ਦੁਸ਼ਟਾਂ ਦੀਆਂ ਧਮਕੀਆਂ ਨੇ ਘਰ ਦਿਆਂ ਨੂੰ ਪ੍ਰੇਸ਼ਾਨ ਕੀਤਾ ਹੋਇਆ ਸੀ। ਇਸ ਕਰਕੇ ਉਹ ਭੱਵਿਖ ਵਿੱਚ ਆਉਣ ਵਾਲੀਆਂ ਮੁਸੀਬਤਾਂ ਬਾਰੇ ਸੋਚ ਰਹੀ ਸੀ ਕਿ ਅਚਾਨਕ ਉਸਨੂੰ ਅਕਾਸ਼ ਵਿਚੋਂ ਹਵਾਈ ਜਹਾਜ ਵਰਗੀ ਗੂੰ... ਗੂੰ... ਕਰਦੀ ਹੋਈ ਇਕ ਗੈਬੀ ਅਵਾਜ ਸੁਣਾਈ ਦਿੱਤੀ। ਨਾਲ ਹੀ ਉਸਦੇ ਸਾਹਮਣੇ ਅੱਤਿ ਕੋਮਲ ਅਲੌਕਿੱਕ ਪ੍ਰਕਾਸ਼ ਦੇ ਬੁੱਲੇ ਆਉਣੇ ਸ਼ੁਰੂ ਹੋ ਗਏ...। ਸਾਰੇ ਪਾਸੇ ਪ੍ਰਕਾਸ਼ ਹੀ ਪ੍ਰਕਾਸ਼ ਹੋ ਗਿਆ। ਉਸ ਇਲਾਹੀ ਪ੍ਰਕਾਸ਼ ਵਿਚੋਂ ਹੀ ਦੋਨੋਂ ਛੋਟੇ ਸਾਹਿਬਜ਼ਾਦੇ ਪ੍ਰਗਟ ਹੋ ਕੇ ਉਸਦੀ ਮੰਜੀ ਦੀ ਬਾਹੀ ਕੋਲ ਖੜ੍ਹੇ ਹੋ ਗਏ। ਨੂਰਾਨੀ ਮੁੱਖੜੇ, ਨੀਲੇ ਚੋਲੇ ਤੇ ਕੇਸਰੀ ਦਸਤਾਰਾਂ ਨਾਲ ਸਜੇ ਹੋਏ ਮੁਸਕ੍ਰਾ ਰਹੇ

ਸੀ।ਸਾਹਿਬਜ਼ਾਦਿਆਂ ਨੇ ਇੱਕ ਉਂਗਲੀ ਖੜ੍ਹੀ ਕਰਕੇ ਕਿਹਾ;-"ਦਸ਼ਮੇਸ਼ ਪਿਤਾ ਨੂੰ ਯਾਦ ਰੱਖਣਾ!"ਫਿਰ ਉਹ ਪਤਾ ਨਹੀਂ ਕਿੱਥੇ ਅਲੋਪ ਹੋ ਗਏ।ਪਹਿਲਾਂ ਵਾਂਗ ਹੀ ਰਾਤ ਦਾ ਹਨੇਰਾ ਹਰ ਪਾਸੇ ਪਸਰ ਗਿਆ ਪਰ ਉਸਦਾ ਤਨ ਮਨ ਇਲਾਹੀ ਪ੍ਰੇਮ-ਪ੍ਰਕਾਸ਼ ਦੇ ਰੰਗ ਰਸ ਨਾਲ ਸਰਸ਼ਾਰ ਸੀ।ਇਕ ਅਨੋਖੀ ਕਿਸਮ ਦਾ ਖੇੜਾ ਅਤੇ ਵਿਸਮਾਦੀ ਅਨੰਦ ਛਾਇਆ ਹੋਇਆ ਸੀ।

ਅਦ੍ਰਿੱਸ਼ਟ ਵਾਹਿਗੁਰੂ ਨੇ ਦ੍ਰਿੱਸ਼ਟਾਂਤ ਦਿਖਾ ਕੇ ਉਸਦੇ ਅੰਦਰ ਇਕ ਐਸੀ ਪ੍ਰਮ-ਸ਼ਕਤੀ ਭਰ ਦਿੱਤੀ ਕਿ ਉਸਦੇ ਸਾਰੇ ਡਰ ਭਓ ਮਿਟ ਗਏ।ਸਹਿਬਜ਼ਾਦਿਆ ਦੇ ਪ੍ਰੇਮ-ਪ੍ਰਕਾਸ਼ ਵਿਚ ਭਿੱਜੀ ਹੋਈ ਦਾ ਮਨ ਜ਼ੁਲਮ ਨਾਲ ਟੱਕਰ ਲੈਣ ਲਈ ਕਾਹਲਾ ਪੈਣ ਲੱਗਿਆ।ਦਸ਼ਮੇਸ਼ ਪਿਤਾ ਦੀ ਬੇਟੀ ਨੂੰ ਆਪਣੇ ਵੀਰਾਂ(ਸਾਹਿਬਜ਼ਾਦਿਆਂ) ਦੇ ਪਾਏ ਪੂਰਣਿਆਂ ਉਤੇ ਚਲਣ ਦਾ ਚਾਅ ਚੜ੍ਹ ਗਿਆ।ਉਸਨੇ ਬੇਧੜਕ ਹੋ ਕੇ ਸੱਚੇ ਬੋਲਾਂ ਦੇ ਹਥਿਆਰ ਵਰਤ ਕੇ ਦੁਸ਼ਟਾਂ ਦੇ ਜੁਲਮਾਂ ਦਾ ਪਰਦਾ ਫਾਸ਼ ਕੀਤਾ।ਤਾਕਤ ਦੇ ਨਸ਼ੇ ਵਿਚ ਭੂਤਰੇ ਹੋਇਆਂ ਨਾਲ ਆਢਾ ਲੈ ਕੇ ਉਸ ਅੰਮ੍ਰਿਤਧਾਰੀ ਸਿੰਘਣੀ ਨੇ ਦਸ਼ਮੇਸ਼ ਪਿਤਾ ਦੇ "ਸਵਾ ਲਾਖ ਸੇ ਏਕ ਲੜਾਉਂ" ਵਾਲੇ ਬਚਨਾਂ ਨੂੰ ਸੱਚ ਕਰ ਦਿਖਾਇਆ।

***

ਕਣ ਕਣ ਵਿਚ ਰਮਿਆਂ ਹੋਇਆ ਰਾਮ ਪਿਆਰਾ ਹਰ ਥਾਂ ਸਮਰੱਥ ਹੈ।ਨਾਮ ਬਾਣੀ ਨਾਲ ਜੁੜ ਕੇ ਦਇਆ ਧਰਮ ਦੀ ਕਿਰਤ ਕਮਾਈ ਕਰਨ ਵਾਲਿਆਂ ਦੀ ਦਰਸ਼ਨ ਦੀਦਾਰਿਆਂ ਦੀ ਸਿੱਕ ਦੇਖ ਕੇ ਉਹ ਘਰਾਂ ਵਿਚ ਵੀ ਆ ਬਹੁੜਦਾ ਹੈ ,ਪ੍ਰਕਾਸ਼ ਦਰਸ਼ਨ ਦੀ ਬਖਸ਼ਿਸ਼ ਨਾਲ ਨਿਹਾਲ ਕਰ ਦਿੰਦਾ ਹੈ ਪਰ ਭਗਤਾਂ ਨੂੰ ਘਰਾਂ ਦੇ ਝਮੇਲਿਆਂ ਤੋਂ ਦੂਰ ਰਹਿ ਕੇ ਸਤਸੰਗਤ ਕਰਨ ਦੇ ਲਾਹੇ ਲੈਣ ਦੀ ਲਾਲਸਾ ਵੀ ਬਣੀ ਰਹਿੰਦੀ ਹੈ।ਤਪ ਸਥਾਨਾਂ ਦੀ ਖਿੱਚ ਪੁਕਾਰਦੀ ਰਹਿੰਦੀ ਹੈ ਤੇ ਜਦੋਂ ਵੀ ਅਵਸਰ ਪ੍ਰਾਪਤ ਹੋਵੇ ਉਹ ਗੁਰੂ ਧਾਮਾਂ ਦੀ ਯਾਤਰਾ ਦੇ ਲਾਹੇ ਲੈ ਲੈਂਦੇ ਹਨ।ਰੂਹਾਨੀ ਰਾਹਾਂ ਦੀ ਖੋਜ ਵਿਚ ਲੱਗਿਆ ਹੋਇਆ **ਇਕ ਜਗਿਆਸੂ** ਨਾਮ ਬਾਣੀ ਦੇ ਰੰਗ ਮਾਨਣ ਦੀ ਰੀਝ ਨਾਲ ਕੁਝ ਦਿਨਾਂ ਲਈ **ਅਕਾਲ ਅਕੈਡਮੀ ਬੜੂ ਸਾਹਿਬ** ਪਹੁੰਚਾ।ਸਫਰ ਦੀ ਥਕਾਵਟ ਕਾਰਨ ਨੀਂਦ ਨੇ ਐਸਾ ਘੇਰਿਆ ਕਿ ਅੰਮ੍ਰਿਤ ਵੇਲੇ ਜਾਗ ਹੀ ਨਾ ਆਈ।ਘੂਕ ਸੁੱਤੇ ਪਏ ਨੂੰ ਉਸਦੇ ਸੱਜੇ ਮੋਢੇ ਉਤੇ ਕਿਸੇ ਨੇ ਸੋਟੀ ਨਾਲ ਦੋ ਵਾਰੀ ਠੱਕ ਠੱਕ ਕੀਤੀ।ਇਉਂ ਲੱਗਿਆ ਜਿਵੇਂ ਉਸਨੂੰ ਕਿਸੇ ਨੇ ਪਿਆਰ ਨਾਲ ਸੋਟੀ ਦੀ ਹਲਕੀ ਜਿਹੀ ਛੋਹ ਦੇ ਕੇ ਜਗਾਇਆ ਹੋਵੇ।ਉਹ ਉਠਿਆ,ਦੇਖਿਆ ਤਾਂ ਉਥੇ ਕੋਈ ਭੀ ਨਹੀਂ ਸੀ।ਕਮਰੇ ਦੇ ਦਰਵਾਜੇ ਦੀ ਅੰਦਰੋਂ ਕੁੰਡੀ ਲੱਗੀ ਹੋਈ ਸੀ।ਉਸਨੂੰ ਨਾਮ ਬਾਣੀ ਦੇ ਰੰਗ ਵਿਚ ਰੰਗੇ ਹੋਏ ਤਪ ਸਥਾਨ ਉਤੇ ਸ਼ਹੀਦਾਂ ਸਿੰਘਾਂ ਦੀ ਹੋਂਦ ਦਾ ਅਹਿਸਾਸ ਹੋਇਆ।ਅਣਦਿਸਦੀ ਦੁਨੀਆਂ ਦੇ ਵਾਸੀਆਂ ਦਾ ਵਰਤਾਰਾ ਦੇਖ ਕੇ ਉਸਦਾ ਮਨ-ਮੰਦਰ ਰੁਸ਼ਨਾਇਆ।ਉਹ ਜਾਣ ਗਿਆ ਕਿ ਦਰਬਾਰ ਸਾਹਿਬ ਵਿਚੋਂ ਪ੍ਰਭੂ-ਪ੍ਰਤੀਮ ਦੇ ਪ੍ਰਕਾਸ਼ ਵਿਚ ਹਾਜਰੀ ਭਰਨ ਦਾ ਸੱਦਾ ਆਇਆ ਹੈ।ਚਾਓ ਉਮਾਹ ਨਾਲ ਭਰਿਆ ਹੋਇਆ ਉਹ

ਇਸ਼ਨਾਨ ਕਰਕੇ ਅੰਮ੍ਰਿਤ ਵੇਲੇ ਦਾ ਲਾਹਾ ਲੈਣ ਲਈ ਦਰਬਾਰ ਸਾਹਿਬ ਪਹੁੰਚਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਜਗ ਮਗ ਕਰਦੇ ਨੂਰ ਅੱਗੇ ਮੱਥਾ ਟੇਕਿਆ ਤੇ ਖਾਲਸਈ ਬਾਣੇ ਵਿਚ ਸੋਭਦੀਆਂ ਭੁਜੰਗ ਫੋਜਾਂ ਦੇ ਪਿੱਛੇ ਜਾ ਕੇ ਬੈਠ ਗਿਆ। ਪਿਆਰੇ ਪ੍ਰੀਤਮ ਦੇ ਦਰਸ਼ਨਾਂ ਦੀ ਲੋਚਾ ਵਿਚ ਰੰਗ-ਰੱਤੜੇ ਨੇ ਸਿਮਰਨ ਵਿਚ ਸੁਰਤੀ ਟਿਕਾਈ ਤਾਂ ਉਸਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਉਪਰ ਮਿੱਠੀ ਮਿੱਠੀ ਧੁੰਦ ਜਿਹੇ ਪ੍ਰਕਾਸ਼ ਦੇ ਦਰਸ਼ਨ ਹੋਏ ਤੇ ਫਿਰ ਸਤਿਗੁਰਾਂ ਦੀ ਤਾਬਿਆ ਵਿਚ ਬੈਠੇ **ਬਾਬਾ ਇਕਬਾਲ ਸਿੰਘ ਜੀ** ਨੂੰ ਉਸੇ ਪ੍ਰਕਾਸ਼ ਵਿਚ ਰੰਗੇ ਹੋਏ ਦੇਖ ਕੇ ਉਸਦਾ ਤਨ ਮਨ ਸੀਤਲ ਹੋ ਗਿਆ। ਰਸ-ਭਿੰਨੇ ਨੈਣ ਪ੍ਰਭੂ-ਪ੍ਰੇਮ ਵਿਚ ਛਲਕਣ ਲੱਗੇ।

ਅੰਮ੍ਰਿਤ ਵੇਲੇ ਦੇ ਸਮਾਗਮ ਪਿਛੋਂ ਉਹ ਦਰਬਾਰ ਸਾਹਿਬ ਦੇ ਨਾਲ ਲਗਦੇ ਛੋਟੇ ਜਿਹੇ ਹਾਲ ਕਮਰੇ ਵਿਚ ਪਹੁੰਚ ਗਿਆ। ਜਿਸ ਵਿਚ ਅਖੰਡ ਪਾਠ ਅਰੰਭ ਸੀ। ਦੁੱਧ ਚਿੱਟੇ ਪੁਸ਼ਾਕਿਆਂ ਵਿਚ ਸਜੇ ਹੋਏ ਸਤਿਗੁਰੂ ਜੀ ਦੇ ਪੰਜ ਸਰੂਪ ਪ੍ਰਕਾਸ਼-ਰੂਪ ਵਿਚ ਸੋਭ ਰਹੇ ਸੀ। ਚਿੱਟੇ ਕੁੜਤੇ,ਪਜਾਮੇ ਤੇ ਗੋਲ ਦਸਤਾਰਾਂ ਵਿਚ ਸਜੇ ਹੋਏ ਪਾਠੀ ਲੜਕੇ ਲੜਕੀਆਂ ਦੇ ਚੇਹਰੇ ਭਗਤੀ ਦੇ ਸੂਹੇ ਰੰਗ ਦੀ ਭਾਅ ਮਾਰ ਰਹੇ ਸਨ। ਉਸ ਹਾਲ ਦੀਆਂ ਕੰਧਾਂ ਚਿੱਟੀਆਂ,ਛੱਤ ਚਿੱਟੀ,ਫਰਸ਼ ਦੇ ਕਲੀਨ ਉਤੇ ਵਿਛੀਆਂ ਹੋਈਆਂ ਚਾਦਰਾਂ ਚਿੱਟੀਆਂ ਤੇ ਕੰਧਾਂ ਦੀਆਂ ਖਿੜਕੀਆਂ ਉਤੇ ਲੱਗੇ ਹੋਏ ਪਰਦੇ ਵੀ ਦੁੱਧ ਚਿੱਟੇ। ਇਸ ਹਾਲ ਕਮਰੇ ਦੇ ਅੰਦਰ ਪੈਰ ਪਾਉਂਦਿਆਂ ਹੀ ਉਸਦੇ ਸਿਰ ਤੋਂ ਪੈਰਾਂ ਤਕ ਝਰਨਾਹਟ ਛਿੜ ਪਈ। ਉਸਨੇ ਸਤਿਗੁਰਾਂ ਦੇ ਚਰਨਾ ਵਿਚ ਢਹਿ ਢੇਰੀ ਹੋ ਕੇ ਸੀਸ ਨਿਵਾਇਆ ਤੇ ਕਮਰੇ ਦੇ ਇਕ ਪਾਸੇ,ਕੰਧ ਨਾਲ ਢਾਸਣਾ ਲਗਾ ਕੇ ਬੈਠ ਗਿਆ। ਚੁੱਪ ਕਰਕੇ ਬੈਠਾ ਆਪਣੇ ਅੰਦਰੂਲੀ ਠੰਡ ਦਾ ਅਨੰਦ ਮਾਨਣ ਲੱਗਿਆ। ਬਾਣੀ ਦੇ ਅਭਿਆਸੀ ਦੇ ਦਿਲ ਵਿਚ ਅਖੰਡ ਪਾਠ ਦੀ ਰੌਲ ਲਗਾਉਣ ਦੀ ਇੱਛਾ ਪੈਦਾ ਹੋਈ। ਗੁਰੂ ਨੇ ਤਰਸ ਕੀਤਾ,ਪ੍ਰਬੰਧਕਾਂ ਵਲੋਂ ਉਸਨੂੰ ਅਖੰਡ ਪਾਠ ਦੀ ਹਾਜਰੀ ਭਰਨ ਦਾ ਅਵਸਰ ਪ੍ਰਾਪਤ ਹੋ ਗਿਆ।

ਨਾਮ ਬਾਣੀ ਦੇ ਗੂੜ੍ਹੇ ਰੰਗ ਮਾਣਦਿਆਂ ਕੁਝ ਦਿਨ ਬੀਤ ਗਏ। ਬੜੂ ਸਾਹਿਬ ਦੇ ਤਪ-ਸਥਾਨ ਦੀਆਂ ਬਖਸ਼ਿਸ਼ਾਂ ਤੋਂ ਵਿਛੜਨ ਤੋਂ ਇਕ ਦਿਨ ਪਹਿਲੇ ਉਹ ਵੈਰਾਗੇ ਹੋਏ ਮਨ ਨਾਲ ਅਖੰਡ ਪਾਠ ਦੀ ਰੌਲ ਲਗਾਉਣ ਪਿਛੋਂ ਗੁਰੂ ਮਹਾਰਾਜ ਦੀ ਤਾਬਿਆ ਤੋਂ ਉਠ ਕੇ ਉਸੇ ਕਮਰੇ ਵਿਚ ਹੀ ਇਕ ਖੂੰਜੇ ਜਾ ਕੇ ਬੈਠ ਗਿਆ। ਇਲਾਹੀ ਬਾਣੀ ਦੇ ਸ਼ਬਦਾਂ ਦੀਆਂ ਨੂਰਾਨੀ ਲੜੀਆਂ ਉਸ ਦੀਆਂ ਮਨ ਅਖੀਆਂ ਦੇ ਅਗਿਓਂ ਲੰਘਦੀਆਂ ਹੋਈਆਂ ਗਿਆਨ ਰਿਸ਼ਮਾ ਦਾ ਚਾਨਣ ਵਰਸਾਉਂਦੀਆਂ ਰਹੀਆਂ। ਜਦੋਂ ਅਖੀਆਂ ਖੁਲ੍ਹੀਆਂ ਤਾਂ ਉਸਦੀਆਂ ਨਜਰਾਂ ਖਿੜਕੀ ਅੱਗੇ ਲਹਿਰਾਉਂਦੇ ਚਿੱਟੇ ਪੜਦੇ ਤੋਂ ਪਾਰ ਪਹਾੜਾਂ ਦੇ ਸੁਹੱਪਣ ਉਤੇ ਜਾ ਟਿਕੀਆਂ। ਪਹਿਲਾਂ ਤਾਂ ਪਹਾੜ ਐਨੇ ਸੋਹਣੇ ਕਦੀ ਨਹੀਂ ਸੀ ਦਿਸੇ..!ਅੱਜ ਉਨ੍ਹਾਂ ਉਤੇ ਕੋਈ ਅਲਹਿਦਾ ਹੀ ਨੂਰ ਦਾ ਲੇਪ ਚੜ੍ਹਿਆ ਹੋਇਆ ਸੀ। ਉਹ ਉਸ ਸੁੰਦ੍ਰਤਾ ਵਿਚ ਲੀਨ ਹੁੰਦਾ ਜਾ ਰਿਹਾ ਸੀ ਕਿ ਪਹਾੜਾਂ ਦੀ ਹਰੀ-ਕਚੋਹ ਵਾਦੀ ਵਿਚ ਇਕ ਪਹਾੜ ਦੇ ਸਿਖਰ ਉਤੇ ਪ੍ਰਕਾਸ਼ ਦਾ ਗੋਹੜਾ ਆ ਕੇ ਟਿਕ ਗਿਆ। ਉਸਨੂੰ ਇਓਂ ਲੱਗਿਆ ਜਿਵੇਂ ਉਸਦੀਆਂ ਨਜਰਾਂ ਰਾਹੀਂ ਹੀ ਉਹ ਪ੍ਰਮ-ਪ੍ਰਕਾਸ਼ ਦਾ ਗੋਹੜਾ ਉਸਦੇ ਅੰਦਰ ਆ ਵੜਿਆ ਹੋਵੇ ਤੇ ਉਸਦੀ ਅੰਤ੍ਰ-ਆਤਮੇ ਠੰਡ ਪਾਉਂਦਾ ਹੋਇਆ ਰਗ ਰਗ ਵਿਚ ਅੰਮ੍ਰਿਤ-ਰਸ ਘੋਲ ਗਿਆ ਹੋਵੇ।

ਇਸ ਪ੍ਰਮ-ਪ੍ਰਕਾਸ਼ ਦੇ ਝਲਕਾਰੇ ਦੀ ਯਾਦ ਨੂੰ ਉਸਨੇ ਆਪਣੇ ਜੀਵਨ ਦਾ ਅਸਲੀ ਸ਼ਿੰਗਾਰ ਬਣਾ ਕੇ ਸਦਾ ਸਦਾ ਲਈ ਦਿਲ ਨਾਲ ਲਗਾ ਲਿਆ। ਵਿਦੇਸ਼ਾਂ ਵਿਚ ਬੈਠਾ ਹੋਇਆ ਵੀ

ਜਦੋਂ ਦਿਲ ਕਰੇ ਯਾਦਾਂ ਵਿਚ ਗੁੱਟ ਹੋ ਕੇ ਅਖੀਆਂ ਮੀਟ ਲੈਂਦਾ ਤੇ ਜਾ ਕੇ ਬੈਠ ਜਾਂਦਾ ਬੜੂ ਸਾਹਿਬ ਦੇ ਉਸ ਚਿੱਟੇ ਦੁੱਧ ਵਰਗੇ ਕਮਰੇ ਵਿਚ...।ਠੰਡੀ ਮਿੱਠੀ ਪੌਣ ਦੇ ਬੁੱਲੇ ਖਿੜਕੀ ਥਾਣੀਂ ਅੰਦਰ ਆਉਂਦੇ ਹੋਏ ਪੜਦੇ ਨੂੰ ਪਰ੍ਹਾਂ ਖਿਸਕਾਉਂਦੇ ,ਸਾਹਮਣੇ ਹਰੇ ਕਚੋਹ ਪਹਾੜਾਂ ਦੇ ਸਿਖਰ ਉਪਰੋਂ ਪ੍ਰਕਾਸ਼ ਦਾ ਗੋਹੜਾ ਅਉਂਦਾ ਤੇ ਦੂਰ ਨੇੜੇ ਦੇ ਸਾਰੇ ਫਾਸਲੇ ਮਿਟਾਉਂਦਾ ਹੋਇਆ ਜਗਿਆਸੂ ਦੀ ਅੰਤ੍ਰ-ਆਤਮਾਂ ਵਿਚ ਆ ਸਮਾਉਂਦਾ...।ਇਕ ਸੱਜਰਾ ਅਹਿਸਾਸ ਬਣ ਕੇ ਉਸਦੇ ਅੱਧੋ-ਰਾਣੇ ਜਿਸਮ ਵਿਚ ਤਾਜ਼ਗੀ ਭਰ ਦਿੰਦਾ,ਜੀਵਨ-ਰਸ ਦੀਆਂ ਕੰਬਣੀਆਂ ਛੇੜ ਦਿੰਦਾ।

***************

## ਬਾਣੀ ਦੇ ਰਸੀਆਂ ਦੀ ਮੌਤ ਦੇ ਪਲ ਇਲਾਹੀ ਪ੍ਰਕਾਸ਼ ਤੋਂ ਖਾਲੀ ਨਹੀਂ ਹੁੰਦੇ

ਅਤੇ ਜੇ ਕਿਸੇ ਦੀ ਮੌਤ ਤਪ ਸਥਾਨ ਉਤੇ ਹੋਵੇ ਜਾਂ ਮੌਤ ਸਮੇ ਕੋਈ ਗੁਰਮੁਖ ਆਪਣੀ ਮੇਹਰ ਦ੍ਰਿਸ਼ਟੀ ਨਾਲ ਅਰਦਾਸ ਜੋਦੜੀ ਕਰ ਦੇਵੇ ਤਾਂ ਸੰਤਜਨਾ ਦੀ ਅਰਦਾਸ ਅਗੇ ਮੌਤ ਵੀ ਹਾਰ ਜਾਂਦੀ ਹੈ

ਲੁਧਿਆਣਾ ਨਿਵਾਸੀ ਸ: ਗੁਰਭਗਤ ਸਿੰਘ ਬਾਹੀਆ ਨੇ ਹੇਮਕੁੰਟ ਸਾਹਿਬ ਦੀ ਯਾਤਰਾ ਲਈ ਜਾਂਦਿਆਂ ਗੋਬਿੰਦ ਘਾਟ ਵਿਖੇ ਰੈਣ ਬਸੇਰਾ ਕੀਤਾ।ਇਸ਼ਨਾਨ ਕਰਨ ਲਈ ਵਾਸ਼ਰੂਮ ਗਏ ਤਾਂ ਅੰਦਰ ਉਨ੍ਹਾਂ ਦਾ ਦੋ ਅਣਡਿੱਠੀ ਦੁਨੀਆਂ ਦੇ ਵਸਨੀਕਾਂ ਨਾਲ ਵਾਸਤਾ ਪੈ ਗਿਆ।ਇਕ ਸੋਹਣੇ ਸਰੂਪ ਵਾਲਾ ਜਿਸ ਨੇ ਚਿੱਟੇ ਕੱਪੜੇ ਪਾਏ ਹੋਏ ਸਨ ਅਤੇ ਦੂਜਾ ਕਾਲਾ ਕਲੂਟਾ ਭੈੜੀ ਸ਼ਕਲ ਵਾਲਾ, ਜਿਸ ਨੇ ਕਾਲੇ ਕੱਪੜੇ ਪਾਏ ਹੋਏ ਸਨ।ਕਾਲੇ ਕੱਪੜਿਆਂ ਵਾਲਾ ਬਾਹੀਆ ਸਾਹਿਬ ਨੂੰ ਮਾਰੀ ਕੁੱਟੀ ਜਾਵੇ ਅਤੇ ਚਿੱਟੇ ਕੱਪੜਿਆਂ ਵਾਲਾ ਬਚਾਈ ਜਾਵੇ। ਕਾਲੇ ਕੱਪੜਿਆਂ ਵਾਲੇ ਨੇ ਜੋਰ ਦੀ ਧੱਕਾ ਮਾਰਿਆ ਤਾਂ ਬਾਹੀਆ ਸਾਹਿਬ ਦਾ ਸਿਰ ਪਾਈਪ ਵਿਚ ਜਾ ਵੱਜਾ।ਉਹ ਡਿਗਦੇ ਢਹਿੰਦੇ ਕਿਸੇ ਤਰ੍ਹਾਂ ਵਾਸ਼ਰੂਮ ਵਿਚੋਂ ਬਾਹਰ ਨਿਕਲੇ ਤਾਂ ਐਨੀ ਬੁਰੀ ਹਾਲਤ ਵੇਖ ਕੇ ਉਨ੍ਹਾਂ ਦੇ ਸਾਰੇ ਸੰਗੀ ਸਾਥੀ ਘਬਰਾ ਗਏ।ਕੁਦਰਤੀ ਹੀ ਨਾਲ ਦੇ ਕਮਰੇ ਵਿਚ ਇਕ ਲੇਡੀ ਡਾਕਟਰ ਬੀਬੀ ਹਰਭਜਨ ਕੌਰ ਜੀ ਠਹਿਰੇ ਹੋਏ ਸਨ।ਛੇਤੀ ਹੀ ਓਨ੍ਹਾਂ ਨੂੰ ਬੁਲਾਇਆ ਗਿਆ।ਉਸ ਵੇਲੇ ਬਾਹੀਆ ਸਾਹਿਬ ਨੂੰ ਸਾਹ ਰੁਕ ਰੁਕ ਕੇ ਆ ਰਿਹਾ ਸੀ।ਕੁਝ ਦੇਰ ਪਿਛੋਂ ਸਾਹ ਆਉਣਾ ਉਕੱਾ ਹੀ ਬੰਦ ਹੋ ਗਿਆ।ਪੂਰੀ ਜਾਂਚ ਪੜਤਾਲ ਕਰਨ ਪਿਛੋਂ ਡਾਕਟਰ ਨੇ ਮਰੀਜ਼ ਨੂੰ ਮ੍ਰਿਤਕ ਕਰਾਰ ਕਰ ਦਿੱਤਾ ਗਿਆ।

ਰੌਲਾ ਰੱਪਾ ਸੁਣ ਕੇ ਇਕ ਗੁਰਮੁਖ ਪਿਆਰੇ ਆ ਗਏ। ਉਨ੍ਹਾਂ ਨੇ ਮ੍ਰਿਤਕ ਸਰੀਰ ਕੋਲ ਖੜ੍ਹੇ ਹੋ ਕੇ ਇਕਾਗਰ-ਚਿੱਤ ਨਾਲ ਬੜੀ ਹੀ ਸੁਰੀਲੀ ਅਵਾਜ਼ ਵਿਚ ਪੰਜ ਵਾਰੀ ਇਹ ਸ਼ਬਦ ਪੜ੍ਹਿਆ,-

ਪ੍ਰਭ ਜੀ ਤੂ ਮੇਰੇ ਪ੍ਰਾਨ ਅਧਾਰੇ॥

ਨਮਸਕਾਰ ਡੰਡਉਤਿ ਬੰਦਨਾ॥ ਅਨਿਕ ਬਾਰ ਜਾਉ ਬਾਰੈ॥ (ਪੰਨਾਂ ੮੨੨)

ਸੰਗਤ ਵਿਚ ਬੈਠੀ ਬੀਬੀ ਗੁਰਦੀਪ ਕੌਰ ਜੀ ਨੇ-

**" ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ"( ਪੰਨਾਂ ੨੭੭)**

ਇਸ ਤੁਕ ਦਾ ਜਾਪ ਕਰਨਾ ਸ਼ੁਰੂ ਕਰ ਕੇ ਬਿਨਾ ਸਾਹਾਂ ਤੋਂ ਵੀ ਜੀਉਂਦੇ ਰੱਖਣ ਵਾਲੇ ਪ੍ਰਾਣ ਨਾਥ ਸਤਿਗੁਰੂ ਅਗੇ ਜੋਦੜੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ।ਉਨ੍ਹਾਂ ਨੂੰ ਆਪਣੇ ਸਾਹਿਬ ਉਤੇ ਪੂਰਾ ਭਰੋਸਾ ਸੀ ਕਿ ਸੰਗਤ ਦੀ ਅਰਦਾਸ ਸੁਣ ਕੇ ਪ੍ਰਾਣ-ਦਾਤਾ ਮ੍ਰਿਤਕ ਨੂੰ ਵੀ ਜੀਵਨ ਦਾਨ ਬਖਸ਼ ਦੇਵੇਗਾ।ਸੋ ਉਹ ਸਤਿਗੁਰੂ ਅਗੇ ਅਰਦਾਸ ਕਰਨ ਲਈ ਸੰਗਤ ਨੂੰ ਨਾਲ ਲੈ ਕੇ ਦਰਬਾਰ ਸਾਹਿਬ ਦੇ ਅੰਦਰ ਚਲੇ ਗਏ।

ਅਰਦਾਸ ਦੀ ਸਮਾਪਤੀ ਪਿਛੋਂ ਜਦੋਂ ਸਾਰਿਆਂ ਨੇ ਕਮਰੇ ਵਿਚ ਪਹੁੰਚ ਕੇ ਮ੍ਰਿਤਕ ਸਰੀਰ ਦੇ ਮੂੰਹ ਤੋਂ ਕੱਪੜਾ ਉਤਾਰ ਕੇ ਦੇਖਿਆ ਤਾਂ ਬਾਹੀਆ ਸਾਹਿਬ ਦੇ ਜਿਸਮ ਵਿਚ ਹਰਕਤ ਆ ਰਹੀ ਸੀ।ਦੇਖਦਿਆਂ ਦੇਖਦਿਆਂ ਸਾਹਾਂ ਦਾ ਦੌਰ ਸ਼ੁਰੂ ਹੋ ਗਿਆ।ਐਨਾ ਵੱਡਾ ਇਲਾਹੀ ਕ੍ਰਿਸ਼ਮਾ ਦੇਖ ਸਾਰੀ ਸੰਗਤ ਵਿਚ ਖੁਸ਼ੀਆਂ ਦੀ ਲਹਿਰ ਦੌੜ ਗਈ।।ਮੋਇਆਂ ਨੂੰ ਜੀਵਨ ਦਾਨ ਬਖਸ਼ਣ ਵਾਲੇ ਦੇ ਚਰਨਾਂ ਵਿਚ ਸਭ ਦੇ ਸਿਰ ਝੁਕ ਗਏ।ਗੁਰਬਾਣੀ ਪੜ੍ਹਨ ਅਤੇ ਵਿਚਾਰਨ ਵਾਲਿਆਂ ਨੂੰ ਜਮਾਂ ਬਾਰੇ ਗਿਆਨ ਤਾਂ ਹੁੰਦਾ ਹੀ ਹੈ ਪਰ ਸਾਰੀ ਸੰਗਤ ਦੇ ਦਿਲ ਵਿਚ ਬਾਹੀਆ ਸਾਹਿਬ ਦੀ ਜ਼ੁਬਾਨੀ ਉਨ੍ਹਾਂ ਦੀ ਹੱਡ-ਬੀਤੀ ਸੁਣਨ ਦੀ ਉਤਸੁਕਤਾ ਸੀ।

ਸੰਗਤ ਦੇ ਪੁੱਛਣ 'ਤੇ ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਸਰੀਰ ਵਿਚੋਂ ਉਨ੍ਹਾਂ ਦੀ ਜੀਵ ਆਤਮਾ ਬਾਹਰ ਨਿਕਲ ਕੇ ਸੰਗਤ ਦੇ ਨਾਲ ਨਾਲ ਗੁਰਦਵਾਰਾ ਸਾਹਿਬ ਦੇ ਅੰਦਰ ਪਹੁੰਚੀ।ਉਥੇ ਜੋ ਵੀ ਹੋਇਆ ਉਸਦਾ ਹੂ ਬੂ ਸਾਰਾ ਦ੍ਰਿਸ਼ ਵਰਨਣ ਕਰ ਦਿੱਤਾ।

ਐਨਾਂ ਵੱਡਾ ਕ੍ਰਿਸ਼ਮਾਂ ਹੁੰਦਾ ਦੇਖ ਕੇ ਹਰ ਕੋਈ ਸੋਚ ਰਿਹਾ ਸੀ ਕਿ ਸੰਤ ਪੁਰਸ਼ ਨੇ ਮੁਰਦੇ ਵਿਚ ਜਾਨ ਪਾਈ ਹੈ।ਕਈਆਂ ਦੇ ਸਿਰ ਉਨ੍ਹਾਂ ਦੇ ਚਰਨਾਂ ਵਿਚ ਝੁਕ ਗਏ ਪਰ ਸੰਤਾਂ ਨੇ ਕਿਸੇ ਨੂੰ ਵੀ ਆਪਣੇ ਪੈਰ ਛੂਹਣ ਦੀ ਆਗਿਆ ਨਾ ਦਿੱਤੀ।ਉਨ੍ਹਾਂ ਨੇ ਸੰਗਤ ਨੂੰ ਆਪਣੀ ਵਡਿਆਈ ਕਰਨ ਤੋਂ ਰੋਕ ਕੇ ਧੁਰ ਕੀ ਬਾਣੀ ਦੇ ਸੋਹਲੇ ਗਾਉਣ ਲਈ ਕਿਹਾ।ਅਨਹਦੀ ਬਾਣੀ ਦੇ ਮੂਲ ਸਰੂਪ ਤੋਂ ਜਾਣੂੰ ਕਰਵਾਉਣ ਲਈ, ਦਿਲਾਂ ਨੂੰ ਟੁੰਬਣ ਵਾਲਾ ਵਿਖਿਆਨ ਦਿੱਤਾ।ਸੰਤ ਜੀ ਦੀ ਰਸਨਾਂ ਦੇ ਮਧੁਰ ਬੋਲ ਸੁਣ ਕੇ ਇਸ ਤਰ੍ਹਾਂ ਜਾਪੇ,ਜਿਵੇਂ ਦੁਸ਼ਟ ਦਮਨ ਦੇ ਤਪ ਸਥਾਨ ਦਾ ਰੰਗ ਹਰ ਇਕ ਦੇ ਦਿਲ ਉਤੇ ਚੜ੍ਹਿਆ ਹੋਇਆ ਹੈ।ਸੰਤ ਪੁਰਸ਼ ਉਤੇ ਵੀ ਰੱਬੀ ਨੂਰ ਵਰ੍ਹ ਰਿਹਾ ਸੀ।ਤਪ ਸਥਾਨਾਂ ਉਤੇ ਕਲਾ ਵਰਤਾਉਣ ਵਾਲਾ ਕਰਤਾ ਪੁਰਖ ਸੰਤ ਪੁਰਸ਼ ਦੀ ਰਸਨਾਂ ਰਾਹੀਂ ਆਪ ਬੋਲ ਰਿਹਾ ਸੀ।ਧੁਰ-ਦਰਗਾਹੀ ਹੁਕਮ ਸੁਣਾਉਣ ਲਈ ਸੰਤ ਪੁਰਸ਼ ਨੇ ਸੰਗਤ ਨੂੰ ਉਪਦੇਸ਼ ਦਿੱਤਾ ਕਿ ਪ੍ਰੇਮ ਭਾਵਨਾਂ ਨਾਲ ਅੰਮ੍ਰਿਤ ਬਾਣੀ ਦਾ ਸ਼ੁੱਧ ਉਚਾਰਣ ਕਰਨ ਨਾਲ ਹੀ ਬਾਣੀ ਦੀ ਪਾਰਸ-ਕਲਾ ਵਰਤਦੀ ਹੈ।ਉਨ੍ਹਾਂ ਨੇ ਬਾਣੀ ਵਿਚ ਆਪਣੀ ਮੱਤਿ ਅਨੁਸਾਰ ਦਖਲ ਅੰਦਾਜ਼ੀ ਕਰਨ

ਦਾ ਜੋਰਦਾਰ ਖੰਡਨ ਕੀਤਾ ਅਤੇ ਮੋਇਆਂ ਵਿਚ ਵੀ ਜਾਨ ਪਾਉਣ ਵਾਲੀ ਰੱਬੀ ਬਾਣੀ ਦੇ ਮੂਲ ਸਰੂਪ ਦੇ ਬਚਾਓ ਉਤੇ ਪਹਿਰਾ ਦੇਣ ਦੀ ਪ੍ਰੇਰਨਾਂ ਦਿੱਤੀ।

ਸੰਤ ਪੁਰਸ਼ ਸੰਗਤ ਨੂੰ ਮੌਤ ਦੀਆਂ ਭੇਦ ਭਰੀਆਂ ਗੱਲਾਂ ਸਮਝਾ ਰਹੇ ਸੀ ਕਿ ਇਕ ਬਜੁਰਗ ਨੇ ਆਪਣੀ **ਮੌਤ ਦੇ ਹੰਢਾਏ ਹੋਏ ਸੁਨਹਿਰੀ ਪਲਾਂ** ਦੀ ਕਹਾਣੀ ਸੁਣਾਉਣ ਦੀ ਆਗਿਆ ਮੰਗੀ।ਹੱਡ-ਬੀਤੀ ਦੱਸਦਿਆਂ ਉਸਨੇ ਕਿਹਾ,-"ਇਕ ਵਾਰੀ ਮੈ ਸਖਤ ਬਿਮਾਰ ਹੋ ਗਿਆ।ਬਚਣ ਦੀ ਕੋਈ ਆਸ ਨਹੀਂ ਸੀ।ਘਰ ਵਿਚ ਇਕੱਲਾ ਹੀ ਸੀ।ਕਿਸੇ ਗਵਾਂਢੀ ਨੇ ਮੈਨੂੰ ਹਸਪਤਾਲ ਪਹੁੰਚਾ ਦਿੱਤਾ। ਡਾਕਟਰ ਨੇ ਮੈਨੂੰ ਪ੍ਰਾਈਵੇਟ ਕਮਰਾ ਦੇ ਕੇ ਦਾਖਲ ਕਰ ਲਿਆ।ਮੇਰਾ ਗਵਾਂਢੀ ਮੇਰੇ ਲਈ ਕੁਝ ਜਰੂਰੀ ਚੀਜਾਂ ਲੈਣ ਲਈ ਆਪਣੇ ਘਰ ਚਲੇ ਗਿਆ ਤੇ ਨਰਸ ਨੂੰ ਮੇਰਾ ਧਿਆਨ ਰੱਖਣ ਲਈ ਕਹਿ ਗਿਆ।ਡਾਕਟਰ ਦੇ ਬੁਲਾਉਣ ਕਰਕੇ ਨਰਸ ਮੈਨੂੰ ਇਕੱਲਿਆਂ ਛੱਡ ਕੇ ਚਲੇ ਗਈ।

ਮੈ ਕੀ ਦੇਖਦਾ ਹਾਂ ਕਿ ਦੋ ਭੂਤਨੀਆਂ ਮੇਰੇ ਕੋਲ ਆ ਕੇ ਖੜ੍ਹ ਗਈਆਂ।ਇਕ ਨੇ ਮੇਰੇ ਸੱਜੇ ਹੱਥ ਉਤੇ ਲੱਗੀ ਹੋਈ ਗੁਲੂ ਕੋਸ ਵਾਲੀ ਸੂਈ ਹਿਲਾ ਕੇ ਦੂਜੀ ਨੂੰ ਕਿਹਾ;-'ਇਥੇ ਕਰੋਲਾ ਕਰੋਲੀ ਕਰਦੀਆਂ ਹਾਂ..।' ਸੂਈ ਹਿਲਾਉਂਦਿਆਂ ਹੀ ਮੇਰਾ ਹੱਥ ਸੁੱਜਣਾ ਸ਼ੁਰੂ ਹੋ ਗਿਆ।ਮੈਨੂੰ ਯਕੀਨ ਹੋ ਗਿਆ ਕਿ ਮੈ ਜਮਾਂ ਦੇ ਵੱਸ ਪੈ ਗਿਆ ਹਾਂ,ਭੂਤਨੀਆਂ ਦੇ ਰੂਪ ਵਿਚ ਜਮ ਮੇਰੀ ਮੌਤ ਦਾ ਇੰਤਜ਼ਾਮ ਕਰ ਰਹੇ ਹਨ।ਮੈ ਤੜਫ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਯਾਦ ਕੀਤਾ।ਸਤਿਗੁਰਾਂ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਹੇ!ਮੇਰੇ ਸੱਚੇ ਪਾਤਿਸ਼ਾਹ! ਇਸ ਵੇਲੇ ਤਾਂ ਤੈਨੂੰ ਆਉਣਾ ਚਾਹੀਦਾ ਸੀ..।ਬੇਸ਼ਕ ਮੈ ਅੰਮ੍ਰਿਤ ਨਹੀਂ ਛਕਿਆ ਪਰ ਮੈ ਤੈਨੂੰ ਪਿਆਰ ਕਰਦਾ ਹਾਂ..! ਬਾਣੀ ਪੜ੍ਹਦਾ ਹਾਂ....!ਤਾਂ ਉਸ ਵੇਲੇ ਮੇਰੇ ਸਾਹਮਣੇ ਭੂਤਨੀਆਂ ਦੀ ਥਾਂ ਅੱਤਿ ਸੁੰਦਰ ਪ੍ਰਕਾਸ਼ ਨਾਲ ਲਿਖਿਆ ਹੋਇਆ **'ਮਨਿ ਜੀਤੈ ਜਗੁ ਜੀਤੁ॥'**ਆ ਗਿਆ।ਫਿਰ ਮਨ ਵਿਚ ਫੁਰਨਾ ਆਇਆ ਕਿ ਹੁਣ ਕਿਹੜੀ ਬਾਣੀ ਪੜ੍ਹਾਂ ਜਿਸ ਨਾਲ ਮੇਰਾ ਧਿਆਨ ਪੂਰੀ ਤਰ੍ਹਾਂ ਰੱਬ ਨਾਲ ਜੁੜ ਜਾਵੇ।

ਮੈ ਦੇਖਿਆ ਕਿ ਮੇਰਾ ਸਥੂਲ ਸਰੀਰ ਬਿਸਤਰੇ ਉਤੇ ਪਿਆ ਹੈ ਅਤੇ ਮੈ ਆਪਣੀ ਜੀਵ ਆਤਮਾ ਦੇ ਰੂਪ ਵਿਚ ਸਥੂਲ ਸਰੀਰ ਵਿਚੋਂ ਨਿਕਲ ਕੇ ਬਿਸਤਰੇ ਦੇ ਕੋਲ ਖੜ੍ਹਾ ਹਾਂ।ਮੇਰਾ ਸਰੀਰ ਮੇਰੇ ਸਾਹਮਣੇ ਪਿਆ ਹੈ ਪਰ ਉਸ ਵਿਚ ਹੁਣ ਮੇਰਾ ਵਾਸਾ ਨਹੀਂ ਹੈ।ਸਰੀਰ ਨੂੰ ਹੀ ਆਪਣਾ ਆਪ ਸਮਝਣ ਦਾ ਭੁਲੇਖਾ ਦੂਰ ਹੋ ਗਿਆ।ਹੱਡ-ਮਾਸ ਦੇ ਸਰੀਰ ਵਿਚੋਂ ਨਿਕਲ ਕੇ ਮੈ ਆਪਣੇ ਆਪ ਨੂੰ ਹਲਕੇ ਫੁਲ ਵਰਗੇ ਸੋਹਲ,ਸੁਖਾਵੇਂ ਬੜੇ ਹੀ ਕੋਮਲ ਜਿਹੇ ਅਕਾਰ ਵਿਚ ਦੇਖ ਰਿਹਾ ਸੀ।ਅਸਚਰਜ ਰੂਪ ਵਿਚ ਉਸ ਧੁੰਦ ਜਿਹੀ ਦੇ ਬਣੇ ਅਕਾਰ ਵਿਚ ਸਮਝਣ, ਸੋਚਣ ਤੇ ਦੇਖਣ ਦੀ ਸ਼ਕਤੀ ਸਥੂਲ ਸਰੀਰ ਨਾਲੋਂ ਅਨੇਕਾਂ ਗੁਣਾਂ ਜ਼ਿਆਦਾ ਸੀ।ਸਰੀਰ ਛੱਡਣ ਦੇ ਨਾਲ ਹੀ ਮੈਨੂੰ ਦੁਨੀਆਂ ਛੁੱਟਣ ਦਾ ਅਹਿਸਾਸ ਵੀ ਹੋਇਆ ਤੇ ਸੱਭ ਤੋਂ ਪਹਿਲੇ ਮੈਨੂੰ ਆਪਣੇ ਛੋਟੇ ਬੇਟੇ ਦਾ

ਖਿਆਲ ਆ ਕੇ ਇਹ ਗਿਆਨ ਹੋਇਆ ਕਿ ਜਿਸ ਤੋਂ ਬਿਨਾ ਮੈ ਇਕ ਪਲ ਭੀ ਰਹਿ ਨਹੀਂ ਸੀ ਸਕਦਾ ਹੁਣ ਉਹ ਵੀ ਸਾਰੀ ਦੁਨੀਆਂ ਦੇ ਨਾਲ ਨਾਲ ਬੇਗਾਨਾ ਲੱਗਣ ਲੱਗ ਪਿਆ ਹੈ।ਮੋਹ-ਮਮਤਾ ਦੇ ਜਾਲ ਤੋਂ ਛੁੱਟਣਾਂ,ਹੱਡ ਮਾਸ ਦੇ ਸਰੀਰ ਤੋਂ ਅਲੱਗ ਹੋਣ ਨਾਲੋਂ ਵੀ ਵੱਧ ਅਸਚਰਜ-ਜਨਕ ਸੀ।ਪਲਾਂ ਵਿਚ ਹੀ ਸਭ ਕੁਝ ਓਪਰਾ ਹੋ ਗਿਆ।ਸਥੂਲ ਸਰੀਰ ਅਤੇ ਦੁਨੀਆਂ ਨੂੰ ਛੱਡਣਾਂ ਕੋਈ ਔਖਾ ਨਾ ਲੱਗਿਆ।ਬੜੇ ਅਰਾਮ ਨਾਲ ਸਭ ਕੁਝ ਬਿਗਾਨਾ ਹੋ ਗਿਆ।ਫਿਰ ਅੱਤਿ ਦੀਆਂ ਮਿੱਠੀਆਂ...!ਮਿੱਠੀਆਂ ਤੋਂ ਵੀ ਮਿੱਠੀਆਂ ਧੁਨੀਆਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਆਰਤੀ ਸੁਣਾਈ ਦੇਣ ਲੱਗੀ।

**ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥**

**ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥**

ਉਸ ਰੱਬੀ ਸੰਗੀਤ ਨੂੰ ਗਾਉਣ ਵਾਲਾ ਕੋਈ ਨਾ ਦਿਖੇ ਪਰ ਅਨੇਕਾਂ ਅਤਿ ਸੁਰੀਲੇ ਸਾਜ਼ਾਂ ਨਾਲ ਗਾ ਹੋ ਰਹੇ ਆਰਤੀ ਦੇ ਬੋਲਾਂ ਨੂੰ ਗਾਉਣ ਲਈ ਸਾਰੇ ਬ੍ਰਹਮੰਡ ਦੇ ਕਣ ਕਣ ਨੂੰ ਜੀਭਾਂ ਲਗ ਗਈਆਂ।ਮਰਦਾਨੇ ਦੀ ਰਬਾਬ ਦੀਆਂ ਤਰਬਾਂ ਵਿਚੋਂ ਅਨਹਦੀ ਧੁਨੀਆਂ ਨਿੱਕਲੀਆਂ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਆਰਤੀ ਦੇ ਬੋਲਾਂ ਦੇ ਦ੍ਰਿਸ਼ ਚਿੱਤਰਾਂ ਨੇ ਸਾਰੇ ਵਿਸ਼ਵ ਨੂੰ ਆਪਣੀ ਲਪੇਟ ਵਿਚ ਲੈ ਲਿਆ।ਮੈਂ ਉਸ ਮਹਾਂ ਸੰਗੀਤ ਦੇ ਅਨਹਦੀ ਸੁਰਾਂ ਦੀਆਂ ਬੁਛਾੜਾਂ ਦੇ ਰੰਗ ਰਸ ਵਿਚ ਹੀ ਰਸਦਾ ਜਾਵਾਂ...।ਮੈ ਸੋਚਦਾ ਸੀ ਕਿ ਮੈ ਬੜਾ ਵੱਡਾ ਸੰਗੀਤ ਪ੍ਰੇਮੀ ਹਾਂ ਪਰ ਉਸ ਸੰਗੀਤ ਦੇ ਮੁਕਾਬਲੇ ‘ਤੇ ਤਾਂ ਇਸ ਦੁਨੀਆਂ ਦਾ ਮਿੱਠੇ ਤੋਂ ਮਿੱਠਾ ਸੰਗੀਤ ਵੀ ਕਾਵਾਂ ਰੌਲੀ ਹੀ ਜਾਪੇ।ਮੈਨੂੰ ਲੱਗਿਆ ਕਿ ਇਹ ਗੰਧਰਵਾਂ ਦਾ ਸੰਗੀਤ ਹੈ।ਕਿਸੇ ਦੇਵ ਪੁਰੀ ਦੇ ਸੰਗੀਤ ਨੇ ਸਾਰੇ ਬ੍ਰਹਮੰਡ ਵਿਚ ਛਹਿਬਰ ਲਾਈ ਹੋਈ ਹੈ।

ਵਿਸਮਾਦੀ ਅਨੰਦ-ਰਸ ਦੀਆਂ ਲਹਿਰਾਂ ਨਾਲ ਭਰੇ ਅਕਾਸ਼ ਵਿਚ, ਇਕ ਪਾਸੇ ਸਵਰਗੀ ਸੰਗੀਤ ਦੇ ਆਤਮ-ਰਸ ਦੀ ਝੜੀ ਲੱਗੀ ਹੋਈ ਸੀ ਤੇ ਦੂਜੇ ਪਾਸੇ ਇਲਾਹੀ ਪ੍ਰਕਾਸ਼ ਦੇ ਅੰਬਾਰਾਂ ਦਾ ਮੇਲਾ ਲੱਗਿਆ ਹੋਇਆ ਸੀ।ਮੈ ਉੜਿਆ ਜਾ ਰਿਹਾ ਸੀ।ਅਨੇਕਾਂ ਪ੍ਰਕਾਰ ਦੇ ਰੰਗ-ਬਰੰਗੇ ਬੱਦਲਾਂ ਵਿਚ ਲਹਿਰਾਉਂਦਾ ਹੋਇਆ ਖੰਡਾਂ ਬ੍ਰਹਮੰਡਾਂ ਵਿਚ ਤਾਰੀਆਂ ਲਗਾ ਰਿਹਾ ਸੀ।ਐਨਾ ਦੂਰ ਚਲੇ ਗਿਆ ਕਿ ਮੈਨੂੰ ਇਹ ਧਰਤੀ ਇਕ ਗੋਲੇ ਦੇ ਰੂਪ ਵਿਚ ਨਜਰੀਂ ਆਉਣ ਲੱਗੀ।ਮੇਰੀਆਂ ਨਜ਼ਰਾਂ ਵਿਚ ਅਜਿਹੀ ਸ਼ਕਤੀ ਆ ਗਈ ਕਿ ਦੂਰ ਨੇੜੇ ਦੇ ਸਾਰੇ ਫਾਸਲੇ ਮਿਟ ਗਏ।ਮੈਨੂੰ ਇਸ ਧਰਤੀ ਦੀ ਸੂਰਜ ਦੁਆਲੇ ਘੁੰਮਣ ਦੀ ਗਤੀ ਅਤੇ ਆਪਣੇ ਆਪ ਦੁਆਲੇ ਘੁੰਮਣ ਦੀ ਗਤੀ,ਦੋਨੋਂ ਗਤੀਆਂ ਹੀ ਨਜ਼ਰੀਂ ਆਉਣ ਲੱਗੀਆਂ।ਇਕੋ ਹੀ ਸਮੇ ਐਨਾ ਕੁਝ ਦੇਖਣ ਦੀ,ਸੁਣਨ ਦੀ ਅਤੇ ਰੰਗ ਮਾਨਣ ਦੀ ਸਮਰੱਥਾ ਪਤਾ ਨਹੀਂ ਮੇਰੇ ਵਿਚ ਕਿਥੋਂ ਆ ਗਈ।ਮੇਰਾ ਆਪਣਾ ਆਪਾ ਗੁਆਚ ਗਿਆ।ਕਿਸੇ ਰੱਬੀ ਸ਼ਕਤੀ ਦਾ ਅੰਸ਼ ਬਣ ਕੇ ਮੈਂ ਕਈ ਤਰ੍ਹਾਂ ਦੇ ਖੰਡਾਂ ਬ੍ਰਹਮੰਡਾਂ ਵਿਚ ਘੁੰਮਦਾ ਫਿਰਾਂ... ।ਸੂਰਜ ਵਿਚੋਂ ਨਿਕਲ ਕੇ ਬਾਹਰ ਉਡਣ ਵਾਲੀਆਂ ਅੱਗ ਦੀਆਂ

ਪਰਤਾਂ ਦੇ ਵਿਚੋਂ ਦੀ ਲੰਘਦੇ ਹੋਏ ਨੂੰ ਸੇਕ ਨਾ ਲੱਗੇ। ਸਗੋਂ ਰਸ-ਰੂਪ ਹੋਇਆ ਫਿਰਾਂ..। ਅਸਲ ਵਿਚ ਜਿਹੜੇ ਜਿਸਮ ਨੂੰ ਸੇਕ ਲੱਗਣਾ ਸੀ ਉਹ ਤਾਂ ਹਸਪਤਾਲ ਵਿਚ ਪਿਆ ਹੋਇਆ ਸੀ। ਹੁਣ ਤਾਂ ਮੈਨੂੰ ਲਾਲ ਸੂਹੀਆਂ ਅੱਗ ਦੀਆਂ ਪਰਤਾਂ ਵਿਚੋਂ ਦੀ ਲੰਘਦੇ ਹੋਏ ਨੂੰ ਖੰਡਾਂ ਬ੍ਰਹਮੰਡਾਂ ਨੂੰ ਬਣਾਉਣ ਵਾਲੇ ਦੇ ਤੇਜ ਪਰਤਾਪ ਦੀ ਮਿਲਨ-ਛੋਹ ਠੰਡ ਪਾ ਰਹੀ ਸੀ। ਇਕ ਗ੍ਰੈਹ ਕੁਝ ਇਹੋ ਜਿਹਾ ਸੀ ਕਿ ਉਥੋਂ ਦੀ ਮਿੱਟੀ ਇਸ ਤਰ੍ਹਾਂ ਰਿੱਝ ਰਿਹੀ ਸੀ ਜਿਵੇਂ ਤੇਜ ਅੱਗ ਉਤੇ ਰੱਖਿਆ ਪਾਣੀ ਉਬਾਲੇ ਖਾ ਰਿਹਾ ਹੋਵੇ। ਪਤਾ ਨਹੀਂ ਕਿਉਂ? ਉਹ ਮਿੱਟੀ ਉਬਲਣ ਵਾਲਾ ਦ੍ਰਿਸ਼ ਮੈਨੂੰ ਭੁਲਦਾ ਨਹੀਂ ਹੈ। ਕਦੀ ਕਦੀ ਉਸਦਾ ਖਿਆਲ ਆਉਂਦਾ ਰਹਿੰਦਾ ਹੈ।

ਅਖੀਰ ਮੈ ਇਕ ਬਹੁਤ ਹੀ ਵੱਡੇ ਅਸਮਾਨ ਵਿਚ ਪਹੁੰਚ ਗਿਆ। ਜਿਥੇ ਇਕ ਲੰਬੀ ਕਤਾਰ ਵਿਚ ਦੇਵਤੇ ਆਪਣੇ ਆਪਣੇ ਸਿੰਘਾਸਨਾਂ ਉਤੇ ਸਜੇ ਬੈਠੇ ਸਨ। ਸਥੂਲ ਰੂਪ ਵਿਚ ਨਹੀਂ..। ਇਹ ਸਭ ਕੁਝ ਮਹਾਂ ਪ੍ਰਕਾਸ਼ ਦੀਆਂ ਰਿਸ਼ਮਾਂ ਵਿਚ ਹੀ ਉਘੜਿਆ ਹੋਇਆ ਦ੍ਰਿੱਸ਼ ਸੀ। ਸੋਹਣੇ ਸੁਨੱਖੇ ਦੇਵਤਿਆਂ ਦੇ ਚੇਹਰਿਆਂ ਦੇ ਹਾਵ-ਭਾਵ ਦੇਖ ਕੇ ਉਨ੍ਹਾਂ ਦੇ ਦਿਲਾਂ ਦੀਆਂ ਗੱਲਾਂ ਦੀ ਸਮਝ ਪੈ ਰਹੀ ਸੀ। ਦੇਵਤਿਆਂ ਦੇ ਮੁਕਟਾਂ ਅਤੇ ਗਹਿਣਿਆਂ ਉਤੇ ਕੀਤੀ ਹੋਈ ਸੁੰਦਰ ਕਾਰੀਗਰੀ ਦੇ ਨਮੂੰਨਿਆਂ ਦੀ ਨਿੱਕੀ ਨਿੱਕੀ ਸੁਹੱਪਣ ਮਨ-ਮੋਹਕ ਸੀ। ਉਨ੍ਹਾਂ ਦੇ ਪਹਿਰਾਵੇ ਬੜੇ ਹੀ ਸੋਹਣੇ ਢੰਗ ਨਾਲ ਲਹਿਰਾਂਦੇ ਸਨ। ਜਦੋਂ ਮੈਂ ਇਨ੍ਹਾਂ ਦੇਵਤਿਆਂ ਕੋਲ ਪਹੁੰਚਾ ਤਾਂ ਵਿਚਕਾਰ ਬੈਠੇ ਦੋ ਦੇਵਤਿਆਂ ਨੇ ਮੇਰੇ ਵਲ ਦੇਖ ਕੇ ਆਪਸ ਵਿਚ ਨਜਰਾਂ ਮਿਲਾ ਕੇ ਕੋਈ ਗੱਲ ਸਾਂਝੀ ਕੀਤੀ। ਜਾਂਦਿਆਂ ਹੀ ਮੈਂ ਉਨ੍ਹਾਂ ਦੇ ਚਰਨਾਂ ਵਿਚ ਮੱਥਾ ਟੇਕ ਦਿਤਾ। ਮੇਰਾ ਸਿਰ ਉਨ੍ਹਾਂ ਦੇ ਪੈਰਾਂ ਵਿਚ ਸੀ ਕਿ ਮੈਨੂੰ ਖਿਆਲ ਆਇਆ ਕਿ ਹੁਣ ਮੈਂ ਇਨ੍ਹਾਂ ਕੋਲੋਂ ਮੰਗਾਂ...ਤਾਂ ਕੀ ਮੰਗਾਂ...। ਤਾਹੀਓਂ ਖਬਰ ..!ਉਸੇ ਵੇਲੇ ਹੀ ਗੰਧਰਵਾਂ ਦੇ ਗਾਇਨ ਵਿਚ ਗਾ ਹੋ ਰਹੀ ਆਰਤੀ ਦੇ ਸਮਾਪਤੀ ਦੇ ਬੋਲਾਂ ਨੇ ਮੈਨੂੰ ਮੇਰੀ ਮੰਗ ਦੱਸ ਦਿੱਤੀ-

ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ॥

ਕਿਰਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਇ ਵਾਸਾ॥

ਮੈਨੂੰ ਸਮਝ ਆ ਗਈ ਕਿ ਮੈ ਅੰਮ੍ਰਿਤ (ਕਿਰਪਾ ਜਲ) ਦੀ ਦਾਤ ਮੰਗਣੀ ਹੈ। ਇਸ ਦੇ ਪਿਛੋਂ ਕੀ ਹੋਇਆ..?ਕੁਝ ਪਤਾ ਨਹੀਂ ਲੱਗਿਆ..। ਮੈਨੂੰ ਸਿਰਫ ਏਨਾ ਹੀ ਯਾਦ ਹੈ ਕਿ ਮੈ ਹਸਪਤਾਲ ਵਿਚ ਆਪਣੇ ਬਿਸਤਰੇ ਉਤੇ ਲੇਟਿਆ ਹੋਇਆ ਸੀ। ਮੇਰੀ ਸਰੀਰਕ,ਮਾਨਸਿਕ ਅਤੇ ਆਤਮਿਕ ਹਾਲਤ ਵਿਚ ਖੇੜਾ ਹੀ ਖੇੜਾ ਸੀ। ਤਨ ਮਨ ਵਿਚ ਇਲਾਹੀ ਰਸ ਦਾ ਸੇਂਜਾ ਹੋਇਆ ਪਿਆ ਸੀ। ਦੇਵ ਲੋਕ ਦੇ ਰੰਗ-ਰਸ ਦੀ ਘੂਕੀ ਚੜ੍ਹੀ ਹੋਈ ਸੀ।

ਮੈ ਦੇਖਿਆ ਨਰਸ ਮੇਰੇ ਕੋਲ ਖੜੀ ਸੀ ਤੇ ਮੇਰਾ ਬੁਰੀ ਤਰ੍ਹਾਂ ਸੁੱਜਿਆ ਹੋਇਆ ਹੱਥ ਦੇਖ ਕੇ ਘਬਰਾਈ ਹੋਈ ਮੈਨੂੰ ਕਹਿ ਰਹੀ ਸੀ;-"ਪਲੀਜ਼..! ਮੈਨੂੰ ਮੁਆਫ ਕਰਨਾ...। ਇਹ ਸਭ ਮੇਰੀ

ਗਲਤੀ ਨਾਲ ਹੋਇਆ ਹੈ....।ਮੈ ਹੁਣੇ ਹੀ ਦਵਾਈ ਲਿਆਉਂਦੀ ਹਾਂ ਜਿਸ ਨਾਲ ਸੋਜ ਹਟ ਜਾਵੇਗੀ।" ਉਸਨੂੰ ਵਿਚਾਰੀ ਨੂੰ ਪਤਾ ਨਹੀਂ ਸੀ ਕਿ ਇਹ ਤਾਂ ਭੂਤਨੀਆਂ ਦਾ ਕਾਰਾ ਹੈ।

ਡਾਕਟਰ ਆਇਆ,ਮੈ ਆਪਣੇ ਹੱਥ ਨੂੰ ਲੁਕੋ ਕੇ ਨਰਸ ਨੂੰ ਝਿੜਕਾਂ ਤੋਂ ਬਚਾਉਣ ਦੀ ਕੋਸ਼ਿਸ਼ ਵਿਚ ਸੀ ਪਰ ਡਾਕਟਰ ਮੇਰੀ ਤੰਦਰੁਸਤੀ ਦੇਖ ਕੇ ਹੈਰਾਨ ਸੀ।ਉਸਨੂੰ ਕਮਰੇ ਵਿਚ ਵੜਦਿਆਂ ਹੀ ਕੁਝ ਚੰਗਾ ਚੰਗਾ ਮਹਿਸੂਸ ਹੋਇਆ।ਕੁਝ ਦੇਰ ਤੱਕ ਹੈਰਾਨਗੀ ਨਾਲ ਉਹ ਮੇਰੇ ਵਲ ਦੇਖਦਾ ਰਿਹਾ ਤੇ ਫਿਰ ਮਰਨ ਕੰਢੇ ਪਏ ਹੋਏ ਨੂੰ ਠੀਕ ਹੋਣ ਦਾ ਯਕੀਨ ਦੁਆ ਕੇ, ਹਸਪਤਾਲ ਤੋਂ ਛੁੱਟੀ ਦੇ ਕੇ ਉਹ ਕਿਸੇ ਐਮਰਜੈਂਸੀ ਵਿਚ ਆਏ ਦੂਜੇ ਮਰੀਜ ਨੂੰ ਦੇਖਣ ਚਲੇ ਗਿਆ।

ਅਖੀਆਂ ਮੀਟੀ, ਬਿਸਤਰੇ ਉਤੇ ਪਿਆ ਹੋਇਆ ਮੈ ਆਪਣੀ ਮੌਤ ਦੀ ਯਾਤਰਾ ਦੇ ਸੁਨਹਿਰੀ ਪਲਾਂ ਨੂੰ ਦਿਲ-ਧਰਤੀ ਉਤੇ ਸਜਾ ਰਿਹਾ ਸੀ ਕਿ ਮੇਰੇ ਲਈ ਜਰੂਰੀ ਚੀਜਾਂ ਲੈਣ ਗਿਆ ਹੋਇਆ ਮੇਰਾ ਗਵਾਂਢੀ ਆਣ ਪਹੁੰਚਾ।ਨਾਲ ਹੀ ਰਿਸ਼ਤੇਦਾਰਾਂ ਦਾ ਆਉਣਾ ਜਾਣਾ ਵੀ ਸ਼ੁਰੂ ਹੋ ਗਿਆ।ਉਨ੍ਹਾਂ ਨੇ ਮੇਰਾ ਧਿਆਨ ਉਖਾੜਨ ਦੀ ਕੋਈ ਕਸਰ ਨਾ ਛੱਡੀ।ਮੈ ਅੱਖੀਆਂ ਮੀਟ ਮੀਟ ਆਪਣੀ ਅੰਦਰਲੀ ਦੁਨੀਆਂ ਦੇ ਰੰਗਾਂ ਵਿਚ ਡੁੱਬਣ ਲਈ ਬਥੇਰੇ ਹੰਬਲੇ ਮਾਰੇ ਪਰ ਜਿਹੜੇ ਲੋਕੀਂ ਆਪਣੇ ਘਰਾਂ ਦਾ ਕੰਮ ਕਾਰ ਛੱਡ ਕੇ ਮੇਰਾ ਹਾਲ ਪੁੱਛਣ ਲਈ ਹਸਪਤਾਲ ਪਹੁੰਚੇ ਸੀ ਉਹ ਮੈਨੂੰ ਬਿਨ ਬੁਲਾਇਆਂ ਹੀ ਕਿਵੇਂ ਜਾ ਸਕਦੇ ਸੀ..?

ਹੁਣ ਵੀ ਇਸ ਘਟਨਾਂ ਨੂੰ ਯਾਦ ਕਰਕੇ ਬੜਾ ਅਨੰਦ ਆਉਂਦਾ ਹੈ।ਜਦੋਂ ਕਦੀ ਅਖੀਆਂ ਮੀਟ ਕੇ ਉਨ੍ਹਾਂ ਪਲਾਂ ਨੂੰ ਯਾਦ ਕਰਦਾ ਹਾਂ ਤਾਂ ਮੇਰਾ ਲੂੰ-ਲੂੰ ਲਰਜ਼ ਉਠਦਾ ਹੈ ਪਰ ਕਈ ਵਾਰੀ ਮੈਨੂੰ ਇਹ ਖਿਆਲ ਘੇਰ ਲੈਂਦਾ ਹੈ ਕਿ ਕੀ ਇਹ ਸੱਚ ਮੁੱਚ ਮੌਤ ਹੀ ਸੀ ? ਜਾਂ ਕੋਈ ਸੁਪਨਾ ਸੀ।"

ਬੜੇ ਹੀ ਭਾਵੁਕ ਹੋ ਕੇ ਆਪਣੀ ਹੱਡ-ਬੀਤੀ ਸੁਣਾਉਣ ਪਿਛੋਂ ਬਜੁਰਗ ਨੇ ਸੰਤ ਪੁਰਸ਼ ਕੋਲੋਂ ਇਸ ਭੇਦ-ਭਰੀ ਘਟਨਾ ਦੀ ਸਚਾਈ ਜਾਨਣ ਲਈ ਬੇਨਤੀ ਕੀਤੀ।ਕਮਰੇ ਵਿਚ ਬੈਠੇ ਬਾਕੀ ਸਾਰੇ, ਜਿਹੜੇ ਬਜੁਰਗ ਦੀ ਵਾਰਤਾ ਨੂੰ ਬੜੀ ਦਿਲਚਸਪੀ ਨਾਲ ਸੁਣ ਰਹੇ ਸੀ, ਉਨ੍ਹਾਂ ਦੇ ਮਨਾਂ ਵਿਚ ਵੀ ਮੌਤ ਦੇ ਸਵਰਗੀ ਦ੍ਰਿੱਸ਼ ਦੀ ਸਚਾਈ ਜਾਨਣ ਦੀ ਤੀਬਰ ਇੱਛਾ ਦੇਖ ਕੇ, ਸੰਤਾਂ ਦੇ ਪ੍ਰਭੂ-ਪ੍ਰੇਮ ਦੀ ਖੁਮਾਰੀ ਨਾਲ ਭਰੇ ਹੋਏ ਨੈਣ ਮੁੰਦ ਹੋ ਗਏ।ਬੜੀ ਹੀ ਮਧੁਰ ਧੁਨੀ ਵਿਚ ਉਨ੍ਹਾਂ ਨੇ ਨਿਰੰਕਾਰੀ ਬਾਣੀ ਦਾ ਉਚਾਰਣ ਕਰਨਾ ਸ਼ੁਰੂ ਕਰ ਦਿੱਤਾ -

**ਸਤਿਗੁਰੁ ਮੇਰਾ ਸਰਬ ਪ੍ਤਿਪਾਲੈ ਸਤਿਗੁਰੁ ਮੇਰਾ ਮਾਰਿ ਜੀਵਾਲੈ (ਅੰਕ ੧੧੪੨)**

ਫਿਰ ਲੋਰ ਵਿਚ ਆ ਕੇ ਬਾਬਾ ਨੰਦ ਸਿੰਘ ਜੀ ਦੇ ਮੁਖਾਰਬਿੰਦ 'ਚੋਂ ਉਚਾਰਿਆ ਹੋਇਆ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇ ਦਾ ਇਕ ਅਲੌਕਿਕ ਬ੍ਰਿਤਾਂਤ ਸੁਣਾਉਂਦਿਆ ਬਚਨ

ਕੀਤਾ ਕਿ ਤਰਨ ਤਰਨ ਸਾਹਿਬ ਦੇ ਸਰੋਵਰ ਦੀ ਕਾਰ ਸੇਵਾ ਸ਼ੁਰੂ ਸੀ।ਇਕ ਪਿੰਡ ਦੇ ਦੋ ਗੁਰਸਿੱਖਾਂ ਨੇ ਗੁਰੂ ਜੀ ਦੇ ਚਰਨਾਂ ਵਿਚ ਭੇਟ ਕਰਨ ਲਈ ਦਸਵੰਧ ਦੀ ਮਾਇਆ ਇਕੱਠੀ ਕੀਤੀ ਅਤੇ ਕੁਝ ਦਿਨਾ ਲਈ ਸੇਵਾ ਕਰਨ ਲਈ ਘਰੋਂ ਤੁਰ ਪਏ।ਪੈਦਲ ਜਾਂਦਿਆਂ ਰਸਤੇ ਵਿਚ ਹੀ ਇਕ ਪਿੰਡ ਪਹੁੰਚ ਕੇ ਰਾਤ ਪੈ ਗਈ।ਇਕ ਲੋਭੀ ਬੰਦਾ ਉਨ੍ਹਾਂ ਨੂੰ ਰੈਣ-ਬਸੇਰਾ ਕਰਵਾਉਣ ਲਈ ਆਪਣੇ ਘਰ ਲੈ ਗਿਆ।ਉਸਨੇ ਖਾਣੇ ਵਿਚ ਜ਼ਹਿਰ ਮਿਲਾ ਕੇ ਗੁਰਸਿੱਖਾਂ ਨੂੰ ਮਾਰ ਕੇ ਮਾਇਆ ਕਾਬੂ ਕਰ ਲਈ ਅਤੇ ਲਾਸ਼ਾਂ ਰਸਤੇ ਵਿਚ ਸੁੱਟ ਦਿੱਤੀਆਂ।ਦੂਜੇ ਦਿਨ ਪਿੰਡ ਦੇ ਲੋਕਾਂ ਨੇ ਅਣਜਾਣ ਰਾਹੀਆਂ ਦੀਆਂ ਲਾਸ਼ਾਂ ਸਮਝ ਕੇ ਸਸਕਾਰ ਕਰ ਦਿੱਤਾ।

ਬਹੁਤ ਦਿਨ ਬੀਤ ਜਾਣ ਪਿਛੋਂ ਵੀ ਜਦੋਂ ਗੁਰਸਿੱਖ ਵਾਪਿਸ ਘਰ ਨਾ ਪਹੁੰਚੇ ਤਾਂ ਉਨ੍ਹਾਂ ਦੀਆਂ ਧਰਮ ਪਤਨੀਆਂ ਵੀ ਗੁਰੂ ਘਰ ਦੀ ਸੇਵਾ ਕਰਨ ਦੀ ਭਾਵਨਾ ਨਾਲ ਤੁਰ ਪਈਆਂ।ਉਸੇ ਪਿੰਡ ਪਹੁੰਚ ਕੇ ਉਨ੍ਹਾਂ ਨੂੰ ਵੀ ਪਿੰਡ ਦੀ ਧਰਮਸਾਲਾ ਵਿਚ ਰੈਣ-ਬਸੇਰਾ ਕਰਨਾ ਪਿਆ।ਉਨ੍ਹਾਂ ਨੂੰ ਪਿੰਡ ਦੇ ਲੋਕਾਂ ਤੋਂ ਪਤਾ ਲੱਗਿਆ ਕਿ ਉਨ੍ਹਾਂ ਦੇ ਪਤੀਆਂ ਦਾ ਸਸਕਾਰ ਹੋ ਚੁੱਕਿਆ ਹੈ।ਉਹ ਦੋਨੋਂ ਸ਼ਮਸ਼ਾਨ ਭੂਮੀਂ ਪਹੁੰਚੀਆਂ।ਉਹ ਜਾਣਦੀਆਂ ਸੀ ਕਿ ਉਨ੍ਹਾਂ ਦੇ ਪਤੀਆਂ ਦੇ ਰੋਮ ਰੋਮ ਵਿਚੋਂ ਵਾਹਿਗੁਰੂ ਨਾਮ ਦੀ ਧੁਨੀਂ ਗੂੰਜਦੀ ਸੀ ਇਸ ਲਈ ਉਨ੍ਹਾਂ ਨੇ ਸਿਵਿਆਂ ਵਿਚੋਂ ਹੱਡੀਆਂ ਚੁੱਕ ਕੇ, ਆਪਣੇ ਕੰਨਾਂ ਨੂੰ ਲਗਾ ਕੇ ਉਨ੍ਹਾਂ ਵਿਚੋਂ ਵਾਹਿਗੁਰੂ ਦੇ ਸਿਮਰਨ ਦੀਆਂ ਧੁਨੀਆਂ ਸੁਣੀਆਂ ਤੇ ਫਿਰ ਪ੍ਰੇਮ-ਭਾਵਨਾਂ ਨਾਲ ਆਪਣੇ ਮੱਥੇ ਉਤੇ ਲਗਾਣ ਪਿਛੋਂ ਆਪਣੀਆਂ ਝੋਲੀਆਂ ਵਿਚ ਪਾ ਲਈਆਂ।

ਉਹ ਗੁਰੂ ਜੀ ਦੇ ਚਰਨਾਂ ਵਿਚ ਪਹੁੰਚੀਆਂ।ਭਰੇ ਦੀਵਾਨ ਵਿਚ ਜਦੋਂ ਉਨ੍ਹਾਂ ਨੇ ਹੱਡੀਆਂ ਦੀਆਂ ਪੋਟਲੀਆਂ ਗੁਰੂ ਜੀ ਦੇ ਚਰਨਾਂ ਵਿਚ ਰੱਖੀਆਂ ਤਾਂ ਹਰ ਪਾਸੇ ਵਾਹਿਗੁਰੂ ਨਾਮ ਦੀਆਂ ਅੱਤਿ ਮਿੱਠੀਆਂ ਧੁਨੀਆਂ ਅਤੇ ਸੁਗੰਧੀਆਂ ਫੈਲ ਗਈਆਂ।ਪੋਟਲੀਆਂ ਵਿਚੋਂ ਐਨੀਆਂ ਮਿੱਠੀਆਂ ਧੁਨੀਆਂ ਅਤੇ ਸੁਗੰਧੀਆਂ ਦੇ ਅੰਬਾਰ ਉਡਦੇ ਦੇਖ ਕੇ ਸੰਗਤ ਹੈਰਾਨ ਹੋ ਗਈ।ਗੁਰੂ ਜੀ ਦੇ ਹੁਕਮਾਂ ਦੀ ਪਾਲਣਾ ਕਰਕੇ ਬੀਬੀਆਂ ਨੇ ਸਾਰੀ ਵਿਥਿਆ ਸੁਣਾਉਂਦਿਆਂ ਹੋਇਆਂ ਕਿਹਾ ਕਿ ਉਨ੍ਹਾਂ ਦੇ ਪਤੀਆਂ ਦੇ ਰੋਮ ਰੋਮ ਵਿਚੋਂ ਵਾਹਿਗੁਰੂ ਨਾਮ ਦੀ ਧੁਨੀ ਸੁਣਾਈ ਦਿੰਦੀ ਸੀ ਇਸੇ ਕਰਕੇ ਹੀ ਉਨ੍ਹਾਂ ਦੀਆਂ ਹੱਡੀਆਂ ਵੀ ਸਾਰੇ ਵਾਤਾਵਰਣ ਵਿਚ ਸਿਮਰਨ ਦੀਆਂ ਧੁਨੀਆਂ ਤੇ ਸੁਗੰਧੀਆਂ ਫੈਲਾ ਰਹੀਆਂ ਹਨ।ਸ੍ਰੀ ਗੁਰੂ ਅਰਜਨ ਦੇਵ ਜੀ ਨੇ ਦੋ ਚਿੱਟੀਆਂ ਚਾਦਰਾਂ ਮੰਗਵਾ ਕੇ ਉਨ੍ਹਾਂ ਹੱਡੀਆਂ ਦੀਆਂ ਪੋਟਲੀਆਂ ਉਤੇ ਪੁਆ ਦਿੱਤੀਆਂ।

ਅਜ ਸਾਇੰਸ ਦੇ ਯੁਗ ਵਿਚ ਮਨੁੱਖੀ ਜਿਸਮ ਦੀ ਚੀਰ ਫਾੜ ਕਰਨ ਤੋਂ ਬਿਨਾ ਹੀ ਲੇਜ਼ਰ ਸਰਜਰੀ ਨਾਲ ਸਰੀਰ ਵਿਚੋਂ ਪਥਰੀਆਂ ਨਿਕਲ ਜਾਂਦੀਆਂ ਹਨ।ਲੇਜ਼ਰ ਨਾਲ ਹੋਰ ਵੀ ਕਈ ਕੁਝ ਹੁੰਦਾ ਹੈ ਜਿਹੜਾ ਦੇਖਣ ਵਾਲਿਆਂ ਨੂੰ ਅਦਭੁਤ ਲਗਦਾ ਹੈ ਪਰ ਰੂਹਾਨੀ ਸ਼ਕਤੀਆਂ ਦੇ ਡਾਕਟਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਗੁਰਸਿੱਖਾਂ ਦੇ ਮਿਰਤਕ ਸਰੀਰਾਂ ਦੀਆਂ ਹੱਡੀਆਂ ਦੀ ਸਰਜਰੀ ਕਰਨ ਲਈ ਪਤਾ ਨਹੀਂ ਕਿਹੜਾ ਲੇਜ਼ਰ ਵਰਤਿਆ ਕਿ ਅਗਨੀ ਭੇਟ ਹੋਏ ਜਿਸਮਾਂ

ਦੇ ਲਹੂ ਮਾਸ ਅਤੇ ਹੱਡੀਆਂ ਨੇ ਇਕੱਠੀਆਂ ਹੋ ਕੇ ਦੁਬਾਰਾ ਸਾਬਤ ਸੂਰਤ ਸਿੰਘਾਂ ਦਾ ਸਰੂਪ ਧਾਰ ਲਿਆ।ਮੋਇਆਂ ਨੂੰ ਜਿਵਾਉਣ ਵਾਲੇ ਸਤਿਗੁਰੂ ਜੀ ਨੇ ਮੇਹਰ ਦੀ ਨਜ਼ਰ ਕੀਤੀ।ਦੋਨੋਂ ਚਿੱਟੀਆਂ ਚਾਦਰਾਂ ਉਪਰ ਨੂੰ ਉਠਣ ਲੱਗੀਆਂ।ਫਿਰ ਚਾਦਰਾਂ ਹੌਲੇ ਹੌਲੇ ਥੱਲੇ ਡਿਗ ਪਈਆਂ ਅਤੇ ਵਿਚੋਂ ਦੋਨੋਂ ਗੁਰਮੁੱਖ ਪਿਆਰੇ ਪਰਣੈ ਹੋਏ ਹੋਏ, ਸਤਿਗੁਰੂ ਜੀ ਦੇ ਸਨਮੁਖ ਖੜ੍ਹੇ ਦਿਖਾਈ ਦੇਣ ਲੱਗੇ।ਨਵੇਂ ਨਰੋਏ ,ਗੁਰਸਿੱਖੀ ਬਾਣੇ ਵਿਚ ਸਜੇ ਧਜੇ ਸਤਿਗੁਰਾਂ ਨੂੰ ਨਮਸਕਾਰ ਕਰ ਰਹੇ ਸੀ।

ਨਾਮ ਬਾਣੀ ਦੇ ਰਸੀਆਂ ਦੀਆਂ ਹੱਡੀਆਂ ਵੀ ਸਤਿਗੁਰੂ ਜੀ ਦੀ ਮੇਹਰ ਦ੍ਰਿੱਸ਼ਟੀ ਦੇ ਲੇਜ਼ਰ ਨਾਲ ਜੀਉਂਦੇ ਜਾਗਦੇ ਮਨੁੱਖਾਂ ਦਾ ਸਰੂਪ ਧਾਰ ਲੈਂਦੀਆਂ ਹਨ।ਮੌਤ ਪਿਛੋਂ ਜੀਵਨ ਪ੍ਰਾਪਤ ਕਰਨ ਦੀ ਅਸਚਰਜ ਵਾਰਤਾ ਸੁਣਾ ਕੇ ਸੰਤ ਪੁਰਸ਼ ਨੇ ਬਜੁਰਗ ਨੂੰ ਵਿਸ਼ਵਾਸ ਦੁਆਇਆ ਕਿ ਉਸ ਦੀ ਹੱਡ ਬੀਤੀ ਕੋਈ ਸੁਪਨਾ ਨਹੀਂ ਹੈ,ਉਹ ਸੱਚੀਂ ਮੁੱਚੀ ਹੀ ਮਰ ਕੇ ਜੀਉਂਦਾ ਹੋਇਆ ਹੈ ਪਰ ਉਸਨੂੰ ਇਸ ਗੱਲ ਦੀ ਸੋਝੀ ਹੋਣੀ ਚਾਹੀਦੀ ਹੈ ਕਿ ਜਮਾਂ ਦੀ ਮਾਰ ਤੋਂ ਛੁਟਕਾਰਾ ਪਾਉਣ ਸਮੇ ਉਸਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਸਹਾਈ ਹੋਈ ਹੈ ਅਤੇ ਫਿਰ ਪ੍ਰਕਾਸ਼ ਵਿਚ ਲਿਖੇ ਹੋਏ **"ਮਨਿ ਜੀਤੈ ਜਗੁ ਜੀਤੁ"** ਦੇ ਦਰਸ਼ਨਾਂ ਨੇ ਉਸ ਨੂੰ ਬ੍ਰਹਮ-ਮੰਡਲ ਵਿਚ ਪਹੁੰਚਾ ਦਿੱਤਾ,ਜਿਥੇ ਅਨੰਤ ਕਾਲ ਤੋਂ ਹੀ ਨਿਰੰਕਾਰੀ ਬਾਣੀ ਦਾ ਨੂਰ ਵ੍ਹਰ ਰਿਹਾ ਹੈ।ਦੇਵ ਪੁਰੀ ਵਿਚ ਜਾ ਕੇ ਸ੍ਰੀ ਗੁਰੂ ਨਾਨਾਕ ਦੇਵ ਜੀ ਦੇ ਧੁਰ ਦਰਗਾਹੀ ਫੁਰਮਾਨ ਨੇ ਹੀ ਇਹ ਗਲ ਸਮਝਾਈ ਕਿ ਮਨੁੱਖਾ ਜੀਵਨ ਦੀ ਅਸਲੀ ਪ੍ਰਾਪਤੀ 'ਕਿਰਪਾ ਜਲ' ਵਿਚ ਹੀ ਹੈ।

ਸੰਤ ਪੁਰਸ਼ ਨੇ ਬਜੁਰਗ ਨੂੰ ਅੰਮ੍ਰਿਤ ਛਕਣ ਦੀ ਪ੍ਰੇਰਨਾ ਦਿੰਦਿਆਂ ਹੋਇਆਂ ਸਮਝਾਇਆ ਕਿ ਜਿਸ ਅੰਮ੍ਰਿਤ ਦੀ ਦਾਤ ਲਈ ਦੇਵੀ ਦੇਵਤੇ ਭੀ ਤਰਸਦੇ ਹਨ,ਉਹ (ਕਿਰਪਾ ਜਲ) ਸਿਰਫ ਮਨੁਖੀ ਜੀਵਨ ਵਿਚ ਨਾਮ ਬਾਣੀ ਦੀ ਘਾਲਣਾਂ ਨਾਲ ਹੀ ਮਿਲਦਾ ਹੈ।ਗੁਰਬਾਣੀ ਦਾ ਫੁਰਮਾਨ ਹੈ ਕਿ ਦੇਵ-ਲੋਕ ਦੇ ਵਾਸੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਲਈ ਮਨੁਖਾ ਦੇਹੀ ਲਈ ਤਰਸਦੇ ਹਨ।ਪਰ ਬਜੁਰਗ ਤਾਂ ਦੇਵ ਲੋਕ ਪਹੁੰਚ ਕੇ ਦੇਵਤਿਆਂ ਕੋਲੋਂ ਹੀ ਕ੍ਰਿਪਾ ਜਲ ਮੰਗਣ ਲੱਗ ਪਿਆ..।

ਮ੍ਰਿਤਕ ਸਰੀਰ ਨੂੰ ਦੁਬਾਰਾ ਜੀਵਨ ਦਾਨ ਮਿਲਣ ਦਾ ਪ੍ਰਤੱਖ ਨਜ਼ਾਰਾ ਦੇਖ ਕੇ, ਬਜੁਰਗ ਦੀ ਹੱਡ-ਬੀਤੀ ਸੁਣ ਕੇ ਅਤੇ ਸੰਤ ਪੁਰਸ਼ ਕੋਲੋਂ ਮੋਇਆਂ ਨੂੰ ਜੀਵਾਉਣ ਵਾਲੇ ਦੇ ਇਲਾਹੀ ਬਚਨ ਸੁਣ ਕੇ ਸੰਗਤ ਮੌਤ ਦੇ ਰਹੱਸਮਈ ਗੋਹਜ ਦੀਆਂ ਸੋਚਾਂ ਵਿਚ ਡੁੱਬੀ ਹੋਈ ਸੀ।ਜਮਾਂ ਦੀ ਮਾਰ ਦਾ ਡਰ ਅਤੇ ਸਰੀਰ ਦਾ ਚੋਲਾ ਛੱਡਣ ਪਿਛੋਂ ਮੌਤ ਦੇ ਸੁਨਹਿਰੀ ਪਲਾਂ ਵਿਚ ਮਹਾਂ ਅਨੰਦ ਦੀ ਪ੍ਰਾਪਤੀ ਦੀਆਂ ਰੰਗੀਨੀਆਂ,ਦੋਨਾਂ ਪਾਸਿਆਂ ਦੀਆਂ ਭੇਦ ਭਰੀਆਂ ਗੱਲਾਂ ਉਤੇ ਵਿਚਾਰ ਵਟਾਂਦਰੇ ਹੋ ਰਹੇ ਸੀ ਕਿ ਦਰਬਾਰ ਵਿਚੋਂ ਰਹਿਰਾਸ ਸਾਹਿਬ ਦੇ ਪਾਠ ਅਰੰਭ ਹੋਣ ਦੀ ਅਵਾਜ਼ ਸੁਣਾਈ ਦਿੱਤੀ।ਮੌਤ ਦੀ ਹਕੀਕਤ ਦੀਆਂ ਡੂੰਘੀਆਂ ਸੋਚਾਂ ਵਿਚ ਡੁੱਬੀ ਹੋਈ ਸੰਗਤ ਕਮਰੇ ਵਿਚੋਂ ਬਾਹਰ ਨਿਕਲੀ ਤੇ ਦਰਬਾਰ ਸਾਹਿਬ ਵਲ ਤੁਰ ਪਈ।

ਸੰਧਿਆ-ਕਾਲ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਆਰਤੀ ਦੀਆਂ ਰੰਗੀਨੀਆਂ ਦੇ ਜਲਵੇ ਦਿਖਾਉਣੇ ਸ਼ੁਰੂ ਕੀਤੇ ਹੋਏ ਸਨ।ਗਗਨ ਰੂਪੀ ਥਾਲ ਵਿਚ ਸੂਰਜ ਦਾ ਦੀਵਾ ਚੰਦ੍ਰਮਾ ਦੇ ਦੀਵੇ ਨੂੰ ਜੀ ਆਇਆਂ ਕਹਿੰਦਾ ਹੋਇਆ ਆਪ ਵਿਦਾਇਗੀ ਲੈ ਰਿਹਾ ਸੀ।ਦਿਨ ਤੇ ਰਾਤ ਦੇ ਮਿਲਾਪ ਨੇ ਧਰਤੀ ਅਤੇ ਅਸਮਾਨ ਵਿਚਕਾਰ ਮਸਤੀ ਦੀ ਧੂੜ ਭੁੱਕੀ ਹੋਈ ਸੀ।ਲਹਿੰਦੇ ਸੂਰਜ ਦੀਆਂ ਲਾਲੀਆਂ ਨੇ ਪਹਾੜਾਂ ਦੀਆਂ ਸਿਖਰਾਂ ਨੂੰ ਸੁਨਹਿਰੇ ਲੇਪ ਨਾਲ ਲਿਸ਼ਕਾਇਆ ਹੋਇਆ ਸੀ।ਗੁਰੂ ਘਰ ਦੇ ਪੈਰਾਂ ਵਿਚ ਵਗਦੀ ਨਦੀ ਦਾ ਸ਼ੂਕਦਾ ਹੋਇਆ ਪਾਣੀ ਸੱਚੇ ਨਾਮ ਦੀ ਧੁਨ ਸੁਣਾ ਰਿਹਾ ਸੀ।ਸ਼ਾਮ ਦੇ ਘੁਸਮੁਸੇ ਵਿਚ ਪ੍ਰਕਾਸ਼ ਹਨੇਰੇ ਦੇ ਗਲੇ ਲੱਗ ਕੇ ਵਿਦਾ ਹੋ ਰਿਹਾ ਸੀ।ਦਰਬਾਰ ਸਾਹਿਬ ਅੰਦਰੋਂ ਰਹਿਰਾਸ ਸਾਹਿਬ ਦਾ ਪਾਠ ਸ਼ੁਰੂ ਹੋਇਆ।ਲਾਉਡ ਸਪੀਕਰ ਰਾਹੀਂ **'ਬਲਿਹਾਰੀ ਕੁਦਰਤਿ ਵਸਿਆ ਤੇਰਾ ਅੰਤੁ ਨ ਜਾਈ ਲਖਿਆ॥'** ਦੀ ਗੂੰਜ ਧਰਤ-ਅਸਮਾਨ ਵਿਚ ਇਕ ਕੰਬਣੀ ਬਣ ਕੇ ਥਰਰਾਉਂਦੀ ਹੋਈ ਹਰ ਪਾਸੇ ਪਸਰ ਗਈ ਤੇ ਤਪ ਸਥਾਨ ਦੀ ਕੁਦਰਤੀ ਸੁੰਦ੍ਰਤਾ ਵਿਚ ਵਸ ਰਹੇ ਕਰਤੇ ਦੀ ਹੋਂਦ ਦਾ ਅਹਿਸਾਸ ਦੁਆ ਗਈ।**' ਗਾਵਨਿ ਤੁਧ ਨੋ ਪਵਣੁ ਪਾਣੀ ਬੈਸੰਤਰੁ ॥'** ਦੀ ਅਵਾਜ ਨੇ, ਤਪ-ਸਥਾਨ ਦੀ ਵਾਦੀ ਵਿਚ ਪੌਣ ,ਪਾਣੀ ਤੇ ਬੈਸੰਤਰ ਦੇ ਮੂਹੋਂ ਗਾ ਹੋ ਰਹੇ ਕਾਦਰ ਦੇ ਗੀਤਾਂ ਦੇ ਦ੍ਰਿੱਸ਼-ਚਿੱਤਰ ਪੇਸ਼ ਕਰਨੇ ਸ਼ੁਰੂ ਕਰ ਦਿੱਤੇ।

*************************

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਭ ਦੇ ਸਾਂਝੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਭ ਦੇ ਸਾਂਝੇ ਹਨ।ਸਿੱਖ ਕੌਮ ਜਾਂ ਕੋਈ ਹੋਰ ਇਸ ਉਤੇ ਕਬਜਾ ਨਹੀਂ ਕਰ ਸਕਦਾ।ਇਹ ਧੁਰ ਕੀ ਬਾਣੀ ਕਿਸੇ ਦੇਸ਼,ਕੌਮ ਜਾਂ ਮਜ਼ਹਬ ਤੱਕ ਹੀ ਸੀਮਤ ਨਹੀਂ ਹੈ।ਇਸ ਵਿਚ ਗੁਰੂ ਸਾਹਿਬਾਨਾਂ ਤੋਂ ਇਲਾਵਾ ਹੋਰ ਵੀ ਸੰਤਾਂ ਫਕੀਰਾਂ ਦੀ ਇਲਾਹੀ ਬਾਣੀ ਵੀ ਹੈ,ਜਿਨ੍ਹਾਂ ਦੀਆਂ ਰਚਨਾਵਾਂ ਵਿਚੋਂ ਬ੍ਰਹਿੰਮ ਮੰਡਲ ਦਾ ਨੂਰ ਝਲਕਦਾ ਹੈ।ਇਹ ਬਾਣੀ ਸਾਡੀ ਇਕੱਲੇ ਸਿੱਖਾਂ ਦੀ ਵਿਰਾਸਤ ਹੀ ਨਹੀਂ ਹੈ।ਇਸ ਵਿਚ ਸਰਬੱਤ ਦਾ ਭਲਾ ਮੰਗਣ ਦਾ ਸੰਦੇਸ਼ ਹੈ ਤੇ ਸਾਰੀ ਲੁਕਾਈ ਲਈ ਸਾਂਝਾ ਉਪਦੇਸ਼ ਹੈ-

**ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥( ਪੰਨਾ ੭੪੭ )**

ਪਰ ਸਿੰਘ ਅੰਮ੍ਰਿਤ ਛਕਣ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਗੁਰੂ ਅਤੇ

ਦਸ਼ਮੇਸ਼ ਪਿਤਾ ਨੂੰ ਆਪਣਾ ਪਿਤਾ ਮੰਨ ਕੇ ਸੀਸ ਭੇਟ ਕਰਕੇ ਗੁਰਸਿੱਖੀ ਦੀ ਬਖਸ਼ਿਸ਼ ਪ੍ਰਾਪਤ ਕਰਦੇ ਹਨ।ਇਸ ਲਈ ਐਨੀ ਮਹਿੰਗੀ ਦਾਤ ਲੈਣ ਪਿਛੋਂ, ਕੀ ਕੋਈ ਆਪਣੇ ਪਿਆਰੇ ਗੁਰੂ ਦਾ ਅਪਮਾਨ ਬਰਦਾਸ਼ਤ ਕਰ ਸਕੇਗਾ..?।ਗੁਰੂ ਦੇ ਪਿਆਰੇ ਗੁਰੂ ਦਾ ਮਾਣ ਸਤਿਕਾਰ ਕਾਇਮ ਰੱਖਣ ਲਈ, ਸਿਰ ਧੜ ਦੀ ਬਾਜੀ ਲਗਾ ਦਿੰਦੇ ਹਨ।ਭਲਾ..!ਜੇ ਕੋਈ ਬੇਸਮਝ ਜਾਂ ਸ਼ਰਾਰਤੀ ਅਨਸਰ,ਜਾਣੇ ਅਣਜਾਣੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਾਨ ਦੇ ਖਿਲਾਫ ਕੋਈ ਸ਼ਰਾਰਤ ਕਰੇ ਜਾਂ ਭੁੱਲ ਕਰੇ ਤਾਂ ਕੀ ਕੋਈ ਸੰਤ ਤੇਜਾ ਸਿੰਘ ਜੀ ਵਰਗਾ ਅਨੁਭਵੀ ਸਿੰਘ ਚੁੱਪ ਕਰਕੇ ਬੈਠਾ ਰਹੇਗਾ..?ਕੀ ਉਹ ਇਹ ਸੋਚਗਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਭ ਦੇ ਸਾਂਝੇ ਹਨ ਤੇ ਹਰ ਇਕ ਨੂੰ ਪਿਆਰ ਕਰਨ ਦਾ ਜਾਂ ਬਿਅਦਬੀ ਕਰਨ ਦਾ ਹੱਕ ਹੈ।ਨਹੀਂ..! ਉਹ ਚੁੱਪ ਨਹੀਂ ਬੈਠੇਗਾ।ਉਹ ਤਾਂ ਸੱਚਾਈ ਦਾ ਹੋਕਾ ਦੇਣ ਲਈ ਆਪਣੀ ਜਿੰਦ ਜਾਨ ਤੋਂ ਪਿਆਰੇ ਸਤਿਗੁਰਾਂ ਲਈ ਕੁਰਬਾਨ ਹੋ ਜਾਵੇਗਾ।ਗੁਰੂ ਜੀ ਦੇ ਪ੍ਰੇਮ ਵਿਚ ਲਟਬੌਰੇ ਹੋਏ ਸਿੰਘ ਗੁਰੂ ਦੀ ਖਾਤਰ ਸ਼ਹੀਦੀ ਦਾ ਜਾਮ ਪੀਣ ਤੋਂ ਵੀ ਪਿੱਛੇ ਨਹੀਂ ਹਟਦੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਸੀਸ ਭੇਟ ਕਰਕੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਵਾਲੇ ਸਿੰਘਾਂ ਦੇ ਦਿਲਾਂ ਵਿਚ ਗੁਰੂ-ਪ੍ਰੇਮ ਦਾ ਰਸ ਘੁਲਿਆ ਹੋਇਆ ਹੁੰਦਾ ਹੈ।**ਦਸ਼ਮੇਸ਼ ਪਿਤਾ ਦੇ ਲਾਲ ,ਭੇਟ ਕੀਤੇ ਹੋਏ ਸੀਸ ਨੂੰ ਗੁਰੂ ਦੀ ਅਮਾਨਤ ਸਮਝਦੇ ਹਨ ਤੇ ਜਦੋਂ ਵੀ ਲੋੜ ਪਵੇ, ਸੀਸ ਭੇਟ ਕਰਕੇ ਕਰਜਾ ਉਤਾਰ ਦਿੰਦੇ ਹਨ।**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦਰਸ਼ਨਾਂ ਦਾ ਅਨੁਭਵ ਕਰਨ ਵਾਲੇ ਪ੍ਰਾਣੀ, ਚੜ੍ਹਦੀ ਕਲਾ ਦੇ ਰੰਗਾਂ ਵਿਚ ਰਹਿ ਕੇ ਗੁਰਸਿੱਖੀ ਜੀਵਨ ਦੇ ਰੰਗ ਮਾਣਦੇ ਹਨ।ਇਲਾਹੀ ਬਾਣੀ ਦੇ ਪ੍ਰਕਾਸ਼ ਵਿਚ ਜੀਊਣ ਨਾਲ ਉਨ੍ਹਾਂ ਦੀ ਸੋਚ ਗੁਰਬਾਣੀ ਦੀ ਸੋਚ ਬਣ ਜਾਂਦੀ ਹੈ। ਜੀਵਨ ਦੇ ਹਰ ਪੱਖ ਨੂੰ ਉਹ ਗੁਰਬਾਣੀ ਦੇ ਝਰੋਖੇ ਥਾਣੀ ਦੇਖਦੇ ਹਨ।ਗੁਰੂਆਂ ਤੇ ਭਗਤਾਂ ਦੀਆਂ ਇਲਾਹੀ ਜੋਤਾਂ ਦੀ ਦੀਪ ਮਾਲਾ ਉਨ੍ਹਾਂ ਦੇ ਰਸਤਿਆਂ ਵਿਚੋਂ ਭਰਮ ਭੁਲੇਖੇ ਦੂਰ ਕਰਕੇ ਲੋਕ ਪ੍ਰਲੋਕ ਦੀ ਜੀਵਨ-ਸੇਧ ਦਿੰਦੀ ਹੈ।

ਗੁਰੂ ਦੇ ਸਿੰਘ ਜਦੋਂ ਆਪਣੇ ਬਾਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਬਖਸ਼ਿਆ ਬਾਣਾ ਪਾ ਲੈਂਦੇ ਹਨ ਤੇ ਬਾਣੀ ਦੇ ਧਾਰਣੀ ਹੋ ਕੇ ਆਪਣੀ ਰਹਿਣੀ, ਬਹਿਣੀ, ਕਹਿਣੀ ਤੇ ਕਰਨੀ ਵਿਚ ਗੁਰਸਿੱਖੀ ਧਾਰਨ ਕਰ ਲੈਂਦੇ ਹਨ ਤਾਂ ਅਗੋਂ ਖਾਲਸੇ ਨੂੰ ਆਪਣਾ ਸਰੂਪ ਬਖਸ਼ਣ ਵਾਲਾ ਦਸ਼ਮੇਸ਼ ਪਿਤਾ ਆਪਣੇ ਸ਼ੇਰ ਬੱਚਿਆਂ ਦੇ ਅੰਗ ਸੰਗ ਹੋ ਕੇ ਉਨ੍ਹਾਂ ਤੋਂ ਕਰਮ ਵੀ ਆਪਣੇ ਵਰਗੇ ਹੀ ਕਰਵਾ ਲੈਂਦਾ ਹੈ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਲਾਹੀ ਬਾਣੀ ਦਾ ਪ੍ਰਕਾਸ਼ ਉਨ੍ਹਾਂ ਨੂੰ ਡੋਲਣ ਤੋਂ ਬਚਾਉਂਦਾ ਹੈ।

# ਧੁਰ ਕੀ ਬਾਣੀ

ਔਰੰਗਜ਼ੇਬ ਦੇ ਬੁਲਾਵੇ 'ਤੇ ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਦੇ ਬੇਟੇ ਬਾਬਾ ਰਾਮ ਰਾਇ ਉਸਦੇ ਦਰਬਾਰ ਵਿਚ ਖਾਸ ਮਹਿਮਾਨ ਬਣ ਕੇ ਪਹੁੰਚੇ।ਬਾਬਾ ਜੀ ਦੀਆਂ ਆਤਮਿਕ ਸ਼ਕਤੀਆਂ ਤੋਂ ਔਰੰਗਜ਼ੇਬ ਬੜਾ ਪ੍ਰਭਾਵਿਤ ਹੋਇਆ,ਪਰ ਦਰਬਾਰ ਦੇ ਕਾਜੀਆਂ ਮੌਲਾਣਿਆਂ ਨੂੰ ਇਹ ਗਲ ਚੁੱਭਣ ਲਗੀ।ਈਰਖਾਲੂ ਕਾਜ਼ੀਆਂ ਦੇ ਕਹਿਣ ਉਤੇ ਔਰੰਗਜ਼ੇਬ ਨੇ ਬਾਬਾ ਜੀ ਕੋਲੋਂ ਪੁੱਛਿਆ ਕਿ ਗੁਰਬਾਣੀ ਵਿਚ 'ਮਿਟੀ ਮੁਸਲਮਾਨ ਕੀ ਪੇੜੇ ਪਈ ਕੁਮਿਆਰ' ਲਿਖਿਆ ਹੋਇਆ ਹੈ।ਇਸ ਵਿਚ ਮੁਸਲਮਾਨਾਂ ਦੀ ਨਿੰਦਿਆ ਕੀਤੀ ਹੋਈ ਹੈ ਤਾਂ ਜੁਵਾਬ ਵਿਚ ਬਾਬਾ ਰਾਮ ਰਾਇ ਨੇ ਔਰੰਗਜ਼ੇਬ ਨੂੰ ਖੁਸ਼ ਕਰਨ ਲਈ ਕਹਿ ਦਿੱਤਾ ਕਿ ਸ੍ਰੀ ਗੁਰੂ ਨਾਨਾਕ ਦੇਵ ਜੀ ਨੇ 'ਮਿਟੀ ਬੇਈਮਾਨ ਕੀ' ਦਾ ਉਚਾਰਣ ਕੀਤਾ ਹੋਇਆ ਹੈ ਪਰ ਲਿਖਾਰੀਆਂ ਨੇ ਗਲਤੀ ਨਾਲ 'ਮਿਟੀ ਮੁਸਲਮਾਨ ਕੀ 'ਲਿਖ ਦਿੱਤਾ।ਜਦੋਂ ਇਸ ਗਲ ਦੀ ਖਬਰ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਕੋਲ ਪਹੁੰਚੀ ਤਾਂ ਉਨ੍ਹਾਂ ਨੇ ਧੁਰ ਕੀ ਬਾਣੀ ਵਿਚ ਹੇਰਾ ਫੇਰੀ ਕਰਨ ਦਾ ਐਨਾ ਬੁਰਾ ਮਨਾਇਆ ਕਿ ਬਾਬਾ ਜੀ ਨੂੰ ਸਖਤ ਸਜ਼ਾ ਸੁਣਾਉਂਦਿਆ ਹੋਇਆਂ ਸੁਨੇਹਾ ਭੇਜਿਆ ਕਿ ਔਰੰਗਜ਼ੇਬ ਨੂੰ ਖੁਸ਼ ਕਰਨ ਲਈ ਉਸਨੇ ਸ੍ਰੀ ਗੁਰੂ ਨਾਨਾਕ ਦੇਵ ਜੀ ਦੀ ਬਾਣੀ ਵਿਚ ਤ੍ਰੋੜ ਮ੍ਰੋੜ ਕਰਕੇ ਭਾਰੀ ਭੁੱਲ ਕੀਤੀ ਹੈ,ਜਿਹੜੀ ਕਿ ਕਦੀ ਮੁਆਫ ਨਹੀਂ ਕੀਤੀ ਜਾ ਸਕਦੀ।ਇਸ ਲਈ ਹੁਣ ਗੁਰੂ ਘਰ ਵਿਚ ਉਸ ਲਈ ਕੋਈ ਥਾਂ ਨਹੀਂ ਹੈ।ਇਸੇ ਗਲਤੀ ਕਾਰਨ ਹੀ ਬਾਬਾ ਰਾਮ ਰਾਏ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੁਰਗੱਦੀ ਦਾ ਹੱਕਦਾਰ ਹੁੰਦਿਆਂ ਹੋਇਆਂ ਵੀ ਗੁਰਗੱਦੀ ਉਤੇ ਬਿਰਾਜਮਾਨ ਨਹੀਂ ਕੀਤਾ ਤੇ ਛੋਟੇ ਸਾਹਿਬਜ਼ਾਦੇ ਬਾਲਾ ਪ੍ਰੀਤਮ ਸ੍ਰੀ ਹਰਿ ਕ੍ਰਿਸ਼ਨ ਸਾਹਿਬ ਜੀ ਨੂੰ ਅੱਠਵੇਂ ਪਾਤਿਸ਼ਾਹ ਦੇ ਰੂਪ ਵਿਚ ਪ੍ਰਗਟ ਕੀਤਾ।

ਬੜੇ ਦੁੱਖ ਦੀ ਗੱਲ ਹੈ ਕਿ ਅੱਜ ਉਸੇ ਨਿਰੰਕਾਰੀ ਬਾਣੀ ਵਿਚ ਦਖਲ ਅੰਦਾਜ਼ੀ ਕਰਨ ਦੀ ਇਕ ਐਸੀ ਹਨੇਰੀ ਝੁੱਲੀ ਹੋਈ ਹੈ ਕਿ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੂਲ ਸਰੂਪ ਦੇ ਬਚਾਓ ਲਈ ਸਿਰ ਉਤੇ ਖਤਰਾ ਮੰਡਲਾ ਰਿਹਾ ਹੈ।

ਟੋਰਾਂਟੋ ਦੇ ਇਕ ਗੁਰਦੁਆਰੇ ਵਿਚ ਕੀਰਤਨ ਹੋ ਰਿਹਾ ਸੀ-

ਤੀਨਿ ਸੇਰ ਦਿਹਾੜੀ ਕਾ ਮਿਹਮਾਨੁ ॥
ਅਵਰ ਵਸਤੁ ਤੁਝ ਪਾਹਿ ਅਮਾਨ ॥

(ਪੰਨਾ ੩੭੪)

ਪੁਰਾਣੇ ਸਮੇਂ ਵਿਚ ਕੁਐਂਟਲ,ਕਿੱਲੋ ਤੇ ਗ੍ਰਾਮ ਦੀ ਥਾਂ ਮਣ,ਸੇਰ,ਪਾਈਆ ਤੇ ਛਟਾਂਕਾਂ ਵਿਚ ਮਾਪ ਤੋਲ ਦਾ ਕਾਰ ਵਿਹਾਰ ਕੀਤਾ ਜਾਂਦਾ ਸੀ।ਗੁਰਬਾਣੀ ਦੇ ਸ਼ਬਦ ਵਿਚ ਮਾਪ ਤੋਲ ਦੀ ਗੱਲ ਲਈ **ਸੇਰ** ਸ਼ਬਦ ਦੀ ਵਰਤੋਂ ਕੀਤੀ ਹੋਈ ਸੀ ਪਰ ਕੀਰਤਨੀਏ **ਸੇਰ** ਨੂੰ **ਸ਼ੇਰ** ਕਹਿ ਕੇ ਸੰਗਤਾਂ ਉਤੇ ਤਿੰਨ ਜੰਗਲੀ ਸ਼ੇਰਾਂ ਦਾ ਪ੍ਰਭਾਵ ਪਾਈ ਜਾ ਰਹੇ ਸੀ।ਵਾਰ ਵਾਰ **ਤੀਨਿ ਸੇਰ** ਦੀ

ਥਾਂ **ਤਿੰਨ ਸ਼ੇਰ** ਦਾ ਉਚਾਰਣ ਕਰ ਕੇ ਸੰਗਤਾਂ ਨੂੰ ਮਨੁੱਖਾ ਜੀਵਨ ਦੀ ਸਚਾਈ ਦਰਸਾਉਣ ਦੀ ਥਾਂ ਤਿੰਨ ਜੰਗਲੀ ਸ਼ੇਰਾਂ ਦੇ ਜਾਲ ਵਿਚ ਫਸਾਉਂਦੇ ਰਹੇ ਤੇ ਆਪ ਵੀ ਸ਼ੇਰਾਂ ਦੇ ਜੰਗਲ ਵਿਚ ਭਟਕਦੇ ਰਹੇ।ਪੂਰੇ ਸ਼ਬਦ ਵਿਚ ਹੀ,ਧੁਰ ਕੀ ਬਾਣੀ ਉਤੇ ਆਪਣੀ ਅਕਲ ਦੀ ਪੁੱਠ ਚਾੜ੍ਹਨ ਲਈ ਉਹ ਬਿੰਦੀਆਂ ਟਿੱਪੀਆਂ ਜੜਦੇ ਰਹੇ ਤੇ ਸੰਗਤਾਂ ਨੂੰ ਬਾਣੀ ਦੇ ਅਰਥਾਂ ਤੋਂ ਦੂਰ ਭਜਾਉਂਦੇ ਰਹੇ। ਕੀਰਤਨ ਦੀ ਸਮਾਪਤੀ ਪਿੱਛੋਂ ਸਤਿਗੁਰਾਂ ਨੇ ਹੁਕਮਨਾਮਾ ਬਖਸ਼ਿਆ-

ਜਾ ਕੈ ਦਰਸਿ ਪਾਪ ਕੋਟਿ ਉਤਾਰੇ॥
ਭੇਟਤ ਸੰਗਿ ਇਹੁ ਭਵਜਲੁ ਤਾਰੇ॥
ਓਇ ਸਾਜਨ ਓਇ ਮੀਤ ਪਿਆਰੇ॥
ਜੋ ਹਮ ਕਉ ਹਰਿ ਨਾਮੁ ਚਿਤਾਰੇ॥

(ਪੰਨਾਂ ੭੩੯)

ਆਪਣਾ ਕੀਮਤੀ ਸਮਾਂ ਕੱਢ ਕੇ ਆਈਆਂ ਸੰਗਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਸ੍ਰਵਣ ਕਰਨ ਲਈ ਸਿਰ ਝੁਕਾਈ ਬੈਠੀਆਂ ਸਨ ਪਰ ਹੁਕਮਨਾਮੇ ਦੀ ਬਖਸ਼ਿਸ਼ ਕਰਵਾਉਣ ਵਾਲੇ ਗ੍ਰੰਥੀ ਸਿੰਘ ਨੇ ਇਲਾਹੀ ਫੁਰਮਾਨ ਵਿਚ **ਜਾ** ਦੀ ਥਾਂ **ਜਾਂ** ਅਤੇ ਹੋਰ ਸਾਰੇ ਹੀ ਸ਼ਬਦ ਵਿਚ ਬਿੰਦੀਆਂ ਹੀ ਬਿੰਦੀਆਂ ਲਗਾ ਕੇ,ਬੜੀ ਅਸਾਨੀ ਨਾਲ ਸਮਝ ਆਉਣ ਵਾਲੇ ਸਤਿਗੁਰਾਂ ਦੇ ਦਰਗਾਹੀ ਹੁਕਮ ਦੀ ਰੂਪ-ਰੇਖਾ ਬਦਲ ਕੇ ਸੰਗਤਾਂ ਨੂੰ ਸ਼ਬਦ ਦੇ ਅਰਥ ਸਮਝਣ ਲਈ ਘੁੰਮਣ ਘੇਰੀਆਂ ਵਿਚ ਪਾ ਦਿੱਤਾ।

ਥੋੜ੍ਹੀ ਦੇਰ ਪਹਿਲੇ ਉਹੀ ਸਿੰਘ ਕਥਾ ਕਰਦਾ ਹੋਇਆ ਸੰਗਤਾਂ ਨੂੰ ਸਮਝਾ ਰਿਹਾ ਸੀ ਕਿ ਗੁਰੂ ਸਾਹਿਬ ਦਾ ਫੁਰਮਾਨ ਹੈ ਕਿ ਜੇ ਕਿਸੇ ਪ੍ਰਾਣੀ ਦੇ ਦਿਲ ਵਿਚ ਗੁਰੂ ਦਰਸ਼ਨਾਂ ਦੀ ਲੋਚਾ ਹੋਵੇ ਤਾਂ ਉਹ ਗੁਰਬਾਣੀ ਦੇ ਦਰਸ਼ਨ ਕਰ ਕੇ ਗੁਰੂ ਜੀ ਦੇ ਦਰਸ਼ਨਾਂ ਦੀ ਪਿਆਸ ਬੁਝਾ ਸਕਦਾ ਹੈ ਪਰ ਹੁਣ ਉਹ ਆਪ ਹੀ ਆਪਣੀ ਅਕਲ ਦੀਆਂ ਮੋਹਰਾਂ ਲਗਾਉਂਦਾ ਹੋਇਆ, ਮਨ-ਮਰਜ਼ੀ ਦੀਆਂ ਬਿੰਦੀਆਂ ਟਿੱਪੀਆਂ ਨਾਲ ਗੁਰੂ ਜੀ ਦੇ ਨੂਰਾਨੀ ਮੁੱਖੜੇ ਉਤੇ ਆਪਣੀ ਅਕਲ ਦੇ ਧੱਬੇ ਲਗਾ ਰਿਹਾ ਸੀ।ਖਾਲਸਈ ਬਾਣੇ ਵਿਚ ਸਜੇ ਹੋਏ ਨੌਜਵਾਨ ਸਿੰਘ ਨੂੰ ਭੋਲ਼ੀਆਂ ਸੰਗਤਾਂ ਸ਼ਰਧਾ ਭਾਵਨਾ ਨਾਲ ਦੇਖ ਰਹੀਆਂ ਸੀ,ਉਸਦੇ ਬੋਲਾਂ ਉਤੇ ਫੁੱਲ ਚੜ੍ਹਾ ਰਹੀਆਂ ਸੀ ਤੇ ਧਰਮ ਪ੍ਰਚਾਰ ਲਈ ਆਏ ਕੀਰਤਨੀਏ ਅਤੇ ਕਥਾਕਾਰਾਂ ਤੋਂ ਬਿਦੇਸ਼ਾਂ ਵਿਚ ਸਿੱਖ ਧਰਮ ਦੀਆਂ ਜੜ੍ਹਾਂ ਪੱਕੀਆਂ ਕਰਨ ਦੀ ਆਸ ਲਗਾ ਰਹੀਆਂ ਸਨ।ਦਸਾਂ ਨਹੁੰਆਂ ਦੀ ਕਮਾਈ ਵਿਚੋਂ ਧਰਮ ਦੇ ਨਾਮ 'ਤੇ ਮਾਇਆ ਭੇਟ ਕਰ ਰਹੀਆਂ ਸੀ।

ਸਮਾਗਮ ਦੀ ਸਮਾਪਤੀ ਪਿੱਛੋਂ ਜਦੋਂ ਉਹ ਸਾਰੇ ਕੀਰਤਨੀਏਂ ਤੇ ਕਥਾਕਾਰ ਸਿੰਘ ਜੀਨਾਂ ਤੇ ਟੀ ਸ਼ਰਟਾਂ ਪਾ ਕੇ ਕਿਧਰੇ ਜਾਣ ਲਈ ਗੁਰੂ-ਘਰ ਤੋਂ ਬਾਹਰ ਨਿਕਲੇ ਤਾਂ ਇਕ ਨਾਮ ਬਾਣੀ ਦੀ ਅਭਿਆਸਣ ਬੀਬੀ ਨੇ ਉਨ੍ਹਾਂ ਨਾਲ **ਸੇਰ** ਅਤੇ **ਸ਼ੇਰ** ਦੀ ਗੱਲ ਕੀਤੀ।ਬੜੇ ਦੁਖੀ ਹਿਰਦੇ ਨਾਲ ਉਸ ਨੇ ਮਨ ਮਰਜੀ ਨਾਲ ਬਿੰਦੀਆਂ ਟਿੱਪੀਆਂ ਲਗਾ ਕੇ ਹੁਕਮਨਾਮਾ ਪੜ੍ਹਨ ਵਾਲੇ ਨੂੰ ਬਾਣੀ ਦੇ ਅਰਥਾਂ ਦੇ ਅਨਰਥ ਕਰਨ ਦੀ ਗਲਤੀ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਨੂੰ ਬੀਬੀ ਦੀਆਂ ਗੱਲਾਂ ਆਪਣੀ ਸ਼ਾਨ ਦੇ ਖਿਲਾਫ ਲੱਗੀਆਂ।ਬੀਬੀ ਦੇ ਵਿਚਾਰਾਂ ਨੂੰ ਅਣਗੌਲਿਆਂ ਕਰਦਿਆਂ,ਉਨ੍ਹਾਂ ਨੇ ਆਪਣੀਆਂ ਧਾਰਮਿਕ ਵਿੱਦਿਆ ਦੀ ਪ੍ਰਾਪਤੀ ਦੀਆਂ ਡਿਗਰੀਆਂ ਅਤੇ ਮੈਡਲਾਂ ਦੀ ਬੌਛਾੜ ਲਗਾ ਦਿੱਤੀ।ਆਪਣੇ ਆਪ ਨੂੰ ਸੰਪੂਰਨ ਤੇ ਵਿਦਵਾਨ ਹੋਣ ਦਾ ਦਾਅਵਾ ਕਰਨ ਵਾਲਿਆਂ ਨੇ ਕਿਹਾ ਕਿ ਉਹ ਬਾਣੀ ਨੂੰ ਸੋਧ ਕੇ ਪੜ੍ਹਦੇ ਹਨ।ਬੇਬਸ ਜਿਹੀ ਹੋ ਕੇ ਉਸ

ਬੀਬੀ ਨੇ ਉਨ੍ਹਾਂ ਅਗੇ ਤਰਲਾ ਪਾਉਂਦੀ ਹੋਈ ਨੇ ਫਿਰ ਕਿਹਾ ਕਿ ਇਲਾਹੀ ਬਾਣੀ ਦੇ ਅਰਥਾਂ ਦੇ ਅਨੱਰਥ ਕਰਨ ਵਾਲੀਆਂ ਬਿੰਦੀਆਂ ਟਿੱਪੀਆਂ ਉਸਦੇ ਦਿਲ ਉਤੇ ਕੰਡਿਆਂ ਵਾਂਗੂੰ ਚੁੱਭਦੀਆਂ ਹਨ ਤਾਂ ਇਸ ਗੱਲ ਨੂੰ ਉਨ੍ਹਾਂ ਨੇ ਹਾਸੇ ਵਿਚ ਉੜਾ ਦਿੱਤਾ।

ਕੋਲ ਹੀ ਖੜ੍ਹੀ ਇਕ ਹੋਰ ਬੀਬੀ,ਜਿਹੜੀ ਬੜੇ ਧਿਆਨ ਨਾਲ ਸਾਰੀ ਗੱਲ ਸੁਣ ਰਹੀ ਸੀ।ਉਸ ਤੋਂ ਰਿਹਾ ਨਾ ਗਿਆ,ਉਸਨੇ ਬੜੇ ਰੋਹ ਵਿਚ ਆ ਕੇ ਲੜਕਿਆਂ ਨੂੰ ਕਿਹਾ,-"ਕਿਉਂ..?ਬਿੰਦੀਆਂ ਲਗਾਉਣ ਲਈ ਗੁਰੂ ਸਾਹਿਬਾਨ ਦੀ ਦਵਾਤ ਵਿਚੋਂ ਸਿਆਹੀ ਮੁੱਕ ਗਈ ਸੀ ..?ਜੇ ਉਹ ਚਹੁੰਦੇ ਤਾਂ ਉਨ੍ਹਾਂ ਨੇ ਆਪ ਹੀ ਲਗਾ ਦੇਣੀਆਂ ਸੀ...!**ਅਸਲ ਵਿਚ ਕਸੂਰ ਤੁਹਾਡਾ ਨਹੀਂ..! ਕਸੂਰ ਤੁਹਾਨੂੰ ਡਿਗਰੀਆਂ ਤੇ ਮੈਡਲ ਦੇਣ ਵਾਲਿਆਂ ਦਾ ਹੈ..ਜਿਨ੍ਹਾਂ ਨੇ ਤੁਹਾਨੂੰ ਸੇਰ ਦੇ ਅਰਥ ਸਮਝਾ ਕੇ ਬਾਣੀ ਦੀ ਸੋਝੀ ਦੁਆਉਣ ਦੀ ਥਾਂ ਮਨ ਮਰਜੀ ਨਾਲ ਬਿੰਦੀਆਂ ਲਗਾ ਕੇ ਬਾਣੀ ਦੇ ਅਰਥਾਂ ਦੇ ਅਨਰਥ ਕਰਨ ਦੀ ਖੁੱਲ੍ਹੀ ਛੁੱਟੀ ਦੇ ਕੇ ਪ੍ਰਚਾਰਕ ਬਣਨ ਦੀਆਂ ਡਿਗਰੀਆਂ ਦੇ ਕੇ ਤੋਰ ਦਿਤਾ।**

ਬੀਬੀ ਨੂੰ ਚੁੱਪ ਕਰਵਾਉਣ ਲਈ ਇਕ ਲੜਕੇ ਨੇ ਕਿਹਾ;-"ਚੰਗਾ!ਮਾਈ!ਤੂੰ ਫਿਰ ਇਹ ਦੱਸ..! ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਟੁੱਟੀ ਗੰਢਣਹਾਰ ਨੂੰ 'ਟੂਟੀ ਗਾਡਨ ਹਾਰ' ਲਿਖਿਆ ਹੋਇਆ ਹੈ, ਤਾਂ ਕੀ ਫਿਰ ਅਸੀਂ ਵੀ 'ਗੰਢਣ' ਨੂੰ 'ਗਾਡਨ' ਹੀ ਆਖੀ ਜਾਈਏ..ਤੇ ਟੁੱਟੀ ਦਾ ਟੂਟੀ ਬਣਾਈ ਜਾਈਏ...?"

ਇਹ ਸੁਣ ਕੇ ਝੱਟ ਹੀ ਉਹ ਤਲਖੀ ਵਿਚ ਆ ਕੇ ਬੋਲੀ;-"ਕਿਉਂ..?ਗਾਡਨ ਕਹਿੰਦਿਆਂ ਦਾ ਤੁਹਾਡਾ ਮੂੰਹ ਦੁਖਦਾ ਹੈ..?ਸ਼ਰਧਾ ਭਾਵਨਾ ਨਾਲ ਦੇਖੀਏ ਤਾਂ ਸਭ ਸਮਝ ਆ ਜਾਂਦਾ ਹੈ।ਜੇ ਮੇਰੇ ਵਰਗਿਆਂ ਅਨਪੜ੍ਹਾਂ ਨੂੰ ਗਾਡਨ ਸ਼ਬਦ ਦੇ ਅਰਥ ਗੰਢਣ ਵਿਚ ਸਮਝ ਆ ਸਕਦੇ ਹਨ ਤਾਂ ਤੁਹਾਨੂੰ ਡਿਗਰੀਆਂ ਤੇ ਮੈਡਲ ਜਿੱਤਣ ਵਾਲਿਆਂ ਨੂੰ ਕਿਉਂ ਸਮਝ ਨਹੀਂ ਪੈਂਦੇ..?ਮੈ ਰੋਜ ਸੁਖਮਨੀ ਸਾਹਿਬ ਦਾ ਪਾਠ ਕਰਦੀ ਹਾਂ।ਮੇਰਾ ਧਿਆਨ ਤਾਂ ਕਦੀ ਪਾਣੀ ਵਾਲੀ ਟੂਟੀ ਵਲ ਨਹੀ ਗਿਆ।ਹਮੇਸ਼ਾਂ ਟੁੱਟੀਆਂ ਗੰਢਣ ਵਾਲੇ ਸਤਿਗੁਰੂ ਦੇ ਚਰਨਾਂ ਵਿਚ ਜੁੜਿਆ ਰਹਿੰਦਾ ਹੈ..।ਜੇ ਸ਼ਰਧਾ ਭਾਵਨਾਂ ਨਾਲ ਬਾਣੀ ਪੜ੍ਹਾਂਗੇ ਤਾਂ ਸਾਰੀਆਂ ਬਖਸ਼ਿਸ਼ਾਂ ਹੋ ਜਾਂਦੀਆਂ ਹਨ ਪਰ ਜੇ ਧਿਆਨ ਬਾਣੀ ਨੂੰ ਸੋਧਣ ਵਿਚ ਲੱਗਾ ਹੋਇਆ ਹੋਵੇ ਤਾਂ ਫਿਰ ਆਪਣੀ ਮੱਤਿ ਅਨੁਸਾਰ ਜੋ ਮਰਜੀ ਸੋਚੀ ਜਾਵੋ..!ਰੱਬ ਦੇ ਵਾਸਤੇ..!ਤੁਸੀਂ ਬਾਣੀ ਦੇ ਮੂਲ ਸਰੂਪ ਨੂੰ ਨਾ ਵਗਾੜੋ..! ਇਹ ਧੁਰ ਕੀ ਬਾਣੀ ਸਾਡੀ ਜਿੰਦ ਜਾਨ ਹੈ...!"

ਬੀਬੀ ਨੂੰ ਸ਼ਾਂਤ ਕਰਨ ਲਈ ਲੜਕੇ ਨੇ ਕਿਹਾ;- "ਮਾਈ!ਅਸੀਂ ਵਿਆਕਰਣ ਪੜ੍ਹੇ ਹਨ ਜਿਨ੍ਹਾਂ ਵਿਚ ਬਾਣੀ ਦੇ ਅਰਥ ਸਮਝਾਏ ਹੋਏ ਹਨ,ਕਈ ਥਾਵਾਂ ਉਤੇ ਲਗਾਂ ਮਾਤਰਾਂ ਵਿਚ ਫਰਕ ਪਾਉਣ ਨਾਲ ਹੀ ਬਾਣੀ ਦੀ ਸਮਝ ਪੈਂਦੀ ਹੈ।"

ਬੀਬੀ;-"ਬਾਣੀ ਨੂੰ ਸਮਝਣ ਲਈ ਵਿਆਕਰਣਾਂ ਦੀ ਮਦਦ ਲੈਣੀ ਚੰਗੀ ਗੱਲ ਹੈ ਪਰ ਵਿਆਕਰਣ ਲਿਖਣ ਵਾਲਿਆਂ ਨੇ ਵੀ ਆਪਣੀ ਆਪਣੀ ਸੋਝੀ ਅਨੁਸਾਰ ਬਾਣੀ ਦੇ ਵੱਖਰੇ ਵੱਖਰੇ ਅਰਥ ਲਿਖੇ ਹਨ।ਉਨ੍ਹਾਂ ਦੇ ਵਿਚਾਰਾਂ ਵਿਚ ਵੀ ਮਤਿਭੇਦ ਹੈ।ਇਸ ਲਈ ਬਾਣੀ ਦੇ ਉਚਾਰਣ ਵਿਚ ਜਾਂ ਲਿਖਣ ਵਿਚ ਫਰਕ ਨਹੀਂ ਪੈਣਾ ਚਾਹੀਦਾ ਕਿਉਂਕਿ ਅਸੀਂ ਕਲਿਯੁਗੀ ਜੀਵ ਹਾਂ ਤੇ ਧੁਰ ਕੀ ਬਾਣੀ ਦੇ ਸਹੀ ਅਰਥ ਜਾਨਣੇ ਸਾਡੇ ਵੱਸ ਦੀ ਗੱਲ ਨਹੀਂ ਹੈ।ਹਰ ਕੋਈ ਆਪਣੀ ਆਤਮਿਕ ਅਵੱਸਥਾ ਅਨੁਸਾਰ ਬਾਣੀ ਦੇ ਰੰਗ ਮਾਣਦਾ ਹੈ।ਕਈ ਮੋਹ ਮਾਇਆ ਦੇ ਜਾਲ ਵਿਚ ਫਸੇ ਹੋਏ ਬਾਣੀ ਵਿਚ ਦਿੱਤੀਆਂ ਉਦ੍ਹਾਰਣਾਂ ਨੂੰ ਲੈ ਕੇ,ਬਾਣੀ ਦੇ ਅਰਥ ਕੱਢਣ ਲੱਗਿਆਂ ਦੁਨਿਆਵੀ ਰਿਸ਼ਤਿਆਂ ਵਿਚ ਹੀ ਫਸੇ ਰਹਿੰਦੇ ਹਨ ਤੇ ਰੱਬ ਦੇ ਪਿਆਰ ਵਾਲੇ ਨਾਮ ਬਾਣੀ ਵਿਚ ਲੀਨ ਹੋ ਕੇ

ਦਸਮ ਦੁਆਰ,ਅਨਹਦ ਧੁਨੀਆਂ ਤੇ ਅਣਦਿਸਦੀ ਦੁਨੀਆਂ ਦੇ ਸਾਰੇ ਭੇਦ ਜਾਣ ਲੈਂਦੇ ਹਨ।ਉਸ ਅੰਮ੍ਰਿਤ ਰਸ ਦੀ ਦਾਤ ਪ੍ਰਾਪਤ ਕਰ ਲੈਂਦੇ ਹਨ ਜਿਸ ਲਈ ਦੇਵੀ ਦੇਵਤੇ ਵੀ ਤਰਸਦੇ ਹਨ।ਉਨ੍ਹਾਂ ਦੇ ਰੋਮ ਰੋਮ ਵਿਚੋਂ ਅੰਮ੍ਰਿਤ ਰਸ ਦੇ ਝਰਨੇ ਵਗਣ ਲੱਗ ਪੈਂਦੇ ਹਨ।ਇਹ ਬਖਸ਼ਿਸ਼ਾਂ ਧੁਰ ਕੀ ਬਾਣੀ ਦੀਆਂ ਹਨ ਪਰ ਕੀ ਜਿਸ ਬਾਣੀ ਵਿਚ ਤੁਹਾਡੇ ਵਰਗਿਆਂ ਨੇ ਸੇਰ ਦਾ ਸ਼ੇਰ ਬਣਾ ਕੇ ਆਪਣੀ ਅਕਲ ਦੀ ਮਿਲਾਵਟ ਕੀਤੀ ਹੋਈ ਹੋਵੇਗੀ ਤਾਂ ਉਸ ਬਾਣੀ ਰਾਹੀਂ ਇਹ ਬਖਸ਼ਿਸ਼ਾਂ ਪ੍ਰਾਪਤ ਹੋ ਸਕਦੀਆਂ ਹਨ?**ਰੱਬ ਨਾ ਕਰੇ..! ਜੇ ਕਲ੍ਹ ਨੂੰ ਬਾਣੀ ਲਿਖਣ ਵਿਚ ਵੀ ਸੇਰ ਨੂੰ ਸ਼ੇਰ ਲਿਖਣ ਦੀ ਰੀਤ ਚੱਲ ਪਈ ਤਾਂ ਫਿਰ ਕੀ ਬਣੂੰ..?"**

ਘੁੰਮਣ ਫਿਰਨ ਦੇ ਇਰਾਦੇ ਨਾਲ ਨਿਕਲੇ ਨੌਜਵਾਨਾਂ ਕੋਲ ਬੀਬੀਆਂ ਦੀਆਂ ਗੱਲਾਂ ਸੁਣਨ ਲਈ ਸਮਾਂ ਨਹੀਂ ਸੀ ਕਿਉਂਕਿ ਓਧਰ ਕਾਰ ਪਾਰਕਿੰਗ ਵਿਚ ਇਕ ਸਰਦਾਰ ਆਪਣੀ ਕਾਰ ਦਾ ਦਰਵਾਜਾ ਖੋਲ੍ਹੀ ਖੜ੍ਹਾ,ਦੂਰੋਂ ਉਨ੍ਹਾਂ ਨੂੰ ਛੇਤੀ ਆਉਣ ਦਾ ਇਸ਼ਾਰਾ ਕਰ ਰਿਹਾ ਸੀ।ਆਪਣੀ ਜੰਮਣ-ਭੂੰਮੀ ਤੋਂ ਆਏ ਸਿੰਘਾਂ ਦਾ ਕੈਨੇਡਾ ਦੀ ਸੈਰ ਕਰਨ ਦਾ ਸ਼ੌਕ ਪੂਰਾ ਕਰਵਾਉਣਾ, ਉਹ ਆਪਣਾ ਧਰਮ-ਕਰਮ ਸਮਝਦਾ ਸੀ।ਮੌਜ ਮਸਤੀ ਕਰਦੇ ਹੋਏ ਲੜਕੇ ਦੌੜ ਕੇ ਕਾਰ ਵਿਚ ਜਾ ਬੈਠੇ ਤੇ ਬੀਬੀਆਂ ਦੇਖਦੀਆਂ ਹੀ ਰਹਿ ਗਈਆਂ।

ਜਹਾਂਗੀਰ ਦੇ ਹੁਕਮਾਂ ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕੀਤਾ ਗਿਆ ਪਰ ਜਹਾਂਗੀਰ ਦੀ ਮੌਤ ਪਿੱਛੋਂ ਜਦੋਂ ਉਸਦਾ ਪੁੱਤਰ ਰਾਜਾ ਬਣਿਆ ਤਾਂ ਉਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀਆਂ ਖੂਬੀਆਂ ਸੁਣ ਕੇ ਗੁਰੂ ਜੀ ਦਾ ਸ਼ਰਧਾਲੂ ਬਣ ਗਿਆ।ਉਸਨੇ ਗੁਰੂ ਜੀ ਨਾਲ ਦੋਸਤੀ ਦਾ ਹੱਥ ਵਧਾਇਆ।ਗੁਰੂ ਜੀ ਨੇ ਉਸ ਦੀ ਦੋਸਤੀ ਨੂੰ ਠੁਕਰਾਇਆ ਨਹੀਂ।ਉਸ ਨਾਲ ਦੱਖਣ ਦੀ ਸੈਰ ਕੀਤੀ।ਔਰੰਗਜ਼ੇਬ ਨੇ ਘੋਰ ਜੁਲਮ ਕੀਤਾ।ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕੀਤਾ ਪਰ ਉਸਦੀ ਮੌਤ ਪਿਛੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਸਦੇ ਪੁੱਤਰ ਬਹਾਦਰ ਸ਼ਾਹ ਦੀ ਮਦਦ ਲਈ ਜੰਗ ਦੇ ਮੈਦਾਨ ਵਿਚ ਫੋਜ ਭੇਜ ਕੇ ਉਸਦੀ ਜਿੱਤ ਕਰਵਾਈ।ਬਹਾਦਰ ਸ਼ਾਹ ਆਪਣੇ ਬਾਪ ਤੋਂ ਚੋਰੀਂ ਛੁੱਪੀ ਪਹਿਲਾਂ ਹੀ ਗੁਰੂ ਜੀ ਦਾ ਸ਼ਰਧਾਲੂ ਬਣਿਆ ਹੋਇਆ ਸੀ।ਰਾਜ ਤਖਤ ਉਤੇ ਬੈਠ ਕੇ ਉਸਨੇ ਗੁਰੂ ਜੀ ਨਾਲ ਸ਼ਰਧਾ ਭਾਵਨਾ ਵਾਲੇ ਪ੍ਰੇਮ ਮਿਲਾਪ ਦਾ ਰਿਸ਼ਤਾ ਨਿਭਾਇਆ।ਸਾਡੇ ਗੁਰੂਆਂ ਨੇ ਜੁਲਮ ਦਾ ਟਾਕਰਾ ਕੀਤਾ ਪਰ ਜੁਲਮ ਕਰਨ ਵਾਲਿਆਂ ਦੀ ਔਲਾਦ ਨਾਲ ਵੈਰ ਵਿਰੋਧ ਦਾ ਰਿਸ਼ਤਾ ਰੱਖਣ ਤੋਂ ਇਨਕਾਰ ਕੀਤਾ।ਦੂਜੇ ਪਾਸੇ ਧੀਰਮੱਲੀਏ ਤੇ ਰਾਮਰਾਈਏ, ਜਿਹੜੇ ਗੁਰੂਵੰਸ਼ ਵਿਚੋਂ ਹੀ ਸੀ,ਪਰ ਉਨ੍ਹਾਂ ਦਾ ਇਹ ਕਸੂਰ ਸੀ ਕਿ ਉਨ੍ਹਾਂ ਨੇ ਨਿਰੰਕਾਰੀ ਜੋਤ ਵਾਲੀ ਗੁਰਬਾਣੀ ਨੂੰ ਤ੍ਰੋੜ ਮ੍ਰੋੜ ਕਰਕੇ ਆਪਣਾਂ ਮਤਲਬ ਸਿੱਧ ਕੀਤਾ ਸੀ ਇਸ ਦੋਸ਼ ਕਾਰਨ ਸਾਡੇ ਗੁਰੂਆਂ ਨੇ ਉਨ੍ਹਾਂ ਦੇ ਮੱਥੇ ਲਗਣੋਂ ਵੀ ਇਨਕਾਰ ਕੀਤਾ ਤੇ ਨਾਲ ਹੀ ਉਨ੍ਹਾਂ ਦੀ ਔਲਾਦ ਨੂੰ ਵੀ ਨਹੀਂ ਬਖਸ਼ਿਆ।ਅੱਜ ਵੀ ਜਦੋਂ ਅੰਮ੍ਰਿਤ ਸੰਚਾਰ ਹੁੰਦਾ ਹੈ ਤਾਂ ਅੰਮ੍ਰਿਤ ਛਕਣ ਵਾਲੇ ਪ੍ਰਾਣੀਆਂ ਨੂੰ ਅਦੇਸ਼ ਦਿੱਤਾ ਜਾਂਦਾ ਹੈ ਕਿ ਰਾਮਰਾਈਆਂ ਧੀਰਮੱਲੀਆਂ ਨਾਲ ਕੋਈ ਸਾਂਝ ਨਹੀਂ ਰੱਖਣੀ।ਗੁਰ ਇਤਿਹਾਸ ਅਨੁਸਾਰ ਗੁਰਬਾਣੀ ਵਿਚ ਦਖਲ ਅੰਦਾਜ਼ੀ ਕਰਨ ਦੇ ਦੋਸ਼ ਨੂੰ ਮੁਗਲਾਂ ਦੇ ਘੋਰ ਅਤਿਆਚਾਰਾਂ ਦੇ ਦੋਸ਼ਾਂ ਤੋਂ ਵੀ ਉਪਰ ਮੰਨ ਕੇ ਦੋਸ਼ੀਆਂ ਨਾਲ ਹੀ ਨਹੀਂ ਸਗੋਂ ਉਨ੍ਹਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਨਾਲ ਵੀ ਨਾ-ਮਿਲਵਰਤਣ ਦਾ ਹੁਕਮ ਦਿੱਤਾ ਗਿਆ ਹੈ।ਪਰ ਅੱਜ ਸਾਡਾ ਹਾਲ ਦੇਖੋ ਕਿ ਸਾਡੇ ਸਰਵ-ਉਚ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚ ਵੀ ਬਾਣੀ ਵਿਚ ਹੇਰ ਫੇਰ ਕਰਕੇ ਕੀਰਤਨ ਕਰਨਾ ਆਮ ਗੱਲ ਹੋ ਗਈ ਹੈ।

ਦੁਖੀਆਂ ਦੇ ਦੁੱਖੜੇ ਦੂਰ ਕਰਨ ਵਾਲੇ, ਸਰਵ-ਸੁੱਖਾਂ ਦੇ ਦਾਤੇ ਸ੍ਰੀ ਗੁਰੂ ਰਾਮ ਦਾਸ ਜੀ ਦੇ ਦਰਬਾਰ ਵਿਚ ਬੇਸ਼ੁਮਾਰ ਸੰਗਤਾਂ ਪੁੱਜਦੀਆਂ ਹਨ।ਕੋਈ ਘਰ-ਪਰਿਵਾਰ ਦੀਆਂ ਖੁਸ਼ੀਆਂ ਦੀ

ਖੈਰ ਮੰਗਣ ਜਾਂਦਾ ਹੈ,ਕੋਈ ਧੰਨ ਦੌਲਤ ਦੇ ਵਪਾਰ ਵਿਚ ਵਾਧੇ ਲਈ ਝੋਲੀ ਅੱਡਦਾ ਹੈ ਤੇ ਕਈ ਐਸੇ ਵੀ ਹਨ ਜਿਹੜੇ ਨਾਮ ਰਤਨ ਦੇ ਗਹਿਣਿਆਂ ਨਾਲ ਆਪਣੀ ਨਿੱਜ-ਆਤਮਾ ਦਾ ਸ਼ਿੰਗਾਰ ਕਰਨ ਲਈ ਮੰਗਤੇ ਬਣ ਕੇ ਗੁਰੂ ਦੇ ਦਰ ਉਤੇ ਢੁੱਕਦੇ ਹਨ।ਅੰਮ੍ਰਿਤ ਦੇ ਵਪਾਰੀ ਪਹਿਲਾਂ ਅੰਮ੍ਰਿਤ ਸਰੋਵਰ ਦੀਆਂ ਅੰਮ੍ਰਿਤ ਲਹਿਰਾਂ ਵਿਚ ਇਸ਼ਨਾਨ ਕਰਦਿਆਂ ਅੰਮ੍ਰਿਤ-ਬਾਣੀ ਦੇ ਸਹਿਜ ਅਨੰਦ ਵਿਚ ਲੀਨ ਹੁੰਦੇ ਹਨ ਤੇ ਫਿਰ ਗੁਰੂ ਦਰਬਾਰ ਵਿਚ ਜਾ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਲਾਹੀ ਤਖਤ ਉਤੇ ਬਿਰਾਜਮਾਨ ਦਸੋ ਪਾਤਿਸ਼ਾਹੀਆਂ ਦੀ ਆਤਮਿਕ ਜੋਤ ਸਰੂਪ ਅੱਗੇ ਪਰਣੈ ਹੋ ਕੇ ਆਪਾ ਵਾਰਦੇ ਹਨ।

ਕਿੰਨੇ ਦੁੱਖ ਦੀ ਗੱਲ ਹੈ ਕਿ ਅੱਜ ਰੂਹਾਨੀਅਤ ਦੇ ਵਿਸਮਾਦੀ ਰੰਗਾਂ ਦੀ ਪਛਾਣ ਲਈ,ਦੁਨੀਆਂ ਭਰ ਵਿਚ ਮਸ਼ਹੂਰ ਸੱਚਖੰਡ ਵਿਚ ਧੁਰ ਕੀ ਬਾਣੀ ਨੂੰ ਸੋਧ ਕੇ ਪੜ੍ਹਨ ਦੀ ਹਨੇਰੀ ਝੁੱਲੀ ਹੋਈ ਹੈ।

੭ ਜੁਲਾਈ ੨੦੧੨ ਸਮਾ ਸਵੇਰੇ ੯ ਵਜ ਕੇ ੩੦ ਮਿੰਟ ‘ਤੇ ਅੰਮ੍ਰਿਤਸਰ ਦਰਬਾਰ ਸਾਹਿਬ ‘ਤੋਂ ਟੀ.ਵੀ. ਰਾਹੀਂ ਸਿੱਧੇ ਪ੍ਰਸਾਰਣ ਦੀ ਰੀਕਾਰਡਿੰਗ ਦਿਖਾਈ ਜਾ ਰਹੀ ਸੀ-

**ਦੇ ਕੈ ਚਉਕਾ ਕਢੀ ਕਾਰ॥**
**ਉਪਰਿ ਆਇ ਬੈਠੇ ਕੁੜਿਆਰ॥( ਅੰਕ ੪੭੨ )**

ਕੀਰਤਨੀਆਂ ਸਿੰਘ ਖੁੱਲ੍ਹੇ ਦਿਲ ਨਾਲ ਅੰਮ੍ਰਿਤ ਬਾਣੀ ਵਿਚ ਥਾਂ ਥਾਂ ਦਖਲ ਅੰਦਾਜ਼ੀ ਕਰਦਾ ਹੋਇਆ ‘**ਕਢੀ ਕਾਰ**’ ਨੂੰ ‘**ਕੰਢੀ ਕਾਰ**’ ਉਚਾਰਣ ਕਰ ਰਿਹਾ ਸੀ।ਸੰਗਤਾਂ ਦਾ ਧਿਆਨ ਪਖੰਡੀ ਧਰਮੀਆਂ ਦੇ ਚਉਕੇ ਦੀ ਛੂਆ ਛਾਤ ਵਾਲੀ ਕੱਢੀ ਹੋਈ ਲਕੀਰ ਵਲ ਲਿਜਾਣ ਦੀ ਥਾਂ ਪਤਾ ਨਹੀਂ ਕਿਹੜੀ ਕੰਢੀ ਵਲ ਲਿਜਾ ਰਿਹਾ ਸੀ।

ਜਾਪ ਸਾਹਿਬ ਅਤੇ **ਸ੍ਰੀ ਗੁਰੂ ਗੋਬਿੰਦ ਸਿੰਘ ਜੀ** ਦੀਆਂ ਹੋਰ ਬਾਣੀਆਂ ਵਿਚ ਅੱਧਕ ਦੀ ਵਰਤੋਂ ਕੀਤੀ ਹੋਈ ਹੈ।ਦਸ਼ਮੇਸ਼ ਪਿਤਾ ਨੇ ਲਿੱਪੀ ਦੇ ਵਿਕਾਸ ਨੂੰ ਅਪਣਾ ਕੇ ਆਪਣੀ ਬਾਣੀ ਵਿਚ ਅੱਧਕ ਦੀ ਵਰਤੋਂ ਕੀਤੀ ਪਰ ਜਦੋਂ ਗੁਰੂ ਜੀ ਨੇ ਦਮਦਮਾਂ ਸਾਹਿਬ(ਗੁਰੂ ਕੀ ਕਾਸ਼ੀ)ਦੀ ਧਰਤੀ ਉਤੇ ਬੈਠ ਕੇ ਇਲਾਹੀ ਕੌਤਕ ਵਰਤਾਉਂਦਿਆ ਭਾਈ ਮਨੀ ਸਿੰਘ ਜੀ ਕੋਲੋਂ ਧੁਰ ਕੀ ਬਾਣੀ ਲਿਖਵਾਈ ਤਾਂ ਉਸ ਵੇਲੇ ਉਨ੍ਹਾਂ ਨੇ ਭਾਈ ਮਨੀ ਸਿੰਘ ਜੀ ਕੋਲੋਂ ਅੱਧਕ ਦੀ ਵਰਤੋਂ ਤੋਂ ਬਿਨਾ ਹੀ ਬਾਣੀ ਲਿਖਣ ਦੀ ਸੇਵਾ ਕਰਵਾਈ।ਦਸ਼ਮੇਸ਼ ਪਿਤਾ ਨੇ ਉਹੀ ਲਿੱਪੀ ਵਰਤੀ ਜਿਸ ਲਿੱਪੀ ਨੂੰ ਸੰਵਾਰ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਨਿਰੰਕਾਰੀ ਬਾਣੀ ਦੀ ਪੋਥੀ ਤਿਆਰ ਕੀਤੀ ਸੀ।ਫਿਰ ਉਸੇ ਗੁਰਮੁਖੀ ਲਿੱਪੀ ਨੂੰ ਹੀ ਸ੍ਰੀ ਗੁਰੂ ਅਮਰਦਾਸ ਜੀ,ਗੁਰੂ ਰਾਮਦਾਸ ਜੀ,ਗੁਰੂ ਅਰਜਨ ਦੇਵ ਜੀ,ਗੁਰੂ ਤੇਗ ਬਹਾਦਰ ਜੀ ਅਤੇ ਭਗਤਾਂ ਨੇ ਅਪਣਾਇਆ।ਦਸ਼ਮੇਸ਼ ਪਿਤਾ ਨੇ ਆਪਣੀ ਅੱਧਕ ਦੀ ਵਰਤੋਂ ਵਾਲੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਨਹੀਂ ਕੀਤਾ।ਜੇ ਗੁਰੂ ਜੀ ਚਹੁੰਦੇ ਤਾਂ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਭਾਈ ਮਨੀ ਸਿੰਘ ਜੀ ਕੋਲੋਂ ਅੱਧਕ ਦੀ ਵਰਤੋਂ ਕਰਵਾ ਸਕਦੇ ਸੀ ਪਰ **ਸਤਿਗੁਰਾਂ ਨੇ ਬਾਣੀ ਨੂੰ ਸੁੱਚੀ ਰੱਖਣ ਦਾ ਧਰਮ ਪਾਲਿਆ ਤੇ ਜੋਤ ਸਰੂਪੀ ਬਾਣੀ ਦੇ ਮੂਲ ਸਰੂਪ ਨੂੰ ਆਂਚ ਨਹੀਂ ਆਉਣ ਦਿੱਤੀ**।ਅੱਜ ਸਾਡੇ ਹਰਿਮੰਦਰ ਸਾਹਿਬ ਦੇ ਕੀਰਤਨੀਆਂ ਦਾ ਇਹ ਹਾਲ ਹੈ ਕਿ ਉਹ ਨਿਰੰਕਾਰੀ ਬਾਣੀ ਨੂੰ ਸੋਧਣ ਦੇ ਚੱਕਰਾਂ ਵਿਚ ਫਸੇ ਹੋਏ ‘ਕਢੀ’ ਉਤੇ ਅੱਧਕ ਲਗਾ ਕੇ ‘ਕੱਢੀ’ ਦਾ ਉਚਾਰਣ ਕਰਨ ਤੋਂ ਵੀ ਅੱਗੇ

ਪਹੁੰਚ ਕੇ ਅੱਧਕ ਦੀ ਥਾਂ ਟਿੱਪੀ ਲਗਾ ਕੇ ਕੱਢੀ ਦਾ ਕੰਢੀ ਬਣਾ ਕੇ ਬਾਣੀ ਦੇ ਅਰਥ ਗੁਆਈ ਜਾ ਰਹੇ ਹਨ।

ਇਸ ਸੋਨ-ਸੁਨਹਿਰੇ ਮੰਦਰ ਦੀ ਸੁਨਹਿਰੀ ਚਮਕ ਦੀ ਆਪਣੀ ਹੀ ਸ਼ਾਨ ਹੈ ਪਰ ਇਹ ਚਮਕ ਦਮਕ ਤਾਂ ਹਰਿਮੰਦਰ ਸਾਹਿਬ ਦੇ ਬਾਹਰਲੇ ਜਿਸਮ ਦੀ ਹੀ ਹੈ।ਮਹਾਰਾਜਾ ਰਣਜੀਤ ਸਿੰਘ ਦੀ ਪ੍ਰੇਮ-ਭਾਵਨਾਂ ਦੀ ਨਿਸ਼ਾਨੀ ਹੈ।ਹਰਿਮੰਦਰ ਸਾਹਿਬ ਦੀ ਰੂਹ ਤਾਂ ਧੁਰ ਕੀ ਬਾਣੀ ਵਿਚ ਹੈ।

ਹਰਿਮੰਦਰ ਸਾਹਿਬ ਦੀ ਪਵਿੱਤ੍ਰਤਾ ਨੂੰ ਭੰਗ ਕਰਨ ਲਈ ਪੰਥ ਦੇ ਦੋਖੀਆਂ ਵਲੋਂ ਹਮਲੇ ਹੁੰਦੇ ਰਹੇ ਪਰ ਪੰਥ ਦੇ ਵਾਲੀ ਦੇ ਸ਼ੇਰ ਬੱਚੇ ਇਸ ਦੀ ਆਨ ਅਤੇ ਸ਼ਾਨ ਲਈ ਆਪਣੀਆਂ ਜਾਨਾਂ ਦੀ ਬਾਜੀ ਲਾਉਂਦੇ ਰਹੇ।ਸੋਚੋ ਤਾਂ ਭਲਾ..!ਹਰਮੰਦਰ ਸਾਹਿਬ ਦੀ ਖਾਤਰ ਆਪਣਾ ਸੀਸ ਤਲੀ ਉਤੇ ਰੱਖ ਕੇ ਤੇਗ ਵਾਹੁਣ ਵਾਲੇ ਬਾਬਾ ਦੀਪ ਜੀ ਨੂੰ ਅਤੇ ਉਨ੍ਹਾਂ ਦੇ ਸਾਥੀ ਸ਼ਹੀਦ ਸਿੰਘਾਂ ਨੂੰ ਅੱਜ ਬਾਣੀ ਦੇ ਅਰਥਾਂ ਦੇ ਅਨਰਥ ਹੁੰਦੇ ਦੇਖ ਕੇ ਕਿਹੋ ਜਿਹਾ ਲਗਦਾ ਹੋਵੇਗਾ?

ਪ੍ਰਕਰਮਾਂ ਦੇ ਸੰਗ ਮਰਮਰ ਹੇਠ ਪਈ ਹੋਈ ਮਰਜੀਵੜਿਆਂ ਦੇ ਲਹੂ ਮਾਸ ਦੀ ਮਿੱਝ ਵਿਚੋਂ,ਅਕਾਲ ਤਖਤ ਦੇ ਰੋਮ ਰੋਮ ਵਿਚੋਂ ਤੇ ਅੰਮ੍ਰਿਤ ਸਰੋਵਰ ਦੀ ਤਹਿ ਉਤੇ ਵਿਛੀ ਸ਼ਹੀਦਾਂ ਸਿੰਘਾਂ ਦੇ ਪਵਿੱਤਰ ਲਹੂ ਦੀ ਲੇਪ ਵਿੱਚੋਂ ਉਮ੍ਹੜ ਉਮ੍ਹੜ ਕੇ ਆਈ ਸ਼ਹੀਦਾਂ ਸਿੰਘਾਂ ਦੀ ਅਵਾਜ, ਇਕ ਬੀਬੀ ਦੇ ਕੰਨੀ ਪਈ।ਬਾਣੀ ਦੇ ਅਰਥਾਂ ਦੇ ਅਨਰਥ ਹੋਣ ਦੀ ਦੁਹਾਈ ਸੁਣ ਕੇ ਉਸ ਨੇ ਪ੍ਰਬੰਧਕਾਂ ਨਾਲ ਗਲ ਕੀਤੀ ਪਰ ਕਿਸੇ ਨੇ ਨਾ ਸੁਣੀ।ਨਿਰਾਸਤਾ ਵਿਚ ਡੁੱਬੀ ਹੋਈ ਉਹ ਪ੍ਰਕਰਮਾ ਵਿਚ ਖੜੀ ਸੀ ਕਿ ਉਸ ਨੂੰ ਧੀਰਜ ਦੇਣ ਲਈ ਇਕ ਗੁਰਸਿੱਖ ਨੇ ਆ ਕੇ ਸਮੁੰਦਰੀ ਹਾਲ ਵਲ ਇਸ਼ਾਰਾ ਕਰਦੇ ਹੋਏ ਨੇ ਕਿਹਾ-"ਭੈਣ! ਓਧਰ ਨਾ ਜਾਵੀਂ!ਓਧਰ ਤਾਂ ਗੁਰੂ ਦੀ ਗੋਲ੍ਹਕ ਸਾਂਭਣ ਲਈ ਸਪੋਲੀਏ ਬੈਠੇ ਹਨ।" ਫਿਰ ਹਰਿਮੰਦਰ ਸਾਹਿਬ ਦੇ ਗੁੰਬਦ ਉਪਰ ਅਰਸ਼ਾਂ ਵਲ ਨਜਰਾਂ ਟਿਕਾਈ,ਨਾਮ-ਖੁਮਾਰੀ ਵਿਚ ਮਸਤ ਹੋ ਕੇ ਕਹਿੰਦਾ-"ਓਹ ਦੇਖ! ਗੁਰੂ ਰਾਮ ਦਾਸ ਜੀ ਨੇ ਸੰਗਤਾਂ ਉਪਰ ਕਿਵੇਂ ਮੇਹਰਾਂ ਦੀ ਝੜੀ ਲਗਾਈ ਹੋਈ ਹੈ।"

ਰੂਹਾਨੀਅਤ ਦੇ ਭੰਡਾਰਾਂ ਲਈ ਮਸ਼ਹੂਰ ਸਮਾਗਮ ਵਿਚ ਇਕ ਬੀਬੀ ਰਹਿਰਾਸ ਸਾਹਿਬ ਦਾ ਪਾਠ ਕਰ ਰਹੀ ਸੀ।ਉਹ ਥਾਂ ਥਾਂ ਬੇਲੋੜੀਆਂ ਬਿੰਦੀਆਂ ਦੀ ਭਰਮਾਰ ਲਗਾਉਣ ਦੇ ਨਾਲ-ਨਾਲ ਸਿਹਾਰੀਆਂ ਬਿਹਾਰੀਆਂ ਬਦਲਣ ਵਿੱਚ ਵੀ ਆਪਣੀ ਵਿਦਵਤਾ ਸਮਝਦੀ ਹੋਈ **'ਤੇਰਾ ਅੰਤੁ ਨ ਜਾਈ ਲਖਿਆ'** ਨੂੰ -**'ਤੇਰਾ ਅੰਤੁ ਨਾਂ ਜਾਂਈ ਲਿਖਿਆ'** ਉਚਾਰਣ ਕਰ ਰਹੀ ਸੀ।**ਲਿਖਿਆ** ਸ਼ਬਦ ਦਾ ਉਹ ਖਾਸ ਪ੍ਰਭਾਵ ਪੂਰਣ ਉਚਾਰਣ ਕਰ ਰਹੀ ਸੀ ਤਾਂ ਜੋ ਸੰਗਤ ਨੂੰ ਪਤਾ ਲੱਗ ਜਾਵੇ ਕਿ ਉਸਨੂੰ ਗੁਰਬਾਣੀ ਸੋਧਣ ਦਾ ਤਰੀਕਾ ਆਉਂਦਾ ਹੈ।

ਹੋ ਸਕਦਾ ਕਿ ਉਹ "ਲਖਿਆ" ਦੇ ਅਰਥਾਂ ਤੋਂ ਅਣਜਾਣ ਹੋਵੇ।ਸ਼ਾਇਦ ਇਸੇ ਕਰਕੇ ਹੀ ਉਹ ਆਪਣੀ ਮੱਤਿ ਅਨੁਸਾਰ ਲਖਿਆ ਨੂੰ ਲਿਖਿਆ ਉਚਾਰ ਰਹੀ ਸੀ।ਪਰ ਸਾਨੂੰ ਇਸ ਗੰਭੀਰ ਸਮੱਸਿਆ ਵਲ ਧਿਆਨ ਦੇਣਾ ਚਾਹੀਦਾ ਹੈ ਕਿ ਜੇਕਰ ਇਸੇ ਤਰ੍ਹਾਂ ਹੀ ਅਸੀਂ ਬਾਣੀ ਦੇ ਸਹੀ ਅਰਥ ਸਮਝਣ ਦੀ ਥਾਂ ਆਪਣੀ ਮਤਿ ਅਨੁਸਾਰ ਬਾਣੀ ਦਾ ਮੂਲ ਸਰੂਪ ਬਦਲਣ ਲੱਗ ਪਏ ਤਾਂ ਅਖੀਰ ਇਸ ਦਾ ਨਤੀਜਾ ਕੀ ਨਿਕਲੇਗਾ...?

ਗੁਰੂ ਘਰ ਦੀ ਸੇਵਾ ਲਈ ਤਾਂ ਉਸ ਬੀਬੀ ਦੀ ਬੜੀ ਘਾਲਣਾ ਸੀ,ਲੰਗਰ ਦੀ ਸੇਵਾ ਵੀ ਦਿਲ ਜਾਨ ਨਾਲ ਕਰਦੀ ਸੀ ਪਰ ਧਾਰਮਿਕ ਸਿੱਖਿਆ ਦੀਆਂ ਡਿਗਰੀਆਂ ਦੇ ਬੋਝ ਕਾਰਨ, ਬਾਣੀ ਨੂੰ ਸੋਧ ਕੇ ਪੜ੍ਹਨ ਦਾ ਮੁਫਤ ਵਿਚ ਸਹੇੜਿਆ ਬੋਝ ਉਸਦੀ ਭਗਤੀ ਤੇ ਸ਼ਰਧਾ ਨੂੰ ਦੱਬੀ ਜਾ ਰਿਹਾ ਸੀ।

ਕਈਆਂ ਦੀ ਤਾਂ ਆਦਤ ਹੀ ਬਣ ਗਈ ਹੈ ਕਿ ਉਹ ਬਾਣੀ ਵਿੱਚ ਵੱਧ ਤੋਂ ਵੱਧ ਬਿੰਦੀਆਂ ਟਿੱਪੀਆਂ ਇਸ ਤਰ੍ਹਾਂ ਲਗਾਉਂਦੇ ਹਨ ਜਿਵੇਂ ਕਿ ਉਹ ਬਾਣੀ ਦੀ ਸੁਧਾਈ ਕਰਕੇ ਰਚਨਹਾਰਿਆਂ ਉਤੇ ਬੜਾ ਪਰਉਪਕਾਰ ਕਰ ਰਹੇ ਹੋਣ।

ਇਕ ਕਥਾਕਾਰ ਰਵਿਦਾਸ ਜੀ ਦੇ ਬੇਗਮਪੁਰੇ ਦੀ ਵਿਆਖਿਆ ਕਰ ਰਿਹਾ ਸੀ। ਇਲਾਹੀ ਮੰਡਲ ਦੇ ਬੇਗਮ ਪੁਰੇ ਦੀਆਂ ਖੂਬੀਆਂ ਨੂੰ ਦੁਨਿਆਵੀ ਘਰਾਂ ਦੇ ਸੁੱਖ ਅਰਾਮ ਨਾਲ ਜੋੜ ਕੇ ਬਾਣੀ ਦੇ ਮਨ-ਘੜਤ ਅਰਥ ਬਣਾਉਣ ਪਿਛੋਂ ਉਹ ਸਟੇਜ ਤੋਂ ਉਤਰਿਆ ਤੇ ਆਪਣੇ ਸਾਥੀਆਂ ਕੋਲ ਜਾ ਕੇ ਬੇਗਮ ਪੁਰੇ ਦੇ ਨਵੇਂ ਅਰਥ ਕੱਢਣ ਦੀਆਂ ਡੀਂਗਾਂ ਮਾਰਨ ਲੱਗਿਆ।

ਅੱਜ ਕਲ ਕੁੱਝ ਕਥਾਕਾਰਾਂ ਨੇ ਐਸੀ ਮੁਹਿੰਮ ਚਲਾਈ ਹੋਈ ਹੈ ਕਿ ਉਹ ਰੂਹਾਨੀ ਸ਼ਕਤੀਆਂ ਦੀਆਂ ਸਚਾਈਆਂ ਨੂੰ ਮਨਘੜਤ ਕਹਾਣੀਆਂ ਕਹਿ ਕੇ ਭਰਮ ਭੁਲੇਖੇ ਪਾਈ ਜਾ ਰਹੇ ਹਨ। ਆਮ ਲੋਕੀਂ ਆਤਮਿਕ ਗਿਆਨ,ਅਣਦਿਸਦੀ ਦੁਨੀਆਂ ਅਤੇ ਰੂਹਾਨੀ ਸ਼ਕਤੀ ਦੇ ਵਰਤਾਰੇ ਤੋਂ ਬੇਖਬਰ ਹੁੰਦੇ ਹਨ। ਇਸ ਲਈ ਉਹ ਇਨ੍ਹਾਂ ਕਥਾਕਾਰਾਂ ਦੀਆਂ ਗੱਲਾਂ ਉਤੇ ਯਕੀਨ ਕਰ ਲੈਂਦੇ ਹਨ। ਪਰ ਜਦੋਂ ਕੋਈ ਨਾਮ ਬਾਣੀ ਦੀ ਸ਼ਕਤੀ ਦਾ ਅਸਚਰਜ ਵਰਤਾਰਾ ਦੇਖ ਲੈਂਦਾ ਹੈ ਤਾਂ ਉਸ ਨੂੰ ਨਾਮ ਬਾਣੀ ਦੀ ਪਾਰਸ ਕਲਾ ਦੀ ਸਚਾਈ ਦਾ ਗਿਆਨ ਹੋ ਜਾਂਦਾ ਹੈ। ਫਿਰ ਉਸਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਾਖੀਆਂ ਸੱਚੀਆਂ ਲੱਗਣ ਲੱਗ ਪੈਂਦੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਿੱਤੀਆਂ ਹੋਈਆਂ ਦੇਵੀ ਦੇਵਤਿਆਂ ਅਤੇ ਜਮਾਂ ਦੀ ਸੱਚਾਈ ਉਤੇ ਯਕੀਨ ਹੋ ਜਾਂਦਾ ਹੈ। ਨਾਮ ਰਸ ਦੇ ਪਰਮ-ਅਨੰਦ ਦੀ ਖੁਮਾਰੀ ਵਿਚ ਚਰਖੜੀਆਂ ਉਤੇ ਚੜ੍ਹਨ ਵਾਲੇ ਅਤੇ ਪੁੱਠੀਆਂ ਖੱਲਾਂ ਲੁਹਾਣ ਵਾਲਿਆਂ ਦੀ ਸੱਚਾਈ ਦਾ ਗਿਆਨ ਹੋ ਜਾਂਦਾ ਹੈ। ਸ਼ਹੀਦਾਂ ਸਿੰਘਾਂ ਦਾ ਅਣਦਿੱਸਦੀ ਦੁਨੀਆਂ ਵਿਚ ਰਹਿ ਕੇ ਵੀ, ਲੋੜ ਵੰਦਾਂ ਦੀ ਸਹਾਇਤਾ ਕਰਨ ਦੀਆਂ ਗੱਲਾਂ ਉਤੇ ਯਕੀਨ ਹੋ ਜਾਂਦਾ ਹੈ।

ਬੜੇ ਦੁੱਖ ਦੀ ਗੱਲ ਹੈ ਕਿ ਆਪਣੇ ਆਪ ਨੂੰ ਬੁੱਧੀ ਜੀਵੀ ਕਹਾਉਣ ਵਾਲੇ ਸਾਡੇ ਕੁਝ ਕਥਾਕਾਰ ਇਸ ਭੁਲੇਖੇ ਦੇ ਸ਼ਿਕਾਰ ਹੋਏ ਪਏ ਹਨ ਕਿ ਉਨ੍ਹਾਂ ਦੀ ਮਾਨਸਿਕ ਅਤੇ ਆਤਮਿਕ ਅਵੱਸਥਾ ਤੋਂ ਉਪਰ ਹੋਰ ਕੁੱਝ ਵੀ ਨਹੀਂ ਹੈ। ਉਹ ਬਸ ਏਨਾ ਹੀ ਜਾਣਦੇ ਹਨ ਕਿ ਉਹ ਕਿਸੇ ਦਰਿਆ ਦੇ ਪਾਣੀ ਵਿਚ ਨਹੀਂ ਰਹਿ ਸਕਦੇ। ਜੇ ਰਹੇ ਤਾਂ ਡੁੱਬ ਜਾਣਗੇ। ਜੇ ਬਹੁਤੀ ਦੇਰ ਪਾਣੀ ਵਿਚ ਰਹੇ ਤਾਂ ਮਰ ਜਾਣਗੇ। ਇਸ ਕਰਕੇ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਵੀ ਆਪਣੇ ਵਰਗਾ ਹੀ ਬਣਾਈ ਜਾਂਦੇ ਹਨ। ਰੂਹਾਨੀ ਜੀਵਨ ਦੀਆਂ ਆਤਮਿਕ ਸ਼ਕਤੀਆਂ ਦੀ ਜਾਣਕਾਰੀ ਤੋਂ ਹੀਣੇ ਵਿਅਕਤੀ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਬੇਈਂ ਦੇ ਪਾਣੀ ਵਿਚ ਅਲੋਪ ਹੋਏ ਰਹਿਣ ਦੀ ਸਚਾਈ ਨੂੰ ਮਨਘੜਤ ਕਹਾਣੀ ਕਹਿ ਕੇ ਆਪਣੀ ਕਲਪਨਾ ਰਾਹੀਂ ਗੁਰੂ ਜੀ ਨੂੰ ਬੇਈਂ ਪਾਰ ਕਰਕੇ ਕੁਝ ਦਿਨ ਤੱਕ ਬੇਈਂ ਦੇ ਪਾਰ ਵਸਦੇ ਲੋਕਾਂ ਨਾਲ ਵਿਚਾਰ ਵਟਾਂਦਰਾ ਕਰਨ ਦੀ ਮਨੋ-ਕਲਪਿਤ ਕਹਾਣੀ ਘੜ ਕੇ ਸਚਾਈ ਨੂੰ ਝੂਠ ਵਿਚ ਬਦਲਣ ਵਿਚ ਜ਼ਰਾ ਭਰ ਵੀ ਗੁਰੇਜ਼ ਨਹੀਂ ਕਰਦੇ। ਬਾਬਾ ਦੀਪ ਸਿੰਘ ਜੀ ਦੇ ਸੀਸ ਤਲੀ ਉਤੇ ਰੱਖ ਕੇ ਤੇਗ ਵਾਹੁਣ ਦੀ ਸਚਾਈ ਨੂੰ ਵੀ ਝੂਠੀ ਕਹਾਣੀ ਕਹਿ ਕੇ ਪ੍ਰਚਾਰੀ ਜਾਂਦੇ ਹਨ। ਭਾਈ ਮਨੀ ਸਿੰਘ ਜੀ ਦੇ ਬੰਦ ਬੰਦ ਕਟਵਾਉਣ ਨੂੰ ਵੀ ਸ਼ੱਕ ਦੀਆਂ ਨਜਰਾਂ ਨਾਲ ਦੇਖਦੇ ਹਨ। ਸ਼ਹੀਦਾਂ ਸਿੰਘਾਂ ਦੀ ਹੋਂਦ ਦੀ ਗੱਲ ਦਾ ਮਖੌਲ ਉਡਾਉਂਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਲਾਹੀ ਮੰਡਲ ਦਾ ਬੇਗਮਪੁਰਾ,ਨਰਕ,ਸਵਰਗ,ਦੇਵਤਿਆਂ ਦੀਆਂ ਪੁਰੀਆਂ,ਜਮ,ਭੂਤ ਪ੍ਰੇਤ ਅਤੇ ਅਣਦਿਸਦੀ ਦੁਨੀਆਂ ਦੀਆਂ ਹੋਰ ਅਨੇਕਾਂ ਸਚਾਈਆਂ ਦਾ ਵਰਨਣ ਬੜੇ ਵਿਸਥਾਰ ਨਾਲ ਕੀਤਾ ਹੋਇਆ ਹੈ। ਦਿੱਬ

ਦ੍ਰਿਸ਼ਟੀ,ਅੰਤ੍ਰਯਾਮਤਾ,ਅਨਹਦ ਧੁਨੀ,ਦਸਮ ਦੁਆਰ ਅਤੇ ਪਿੰਗਲਿਆਂ ਦੇ ਪਰਬਤ ਪਾਰ ਕਰਨ ਵਰਗੀਆਂ ਅਨੇਕਾਂ ਸਚਾਈਆਂ ਦਾ ਵਰਨਣ ਹੈ। ਜਿਵੇਂ ਕਿ-

ਜਲ ਤੇ ਥਲ ਕਰਿ ਥਲ ਤੇ ਕੂਆ ਕੂਪ ਤੇ ਮੇਰੁ ਕਰਾਵੈ ॥

ਧਰਤੀ ਤੇ ਅਕਾਸ ਚਢਾਵੈ ਚਢੇ ਅਕਾਸ ਗਿਰਾਵੈ ॥੨॥

ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ ॥

ਖਲ ਮੂਰਖ ਤੇ ਪੰਡਿਤ ਕਰਿਬੋ ਪੰਡਿਤ ਤੇ ਮੁਗਧਾਰੀ ॥

ਨਾਰੀ ਤੇ ਜੋ ਪੁਰਖੁ ਕਰਾਵੈ ਪੁਰਖਨ ਤੇ ਜੋ ਨਾਰੀ ॥ (ਪੰਨਾਂ ੧੨੫੨)

ਬੜੀ ਹੈਰਾਨੀ ਦੀ ਗੱਲ ਹੈ ਕਿ ਸਾਡੇ ਕੁਝ ਪ੍ਰਚਾਰਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਵੀ ਕਹਿੰਦੇ ਹਨ ਤੇ ਗੱਲਾਂ ਉਹ ਕਰਦੇ ਹਨ,ਜਿਹੜੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਲਾਹੀ ਫੁਰਮਾਨਾਂ ਤੋਂ ਬਿਲਕੁਲ ਉਲਟ ਹਨ। ਗੁਰਸਿੱਖੀ ਬਾਣੇ ਵਿਚ ਸੱਜ ਧੱਜ ਕੇ, ਗੁਰੂ ਦੀਆਂ ਸਟੇਜਾਂ ਮੱਲ ਕੇ,ਇਹ ਸਿੱਖ ਇਤਿਹਾਸ ਅਤੇ ਗੁਰਬਾਣੀ ਨੂੰ ਗੰਧਲਾ ਕਰਦੇ ਹਨ ਪਰ ਭੋਲੀ ਸੰਗਤ ਇਨ੍ਹਾਂ ਨੂੰ ਸੱਚੇ ਪ੍ਰਚਾਰਕ ਸਮਝ ਕੇ ਇੱਜਤ ਮਾਣ ਦਿੰਦੀ ਹੈ ਤੇ ਨਾਲ ਹੀ ਆਪਣੀ ਦਸਾਂ ਨੌਹਾਂ ਦੀ ਕਮਾਈ ਦਾ ਦਸਵੰਧ ਵੀ ਭੇਟ ਕਰਦੀ ਹੈ।

ਬਾਣੀ ਦੇ ਅਭਿਆਸੀਆਂ ਨੂੰ ਬਾਣੀ ਉਤੇ ਭਰੋਸਾ ਹੁੰਦਾ ਹੈ,ਉਹ ਇਨ੍ਹਾਂ ਦੇ ਕੂੜ ਨੂੰ ਪਛਾਣ ਜਾਂਦੇ ਹਨ। ਬਾਣੀ ਦੇ ਰਸੀਆਂ ਨੇ ਬਾਣੀ ਦੀ ਪਾਰਸ ਕਲਾ ਦੀ ਛੋਹ ਨਾਲ ਕੰਚਨ ਬਣਨ ਦੇ ਰੰਗ ਮਾਣੇ ਹੋਏ ਹੁੰਦੇ ਹਨ। ਉਹ ਆਪਣੀ ਖੁਮਾਰੀ ਵਿਚ ਝੂੰਮਦੇ ਹੋਏ ਧੁਰ ਕੀ ਬਾਣੀ ਦੇ ਮੂਲ ਸਰੂਪ ਨਾਲ ਬੱਝੇ ਰਹਿੰਦੇ ਹਨ। ਜਿਨ੍ਹਾਂ ਪਿਆਰਿਆਂ ਨੇ ਦਸੋ ਪਾਤਿਸ਼ਾਹੀਆਂ ਦੇ ਜੋਤ-ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਗਤ ਵਿਚੋਂ ਗੁਰੂਆਂ ਤੇ ਭਗਤਾਂ ਦੀ ਸੰਗਤ ਦਾ ਰੰਗ ਮਾਣ ਲਿਆ ,ਉਹ ਅਬਚਲ ਨਗਰ ਦੇ ਵਾਸੀ ਬਣ ਗਏ ਪਰ ਜਿਹੜੇ ਲੋਕ ਬਾਣੀ ਦੇ ਅਭਿਆਸੀ ਨਹੀਂ ਹਨ ਉਹ ਇਨ੍ਹਾਂ ਝੂਠੇ ਪ੍ਰਚਾਰਕਾਂ ਦੀਆਂ ਗੱਲਾਂ ਵਿਚ ਆ ਜਾਂਦੇ ਹਨ। ਭੋਲ਼ੀ ਭਾਲ਼ੀ ਸੰਗਤ ਸਿੱਖ ਇਤਿਹਾਸ ਦੀ ਸਚਾਈ ਤੋਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੋਕ ਪ੍ਰਲੋਕ ਦੇ ਜੀਵਨ ਸੰਦੇਸ਼ ਤੋਂ ਵਾਂਝੀ ਰਹਿ ਜਾਂਦੀ ਹੈ।

**********************

# ਗੁਰਗੱਦੀ

ਕਿਸੇ ਵੀ ਧਰਮ,ਕੌਮ ਜਾਂ ਸੰਸਥਾ ਵਾਂਗੂੰ ਗੁਰੂਆਂ ਪੀਰਾਂ ਦੀਆਂ ਗੁਰਗੱਦੀਆਂ ਦਾ ਵੀ ਆਪਣਾ ਇਤਿਹਾਸ ਹੁੰਦਾ ਹੈ,ਆਪਣੀ ਮਰਿਆਦਾ ਹੁੰਦੀ ਹੈ ਤੇ ਆਪਣੀ ਹੀ ਰੂਹਾਨੀ ਸ਼ਕਤੀ ਹੁੰਦੀ ਹੈ ਪਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੁਰਗੱਦੀ ਨੇ ਵੱਖਰੀ ਤਰ੍ਹਾਂ ਹੀ ਆਪਣੀ ਸ਼ਾਨ ਬਣਾਈ ਹੋਈ ਹੈ।ਇਸ ਦੀ ਵਿਲੱਖਣਤਾ ਇਸ ਵਿਚ ਹੈ ਕਿ ਇਸ ਗੁਰਗੱਦੀ ਦੇ ਇਲਾਹੀ ਤਖਤ ਉਤੇ ਦਸੋ ਪਾਤਿਸ਼ਾਹੀਆਂ ਦੀ ਨਿਰੰਕਾਰੀ ਜੋਤ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਜਾਗਤ-ਜੋਤ ਸਰੂਪ ਵਿਚ ਸਦਾ ਸਦਾ ਲਈ ਜਗਮਗਾ ਰਹੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਵਾਰੇ ਕਿਹਾ ਜਾਂਦਾ ਹੈ ਕਿ ਜਦੋਂ ਉਨ੍ਹਾਂ ਨੇ ਸਰੀਰ ਦਾ ਚੋਲਾ ਤਿਆਗਿਆ ਤਾਂ ਹਿੰਦੂ ਅਤੇ ਮੁਸਲਿਮ ਲੋਕਾਂ ਵਿਚ ਝਗੜਾ ਹੋ ਗਿਆ।ਹਿੰਦੂ ਇਸ ਗੱਲ ਉਤੇ ਅੜ ਗਏ ਕਿ ਸ੍ਰੀ ਗੁਰੂ ਨਾਨਕ ਸਾਡਾ ਹੈ ਅਤੇ ਅਸੀਂ ਆਪਣੇ ਗੁਰੂ ਦੇ ਸਰੀਰ ਦਾ ਸਸਕਾਰ ਕਰਨਾ ਹੈ ਪਰ ਮੁਸਲਿਮ ਲੋਕਾਂ ਦਾ ਕਹਿਣਾ ਸੀ ਕਿ ਗੁਰੂ ਨਾਨਕ ਉਨ੍ਹਾਂ ਦਾ ਪੀਰ ਹੈ ਅਤੇ ਉਨ੍ਹਾਂ ਨੇ ਆਪਣੇ ਪੀਰ ਦੇ ਪਵਿੱਤਰ ਸਰੀਰ ਦੀ ਸਮਾਧ ਬਣਾਉਣੀ ਹੈ।ਜਦੋਂ ਗੁਰੂ ਜੀ ਦੇ ਪੰਜ ਭੂਤਕ ਸਰੀਰ ਉਪਰੋਂ ਚਾਦਰ ਉਠਾਈ ਤਾਂ ਉਥੇ ਸਿਰਫ ਫੁਲਾਂ ਦੀ ਢੇਰੀ ਹੀ ਸੀ।ਦੋਨਾਂ ਧਰਮਾਂ ਵਾਲਿਆਂ ਨੇ ਫੁੱਲ ਅੱਧੇ ਅੱਧੇ ਵੰਡ ਲਏ।ਮੁਸਲਮਾਨਾਂ ਨੇ ਸਮਾਧ ਬਣਾ ਲਈ ਤੇ ਹਿੰਦੂਆਂ ਨੇ ਸਸਕਾਰ ਕਰ ਦਿੱਤਾ।ਇਹ ਥਾਂ ਅੱਜ ਪਾਕਿਸਤਾਨ ਵਿਚ ਹੈ।ਇਕ ਪਾਸੇ ਮੁਸਲਿਮ ਲੋਕਾਂ ਦੀ ਮਸੀਤ ਹੈ ਅਤੇ ਦੂਜੇ ਪਾਸੇ ਗੁਰਦੁਆਰਾ ਹੈ।ਦੁਨੀਆਂ ਵਿਚ ਇਹ ਹੀ ਇਕ ਐਸੀ ਥਾਂ ਹੈ ਜਿਥੇ ਮਸੀਤ ਅਤੇ ਗੁਰਦੁਆਰਾ ਦੋਨੋ ਨਾਲ ਨਾਲ ਦਿਖਾਈ ਦਿੰਦੇ ਹਨ।

ਦਸਵੇਂ ਨਾਨਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਸਕਾਰ ਦਾ ਬ੍ਰਿਤਾਂਤ ਵੀ ਕੁਝ ਇਹੋ ਜਿਹਾ ਹੀ ਹੈ।ਉਨ੍ਹਾਂ ਦੇ ਅੰਗੀਠੇ ਵਿਚੋਂ ਵੀ ਉਨ੍ਹਾਂ ਦੇ ਪੰਜ ਭੂਤਕ ਸਰੀਰ ਦੀ ਕੋਈ ਨਿਸ਼ਾਨੀ ਨਹੀਂ ਸੀ ਲੱਭੀ।ਇਸ ਤੋਂ ਸਾਬਤ ਹੁੰਦਾ ਹੈ ਕਿ ਇਹ ਗੁਰਗੱਦੀ ਅਲੌਕਿਕ ਇਤਿਹਾਸ ਦਾ ਖਜਾਨਾ ਹੈ।ਇਹ ਸਦੀਵੀ ਜੀਉਣ ਵਾਲਿਆਂ ਦਾ ਅਟੱਲ ਠਿਕਾਣਾਂ ਹੈ।ਨਿਰੰਕਾਰ ਦੀ ਜੋਤ ਨਾਲ ਇਕ ਮਿੱਕ ਹੋਇਆਂ ਦਾ ਇਲਾਹੀ ਤਖਤ ਹੈ।ਸ੍ਰੀ ਹਰਿ ਕ੍ਰਿਸ਼ਨ ਸਾਹਿਬ ਜੀ ਨੇ ਲੋਕਾਂ ਦੇ ਭਰਮ ਭੁਲੇਖੇ ਦੂਰ ਕਰਨ ਲਈ ਬਾਲਪਨ ਵਿਚ ਹੀ ਇਕ ਗੁੰਗੇ ਬੋਲੇ ਦੇ ਸਿਰ ਉਤੇ ਸੋਟੀ ਰੱਖ ਕੇ ਉਸ ਕੋਲੋਂ ਵੇਦ ਮੰਤ੍ਰਾਂ ਦਾ ਜਾਪ ਕਰਵਾ ਕੇ ਗੁਰਗੱਦੀ ਦੀ ਨਿਰੰਕਾਰੀ ਜੋਤ ਦਾ ਪ੍ਰਗਟਾਵਾ ਕਰ ਕੇ ਦਸ ਦਿੱਤਾ ਕਿ ਇਹ ਸਰਵ-ਕਲਾ-ਸਮਰੱਥ ਦੀ ਕਲਾ ਦੇ ਤੇਜ ਪ੍ਰਤਾਪ ਵਾਲਾ ਸਰਵ-ਉਚ-ਅਸਥਾਨ ਹੈ।

ਇਸ ਗੁਰਗੱਦੀ ਦੀ ਰੂਹਾਨੀ ਸ਼ਕਤੀ ਅਤੇ ਜਾਗਤ-ਜੋਤ ਨੂੰ ਪਛਾਨਣ ਲਈ ਮੱਖਣ ਸ਼ਾਹ ਲੁਬਾਣੇ ਦੀ ਮਿਸਾਲ ਕਾਇਮ ਹੈ।ਸ੍ਰੀ ਹਰ ਕ੍ਰਿਸ਼ਨ ਜੀ ਦੇ ਜੋਤੀ ਜੋਤ ਸਮਾਉਣ ਪਿਛੋਂ ਗੁਰਗੱਦੀ ਸਾਂਭਣ ਦੇ ਲਾਲਚ ਲਈ ਬਾਈ ਬੰਦੇ ਮੰਜੀਆਂ ਲਗਾ ਕੇ ਬੈਠੇ ਹੋਏ ਸਨ ਤੇ ਪਤਾ ਨਹੀ ਸੀ ਲਗਦਾ ਕਿ ਗੁਰੂ ਕੌਣ ਹੈ।ਉਸ ਵੇਲੇ ਸਮੁੰਦਰੀ ਤੂਫਾਨ ਵਿਚ ਮੌਤ ਦੇ ਮੂੰਹ ਵਿਚ ਫਸੇ ਹੋਏ ਮੱਖਣ ਸ਼ਾਹ ਲੁਬਾਣੇ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੁਰਗੱਦੀ ਅੱਗੇ ਪੁਕਾਰ ਕੀਤੀ ਨੌਵੇਂ ਸ੍ਰੀ

ਗੁਰੂ ਨਾਨਕ ਨੇ ਇਲਾਹੀ ਹੁਕਮ ਵਿੱਚ ਪਲਾਂ 'ਚ ਹੀ ਉਸ ਦੇ ਡੁੱਬਦੇ ਬੇੜੇ ਨੂੰ ਪਾਰ ਲੰਘਾ ਦਿੱਤਾ। ਬਾਬੇ ਬਕਾਲੇ ਪਹੁੰਚ ਕੇ, ਮੱਖਣ ਸ਼ਾਹ ਲੁਬਾਣੇ ਨੇ ਬਾਈ ਮੰਜੀਆਂ ਅੱਗੇ ਪੰਜ ਪੰਜ ਮੋਹਰਾਂ ਰੱਖ ਕੇ ਮੱਥਾ ਟੇਕਿਆ ਤਾਂ ਕੋਈ ਕੁਝ ਨਾ ਬੋਲਿਆ।ਅਖੀਰ ਜਦੋਂ ਉਸਨੇ ਗੁਰੂ ਤੇਗ ਬਹਾਦਰ ਜੀ ਦੇ ਭੋਰੇ ਵਿਚ ਪਹੁੰਚ ਕੇ ਪੰਜ ਮੋਹਰਾਂ ਰੱਖੀਆਂ ਤਾਂ ਗੁਰੂ ਜੀ ਮੁਸਕਰਾਅ ਪਏ ਤੇ ਫੁਰਮਾਣ ਲੱਗੇ, ਹੇ ਭਾਈ! ਤੂੰ ਗੁਰੂ ਨਾਨਕ ਦਰਬਾਰ ਨਾਲ ਧੋਖਾ ਕਿਉਂ ਕਰ ਰਿਹਾ ਹੈਂ? 500 ਮੋਹਰਾਂ ਦਾ ਬਚਨ ਕਰਕੇ ਹੁਣ ਪੰਜ ਮੋਹਰਾਂ ਦਾ ਹੀ ਮੱਥਾ ਟੇਕ ਰਿਹਾ ਹੈਂ, ਕੀ ਇਹੋ ਹੀ ਤੇਰਾ ਗੁਰੂ ਨਾਨਕ ਨਾਲ ਪਿਆਰ ਹੈ? ਇਹ ਸੁਣ ਕੇ ਮੱਖਣ ਸ਼ਾਹ ਭੁੱਬਾਂ ਮਾਰ ਕੇ ਰੋਣ ਲੱਗ ਪਿਆ ਅਤੇ ਜਦੋਂ 500 ਮੋਹਰਾਂ ਰੱਖ ਕੇ ਮੱਥਾ ਟੇਕਿਆ ਤਾਂ ਉਸ ਵਿੱਚ ਅਜਿਹੀ ਇਲਾਹੀ ਸ਼ਕਤੀ ਆਈ ਕਿ ਉਹ ਕੋਠੇ ਦੀ ਛੱਤ 'ਤੇ ਚੜ੍ਹ ਕੇ ਉੱਚੀ ਅਵਾਜ਼ ਵਿੱਚ ਝੂੰਮ-ਝੂੰਮ ਕੇ ਕਹਿਣ ਲੱਗਾ, ਗੁਰੂ ਲਾਧੋ ਰੇ, ਗੁਰੂ ਲਾਧੋ ਰੇ, ਭਾਵ ਮੈਂ ਨੌਵੇਂ ਗੁਰੂ ਨਾਨਕ ਨੂੰ ਪਾ ਲਿਆ ਹੈ। ਅੱਜ ਉਸੇ ਗੁਰਗੱਦੀ ਉਤੇ ਦਸੋ ਪਾਤਿਸ਼ਾਹੀਆਂ ਦੀ ਜਾਗਤ ਜੋਤ,ਗਿਆਰਵੇਂ ਪਾਤਿਸ਼ਾਹ ਸਾਡੇ ਕਲਿਯੁਗੀ ਜੀਵਾਂ ਦੇ ਡੁੱਬਦੇ ਬੇੜੇ ਪਾਰ ਕਰਨ ਲਈ ਸੰਪੂਰਨ ਗੁਰੂ ਦੇ ਫਰਜ ਨਿਭਾ ਰਹੇ ਹਨ।ਸਾਡੇ ਨਾਲ ਜੀਵਨ ਸਾਂਝ ਨਿਭਾਉਂਦਿਆਂ ਲੋਕ ਪ੍ਰਲੋਕ ਵਿਚ ਸਹਾਈ ਹੋ ਰਹੇ ਹਨ।ਨਿਰੰਕਾਰੀ ਜੋਤ ਵਾਲੀ ਗੁਰਗੱਦੀ ਦੀ ਸ਼ਾਨ ਨੂੰ ਬਰਕਰਾਰ ਰੱਖਣ ਲਈ ਅਨੇਕਾਂ ਮੱਖਣ ਸ਼ਾਹ ਲੁਬਾਣੇ ਵਰਗਿਆਂ ਦੇ ਬੇੜੇ ਪਾਰ ਕਰ ਰਹੇ ਹਨ।

ਪਿਤਾ-ਪਰਮਾਤਮਾ ਸੰਸਾਰ ਦੇ ਭੁੱਲੇ ਭੱਟਕੇ ਜੀਵਾਂ ਨੂੰ ਸਿੱਧੇ ਰਸਤੇ ਪਾਉਣ ਲਈ ਸਮੇ ਸਮੇ ਅਨੁਸਾਰ ਤੇ ਵੱਖਰੇ ਵੱਖਰੇ ਹਾਲਾਤਾਂ ਅਨੁਸਾਰ ਪੀਰ ਪੈਗੰਬਰ ਤੇ ਗੁਰੂ ਭੇਜਦਾ ਹੈ।ਗੁਰੂ ਕੋਲ ਗਿਆਨ ਅਤੇ ਰੂਹਾਨੀ ਸ਼ਕਤੀ ਹੁੰਦੀ ਹੈ ਪਰ ਕਦੀ ਕਿਸੇ ਗੁਰੂ ਪੀਰ ਦਾ ਗਿਆਨ ਤੇ ਪਰਮ-ਸ਼ਕਤੀ ਉਸਦੀ ਹੱਡ-ਮਾਸ ਦੀ ਦੇਹੀ ਰਾਹੀਂ ਨਹੀਂ ਵਰਤਦੀ।ਸਗੋਂ ਉਸਦੀ ਬਾਣੀ ਰਾਹੀਂ ਵਰਤਦੀ ਹੈ, ਉਸਦੀ ਰੂਹਾਨੀਅਤ ਰਾਹੀਂ ਪ੍ਰਗਟ ਹੁੰਦੀ ਹੈ,ਉਸਦੀ ਜੀਵਨ ਜੋਤ ਰਾਹੀਂ ਵਿਚਰਦੀ ਹੈ ਤੇ **ਗੁਰਗੱਦੀ ਦੀ ਬਖਸ਼ਿਸ਼ ਰਾਹੀਂ ਜੀਊਂਦੀ** ਹੈ।ਆਪਣੀ ਰੂਹਾਨੀ ਸ਼ਕਤੀ ਅਤੇ ਆਤਮਿਕ ਗੁਣਾਂ ਦੇ ਪ੍ਰਗਟ ਪ੍ਰਤਾਪ ਨਾਲ ਹੀ ਕੋਈ ਗੁਰੂ ਪੀਰ ਅਖਵਾਉਣ ਦੇ ਕਾਬਿਲ ਬਣਦਾ ਹੈ ਤੇ ਫਿਰ ਉਹ ਲੋਕਾਂ ਨੂੰ ਅਗਿਆਨਤਾ ਦੇ ਹਨੇਰੇ ਵਿਚੋਂ ਕੱਢ ਕੇ ਗਿਆਨ-ਪ੍ਰਕਾਸ਼ ਦੇ ਉਜਾਲੇ ਵਲ ਲੈ ਕੇ ਜਾਂਦਾ ਹੈ।ਗੁਰੂ ਦੇ ਸਰੀਰ ਤਿਆਗਣ ਪਿਛੋਂ ਉਸਦਾ ਚੇਲਾ ਗੁਰਗੱਦੀ ਉਤੇ ਬੈਠਦਾ ਹੈ।ਚੇਲੇ ਦੀ ਰੂਹਾਨੀ ਸ਼ਕਤੀ ਗੁਰਗੱਦੀ ਦੀ ਸ਼ਾਨ ਵਧਾ ਕੇ ਉਸ ਵਿਚ ਹੋਰ ਜਾਨ ਪਾਉਂਦੀ ਹੈ ਅਤੇ ਕਦੀ ਕਦੀ ਚੇਲੇ ਦੇ ਮਾੜੇ ਕਰਮ ਗੁਰਗੱਦੀ ਨੂੰ ਨਿਰਬਲ ਵੀ ਬਣਾ ਦਿੰਦੇ ਹਨ।ਇਸ ਤਰ੍ਹਾਂ ਗੁਰਗੱਦੀ ਅਗੇ ਤੋਂ ਅਗੇ ਚਲਦੀ ਹੈ ਪਰ ਜਦੋਂ ਚੇਲਿਆਂ ਵਿਚੋਂ ਰੂਹਾਨੀਅਤ ਖਤਮ ਹੋ ਜਾਂਦੀ ਹੈ ਤਾਂ ਗੁਰਗੱਦੀ ਦੀ ਉਮਰ ਵੀ ਖਤਮ ਹੀ ਹੋ ਜਾਂਦੀ ਹੈ।ਭਾਰਤ ਵਿਚ ਰੂਹਾਨੀਅਤ ਦੇ ਇਤਿਹਾਸ ਵਿਚੋਂ ਕਿੰਨੀਆਂ ਗੁਰਗੱਦੀਆਂ ਅਲੋਪ ਹੋ ਚੁੱਕੀਆਂ ਹਨ?ਕਈ ਨਵੀਆਂ ਉਗਮ ਪਈਆਂ ਹਨ ਪਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੁਰਗੱਦੀ ਸਦ-ਜੀਵੀ ਹੈ।

ਕਲਿਯੁਗ ਦੇ ਘੋਰ ਅੰਧਕਾਰ ਵਿਚ ਗਿਆਨ ਦੇ ਪ੍ਰਕਾਸ਼ ਦਾ ਉਜਾਲਾ ਕਰਨ ਲਈ,ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਲਾਹੀ ਤਖਤ ਸੰਪੂਰਨ ਗੁਰੂ ਦੇ ਰੂਪ ਵਿਚ ਬਿਰਾਜਮਾਨ ਹੈ।ਕਲਾਧਾਰ ਵਾਹਿਗੁਰੂ ਕਿਸੇ ਰੂਪ ਵਿਚ ਵੀ ਪ੍ਰਗਟ ਹੋ ਸਕਦਾ ਹੈ।ਗਿਆਨ-ਪ੍ਰਕਾਸ਼ ਦਾ ਸੋਮਾ

ਪੈਦਾ ਕਰਨ ਲਈ ਕਰਤਾ ਪੁਰਖ ਨੇ ਦਸੋ ਪਾਤਸ਼ਾਹੀਆਂ ਦੇ ਜੋਤ-ਸਰੂਪ ਨੂੰ ਪ੍ਰਗਟ ਕਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰਾਹੀਂ ਗੁੱਝੀ ਕਲਾ ਵਰਤਾਈ।ਜਿਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਣ ਵਿਚ ਰਹਿਣ ਦੇ ਰੰਗ ਮਾਣੇਂ ਹਨ,ਉਹ ਜਾਣਦੇ ਹਨ ਕਿ ਸੱਚੇ ਦਿਲ ਦੀ ਪੁਕਾਰ ਸੁਣ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਨਿਰੰਕਾਰੀ ਜੋਤ ਹਰ ਥਾਂ ਹਾਜਰ ਹੋਣ ਦੇ ਸਮਰੱਥ ਹੈ।ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੁਰਗੱਦੀ ਉਤੇ ਬਿਰਾਜਮਾਨ ਗਿਆਰਵੇਂ ਪਾਤਿਸ਼ਾਹ ਸਾਨੂੰ ਭਵ ਸਾਗਰ ਵਿਚ ਡੁੱਬਣ ਤੋਂ ਬਚਾਉਂਦੇ ਹਨ।ਲੋਕ ਪ੍ਰਲੋਕ ਵਿਚ ਸਹਾਈ ਹੋਣ ਦੇ ਪ੍ਰਤੱਖ ਪ੍ਰਮਾਣ ਮਿਲਦੇ ਹਨ।ਜਿਨ੍ਹਾਂ ਗੁਰਮੁਖਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨਿਰੰਜਨੀ ਜੋਤ ਦੇ ਅਨੁਭਵ ਹੁੰਦੇ ਹਨ ਉਹ ਗੁਰੂ ਜੀ ਦੇ ਸਨਮੁਖ ਹੋਣ ਲਈ ਆਪਣਾ ਆਪ ਭੁਲਾ ਕੇ ਸਦਾ ਪਰਣੈ ਹੋਏ ਰਹਿੰਦੇ ਹਨ ਤੇ ਗੁਰੂ ਤੋਂ ਬਿਨਾ ਹੋਰ ਕਿਸੇ ਵਲ ਝਾਕਦੇ ਵੀ ਨਹੀਂ ਹਨ।ਉਹ ਧੁਰ ਕੀ ਬਾਣੀ ਵਿਚ ਲੀਨ ਹੋ ਕੇ ਰਚਨਹਾਰਿਆਂ ਦੀ ਸੰਗਤ ਦੇ ਰੰਗ ਮਾਣ ਲੈਂਦੇ ਹਨ।ਵਿਸ਼ਵ ਦੇ ਰਚਨਹਾਰੇ ਨੂੰ ਉਸਦੀ ਰਚਨਾ ਵਿਚੋਂ ਨਿਹਾਰਦੇ ਹੋਏ ਹਰ ਰੰਗ ਵਿਚ,ਹਰ ਹਾਲ ਵਿਚ ਉਸੇ ਨੂੰ ਹੀ ਦੇਖਦੇ ਹਨ ਉਨ੍ਹਾਂ ਦੀ ਮੈ ਕਰਤਾ ਪੁਰਖ ਦੀ ਮੈ ਵਿਚ ਜਾ ਵਸਦੀ ਹੈ ਤੇ ਉਹ ਮੈ ਮੇਰੀ ਵਿਚੋਂ ਨਿਕਲ ਕੇ ਤੂੰ ਤੇਰੀ ਵਿਚ ਵੜ ਜਾਂਦੇ ਹਨ।ਪਰ ਸਾਡਾ ਹਾਲ ਦੇਖੋ ਕਿ ਅਸੀਂ ਗੁਰੂ ਰੂਪੀ ਬਾਣੀ ਨੂੰ ਹਿਰਦੇ ਵਿਚ ਵਸਾਉਣ ਦੀ ਥਾਂ ਇਸ ਨੂਰਾਨੀ ਜੋਤ ਦੀ ਸੁਧਾਈ ਕਰਨ ਲਈ ਸਕੂਲਾਂ ਕਾਲਜਾਂ ਵਿਚ ਡਿਗਰੀਆਂ ਤੇ ਇਨਾਮ ਦੇਣ ਦਾ ਜਾਲ ਵਿਛਾਇਆ ਹੋਇਆ ਹੈ।

ਦੇਖਿਆ ਜਾਵੇ...!ਤਾਂ ਕੀ ਅਸੀਂ ਸੋਚ ਸਕਦੇ ਹਾਂ ਕਿ ਸਾਡੀਆਂ ਇਨ੍ਹਾਂ ਧਾਰਮਿਕ ਸੰਸਥਾਵਾਂ ਦੇ ਵਿਦਿਆਰਥੀ,ਜਿਨ੍ਹਾਂ ਨੇ ਬਾਣੀ ਨੂੰ ਸੋਧਣ ਦੇ ਹੀਲਿਆਂ ਵਸੀਲਿਆਂ ਦੇ ਘੇਰੇ ਵਿੱਚ ਹੀ ਆਪਣੇ ਆਪ ਨੂੰ ਬੰਨ੍ਹਿਆਂ ਹੋਇਆ ਹੈ।ਕੀ ਉਹ ਆਪਣੀ ਅਕਲ ਤੋਂ ਪਿੱਛਾ ਛੁਡਾ ਕੇ,ਹਉਮੈ ਰਹਿਤ ਹੋ ਕੇ ਬਾਣੀ ਦਾ ਪੂਰਾ ਅਨੰਦ ਮਾਣ ਸਕਦੇ ਹਨ? ਕੀ.. ਬਾਣੀ ਦੀਆਂ ਲਗਾਂ ਮਾਤਰਾਂ ਨੂੰ ਬਦਲਣ ਦੇ ਚੱਕਰ ਵਿਚ ਫਸਣ ਨਾਲ ਬਚਿਆਂ ਦੇ ਪ੍ਰੇਮ-ਵੈਰਾਗ ਵਿਚ ਘਾਟਾ ਨਹੀਂ ਪਵੇਗਾ..?ਕੀ ਉਨ੍ਹਾਂ ਦੀ ਸ਼ਰਧਾ-ਭਾਵਨਾ ਨੂੰ ਖੋਰਾ ਨਹੀਂ ਲਗਦਾ ਹੋਵੇਗਾ..? ਪ੍ਰਭੂ ਪ੍ਰੀਤ ਦੀਆਂ ਜੜ੍ਹਾਂ ਤਾਂ ਸ਼ਰਧਾ ਅਤੇ ਭਰੋਸੇ ਵਿਚ ਖੁੱਭੀਆਂ ਹੋਈਆਂ ਹੁੰਦੀਆਂ ਹਨ,ਜੇ ਕਿਸੇ ਨੇ ਇਨ੍ਹਾਂ ਵਿਚ ਨਿੰਮਰਤਾ ਦਾ ਪਾਣੀ ਨਾ ਪਾਇਆ ਤਾਂ ਇਨ੍ਹਾਂ ਮਸੂਮ ਜਿੰਦਾਂ ਦੇ ਪ੍ਰੇਮ-ਵੈਰਾਗ ਨੂੰ ਸੋਧਣ ਸ਼ਕਤੀ ਦੀ ਹਉਮੈ ਧੁਆਂਖ ਦੇਵੇਗੀ।ਤੇ ਫਿਰ ਪ੍ਰੇਮ-ਹੰਝੂਆਂ ਦੇ ਸੇਂਜੇ ਤੋਂ ਬਿਨਾਂ,ਬੰਜਰ ਹੋਈ ਦਿਲ-ਧਰਤੀ ਉਤੇ ਕਿਹੜੇ ਗੁਲਾਬ ਮਹਿਕਣਗੇ..?

ਚੰਗੇ ਭਾਗਾਂ ਨੂੰ ਕੁਝ ਮਹਾਂ ਪੁਰਸ਼ ਸੰਗਤ ਨੂੰ ਗੁਰਬਾਣੀ ਨਾਲ ਜੋੜਨ ਲਈ ਸਹੀ ਢੰਗ ਨਾਲ ਸੰਥਿਆ ਦੇਣ ਦੀ ਸੇਵਾ ਨਿਭਾ ਰਹੇ ਹਨ।ਆਤਮਿਕ ਗੁਣਾਂ ਦੀ ਸਾਂਝ ਕਰਦੇ ਹੋਏ ਸੰਗਤਾਂ ਨੂੰ ਗੁਰਬਾਣੀ ਦੇ ਗੂੜ੍ਹੇ ਅਰਥਾਂ ਨੂੰ ਸਮਝਣ ਦੇ ਸਮਰੱਥ ਬਣਾ ਰਹੇ ਹਨ।ਦਸੋ ਪਾਤਿਸ਼ਾਹੀਆਂ ਦੇ ਜੋਤ-ਸਰੂਪ ਦੀ ਚੁੰਬਕੀ ਖਿੱਚ ਨੂੰ ਮਹਿਸੂਸ ਕਰਨ ਦੇ ਕਾਬਿਲ ਬਣਾ ਰਹੇ ਹਨ।ਅੱਜ ਵੀ ਜਿਹੜੀਆਂ ਥਾਵਾਂ ਉਤੇ ਨਿਸ਼ਕਾਮ ਭਾਵਨਾਂ ਅਤੇ ਪ੍ਰੇਮ-ਭਾਵਨੀ ਨਾਲ ਗੁਰਮਤਿ ਅਨੁਸਾਰ ਕੀਰਤਨ ਹੁੰਦਾ ਹੈ ਤੇ ਨਾਮ ਬਾਣੀ ਦੀ ਕਮਾਈ ਕੀਤੀ ਜਾਂਦੀ ਹੈ ਉਥੇ ਦੈਵੀ ਗੁਣਾਂ ਵਾਲੀਆਂ ਕਰਾਮਾਤਾਂ ਵਰਤਦੀਆਂ ਹਨ।ਫੋਕੀਆਂ ਫਿਲਾਸਫੀਆਂ ਦੇ ਘੇਰੇ ਵਿਚ ਫਸਣ ਦੀ ਥਾਂ ਜਗਿਆਸੂ ਧੁਰ ਕੀ ਬਾਣੀ ਵਿਚ ਰਸਲੀਨ ਹੋਣ ਲਈ ਕਮਾਈਆਂ ਕਰਦੇ ਹਨ।ਗੁਰੂ ਜੀ ਦੇ ਚਰਨ ਹਿਰਦੇ ਵਿਚ ਵਸਾ ਕੇ ਅੰਤਰ-ਆਤਮੇ ਸਮ੍ਹਾਲੀ ਰੱਖਦੇ ਹਨ,ਗੁਰੂ ਚਰਨਾਂ ਵਿਚ ਪਰਣੈ ਹੋ ਕੇ ਬਿਰਹੜੇ ਦੇ

ਹੰਝੂਆਂ ਦੀਆਂ ਝੜੀਆਂ ਲਗਾਉਂਦੇ ਹਨ।ਉਹ ਮੇਹਰਾਂ ਦਾ ਸਾਈਂ ਇਨ੍ਹਾਂ ਪ੍ਰੇਮ-ਦੀਵਾਨਿਆਂ ਦੇ ਅਖਾੜਿਆਂ ਵਿਚ ਅਮਿਓ-ਰਸ ਦੀ ਬਰਸਾਤ ਲਗਾਉਂਦਾ ਹੈ ਤੇ ਫਿਰ ਇਨ੍ਹਾਂ ਹਰਿਆਂ ਭਰਿਆਂ ਨੂੰ ਦੇਖ ਕੇ ਸੋਕੇ ਸਾੜਿਆਂ ਦੇ ਮਾਰੇ ਹੋਏ ਪ੍ਰਾਣੀਆਂ ਦਾ ਵੀ ਪ੍ਰੇਮ-ਰਸ ਦੇ ਸਾਗਰਾਂ ਵਿਚ ਡੁਬਕੀਆਂ ਲਗਾਉਣ ਨੂੰ ਦਿਲ ਕਰ ਆਉਂਦਾ ਹੈ।ਉਹ ਵੀ ਜਾ ਪਹੁੰਚਦੇ ਹਨ,ਇਨ੍ਹਾਂ ਨਾਮ-ਰਸੀਆਂ ਦੀਆਂ ਮੰਡਲੀਆਂ ਵਿਚ,ਤੇ ਭਿੱਜ ਜਾਂਦੇ ਹਨ..!ਨੁੱਚੜ ਜਾਂਦੇ ਹਨ..ਰੂਹ ਦੀਆਂ ਗਹਿਰਾਈਆਂ ਤੱਕ..!

***************

# ਪੰਥ ਪ੍ਰਵਾਨਿਤ ਰਸਮ

ਪੁਰਾਣੇ ਸਿੱਖ ਇਤਿਹਾਸ ਨੂੰ ਫ੍ਰੋਲ ਕੇ ਦੇਖੀਏ ਤਾਂ ਸਪੱਸ਼ਟ ਹੁੰਦਾ ਹੈ ਕਿ ਬਾਣੀ ਦੀ ਪਾਰਸ ਕਲਾ ਨਾਲ ਜਿਹੜੇ ਦੈਵੀ ਚਮਤਕਾਰ ਪਹਿਲਾਂ ਹੋਇਆ ਕਰਦੇ ਸੀ ਉਹ ਅੱਜ ਨਹੀਂ ਹੋ ਰਹੇ।ਇਸ ਦਾ ਕਾਰਨ ਇਹ ਹੈ ਕਿ ਸਾਡੀ ਸ਼ਰਧਾ,ਪ੍ਰੇਮ ਤੇ ਭੈ-ਭਾਵਨੀ ਵਿਚ ਫਰਕ ਪਿਆ ਹੈ।ਧੁਰ ਕੀ ਬਾਣੀ ਵਿਚ ਆਪਣੀ ਮੱਤਿ ਦੀ ਮਿਲਾਵਟ ਕਰਨ ਨਾਲ ਬਾਣੀ ਦੀ ਪਾਰਸ ਕਲਾ ਵਿਚ ਵੀ ਫਰਕ ਪਿਆ ਹੈ।

ਕਈ ਵਾਰੀ ਏਦਾਂ ਵੀ ਹੁੰਦਾ ਹੈ ਕਿ ਕਿਸੇ ਮੁਸ਼ਕਿਲ ਨੂੰ ਹੱਲ ਕਰਨ ਲਈ ਕੋਈ ਪ੍ਰਾਣੀ ਨਵੀਂ ਕਾਢ ਕੱਢਦਾ ਹੈ ਉਸ ਵਲ ਦੇਖ ਕੇ ਕਈ ਹੋਰ ਵੀ ਉਸਦੀ ਰੀਸ ਕਰਨ ਲੱਗ ਪੈਂਦੇ ਹਨ।ਹੌਲੀ ਹੌਲੀ ਉਸ ਢੰਗ ਨੂੰ ਅਪਣਾਉਣ ਵਾਲਿਆਂ ਦੀ ਗਿਣਤੀ ਵਧਦੀ ਜਾਂਦੀ ਹੈ ਤੇ ਅਖੀਰ ਉਹ ਇਕ **ਰਸਮ** ਬਣ ਜਾਂਦੀ ਹੈ।ਫਿਰ ਉਸ ਉਤੇ ਕੋਈ ਕਿੰਤੂ ਪ੍ਰੰਤੂ ਨਹੀਂ ਕਰਦਾ ਤੇ ਸਾਰੇ ਉਸ ਰਸਮ ਨੂੰ ਅਪਨਾਉਣ ਵਿਚ ਹੀ ਭਲਾ ਮਨਾਉਂਦੇ ਹਨ ਤੇ ਜਦੋਂ ਕੋਈ ਰਸਮ ਸਮਾਜ ਵਿਚ ਆਪਣੀਆਂ ਜੜ੍ਹਾਂ ਮਜਬੂਤ ਕਰ ਲੈਂਦੀ ਹੈ ਤਾਂ ਫਿਰ ਉਸਨੂੰ ਉਖਾੜ ਕੇ ਪਰ੍ਹੇ ਸੁੱਟਣਾਂ ਔਖਾ ਹੋ ਜਾਂਦਾ ਹੈ।

ਗੁਰਬਾਣੀ ਸੋਧਣ ਦਾ ਤ੍ਰੀਕਾ ਵੀ **ਇਕ ਰਸਮ** ਹੀ ਬਣਦੀ ਜਾ ਰਹੀ ਹੈ।ਹਾਲਤ ਇੱਥੋਂ ਤੱਕ ਪਹੁੰਚ ਗਏ ਹਨ ਕਿ ਸੰਗਤ ਇਸ ਨੂੰ **ਪੰਥ ਪ੍ਰਵਾਨਿਤ ਰਸਮ** ਸਮਝ ਕੇ ਅਪਣਾ ਰਹੀ ਹੈ।ਪੰਥ ਪ੍ਰਵਾਨਿਤ ਰਸਮ ਹੋਣ ਕਰਕੇ ਬਹੁਤੀ ਸੰਗਤ ਬਾਣੀ ਸੋਧਣ ਨੂੰ ਹੀ ਸੱਚੀ ਸੇਵਾ ਸਮਝਦੀ ਹੈ ਤੇ ਸੱਚੀ ਨੀਅਤ ਨਾਲ ਇਸ ਸੇਵਾ ਨੂੰ ਪ੍ਰੇਮ,ਲਗਨ ਤੇ ਇਮਾਨਦਾਰੀ ਨਾਲ ਨਿਭਾ ਰਹੀ ਹੈ।ਪੰਥ ਪ੍ਰਵਾਨਿਤ ਰਸਮ ਦੀ ਆੜ ਵਿਚ ਹੀ ਕੁਝ ਹੂੜ੍ਹ ਮਤੀਏ ਬਾਣੀ ਨੂੰ ਸੋਧਣ ਦੇ ਬਹਾਨੇ ਅਰਥਾਂ ਦੇ ਅਨਰਥ ਕਰਨ ਤੋਂ ਗੁਰੇਜ਼ ਨਹੀਂ ਕਰਦੇ।ਬਾਣੀ ਨੂੰ ਸੋਧਣ ਦੀ ਹਉਮੈ ਦੇ ਲੇਪ ਨਾਲ ਭਰੇ ਹੋਏ ਸੰਗਤਾਂ ਉਤੇ ਆਪਣੀ ਵਿਦਵਤਾ ਦਾ ਰੋਅਬ ਪਾ ਕੇ ਪੈਸੇ ਕਮਾਉਂਦੇ ਹਨ,ਸ਼ੁਹਰਤ ਖੱਟਦੇ ਹਨ।ਕੋਈ ਉਨ੍ਹਾਂ ਉਤੇ ਕਿੰਤੂ ਪ੍ਰੰਤੂ ਨਹੀਂ ਕਰਦਾ।

ਕਈ ਐਸੇ ਵੀ ਹਨ ਜਿਹੜੇ ਭੋਲੇ ਭਾਅ ਹੀ ਇਸ ਰਸਮ ਉਤੇ ਪਹਿਰਾ ਦੇਈ ਜਾ ਰਹੇ ਹਨ।ਪ੍ਰੇਮ-ਪਿਆਰ ਦੇ ਵਹਾਓ ਵਿਚ ਆ ਕੇ ਬਾਣੀ ਉਚਾਰਦੇ ਹੋਏ ਗੁਰਬਾਣੀ ਦੀ ਬੋਲੀ ਨੂੰ ਅਜ

ਦੀ ਪੰਜਾਬੀ ਬੋਲੀ ਵਿਚ ਉਚਾਰਦੇ ਹੋਏ ਲਗਾਂ ਮਾਤਰਾ ਵਿਚ ਥੋੜ੍ਹਾ ਬਹੁਤ ਫਰਕ ਪਾ ਲੈਂਦੇ ਹਨ। ਉਹ ਇਸ ਨੂੰ ਪੰਥ ਪ੍ਰਵਾਨਿਤ ਰਸਮ ਦੀ ਪੂਰਤੀ ਹੀ ਸਮਝਦੇ ਹਨ।ਉਨ੍ਹਾਂ ਰੰਗ ਰੱਤੀਆਂ ਰੂਹਾਂ ਦੇ ਬਾਣੀ ਪ੍ਰਤੀ ਪ੍ਰੇਮ-ਪਿਆਰ ਵਿਚ ਕੋਈ ਫਰਕ ਨਹੀਂ ਹੁੰਦਾ,ਉਹ ਅੰਤ੍ਰ ਆਤਮੇ ਪ੍ਰਭੂ ਪਿਆਰ ਵਿਚ ਭਿੱਜੇ ਹੋਏ ਹੁੰਦੇ ਹਨ।ਪੰਥ ਪ੍ਰਵਾਨਿਤ ਰਸਮ ਉਨ੍ਹਾਂ ਨੂੰ ਵੀ ਬਾਣੀ ਵਿਚ ਦਖਲ ਅੰਦਾਜ਼ੀ ਕਰਨ ਦੇ ਰਾਹ ਉਤੇ ਤੋਰੀ ਰੱਖਦੀ ਹੈ।ਅਣਜਾਣੇ ਵਿਚ ਉਹ ਵੀ ਇਸ ਗੱਲ ਨੂੰ ਭੁੱਲ ਜਾਂਦੇ ਹਨ ਕਿ ਕਲ੍ਹ ਨੂੰ ਇਸ ਰਸਮ ਦੇ ਨਤੀਜੇ ਕੀ ਨਕਲਣਗੇ।

ਦਸਮ ਪਿਤਾ ਨੇ ਗੁਰਸਿੱਖ ਨੂੰ ਆਪਣੀ ਦਸਾਂ ਨੌਹਾਂ ਦੀ ਕਮਾਈ ਦਾ ਦਸਵੰਧ ਕੱਢਣ ਦੇ ਨਾਲ ਨਾਲ ਆਪਣੇ ਸਮੇ ਦਾ ਦਸਵੰਧ ਕੱਢ ਕੇ ਧਰਮ ਪ੍ਰਚਾਰ ਕਰਨ ਲਈ ਵੀ ਕਿਹਾ ਹੈ।ਅਜ ਕਲ੍ਹ ਹਾਲਾਤ ਇਹੋ ਜਿਹੇ ਹੋ ਗਏ ਹਨ ਕਿ ਕੋਈ ਆਪਣੀ **ਦਸਾਂ ਨੌਹਾਂ ਦੀ ਕਮਾਈ ਵਿਚੋਂ ਦਸਵੰਧ ਕੱਢੇ ਜਾਂ ਨਾ ਕੱਢੇ...!ਅਲੱਗ ਗੱਲ ਹੈ, ਪਰ ਆਪਣੇ ਸਮੇ ਦਾ ਦਸਵੰਧ ਕੱਢ ਕੇ ਗੁਰਬਾਣੀ ਸੋਧਣ ਦੀ ਸੰਥਿਆ ਦੇਣ ਵਾਲੇ ਬੜੇ ਮਿਲ ਜਾਣਗੇ**।ਬੱਚਿਆਂ ਨੂੰ ਡਿਗਰੀਆਂ ਅਤੇ ਇਨਾਮ ਲੈਣ ਦਾ ਸ਼ੋਕ ਹੁੰਦਾ ਹੈ ਇਸ ਲਈ ਉਹ ਲਗਨ ਨਾਲ ਮੇਹਨਤ ਕਰਕੇ ਗੁਰਬਾਣੀ ਦੀ ਸੁਧਾਈ ਕਰਨੀ ਸਿੱਖਦੇ ਹਨ।ਡਿਗਰੀਆਂ ਤੇ ਇਨਾਮ ਪ੍ਰਾਪਤ ਕਰਨ ਦੀ ਲਾਲਸਾ ਉਨ੍ਹਾਂ ਨੂੰ ਬਾਣੀ ਦੇ ਉਚਾਰਣ ਵਿਚ ਤ੍ਰੋੜ ਮ੍ਰੋੜ ਕਰਨ ਵਿਚ ਪ੍ਰਪੱਕ ਕਰਦੀ ਹੈ।ਇਕ ਚੌਦਾਂ ਕੁ ਸਾਲ ਦਾ ਸੋਹਣਾਂ ਸੁਨੱਖਾ ਲੜਕਾ ਗੁਰਦੁਆਰੇ ਵਿਚ ਸੰਗਤ ਨੂੰ ਸਿਮਰਨ ਕਰਵਾ ਰਿਹਾ ਸੀ।ਖਾਲਸਈ ਬਾਣੇ ਵਿਚ ਸਜੇ ਹੋਏ ਨੂੰ ਦੇਖ ਕੇ ਰੂਹ ਖੁਸ਼ ਹੁੰਦੀ ਸੀ।ਪਰ ਉਹ ਵਾਹਿਗੁਰੂ ਦਾ ਉਚਾਰਣ ਵਾਂਹਿਗੁਰੂ ਕਹਿ ਕੇ ਕਰ ਰਿਹਾ ਸੀ।ਵਾਹਿਗੁਰੂ ਸ਼ਬਦ ਨੇ ਤਾਂ ਸਾਡੇ ਅੰਤਰ ਆਤਮੇ ਠੰਡ ਪਾਉਣੀ ਸੀ ਪਰ ਜਦ ਸਿਮਰਨ ਲਈ ਅਖੀਆਂ ਮੀਟੀਆਂ ਤਾਂ ਵਾਹਿਗੁਰੂ ਨਾਮ ਦੇ ਉਤੇ ਵਾਧੂ ਦੀ ਬਿੰਦੀ (ਵਾਂਹਿਗੁਰੂ) ਰੋੜਾ ਬਣ ਕੇ ਰੜਕਣ ਲੱਗੀ।ਇਓਂ ਲੱਗੇ ਜਿਵੇਂ ਉਸ ਵਿਚਾਰੇ ਦੀ ਜ਼ੁਬਾਨ ਵਿਚ ਕੋਈ ਨੁਕਸ ਹੈ ਪਰ ਸਮਾਗਮ ਦੀ ਸਮਾਪਤੀ ਪਿੱਛੋਂ ਪਤਾ ਲੱਗਿਆ ਕਿ ਉਹ ਧਾਰਮਿਕ ਸਿੱਖਿਆ ਦਾ ਵਿਦਿਆਰਥੀ ਹੈ ਤੇ ਗੁਰਬਾਣੀ ਵਿਚ ਬਿੰਦੀਆਂ ਲਗਾ ਕੇ ਗੁਰਬਾਣੀ ਸੋਧਣ ਦੇ ਵਿਸ਼ੇ ਵਿਚ ਉਸ ਨੇ ਬੜੇ ਇਨਾਮ ਜਿੱਤੇ ਹੋਏ ਹਨ।ਉਹ ਵਾਹਿਗੁਰੂ ਸ਼ਬਦ ਉਤੇ ਬਿੰਦੀ ਲਗਾ ਕੇ ਵਾਂਹਿਗੁਰੂ ਕਹਿਣਾਂ ਵੀ ਗੁਰਬਾਣੀ ਦੀ ਸੁਧਾਈ ਲਈ ਉਚਿੱਤ ਸਮਝਦਾ ਹੈ।

ਇਕ ਨਾਮ ਬਾਣੀ ਦਾ ਰਸੀਆ,ਜਿਸਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਲੌਕਿਕ ਪ੍ਰਕਾਸ਼ ਦਰਸ਼ਨਾਂ ਦੀ ਬਖਸ਼ਿਸ਼ ਪ੍ਰਾਪਤ ਸੀ।ਨਾਮ ਅਭਿਆਸੀ ਹੋਣ ਕਰਕੇ ਦੈਵੀ ਚਮਤਕਾਰਾਂ ਦੀ ਬਖਸ਼ਿਸ਼ ਵੀ ਸੀ।ਉਸਨੇ ਭੋਲੇ ਭਾਲੇ ਬੱਚਿਆਂ ਨੂੰ ਅਜਿਹੀ ਸਿੱਖਿਆ ਦੇਣ ਵਾਲਿਆਂ ਦੇ ਵਾਰੇ ਵਿਚ ਵਲੂੰਧਰੇ ਹੋਏ ਦਿਲ ਨਾਲ ਕਿਹਾ,-"ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਤੇ ਸਾਡੇ ਦੂਜੇ ਗੁਰੂਆਂ ਨੂੰ ਕਿੰਨੇ ਦੁੱਖ ਸਹਾਰਨੇ ਪਏ ਸੀ?ਉਸੇ ਤਰ੍ਹਾਂ ਹੀ ਇਸ ਵੇਲੇ ਵੀ ਪੰਥ ਦੇ ਦੋਖੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੂਲ ਸਰੂਪ ਨੂੰ ਗੰਧਲਾ ਕਰਨ ਵਿਚ ਜੁੱਟੇ ਹੋਏ ਹਨ।"

*****************

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮੂਲ ਸਰੂਪ

ਬੱਚਾ ਤੋਤਲੀ ਬੋਲੀ ਵਿਚ ਗੱਲ ਕਰਦਾ ਹੈ ਤਾਂ ਮਾਂ ਨੂੰ ਬੁਰਾ ਨਹੀਂ ਲਗਦਾ ਪਰ ਉਹ ਬੱਚੇ ਦੀ ਬੋਲੀ ਠੀਕ ਕਰਨ ਲਈ ਯਤਨਸ਼ੀਲ ਹੁੰਦੀ ਹੈ।ਅਸੀਂ ਸਭ ਪਿਤਾ ਪ੍ਰਮਾਤਮਾਂ ਦੇ

ਭੁੱਲਣਹਾਰ ਬੱਚੇ ਹਾਂ।ਅਭੁੱਲ ਤਾਂ ਉਹ ਹੀ ਹੈ..!ਸਾਡਾ ਸੱਚਾ ਸਾਈਂ..! ਜਿਹੜਾ ਕਦੀ ਕੋਈ ਭੁੱਲ ਨਹੀਂ ਕਰਦਾ..।ਬਾਣੀ ਦਾ ਸ਼ੁੱਧ ਉਚਾਰਣ ਕਰਨਾ ਬੜਾ ਹੀ ਔਖਾ ਹੈ।ਬਾਣੀ ਦੇ ਡੂੰਘੇ ਭਾਵ ਅਰਥਾਂ ਵਿਚ ਲੀਨ ਹੋਏ ਰਸਿਕਾਂ ਕੋਲੋਂ ਵੀ ਭੋਲੇ ਭਾਅ ਹੀ ਗੁਰਬਾਣੀ ਉਚਾਰਣ ਵਿਚ ਭੁੱਲਾਂ ਹੋ ਜਾਂਦੀਆਂ ਹਨ।ਬਖਸ਼ਿੰਦ ਗੁਰੂ ਬਖਸ਼ ਦਿੰਦਾ ਹੈ।ਉਹ ਹਿਰਦੇ ਦੀ ਕੂਕ ਪੁਕਾਰ ਸੁਣਦਾ ਹੈ।ਸੱਚੀਆਂ ਸੁੱਚੀਆਂ ਭਾਵਨਾਵਾਂ ਨੂੰ ਫਲ ਲਗਦੇ ਹਨ।ਪਰ **ਦੁੱਖ ਦੀ ਗੱਲ ਤਾਂ ਇਹ ਹੈ ਕਿ ਅੱਜ ਕਲ੍ਹ ਭੋਲੇ ਭਾਅ ਗੁਰਬਾਣੀ ਉਚਾਰਣ ਵਿਚ ਭੁੱਲਾਂ ਕਰਨ ਵਾਲਿਆਂ ਨਾਲੋਂ ਜਾਣ ਬੁੱਝ ਕੇ ਪ੍ਰਚਾਰਕਾਂ ਦੀ ਸਿੱਖਿਆ ਅਨੁਸਾਰ ਉਚਾਰਣ ਵਿਚ ਫਰਕ ਪਉਣ ਵਾਲਿਆਂ ਦੀ ਗਿਣਤੀ ਵੱਧ ਦਿਖਾਈ ਦਿੰਦੀ ਹੈ।**

ਜਾਣੇ-ਅਣਜਾਣੇ ਵਿਚ ਗਲਤ ਉਚਾਰਣ ਹੋ ਜਾਵੇ ਤਾਂ ਹੋਰ ਗੱਲ ਹੈ ਪਰ ਆਪਣੀ ਚੁੰਚ-ਗਿਆਨਤਾ ਦਾ ਪ੍ਰਗਟਾਵਾ ਕਰਨ ਲਈ ਅੰਮ੍ਰਿਤ ਬਾਣੀ ਦੇ ਉਚਾਰਣ ਵਿਚ ਦਖਲ ਅੰਦਾਜ਼ੀ ਕਰਕੇ ਅਰਥਾਂ ਦੇ ਅਨਰਥ ਕਰਨੇ ਘੋਰ ਪਾਪ ਹੈ।ਇਸ ਨਾਲ ਅਸੀਂ ਆਪਣੇ ਅਧਿਆਤਮਿਕ ਜੀਵਨ ਦਾ ਹੀ ਨਾਸ ਨਹੀਂ ਕਰਦੇ ਸਗੋਂ ਧੁਰ ਕੀ ਬਾਣੀ ਵਿਚ ਆਪਣੀ ਅਕਲ ਦੀ ਮਿਲਾਵਟ ਕਰਨ ਨਾਲ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੂਲ ਸਰੂਪ ਤੋਂ ਵਾਂਝਿਆ ਕਰਦੇ ਹਾਂ। ਪਤਾ ਨਹੀਂ ਕਿਉਂ..? ਸਾਡੀਆਂ ਸਰਵ-ਉਚ ਸੰਸਥਾਵਾਂ ਵਾਲੇ ਵੀ ਇਸ ਮਾਮਲੇ ਵਿਚ ਚੁੱਪ ਧਾਰੀ ਬੈਠੇ ਹਨ।

ਦੇਖਣ ਵਿੱਚ ਇਹ ਵੀ ਆਉਂਦਾ ਹੈ ਕਿ ਸਟੇਜ ਉਤੇ ਪਾਠ ਕਰਨ ਸਮੇਂ ਕਿਸੇ ਪਾਠੀ ਜਾਂ ਕੀਰਤਨੀਏ ਕੋਲੋਂ ਜੇ ਕਿਧਰੇ ਵਾਧੂ ਦੀਆਂ ਲਗਾਂ-ਮਾਤਰਾਂ ਲਗਾਉਣ ਵਿਚ ਕਮੀ ਰਹਿ ਗਈ ਹੋਵੇ ਤਾਂ ਉਸਨੂੰ ਅੱਗੋਂ ਲਈ ਬਾਣੀ ਨੂੰ ਸੋਧ ਕੇ ਪੜ੍ਹਨ ਦੀ ਚਿਤਾਵਨੀ ਦੇਣ ਲਈ ਹੋਰ ਕਈ ਤਿਆਰ ਬੈਠੇ ਹੁੰਦੇ ਹਨ।ਅਜਿਹੇ ਪ੍ਰਾਣੀਆਂ ਨੂੰ ਇਲਾਹੀ ਬਾਣੀ ਦੇ ਰੰਗ ਰਸ ਮਾਨਣ ਦੀਆਂ ਕਥਾ ਕਹਾਣੀਆਂ ਕਰਨ ਦੀ ਥਾਂ ਇਕ ਦੂਜੇ ਨੂੰ ਇਹੀ ਗੱਲ ਕਹਿੰਦੇ ਸੁਣੀਦਾ ਹੈ ਕਿ ਬਾਣੀ ਦੀ ਇਸ ਤੁਕ ਨੂੰ ਇਸ ਤਰ੍ਹਾਂ ਨਹੀਂ...ਇਸ ਤਰ੍ਹਾਂ ਪੜ੍ਹਨਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਬੈਠਾ ਗ੍ਰੰਥੀ ਸਿੰਘ ਧੁਰ ਕੀ ਬਾਣੀ ਦਾ ਉਚਾਰਨ ਕਰਦਿਆਂ ਅੰਮ੍ਰਿਤ ਰੂਪੀ ਬਾਣੀ ਵਿਚ ਆਪਣੀ ਮਰਜੀ ਨਾਲ ਲਗਾਂ ਮਾਤਰਾਂ ਦੀ ਮਿਲਾਵਟ ਕਰ ਰਿਹਾ ਹੁੰਦਾ ਹੈ ਅਤੇ ਸਰੋਤੇ ਕੰਨਾਂ ਨਾਲ ਸੁਣਦੇ ਹੋਏ ਆਪਣੇ ਆਪਣੇ ਆਈ ਪੌਡਾਂ ਉਤੇ ਜਾਂ ਫੋਨਾਂ ਉਤੇ ਨਜਰ ਜਮਾਈ ਰੱਖਦੇ ਹਨ।ਰੱਬੀ ਬਾਣੀ ਵਿਚ ਮਿਲਾਵਟ ਕਰਨ ਵਾਲੀਆਂ ਲਗਾਂ ਮਾਤਰਾਂ ਨੂੰ ਧਿਆਨ ਨਾਲ ਨੋਟ ਕਰਦੇ ਹਨ।ਬਾਣੀ ਨੂੰ ਸੋਧ ਕੇ ਉਚਾਰਣ ਕਰਨ ਵਾਲੇ ਗ੍ਰੰਥੀ ਸਿੰਘ ਕੋਲੋਂ ਬਾਣੀ ਸੋਧਣ ਦਾ ਤ੍ਰੀਕਾ ਸਿੱਖਦੇ ਹਨ।

ਇਹ ਸਭ ਕੁੱਝ ਕਿਉਂ ਹੋ ਰਿਹਾ ਹੈ? ਇਸ ਲਈ ਕੌਣ ਜੁੰਮੇਵਾਰ ਹੈ? ਜੇ ਕਰ ਇਸੇ ਤਰ੍ਹਾਂ ਹੀ ਹੁੰਦਾ ਰਿਹਾ ਤਾਂ ਇਹ ਗੁਰਬਾਣੀ ਨੂੰ ਸੋਧਣ ਵਾਲੇ ਪ੍ਰਚਾਰਕ,ਇਲਾਹੀ ਬਾਣੀ ਦਾ ਕਿਹੜਾ ਰੂਪ ਬਣਾ ਦੇਣਗੇ?ਇਸ ਸਮੱਸਿਆ ਵਲ ਧਿਆਨ ਦੇਣ ਦੀ ਲੋੜ ਹੈ।**ਕਿਧਰੇ ਐਸਾ ਨਾ ਹੋ ਜਾਵੇ ਕਿ ਜਿਵੇਂ ਅੱਜ ਦਸਮ ਗ੍ਰੰਥ ਦੀ ਸਚਾਈ ਲੱਭਣੀ ਔਖੀ ਹੋਈ ਪਈ ਹੈ,ਉਸੇ ਤਰ੍ਹਾਂ ਹੀ ਕੱਲ੍ਹ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮੂਲ ਸਰੂਪ ਲੱਭਣ ਲਈ ਵੀ ਟੱਕਰਾਂ ਮਾਰਨੀਆਂ ਪੈਣ..।**

ਗੁਰਸਿੱਖੀ ਜੀਵਨ ਦੀਆਂ ਬਖਸ਼ਿਸ਼ਾਂ ਦਾ ਅਨੰਦ ਮਾਨਣ ਲਈ ਤਾਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਣ ਲੈਣੀ ਹੈ।ਆਤਮ ਮੰਡਲ ਦੀਆਂ ਗੁੱਝੀਆਂ ਰਮਜਾਂ ਸਮਝਣ ਦੇ ਯੋਗ

ਹੋਣਾਂ ਹੈ।ਪ੍ਰਕਾਸ਼ ਦਰਸ਼ਨ,ਦਸਮ ਦੁਆਰ ਤੇ ਅਨਹਦ ਬਾਣੀ ਦੀਆਂ ਵਿਸਮਾਦੀ ਧੁਨੀਆਂ ਦੇ ਅਨੁਭਵ ਕਰਨੇ ਹਨ।ਪਰ ਅਸੀਂ ਤਾਂ ਕਿਸੇ ਹੋਰ ਹੀ ਪਾਸੇ ਤੁਰ ਪਏ!ਸਰਵ-ਸਮਰੱਥ ਗੁਰੂ ਦੀ ਬਾਂਹ ਫੜਨ ਦੀ ਥਾਂ ਅਸੀਂ ਤਾਂ ਉਸ ਦੀਆਂ ਕਮੀਆਂ ਦੂਰ ਕਰਨ ਦਾ ਟੀਚਾ ਮਿੱਥ ਲਿਆ!

**ਸ੍ਰੀ ਗੁਰੂ ਗੋਬਿੰਦ ਸਿੰਘ ਜੀ** ਨੇ ਇਕ ਸਿੰਘ ਕੋਲੋਂ ਬਾਣੀ ਦੇ ਉਚਾਰਣ ਵਿਚ ਲਾਮਾਂ ਦੁਲਾਮਾਂ ਦੀ ਗਲਤੀ ਸੁਣ ਕੇ ਉਸਨੂੰ ਸਜ਼ਾ ਦਾ ਭਾਗੀਦਾਰ ਬਣਾਇਆ ਤੇ ਇਸ ਗੱਲ ਦੀ ਸੋਝੀ ਦਿੱਤੀ ਕਿ ਗਲਤ ਉਚਾਰਣ ਨਾਲ ਬਾਣੀ ਦੇ ਅਰਥਾਂ ਦੇ ਅਨਰਥ ਹੋ ਜਾਂਦੇ ਹਨ।ਦਸ਼ਮੇਸ਼ ਪਿਤਾ ਨੇ ਖੰਡੇ ਬਾਟੇ ਦੇ ਅੰਮ੍ਰਿਤ ਵਿਚ ਬਾਣੀ ਦੀ ਪਾਰਸ ਕਲਾ ਨਾਲ ਸੰਤ ਸਿਪਾਹੀ ਬਣਾ ਕੇ ਸਵਾ ਲੱਖ ਨਾਲ ਇਕ ਨੂੰ ਲੜਾਉਣ ਦਾ ਬੱਲ ਬਖਸ਼ਿਆ।ਬਾਣੀ ਨੂੰ ਪ੍ਰਗਟ ਗੁਰਾਂ ਕੀ ਦੇਹ ਦੇ ਸਰੂਪ ਵਿਚ ਪ੍ਰਕਾਸ਼ਮਾਨ ਕਰਨ ਲਈ ਦਸ਼ਮੇਸ਼ ਪਿਤਾ ਨੇ ਪਹਿਲੀਆਂ ਨੌਂ ਪਤਿਸ਼ਾਹੀਆਂ ਦੀ ਨਿਰੰਕਾਰੀ ਜੋਤ ਨੂੰ ਨਾਲ ਲਿਆ ਤੇ ਫਿਰ ਸਦਾ ਸਦਾ ਲਈ ਗਿਆਰਵੀਂ ਪਾਤਿਸ਼ਾਹੀ(ਗਿਆਰਵੇਂ ਨਾਨਕ)ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਜਗ ਮਗ ਨੂਰ ਬਣ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰਾਹੀਂ ਪ੍ਰਗਟ ਹੋਏ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾ ਵਿਚ ਅਰਦਾਸ ਕਰਦਿਆਂ ਅਸੀਂ ਦੋਨੋਂ ਹੱਥ ਜੋੜ ਕੇ ਖੜ੍ਹੇ ਹੋ ਜਾਂਦੇ ਹਾਂ।ਪ੍ਰਗਟ ਗੁਰਾਂ ਕੀ ਦੇਹ ਵਿਚੋਂ,ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨਿਰੰਜਨੀ ਜੋਤ ਵਿਚ ਸਮਾਏ ਹੋਏ ਗੁਰੂਆਂ ਤੇ ਭਗਤਾਂ ਦੇ ਦਰਸ਼ਨ ਦੀਦਾਰਿਆਂ ਦੇ ਤੇਜ ਪ੍ਰਤਾਪ ਨਾਲ ਸਾਡੇ ਨੈਣਾ ਦੇ ਦਰਵਾਜੇ ਬੰਦ ਹੋ ਜਾਂਦੇ ਹਨ।ਕੁਝ ਪਲ ਅੰਤ੍ਰ-ਆਤਮੇ ਮੇਲ ਮਿਲਾਪ ਹੋ ਜਾਂਦਾ ਹੈ।ਅਰਦਾਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹਾਜਰਾ ਹਜੂਰ ਕਹਿ ਕੇ ਅਤੇ ਮੰਨ ਕੇ ਜਦੋਂ ਅਸੀਂ ਸਤਿਗੁਰਾਂ ਨੂੰ ਆਪੋ ਆਪਣੀਆਂ ਜੀਵਨ ਲੋੜਾਂ ਦੀਆਂ ਲੰਬੀਆਂ ਲੰਬੀਆਂ ਲਿਸਟਾਂ ਸੁਣਾਉਂਦੇ ਹਾਂ ਤਾਂ ਉਸ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਸੀਂ ਪ੍ਰਗਟ ਗੁਰਾਂ ਕੀ ਦੇਹ ਮਹਿਸੂਸ ਕਰਦੇ ਹਾਂ।ਫਿਰ ਅਸੀਂ ਇਹ ਵੀ ਦੇਖਦੇ ਹਾਂ ਕਿ ਸੰਪੂਰਨ ਗੁਰੂ ਦੇ ਰੂਪ ਵਿਚ ਉਹ ਸਾਡੀਆਂ ਲੋੜਾਂ ਪੂਰੀਆਂ ਕਰਨ ਦਾ ਫਰਜ ਨਿਭਾਉਂਦਾ ਹੈ।ਪਰ ਸਮਝ ਨਹੀਂ ਆਉਂਦੀ ਕਿ ਹਾਜਰਾ ਹਜੂਰ ਵਿਚ ਕਮੀਆਂ ਦੇਖਣ ਵੇਲੇ ਅਸੀਂ ਸਤਿਗੁਰਾਂ ਨੂੰ ਪ੍ਰਗਟ ਗੁਰਾਂ ਕੀ ਦੇਹ ਦੇ ਸਰੂਪ ਵਿਚ ਦੇਖਣਾਂ ਕਿਉਂ ਭੁਲ ਜਾਂਦੇ ਹਾਂ?ਧੁਰ ਕੀ ਬਾਣੀ ਨੂੰ ਸੋਧਣ ਲਈ ਸਾਡੇ ਨੈਣਾਂ ਦੇ ਦਰਵਾਜੇ ਕਿਉਂ ਖੁਲ੍ਹ ਜਾਂਦੇ ਹਨ?ਆਪਣੀਆਂ ਲੋੜਾਂ ਦੀ ਪੂਰਤੀ ਲਈ ਜਿਸ ਦੇ ਚਰਨਾਂ ਵਿਚ ਜੋਦੜੀਆਂ ਕਰਦੇ ਹਾਂ ਉਸ ਨੂੰ ਸੋਧਣ ਦਾ ਖਿਆਲ ਕਰਕੇ ਅਸੀਂ ਉਸ ਹਾਜਰਾ ਹਜੂਰ ਤੋਂ ਕਿੰਨੇ ਦੂਰ ਚਲੇ ਜਾਂਦੇ ਹਨ?

ਹਾਏ...!**ਇਹ ਤੀਨ** ਸੇਰ ਦਾ **ਤਿੰਨ ਸ਼ੇਰ** ਬਣਾਉਣਾਂ ਸਾਡੇ ਜ਼ਾਹਰਾ ਜ਼ਹੂਰ ਸਤਿਗੁਰੂ ਨੂੰ ਕਿਹੋ ਜਿਹਾ ਲਗਦਾ ਹੋਵੇਗਾ..? ਪ੍ਰਗਟ ਗੁਰਾਂ ਕੀ ਦੇਹ ਦਾ ਮੂਲ ਸਰੂਪ ਬਦਲ ਕੇ ਭੋਲੇ ਭਾਲੇ ਬੱਚਿਆਂ ਨੂੰ ਸੰਥਿਆ ਦੇਣੀ ਸਤਿਗੁਰਾਂ ਨੂੰ ਕਿਹੋ ਜਿਹੀ ਲਗਦੀ ਹੋਵੇਗੀ..?ਬੱਚਿਆਂ ਦੇ ਦਿਲ ਤਾਂ ਗੁਲਾਬ ਦੀਆਂ ਕੋਮਲ ਪੱਤੀਆਂ ਵਰਗੇ ਹੁੰਦੇ ਹਨ।ਇਨ੍ਹਾਂ ਸੋਹਲ ਪੱਤੀਆਂ ਨੂੰ ਸ਼ਰਧਾ-ਭਾਵਨੀ ਅਤੇ ਪ੍ਰੇਮ-ਰਸ ਨਾਲ ਸਿੰਜਣ ਦੀ ਥਾਂ ਸੋਧਣ-ਸ਼ਕਤੀ ਦੀ ਹਉਮੈ ਦੇ ਧੂੰਏਂ ਨਾਲ ਧਆਂਖਣ ਵਾਲਿਆਂ ਦਾ ਕੀ ਹਾਲ ਹੋਵੇਗਾ?ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੂਲ ਸਰੂਪ ਨੂੰ ਖਤਰੇ ਦੀ ਸਚਾਈ ਤੋਂ ਅਣਜਾਣ ਭੋਲੀ ਭਾਲੀ ਸੰਗਤ ਨੂੰ ਬਾਣੀ ਸੋਧਣ ਦੀ ਸੰਥਿਆ ਦੇਣ ਵਾਲੇ... ਗੁਰੂ ਜੀ ਦੀਆਂ ਕਿਹੜੀਆਂ ਖੁਸ਼ੀਆਂ ਪ੍ਰਾਪਤ ਕਰ ਲੈਣਗੇ..?

******************

# ਪ੍ਰਹੇਜ਼

ਪ੍ਰਾਚੀਨ ਕਾਲ ਵਿਚ ਵੇਦ-ਮੰਤਰਾਂ ਦਾ ਉਚਾਰਣ ਸਿਰਫ ਪੰਡਿਤ (ਬ੍ਰਾਹਮਣ) ਹੀ ਕਰ ਸਕਦੇ ਸੀ।ਦੂਜੀਆਂ ਜਾਤਾਂ ਲਈ ਵੇਦ ਪੜ੍ਹਨ ਦੀ ਮਨਾਹੀ ਸੀ।ਅਸੂਲ ਭੰਗ ਕਰਨ ਵਾਲਿਆਂ ਨੂੰ ਸਖਤ ਸਜ਼ਾਵਾਂ ਵੀ ਦਿੱਤੀਆਂ ਜਾਂਦੀਆਂ ਸੀ।ਹੋ ਸਕਦਾ ਹੈ ਕਿ ਉਸ ਵੇਲੇ ਵੀ ਕੋਈ ਇਹੋ ਜਿਹੇ ਹਾਲਾਤ ਪੈਦਾ ਹੋ ਗਏ ਹੋਣਗੇ ਕਿ ਅਨਪੜ੍ਹ,ਅਣਜਾਣ ਅਤੇ ਸ਼ਰਾਰਤੀ ਅਨਸਰਾਂ ਕੋਲੋਂ ਵੇਦਾਂ ਦੇ ਮੂਲ ਸਰੂਪ ਨੂੰ ਖਤਰਾ ਪੈਦਾ ਹੋ ਗਿਆ ਹੋਵੇਗਾ,(ਜਿਵੇਂ ਕਿ ਅੱਜ ਕਲ੍ਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਾਲਾਤ ਬਣੇ ਹੋਏ ਹਨ)ਪਰ ਇਹ ਵੀ ਸੱਚ ਹੈ ਕਿ ਜੇਕਰ ਉਸ ਵੇਲੇ ਦੇ ਵਿਦਵਾਨ ਪੰਡਿਤ ਵੇਦਾਂ ਵਿਚ ਆਮ ਬੰਦਿਆਂ ਦੀ ਦਖਲ ਅੰਦਾਜ਼ੀ ਤੋਂ **ਪ੍ਰਹੇਜ** ਨਾ ਕਰਦੇ ਤਾਂ ਅੱਜ ਅਸੀਂ ਵੇਦਾਂ ਦੇ ਮੂਲ ਸਰੂਪ ਤੋਂ ਵਾਂਝੇ ਹੋਣਾਂ ਸੀ।ਠੀਕ ਸਮੇਂ 'ਤੇ ਸਹੀ ਕਦਮ ਪੁੱਟਣ ਵਿਚ ਢਿੱਲ ਹੋ ਜਾਂਦੀ ਤਾਂ ਵੇਦਾਂ ਦਾ ਅਨਮੋਲ ਸਰਮਾਇਆ ਅਣਭੋਲ ਤੇ ਸ਼ਰਾਰਤੀ ਅੰਸਰਾਂ ਦੇ ਹੱਥੋਂ ਲੁੱਟਿਆ ਜਾਣਾ ਸੀ।ਅੱਜ ਵੇਦ ਨਹੀਂ ਸੀ ਲੱਭਣੇ।ਸ਼ੁਕਰ ਹੈ!ਸਮੇ ਦੇ ਵਿਦਵਾਨਾਂ ਨੇ ਮੌਕਾ ਸੰਭਾਲ ਕੇ ਲੋੜ ਅਨੁਸਾਰ ਕੁਝ ਸਖਤੀ ਵਰਤੀ ਤੇ ਵੇਦਾਂ ਦਾ ਮੂਲ ਸਰੂਪ ਬਚਾ ਲਿਆ।ਉਨ੍ਹਾਂ ਨੇ ਵੇਦਾਂ ਦੀ ਕੀਮਤ ਨੂੰ ਪਛਾਣਿਆਂ ਤੇ ਵੇਦਾਂ ਨੂੰ ਐਨਾ ਸਸਤਾ ਨਹੀਂ ਹੋਣ ਦਿੱਤਾ ਕਿ ਹਰ ਕੋਈ ਆਪਣੀ ਮਰਜੀ ਨਾਲ ਵੇਦ ਬਾਣੀ ਵਿਚ ਆਪਣੀ ਅਕਲ ਦੀ ਮੋਹਰ ਲਗਾ ਕੇ ਵੇਦਾਂ ਦਾ ਮੂਲ ਸਰੂਪ ਵਿਗਾੜ ਸਕੇ।ਮਹਿੰਗੀਆਂ ਚੀਜਾਂ ਦੀ ਕੀਮਤ ਦੇਣੀ ਪੈਂਦੀ ਹੈ,ਰਾਖੀ ਕਰਨੀ ਪੈਂਦੀ ਹੈ ਅਤੇ ਸੰਭਾਲਣਾਂ ਵੀ ਪੈਂਦਾ ਹੈ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਮਹਿੰਗੀ ਚੀਜ਼ ਹੋਰ ਕਿਹੜੀ ਹੋ ਸਕਦੀ ਹੈ?

ਛੂਤ ਦੀ ਬਿਮਾਰੀ ਵਾਂਗ ਬਾਣੀ ਸੋਧਣ ਦੀ ਬਿਮਾਰੀ ਵੀ ਦਿਨੋ ਦਿਨ ਵਧਦੀ ਜਾ ਰਹੀ ਹੈ।ਬੀਮਾਰੀ ਤੋਂ ਬਚਣ ਲਈ **ਪ੍ਰਹੇਜ਼** ਕਰਨ ਦੀ ਜਰੂਰਤ ਪੈਂਦੀ ਹੈ।ਬੀਮਾਰੀ ਦੇ ਦੁੱਖ ਵਿਚ ਨਪੀੜ ਹੋਣ ਤੋਂ ਪਹਿਲੇ ਹੀ ਜੇ ਪ੍ਰਹੇਜ ਕਰ ਲਿਆ ਜਾਵੇ ਤਾਂ ਚੰਗੀ ਗਲ ਹੈ।

ਆਪਣੇ ਆਪ ਨੂੰ ਸਾਧਣ ਤੋਂ ਬਿਨਾ ਕੋਈ ਸਾਧੂ ਨਹੀਂ ਬਣ ਜਾਂਦਾ।ਜਤੀ,ਸਤੀ ਤੇ ਤਪੱਸਵੀ ਬਣਨ ਲਈ ਸਖਤ ਤੋਂ ਸਖਤ ਮੇਹਨਤ ਕਰਨੀ ਪੈਂਦੀ ਹੈ।ਘੋਰ ਤਪ ਕਰਨੇ ਪੈਂਦੇ ਹਨ ਤੇ ਮਹਾਂ ਤਿਆਗ ਕਰਨੇ ਪੈਂਦੇ ਹਨ।ਡਾਕਟਰ ਬਣਨ ਲਈ ਲੰਬੇ ਸਮੇ ਅਤੇ ਸਖਤ ਮੇਹਨਤ ਦੀ ਜਰੂਰਤ ਪੈਂਦੀ ਹੈ ਪਰ ਧੁਰ ਕੀ ਬਾਣੀ ਨੂੰ ਸੋਧਣ ਵਾਲੇ ਪ੍ਰਚਾਰਕਾਂ ਦੀ ਕਿਹੜੀ ਕਾਬਲੀਅਤ ਹੋਣੀ ਚਾਹੀਦੀ ਹੈ..?ਕਿਹੜੀ ਯੋਗਤਾ ਦੀਆਂ ਡਿਗਰੀਆਂ ਦੇ ਬਦਲੇ ਵਿਚ ਉਨ੍ਹਾਂ ਨੂੰ ਵਿਸ਼ਵ ਦੀ ਸਭ ਤੋਂ ਉਚੀ ਸੁੱਚੀ ਰਚਨਾਂ ਨੂੰ ਸੋਧਣ ਦਾ ਹੱਕ ਦੇਣਾ ਚਾਹੀਦਾ ਹੈ?ਇਸ ਵਾਰੇ ਸੋਚਣ ਦੀ ਜਰੂਰਤ ਹੈ।ਕਹਿੰਦੇ ਹਨ 'ਨੀਮ ਹਕੀਮ ਖਤਰਾ ਜਾਣ..'ਕਾਬਿਲ ਡਾਕਟਰ ਕੋਲ ਜਾਣ ਦੀ ਥਾਂ ਜੇ ਅਸੀਂ ਕਿਸੇ ਨੀਮ ਹਕੀਮ ਨੂੰ ਬਾਂਹ ਫੜਾ ਦਿੱਤੀ ਤਾਂ ਫਿਰ ਸਾਡਾ ਕੀ ਬਣੂੰ..?

**ਬਖਸ਼ਿਸ਼ਾਂ ਵਾਲੇ ਸਾਧੂ ਫਕੀਰ ਵੀ ਬੜੇ ਹਨ ਪਰ ਕਿਸਮਤਾਂ ਨਾਲ ਹੀ ਮਿਲਦੇ ਹਨ।ਉਨ੍ਹਾਂ ਨੂੰ ਆਪਣੇ ਪ੍ਰਚਾਰਿਕ ਪੁਣੇ ਦਾ ਹੋਕਾ ਦੇਣ ਦੀ ਜਰੂਰਤ ਨਹੀਂ ਪੈਂਦੀ।ਇਸ਼ਕ ਹਕੀਕੀ ਦੇ ਰੰਗਾਂ ਵਿਚ ਰੰਗ ਹੋ ਕੇ ਉਹ ਰਸਰੂਪ ਪ੍ਰਭੂ ਪ੍ਰੀਤਮ ਦੇ ਰਸ ਵਿਚ ਰਸੇ ਰਹਿੰਦੇ ਹਨ।ਉਹ ਆਪਣੇ ਸਾਈਂ ਜਿਹੇ ਹੀ ਹੋਏ ਰਹਿੰਦੇ ਹਨ।ਦੀਨ ਦੁਨੀਆਂ ਦੇ ਮਾਲਿਕ ਦੇ ਗੁਣਾਂ ਦਾ ਵਰਤਾਰਾ ਉਨ੍ਹਾਂ ਦੀਆਂ ਸ਼ਖਸੀਅਤਾਂ ਰਾਹੀਂ ਝਰਦਾ ਹੈ।**

ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ

## ਭੇਦੁ ਨ ਜਾਣਹੁ ਮੂਲ ਸਾਈਂ ਜੇਹਿਆ

(ਪੰਨਾਂ ੩੯੭)

ਬੇਪਰਵਾਹ,ਮਲੰਗ,ਸਮਦ੍ਰਿਸ਼ਟੀ ਦੇ ਮਾਲਿਕ ਪ੍ਰਭੂ ਪ੍ਰੀਤਮ ਲਈ ਬਿਲਲਾਉਣ ਵਾਲਿਆਂ ਉਤੇ ਮੇਹਰਾਂ ਦੇ ਛੱਟੇ ਦਿੰਦੇ ਰਹਿੰਦੇ ਹਨ।ਉਨ੍ਹਾਂ ਦੀ ਸੁੱਚੀ ਰਸਨਾ ਵਿਚੋਂ ਨਿਕਲੀ ਧੁਰ ਕੀ ਬਾਣੀ ਦੇ ਮਹਾਂ ਵਾਕ ਸਾਡੀ ਅਤਮਿਕ ਸ਼ਕਤੀ ਨੂੰ ਹੁਲਾਰਾ ਦਿੰਦੇ ਹਨ।ਉਨ੍ਹਾਂ ਦੇ ਮੁਖਾਰਬਿੰਦ 'ਚੋਂ ਉਚਾਰ ਹੋ ਰਹੀ ਗੁਰਬਾਣੀ ਦੇ ਫੁਰਮਾਨ ਸਾਨੂੰ ਖੁਆਰੀ ਤੋਂ ਬਚਾ ਕੇ ਮਾਨਸਿਕ ਰੋਗ ਦੂਰ ਕਰਦੇ ਹਨ ਤੇ ਸਰੀਰਕ ਰੋਗਾਂ ਲਈ ਨਾਮ-ਦਾਰੂ ਹੋ ਕੇ ਨਿੱਬੜਦੇ ਹਨ।ਅਜਿਹੇ ਸਾਧੂਆਂ ਦੀ ਕਲਮ ਵਿਚ ਵੀ ਪ੍ਰਭੂ-ਪ੍ਰੇਮ ਦਾ ਵਹਾਓ ਹੁੰਦਾ ਹੈ।ਭਾਈ ਸਾਹਿਬ ਭਾਈ ਵੀਰ ਸਿੰਘ,ਭਾਈ ਸਾਹਿਬ ਭਾਈ ਰਣਧੀਰ ਸਿੰਘ ਤੇ ਭਾਈ ਸਾਹਿਬ ਭਾਈ ਸਾਹਿਬ ਸਿੰਘ ਜੀ ਵਰਗਿਆਂ ਨੇ ਨਿਰਸੁਆਰਥ ਭਾਵਨਾਂ ਨਾਲ ਧੁਰ ਕੀ ਬਾਣੀ ਦੀ ਸੱਚੀ ਸੇਵਾ ਵਿਚ ਜੀਵਨ ਸਮਰਪਿਤ ਕੀਤਾ।ਨਿਰੰਕਾਰੀ ਜੋਤ ਦੇ ਉਜਾਲੇ ਵਿਚ ਰਹਿ ਕੇ ਅਣਥੱਕ ਮਿਹਨਤ ਕਰਦਿਆਂ ਤਨ ਮਨ ਧੰਨ ਵਾਰਿਆ।ਆਤਮਿਕ ਗੁਣਾਂ ਦੀ ਸਾਂਝ ਕਰਦਿਆਂ ਆਪਾ ਵਾਰਿਆ।

**ਇਸ ਵੇਲੇ ਬਾਣੀ ਨੂੰ ਸੋਧਣ ਦੇ ਬੁਰੇ ਨਤੀਜਿਆਂ ਤੋਂ ਸਾਰੀ ਸੰਗਤ ਜਾਣੂ ਨਹੀਂ ਹੈ।ਇਹ ਨੁਕਸਾਨ ਦਰਿਆ ਦੇ ਬੁੰਨ ਵਿੱਚ ਇਕ ਛੋਟੀ ਜਿੰਨੀ ਮੋਰੀ ਹੋ ਜਾਣ ਦੇ ਬਰਾਬਰ ਹੀ ਹੈ।ਨਿੱਕੀ ਜਿੰਨੀ ਮੋਰੀ ਹੋਣ ਨਾਲ ਪਾਣੀ ਦਾ ਵਹਾਓ ਰੁਕਦਾ ਨਹੀਂ ਹੈ,ਪਰ ਪਾਣੀ ਦੇ ਰੋੜ੍ਹ ਨੇ ਇਕ ਦਿਨ ਇਸ ਮੋਰੀ ਦਾ ਮਘੋਰਾ ਬਣਾ ਦੇਣਾ ਹੈ ਤੇ ਫਿਰ ਦੇਖਦਿਆਂ-ਦੇਖਦਿਆਂ ਸਾਰਾ ਬੁੰਨ ਰੁੜ੍ਹ ਜਾਣਾ ਹੈ।ਜੇ ਵੇਲਾ ਨਾ ਸੰਭਾਲਿਆ ਤਾਂ ਧੁਰ ਕੀ ਬਾਣੀ ਦੀ ਸੁੱਚਮਤਾ ਦਾ ਬੰਨ੍ਹ ਖੁਰ ਜਾਣਾ ਹੈ।**

ਧੁਰ ਕੀ ਬਾਣੀ ਨੂੰ ਪ੍ਰੇਮ-ਭਾਵਨਾਂ ਨਾਲ ਪੜ੍ਹਨ ਵਾਲੇ ਗੁਰਮੁਖ ਆਪਣੇ ਗੁਰੂਆਂ ਦੀ ਰੰਗਤ ਵਿਚ ਰੰਗੇ ਜਾਂਦੇ ਹਨ।ਸਾਡਾ ਇਤਿਹਾਸ ਗਵਾਹ ਹੈ ਕਿ ਬਾਣੀ ਦੇ ਰਸੀਏ,ਸੂਲਾਂ ਕੰਡਿਆਂ ਅਤੇ ਅੰਗਿਆਰਾਂ ਭਰੇ ਰਾਹਾਂ ਉਤੇ ਚਲਦੇ ਹੋਏ ਭੀ ਡੋਲਦੇ ਨਹੀਂ,ਸਗੋਂ ਉਹ ਚੜ੍ਹਦੀ ਕਲਾ ਵਿਚ ਰਹਿ ਕੇ ਗੁਰਸਿੱਖੀ ਦੀਆਂ ਰਹਿਮਤਾਂ ਹੰਢਾਉਂਦੇ ਹਨ ਪਰ ਪਤਾ ਨਹੀਂ ਕਿਉਂ..?ਸਾਡੇ ਕੁਝ ਧਰਮ ਪ੍ਰਚਾਰਕਾਂ ਨੂੰ ਗੁਰੂ ਦੀ ਬਖਸ਼ਿਸ਼ ਚੰਗੀ ਕਿਉਂ ਨਹੀਂ ਲਗਦੀ।ਉਹ ਭੋਲੀ ਭਾਲੀ ਸੰਗਤ ਨੂੰ ਬਾਣੀ ਵਿਚ ਦਖਲ ਅੰਦਾਜ਼ੀ ਕਰਨ ਦੀ ਖੁਲ੍ਹ ਦੇ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੂਲ ਸਰੂਪ ਦੀ ਸੁੱਚਮਤਾ ਦੇ ਬੁੰਨ ਵਿਚ ਆਪਣੀ ਅਕਲ ਦੀਆਂ ਮੇਖਾਂ ਮਾਰੀ ਜਾਂਦੇ ਹਨ।

ਧਰਮ ਦਾ ਪ੍ਰੇਮ,ਗੁਰੂ ਦਾ ਪ੍ਰੇਮ ਅਤੇ ਧਰਮ ਗ੍ਰੰਥਾਂ ਦਾ ਪ੍ਰੇਮ ਸਾਨੂੰ ਉਸੇ ਪਾਸੇ ਹੀ ਤੋਰ ਦਿੰਦਾ ਹੈ ਜਿੱਧਰ ਸਾਡੇ ਧਰਮ ਪ੍ਰਚਾਰਕ ਤੋਰਨਾਂ ਚਹੁਣ ਤੇ ਕਈ ਵਾਰੀ ਧਰਮ ਪ੍ਰਚਾਰਕਾਂ ਦੀਆਂ ਕੀਤੀਆਂ ਗਲਤੀਆਂ ਕੌਮਾਂ ਨੂੰ ਲੈ ਡੋਬਦੀਆਂ ਹਨ।ਅਸੀਂ ਚਮਕਦੇ ਲਿਸ਼ਕਦੇ ਉਚੀਆਂ ਮੰਜਲਾਂ ਵਾਲੇ ਗੁਰਦੁਆਰੇ ਤਾਂ ਬਹੁਤ ਬਣਾ ਲਏ ਹਨ ਪਰ ਉਨ੍ਹਾਂ ਵਿਚ ਬੈਠਾਉਣ ਵਾਲੇ ਗ੍ਰੰਥੀਆਂ ਨੂੰ ਸਾਡੇ ਧਰਮ ਪ੍ਰਚਾਰਕਾਂ ਨੇ ਬਾਣੀ ਸੋਧਣ ਦੇ ਚੱਕਰ ਵਿਚ ਫਸਾ ਕੇ ਕਿਸੇ ਹੋਰ ਹੀ ਪਾਸੇ ਤੋਰ ਦਿੱਤਾ।ਇਕ ਦਿਨ ਇਕ ਪਿੰਡ ਦੇ ਆਲੀਸ਼ਾਨ ਗੁਰਦੁਆਰੇ ਵਿਚੋਂ ਲਾਉਡ ਸਪੀਕਰ ਰਾਹੀਂ ਸਾਰੇ ਪਿੰਡ ਨੂੰ ਸੁਣਾਉਂਦਾ ਹੋਇਆ,ਗ੍ਰੰਥੀ ਸਿੰਘ ਧੁਰ ਕੀ ਬਾਣੀ ਵਿਚ ਬਿੰਦੀਆਂ ਟਿੱਪੀਆਂ ਦੇ ਛੱਟੇ ਦੇਣ ਦੇ ਨਾਲ ਨਾਲ ਹਰ ਸ਼ਬਦ ਨੂੰ ਤ੍ਰੋੜ ਮ੍ਰੋੜ ਕੇ ਉਚਾਰਣ ਕਰਦਾ ਹੋਇਆ **ਬਾਬੀਹਾ ਅੰਮ੍ਰਿਤ ਵੇਲੈ**

**ਬੋਲਿਆ** (ਪੰਨਾਂ ੧੨੮੫) **ਨੂੰ ਬਬਈਆ ਅੰਮ੍ਰਿਤ ਵੇਲੇਂ ਬੋਂਲਿਆ** ਕਹਿ ਕੇ ਆਪਣੀ ਵਿਦਵਤਾ ਦੀ ਧਾਂਕ ਜਮਾ ਰਿਹਾ ਸੀ।ਕੀ ਬਾਣੀ ਨੂੰ ਸੋਧਣ ਦੀ ਰੀਤ ਚਲਾਉਣ ਵਾਲੇ ਪ੍ਰਚਾਰਕ ਜਾਂ ਇਸ ਰੀਤ ਦੀ ਹਾਮੀ ਭਰਨ ਵਾਲੇ ਪ੍ਰਾਣੀ,ਅਜ ਇਨ੍ਹਾਂ ਬਾਬੀਹਾ ਨੂੰ ਬਬਈਆ ਕਹਿਣ ਵਾਲੇ,ਸੇਰ ਨੂੰ ਸ਼ੇਰ ਕਹਿਣ ਵਾਲੇ ਤੇ ਵਾਹਿਗੁਰੂ ਨੂੰ ਵਾਂਹਿਗੁਰੂ ਕਹਿਣ ਵਾਲੇ ਅਨੇਕਾਂ ਪ੍ਰਾਣੀਆਂ ਦੇ ਗੁਨਾਹਾਂ ਨੂੰ ਕਬੂਲ ਕਰਦੇ ਹਨ..?

ਹਰ ਕੌਮ ਲਈ ਉਸਦੇ ਧਰਮ ਗ੍ਰੰਥ ਅਤੇ ਇਤਿਹਾਸ ਅਣਮੋਲ ਖਜਾਨਾਂ ਹੁੰਦਾ ਹੈ।ਵਿਰਸੇ ਨੂੰ ਸੰਭਾਲਣ ਨਾਲ ਹੀ ਕੌਮਾਂ ਜੀਊਂਦੀਆਂ ਹਨ।ਕੁਰਾਨ ਵਿੱਚ ਤਬਦੀਲੀ ਕਰਨ ਦਾ ਕੋਈ ਸੁਪਨਾ ਵੀ ਨਹੀਂ ਲੈ ਸਕਦਾ।ਮੁਸਲਮਾਨਾਂ ਨੇ ਸੋਲਾਂ ਸੌ ਸਾਲ ਪੁਰਾਣੇ ਕੁਰਾਨ ਦਾ ਮੂਲ ਸਰੂਪ ਬਚਾ ਕੇ ਰੱਖਿਆ ਹੈ।ਮਾਂ ਬਾਪ ਬੱਚਿਆਂ ਨੂੰ ਕੁਰਾਨ ਪੜ੍ਹਾਉਣਾ ਆਪਣਾ ਪਹਿਲਾ ਫਰਜ਼ ਸਮਝਦੇ ਹਨ,ਛੋਟੀ ਤੋਂ ਛੋਟੀ ਉਮਰ ਵਿਚ ਬੱਚੇ ਨੂੰ ਪੂਰਾ ਕੁਰਾਨ ਪੜ੍ਹਉਣ ਵਿਚ ਆਪਣੇ ਧਾਰਮਿਕ ਫਰਜ਼ਾਂ ਦੀ ਪੂਰਤੀ ਸਮਝਦੇ ਹਨ।ਖਾਸ ਗੱਲ ਇਹ ਹੈ ਕਿ ਬੇਸ਼ਕ ਮਾਂ ਬਾਪ ਨੇ ਕੁਰਾਨ ਪੜ੍ਹਿਆ ਹੋਇਆ ਹੁੰਦਾ ਹੈ ਫਿਰ ਵੀ ਉਹ ਬੱਚੇ ਦੀ ਧਾਰਮਿਕ ਸਿੱਖਿਆ ਦੀ ਸ਼ੁਰੂਆਤ ਮੌਲਵੀ ਤੋਂ ਹੀ ਕਰਵਾਉਂਦੇ ਹਨ ਕਿਉਂਕਿ ਮਾਂ ਬਾਪ ਨੇ ਜੀਵਨ ਵਿਚ ਕੁਰਾਨ ਦੀ ਪੜ੍ਹਈ ਤੋਂ ਬਿਨਾ ਹੋਰ ਕੰਮ ਵੀ ਕਰਨੇ ਹੁੰਦੇ ਹਨ,ਇਸ ਲਈ ਉਹ ਬੱਚੇ ਨੂੰ ਕੁਰਾਨ ਦੀ ਸਿੱਖਿਆ ਦੇਣ ਵਿਚ ਅਧੂਰੇ ਹੋ ਸਕਦੇ ਹਨ ਪਰ ਇਕ ਮੌਲਵੀ ਜਿਹੜਾ ਇਸਲਾਮ ਦੀ ਪੜ੍ਹਈ ਵਿਚ ਨਿਪੁੰਨ ਹੁੰਦਾ ਹੈ,ਉਸਦੀ ਸਿੱਖਿਆ ਨਾਲ ਬੱਚੇ ਦੇ ਧਰਮ ਵਿਚ ਪ੍ਰਪੱਕ ਹੋਣ ਦੀ ਜ਼ਿਆਦਾ ਆਸ ਬੱਝਦੀ ਹੈ ਤੇ ਬੱਚੇ ਦੀ ਸਿੱਖਿਆ ਵਿਚ ਕੋਈ ਕਮੀ ਨਹੀਂ ਰਹਿੰਦੀ।ਕੁਰਾਨ ਵਿਚ ਆਪਣੀ ਮਤਿ ਦੀ ਮਿਲਾਵਟ ਕਰਨ ਉਤੇ ਖਾਸ ਪਾਬੰਦੀ ਹੈ।ਇਹੀ ਕਾਰਨ ਹੈ ਕਿ ਮੁਸਲਿਮ ਧਰਮ ਵਿਚ ਢਿੱਲਤਾ ਲਈ ਕੋਈ ਥਾਂ ਨਹੀਂ ਹੈ।ਬੱਚਿਆਂ ਨੂੰ ਵੀ ਇਸ ਗੱਲ ਦਾ ਪੂਰਾ ਗਿਆਨ ਹੁੰਦਾ ਹੈ ਕਿ ਕੁਰਾਨ ਵਿਚ ਆਪਣੀ ਮਰਜ਼ੀ ਨਾਲ ਕੁੱਝ ਲਿਖਣ ਜਾਂ ਉਚਾਰਣ ਕਰਨ ਨਾਲ ਅੱਲ੍ਹਾ ਦੇ ਸੰਦੇਸ਼ ਵਿੱਚ ਫਰਕ ਪੈ ਜਾਂਦਾ ਹੈ।ਕਾਸ਼..!ਸਾਡੇ ਬੱਚਿਆਂ ਨੂੰ ਵੀ ਕੋਈ ਧੁਰ ਕੀ ਬਾਣੀ ਦੀ ਸੁੱਚਮਤਾ ਨੂੰ ਕਾਇਮ ਰੱਖਣ ਦੀ ਸੋਝੀ ਦੁਆਵੇ..!

ਕੀ ਹਿੰਦੂਆਂ ਦੇ ਵੇਦਾਂ ਪੁਰਾਣਾਂ ਵਿਚ ਤਬਦੀਲੀ ਕਰਨ ਦੀ ਕੋਈ ਸੋਚ ਸਕਦਾ ਹੈ..?ਵੇਦ ਪੁਰਾਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਹਜਾਰਾਂ ਸਾਲ ਪੁਰਾਣੀਆਂ ਲਿਖਤਾਂ ਹਨ।ਉਨ੍ਹਾਂ ਦਾ ਮੂਲ ਸਰੂਪ ਕਾਇਮ ਹੈ।ਉਹ ਸੱਚੀਆਂ ਹਨ,ਸੁੱਚੀਆਂ ਹਨ ਕਿਉਂਕਿ ਕਿਸੇ ਪਰਾਈ ਸੋਚ ਨੇ ਉਨ੍ਹਾਂ ਨੂੰ ਜੂਠਿਆਂ ਨਹੀਂ ਕੀਤਾ।ਕਿਸੇ ਦੀ ਹਿੰਮਤ ਨਹੀਂ ਪਈ ਕਿ ਵੇਦ-ਬਾਣੀ ਵਿਚ ਆਪਣੀ ਮੱਤਿ ਦੀ ਛਾਪ ਛੱਡਣ ਲਈ ਕੋਈ ਲਗਾਂ ਮਾਤਰਾਂ ਵਿਚ ਜਾਂ ਸ਼ਬਦਾਂ ਵਿਚ ਬਦਲਾਵ ਕਰ ਸਕੇ,ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤ ਬਾਣੀ ਦਾ ਉਚਾਰਣ ਕਰਨ ਲਈ ਆਪਣੀ ਸੋਚ ਦੇ ਠੱਪੇ ਲਗਾ ਕੇ ਲਗਾਂ-ਮਾਤਰਾਂ ਦਾ ਫਰਕ ਕਰਨ ਦੀ ਸੰਥਿਆ ਕਿਉਂ ਦਿਤੀ ਜਾਂਦੀ ਹੈ?ਜਦ ਕਿ ਸਭ ਨੂੰ ਪਤਾ ਹੈ ਕਿ ਇਹ ਕੋਈ ਨਿਰਾ ਧਰਮ ਗ੍ਰੰਥ ਹੀ ਨਹੀਂ ਹੈ ਸਗੋਂ ਪ੍ਰਗਟ ਰੂਪ ਵਿਚ ਗੁਰਾਂ ਦੀ ਦੇਹ ਹੈ।

ਬੜਾ ਹੀ ਚੰਗਾ ਹੋਵੇ..!ਜੇਕਰ ਬੱਚਿਆਂ ਨੂੰ ਬਾਣੀ ਸੋਧਣ ਲਈ ਇੱਕ ਇੱਕ ਲਫਜ਼ ਨੂੰ ਅੰਨ੍ਹੇ ਵਾਹ ਰੱਟੇ ਲਗਵਾਉਣ ਦੀ ਥਾਂ ਬੋਲੀ ਅਤੇ ਲਿੱਪੀ ਦੇ ਵਿਕਾਸ ਦੀ ਗੱਲ ਸਮਝਾ ਦਿੱਤੀ ਜਾਵੇ..!ਬੱਚੇ ਕੁਦਰਤੀ ਢਾਂਚੇ ਨੂੰ ਬੜੀ ਅਸਾਨੀ ਨਾਲ ਤੇ ਛੇਤੀ ਸਮਝ ਲੈਂਦੇ ਹਨ।ਗੁਰੂਆਂ ਦੇ ਜੀਵਨ ਕਾਲ ਦੀ ਬੋਲੀ ਤੇ ਹੁਣ ਦੀ ਬੋਲੀ ਦਾ ਅੰਤਰ ਸਮਝ ਕੇ ਉਹ ਆਪਣੇ ਪਿਆਰੇ ਗੁਰੂਆਂ ਦੀ ਯਾਦ ਵਿਚ ਰਹਿ ਕੇ ਚਾਈਂ ਚਾਈਂ ਗੁਰੂਆਂ ਦੇ ਸਮੇ ਦੀ ਬੋਲੀ ਸਿੱਖ ਕੇ ਬਾਣੀ ਦੇ ਅੰਤ੍ਰੀਵ ਭਾਵਾਂ ਤੋਂ ਜਾਣੂੰ ਹੋ ਜਾਣਗੇ।ਜੇਕਰ ਕਿਸੇ ਬੱਚੇ ਦੇ ਬਚਪਨ ਦੇ ਕੋਰੇ ਕਾਗਜ਼ ਉਤੇ ਅੰਮ੍ਰਿਤ ਬਾਣੀ

ਲਿਖ ਹੋ ਜਾਵੇ ਤਾਂ ਉਸਦਾ ਜੀਵਨ ਅਤਮ-ਰੰਗ ਤੋਂ ਸੱਖਣਾਂ ਨਹੀਂ ਰਹਿ ਸਕਦਾ ਪਰ ਜੇ ਬੱਚੇ ਦੇ ਕੋਮਲ ਮਨ ਵਿਚ ਇਹ ਗੱਲ ਬੈਠ ਜਾਵੇ ਕਿ ਬਾਣੀ ਵਿਚ ਕਮੀਆਂ ਰਹਿ ਗਈਆਂ ਹਨ ਤੇ ਮੈਂ ਉਨ੍ਹਾਂ ਕਮੀਆਂ ਨੂੰ ਪੂਰਾ ਕਰਕੇ ਉਚਾਰਣ ਕਰਨਾ ਹੈ ਤਾਂ ਬੱਚੇ ਦੇ ਦਿਲ ਵਿਚ ਇਹ ਹੀ ਆਉਂਦਾ ਹੋਵੇਗਾ ਕਿ ਗੁਰੂਆਂ ਦੀ ਰਚੀ ਹੋਈ ਬਾਣੀ ਨੂੰ ਸੋਧ ਕੇ ਉਚਾਰਣ ਕਰਨ ਦਾ ਤ੍ਰੀਕਾ ਉਸਦੇ ਧਾਰਮਿਕ ਸਿੱਖਿਆ ਦੇ ਅਧਿਆਪਕ ਹੀ ਦੱਸ ਸਕਦੇ ਹਨ।ਕੀ ਉਹ ਬੱਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੰਪੂਰਨ ਗੁਰੂ ਦੇ ਰੂਪ ਵਿਚ ਦੇਖ ਸਕਦੇ ਹਨ?

*******************

# ਬੋਲੀ ਅਤੇ ਲਿੱਪੀ

ਵੇਦਾਂ ਦੀ ਬੋਲੀ ਸਾਡੀ ਪੰਜਾਬੀਆਂ ਦੀ ਪ੍ਰਚੀਨ ਪੰਜਾਬੀ ਹੈ, ਸਾਡੇ ਵੱਡੇ ਵਡੇਰਿਆਂ ਦੀ ਮਾਂ ਬੋਲੀ..।ਸਾਡੇ ਬਜੁਰਗ ਰਿਸ਼ੀਆਂ ਮੁਨੀਆਂ ਨੇ,ਜਿਸ ਬੋਲੀ ਵਿਚ ਮਾਂ ਦੀਆਂ ਲੋਰੀਆਂ ਸੁਣੀਆਂ,ਉਸੇ ਬੋਲੀ ਵਿਚ ਹੀ ਉਨ੍ਹਾਂ ਨੇ ਵੇਦ ਉਚਾਰੇ।ਜੇ ਉਹ ਕਿਸੇ ਹੋਰ ਬੋਲੀ ਵਿਚ ਵੇਦਾਂ ਦੀ ਰਚਨਾ ਕਰਦੇ ਤਾਂ ਇਹ ਗੱਲ ਨਹੀਂ ਸੀ ਬਣਨੀ ਕਿਉਂਕਿ ਮਾਂ ਬਦਲੀ ਨਹੀਂ ਜਾ ਸਕਦੀ ਤੇ ਨਾ ਹੀ ਮਾਂ ਬੋਲੀ ਨੂੰ ਛੱਡ ਕੇ ਕਿਸੇ ਓਪਰੀ ਬੋਲੀ ਵਿਚ ਐਨੀ ਖੁੱਲ੍ਹ ਦਿਲੀ ਨਾਲ ਰੂਹਾਨੀਅਤ ਦੇ ਭੰਡਾਰ ਫੋਲੇ ਜਾ ਸਕਦੇ ਸਨ।ਮਾਂ ਬੋਲੀ ਤੇ ਓਪਰੀ ਬੋਲੀ ਵਿਚ ਮਾਂ ਮਾਸੀ ਜਿੰਨਾਂ ਫਰਕ ਜਰੂਰ ਰਹਿੰਦਾ ਹੈ।ਹਜ਼ਾਰਾਂ ਸਾਲ ਪਹਿਲੇ ਸੰਸਕ੍ਰਿਤ ਪੰਜਾਬ ਵਾਸੀਆਂ ਦੀ ਮਾਂ ਬੋਲੀ ਸੀ।ਪੰਜਾਬੀਆਂ ਦੇ ਘਰਾਂ ਵਿਚ ਬੋਲੀ ਜਾਣ ਵਾਲੀ,ਉਸ ਸਮੇਂ ਦੀ ਆਮ ਬੋਲੀ।ਸਮੇ ਦੇ ਵਿਕਾਸ ਨਾਲ ਵੇਦਾਂ ਦੀ ਬੋਲੀ(ਸੰਸਕ੍ਰਿਤਿ) ਅੱਜ ਦੀ ਪੰਜਾਬੀ ਤੋਂ ਐਨੀ ਦੂਰ ਚਲੇ ਗਈ ਹੈ ਕਿ ਪਛਾਣੀ ਵੀ ਨਹੀਂ ਜਾਂਦੀ ਪਰ ਇਸ ਗਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸੰਸਕ੍ਰਿਤਿ ਸਾਡੇ ਲਈ ਬਿਗਾਨੀ ਨਹੀਂ।ਸਾਡੀ ਆਪਣੀ ਹੀ ਪੁਰਾਣੀ ਪੰਜਾਬੀ ਹੈ।ਹਿੰਦੁਸਤਾਨ ਦੀਆਂ ਬਾਕੀ ਸਾਰੀਆਂ ਬੋਲੀਆਂ ਨਾਲ ਵੀ ਸੰਸਕ੍ਰਿਤਿ ਦਾ ਸੰਬੰਧ ਹੈ ਪਰ ਪੰਜਾਬੀ ਸੰਸਕ੍ਰਿਤਿ ਦੇ ਸੱਭ ਤੋਂ ਨੇੜੇ ਹੈ।ਇਸੇ ਲਈ ਹੀ ਪੰਜਾਬੀ ਨੂੰ ਸੰਸਕ੍ਰਿਤ ਦੀ ਜੇਠੀ ਧੀ ਵੀ ਕਿਹਾ ਜਾਂਦਾ ਹੈ।ਅਸੀਂ ਆਰੀਅਨ ਦੀ ਔਲਾਦ ਹਾਂ।ਸਾਡੀਆਂ ਰਗਾਂ ਵਿਚ ਉਨ੍ਹਾਂ ਰਿਸ਼ੀਆਂ ਮੁਨੀਆਂ ਦਾ ਖੂਨ ਹੈ ਜਿਨ੍ਹਾਂ ਨੇ ਪੰਜਾਂ ਦਰਿਆਵਾਂ ਦੇ ਕੰਢਿਆਂ ਉਤੇ ਬੈਠ ਕੇ ਵੇਦਾਂ ਦੀ ਰਚਨਾਂ ਕੀਤੀ।ਉਸੇ ਧਰਤੀ ਉਤੇ ਹੀ ਗੁਰੂ ਨਾਨਕ ਨੇ ਜਨਮ ਲਿਆ।ਇਸ ਤੋਂ ਸਿੱਧ ਹੁੰਦਾ ਹੈ ਕਿ ਅੱਜ ਦੀ ਪੰਜਾਬੀ ਸੰਸਕ੍ਰਿਤ ਦਾ ਹੀ ਨਵਾਂ ਰੂਪ ਹੈ।

ਕੁਦਰਤ ਦੇ ਅਸੂਲਾਂ ਮੁਤਾਬਿਕ ਬੋਲੀ ਤੇ ਲਿੱਪੀ ਵਿਕਾਸ ਕਰਦੀਆਂ ਹਨ।ਅੱਗੇ ਤੋਂ ਵੀ ਕਰਦੀਆਂ ਰਹਿਣਗੀਆਂ ਪਰ ਅੱਜ ਕਲ੍ਹ ਕੁਝ ਜ਼ਿਆਦਾ ਹੀ ਤੇਜੀ ਨਾਲ ਵਿਕਾਸ ਹੋ ਰਿਹਾ ਹੈ।ਅੰਗਰੇਜ਼ੀ ਦੇ ਸ਼ਬਦ ਧੜਾ ਧੜ ਦੁਨੀਆਂ ਦੀਆਂ ਸਾਰੀਆਂ ਬੋਲੀਆਂ ਵਿਚ ਹੀ ਸਮਾਈ ਜਾ ਰਹੇ ਹਨ।ਇਸ ਨਾਜ਼ੁਕ ਸਮੇਂ ਵਿਚ ਸਾਰੀਆਂ ਕੌਮਾਂ ਆਪਣੀਆਂ ਆਪਣੀਆਂ ਬੋਲੀਆਂ ਨੂੰ ਸੰਭਾਲਣ ਲਈ ਸੁਚੇਤ ਹਨ।ਸਾਨੂੰ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੂਲ ਸਰੂਪ ਨੂੰ ਸੰਭਾਲਣ ਲਈ ਪੰਜਾਬੀ ਨੂੰ ਜੀਊਂਦੀ ਜਾਗਦੀ ਰੱਖਣ ਲਈ ਸਾਵਧਾਨ ਰਹਿਣ ਦੀ ਜਰੂਰਤ ਹੈ।

ਸਮੇ ਦੇ ਹਿਸਾਬ ਨਾਲ ਗੁਰਬਾਣੀ ਦੀ ਬੋਲੀ ਅਤੇ ਲਿੱਪੀ ਦੀ ਰੂਪ ਰੇਖਾ ਵਿਚ ਅੱਜ ਦੀ ਪੰਜਾਬੀ ਬੋਲੀ ਅਤੇ ਲਿੱਪੀ ਨਾਲੋਂ ਕੁਝ ਫਰਕ ਪਿਆ ਹੈ।ਆਉਣ ਵਾਲੇ ਸਮਿਆਂ ਵਿਚ ਇਹ ਦੂਰੀ ਹੋਰ ਵੀ ਵੱਧ ਜਾਵੇਗੀ ਤੇ ਅਖੀਰ ਉਹ ਦਿਨ ਵੀ ਆਵੇਗਾ ਜਦੋਂ ਗੁਰਬਾਣੀ ਦੀ ਪੰਜਾਬੀ ਸਿੱਖਣ ਲਈ ਵੀ ਓਨੀ ਹੀ ਮੇਹਨਤ ਕਰਨੀ ਪਏਗੀ ਜਿੰਨੀ ਮੇਹਨਤ ਅੱਜ ਸੰਸਕ੍ਰਿਤ ਸਿੱਖਣ ਲਈ ਕਰਨੀ ਪੈਂਦੀ ਹੈ।ਗੁਰਬਾਣੀ ਦਾ ਉਚਾਰਣ ਕਰਨਾ ਵੀ ਓਨਾਂ ਹੀ ਔਖਾ ਹੋਵੇਗਾ ਜਿੰਨਾਂ ਅੱਜ ਸੰਸਕ੍ਰਿਤ ਦਾ ਹੈ।

ਵੇਦ ਬਾਣੀ ਦੀ ਬੋਲੀ ਵਿਚ ਅਤੇ ਅੱਜ ਦੀ ਪੰਜਾਬੀ ਬੋਲੀ ਵਿਚ ਬਹੁਤ ਫਰਕ ਪੈ ਚੁੱਕਾ ਹੈ।ਫਿਰ ਵੀ ਵੇਦਾਂ ਦਾ ਮੂਲ ਸਰੂਪ ਵਿਗੜਿਆ ਨਹੀਂ ਹੈ ਪਰ ਇਸ ਦੇ ਮੁਕਾਬਲੇ ਵਿਚ ਗੁਰਬਾਣੀ ਦੀ ਬੋਲੀ ਅਤੇ ਅੱਜ ਦੀ ਪੰਜਾਬੀ ਬੋਲੀ ਵਿਚ ਮਾਮੂਲੀ ਜਿਹਾ ਫਰਕ ਹੈ।ਬੜੇ ਹੀ ਦੁੱਖ ਦੀ ਗੱਲ ਹੈ ਕਿ ਇਸ ਥੋੜੇ ਜਿਹੇ ਫਰਕ ਨੂੰ ਮਿਟਾਉਣ ਲਈ ਅਸੀਂ ਗੁਰਬਾਣੀ ਨੂੰ ਆਪਣੀ ਅੱਜ ਦੀ ਬੋਲੀ ਵਿਚ ਬਦਲਣ ਦਾ ਰਾਹ ਅਪਣਾ ਕੇ ਇਲਾਹੀ ਬਾਣੀ ਵਿਚ ਦਖਲ ਅੰਦਾਜ਼ੀ ਕਰਨੀ ਸ਼ੁਰੂ ਦਿੱਤੀ ਹੈ।**ਜੇਕਰ ਅਸੀਂ ਥੋੜ੍ਹਾ ਜਿੰਨਾ ਫਰਕ ਪੈਣ ਨਾਲ ਹੀ ਘਬਰਾ ਕੇ ਅੰਮ੍ਰਿਤ ਬਾਣੀ ਦਾ ਮੂਲ ਸਰੂਪ ਵਿਗਾੜ ਦਿੱਤਾ ਤਾਂ ਕਲ੍ਹ ਨੂੰ ਜਦੋਂ ਵੱਡੇ ਪੱਧਰ ਉਤੇ ਬੋਲੀ ਵਿਚ ਫਰਕ ਪਿਆ ਤਾਂ ਫਿਰ ਕੀ ਬਣੂੰ..?**

ਵੇਦਾਂ ਦੇ ਪੁਜਾਰੀਆਂ ਨੇ ਵੇਦਾਂ ਦੀ ਠੀਕ ਢੰਗ ਨਾਲ ਸੇਵਾ ਸੰਭਾਲ ਕੀਤੀ ਅਤੇ ਵੇਦਾਂ ਨੂੰ ਸਦ-ਜੀਵੀ ਬਣਾ ਦਿੱਤਾ।ਰਿਸ਼ੀਆਂ ਮੁਨੀਆਂ ਦੀਆਂ ਮਹਾਨ ਕਿਰਤਾਂ ਤੋਂ ਜਾਣੂ ਹੋਣ ਦੇ ਸ਼ੋਕੀਨ ਅੱਜ ਵੀ ਮੇਹਨਤ ਕਰਕੇ ਸੰਸਕ੍ਰਿਤ ਸਿੱਖ ਲੈਂਦੇ ਹਨ।ਉਹ ਸ਼ੁੱਧ ਉਚਾਰਣ ਕਰਨਾ ਸਿੱਖ ਕੇ ਪ੍ਰਚੀਨ ਰੂਹਾਨੀਅਤ ਦੇ ਭੰਡਾਰਾਂ ਦੇ ਲਾਹੇ ਲੈ ਲੈਂਦੇ ਹਨ।ਇਸੇ ਤਰ੍ਹਾਂ ਹੀ ਆਉਣ ਵਾਲੇ ਸਮਿਆਂ ਵਿਚ ਵੀ ਜਦੋਂ ਗੁਰਬਾਣੀ ਦੀ ਬੋਲੀ ਅਤੇ ਉਸ ਸਮੇ ਦੀ ਬੋਲੀ ਵਿਚ ਸੰਸਕ੍ਰਿਤ ਜਿੰਨਾਂ ਹੀ ਫਰਕ ਪੈ ਜਾਵੇਗਾ ਤਾਂ ਗੁਰਸਿੱਖ ਆਪਣੀ ਅੰਤ੍ਰ-ਆਤਮਾ ਦੀ ਪਿਆਸ ਬੁਝਾਉਣ ਲਈ ਗੁਰਬਾਣੀ ਦੀ ਬੋਲੀ ਸਿੱਖ ਕੇ ਧੁਰ ਕੀ ਬਾਣੀ ਦੀਆਂ ਬਖਸ਼ਿਸ਼ਾਂ ਪ੍ਰਾਪਤ ਕਰਦੇ ਰਹਿਣਗੇ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਨਿਰੰਜਨੀ ਜੋਤ ਨੂੰ ਪਛਾਨਣ ਵਾਲੇ ਪ੍ਰਾਣੀਆਂ ਦੀ ਪ੍ਰੇਮ-ਖਿੱਚ ਉਨ੍ਹਾਂ ਨੂੰ ਦੀਵਾਨੇ ਬਣਾਈ ਰੱਖੇਗੀ ਤੇ ਉਹ ਆਪਣੇ ਚਾਤ੍ਰਿਕ-ਮਨਾਂ ਦੀ ਪਿਆਸ ਬੁਝਾਉਣ ਲਈ ਸੱਚੇ ਸਤਿਗੁਰਾਂ ਦੇ ਇਲਾਹੀ ਫੁਰਮਾਨਾਂ ਨੂੰ ਜਾਨਣ ਲਈ ਅਤੁੱਟ ਕਮਾਈਆਂ ਕਰਦੇ ਹੋਏ ਵੀ ਕਦੀ ਨਹੀਂ ਥੱਕਣਗੇ ,ਕਦੀ ਨਹੀਂ ਅੱਕਣਗੇ...।ਪ੍ਰੇਮ ਲਗਨ ਦੀ ਡੋਰ ਵਿਚ ਬੱਝੇ ਹੋਏ, ਉਹ ਗੁਰੂਆਂ ਦੇ ਸਮੇਂ ਦੀ ਬੋਲੀ ਦਾ ਸ਼ੁੱਧ ਉਚਾਰਣ ਕਰਨਾਂ ਵੀ ਸਿੱਖ ਲੈਣਗੇ।ਗੁਰਸਿੱਖੀ ਜੀਵਨ ਦੀਆਂ ਰਹਿਮਤਾਂ ਹੰਢਾਉਣ ਲਈ ਬਾਣੀ ਦੇ ਗੂੜ੍ਹ ਭਾਵ ਸਮਝਣ ਦੇ ਸਮਰੱਥ ਹੁੰਦੇ ਰਹਿਣਗੇ ਤੇ ਲੋਕ ਪ੍ਰਲੋਕ ਵਿਚ ਸਹਾਈ ਹੋਣ ਵਾਲੀ ਇਲਾਹੀ ਬਾਣੀ ਉਨ੍ਹਾਂ ਨੂੰ ਜੀਵਨ ਮਾਰਗ ਦਰਸਾਉਂਦੀ ਰਹੇਗੀ।

ਹਰ ਬੋਲੀ ਦੀ ਲਿੱਪੀ ਦਾ ਜਨਮ ਡੰਡੀਆਂ,ਬਿੰਦੀਆਂ,ਟਿੱਪੀਆਂ ਤੇ ਛੋਟੀਆਂ ਬੜੀਆਂ ਲਕੀਰਾਂ ਤੋਂ ਹੁੰਦਾ ਹੈ।ਸਮੇਂ ਅਨੁਸਾਰ ਬੋਲੀ ਵਿਕਾਸ ਕਰਦੀ ਹੈ ਤੇ ਬੋਲੀ ਦੀਆਂ ਲੋੜਾਂ ਦੀ ਪੂਰਤੀ ਕਰਨ ਲਈ ਲਿੱਪੀ ਆਪਣਾਂ ਰੂਪ ਨਿਖਾਰਦੀ ਰਹਿੰਦੀ ਹੈ।ਬੋਲੀ ਬੰਦੇ ਦੇ ਬੋਲਣ ਦੇ ਲਹਿਜੇ ਅਤੇ ਭਾਵ ਪ੍ਰਗਟ ਕਰਨ ਲਈ ਆਪਣੇ ਗੁਣਾਂ ਵਿਚ ਵਾਧਾ ਕਰਦੀ ਰਹਿੰਦੀ ਹੈ ਤੇ ਲਿੱਪੀ ਉਸਦਾ ਸਾਥ ਨਿਭਾਉਣ ਲਈ ਆਪਣੀਆਂ ਲਗਾਂ ਮਾਤਰਾ ਵਿਚ ਵਾਧਾ ਕਰਦੀ ਰਹਿੰਦੀ ਹੈ।ਇਸ ਗਲ ਦਾ ਸਬੂਤ ਸਾਨੂੰ ਆਪਣੀ ਪੰਜਾਬੀ ਬੋਲੀ ਦੀ ਲਿੱਪੀ ਵਿਚ **ਅੱਧਕ** ਦੇ ਰੂਪ ਵਿਚ ਮਿਲਦਾ ਹੈ।ਗੁਰਬਾਣੀ-ਲਿੱਪੀ ਵਿਚ ਅੱਧਕ ਨਜਰੀਂ ਨਹੀਂ ਆਉਂਦਾ ਪਰ ਹੁਣ ਅਸੀਂ ਅੱਧਕ ਲਿਖਦੇ ਵੀ ਹਾਂ ਤੇ ਬੋਲਦੇ ਵੀ ਹਾਂ।ਭਵਿੱਖ ਵਿਚ ਵੀ ਪੰਜਾਬੀ ਲਿੱਪੀ ਵਿਚ ਕਿਸੇ ਵਾਧ ਘਾਟ ਦੀ ਉਮੀਦ ਰੱਖੀ

ਜਾ ਸਕਦੀ ਹੈ। ਅਜਿਹੀ ਹਾਲਤ ਵਿਚ ਸਹਿਤ ਦੀ ਰਾਖੀ ਕਰਨਾਂ ਤੇ ਧਾਰਮਿਕ ਗ੍ਰੰਥਾਂ ਦੇ ਮੂਲ ਸਰੂਪ ਨੂੰ ਬਚਾ ਕੇ ਰੱਖਣਾਂ ਉਸ ਸਮੇ ਦੇ ਵਿਦਵਾਨਾਂ ਦੀ ਜਿੰਮੇਵਾਰੀ ਹੋਵੇਗੀ।ਜਿਉਂ ਜਿਉਂ ਬੰਦੇ ਦੀ ਸਭਿਅਤਾ ਅਤੇ ਸਭਿਆਚਾਰ ਵਿਚ ਫਰਕ ਪੈਂਦਾ ਹੈ ਤਿਉਂ ਤਿਉਂ ਸਾਡੀ ਬੋਲੀ ਤੇ ਲਿੱਪੀ ਦੀਆਂ ਲੋੜਾਂ ਵਧਦੀਆਂ ਰਹਿੰਦੀਆਂ ਹਨ ਤੇ ਇਹ ਦੋਨੋਂ ਇਕ ਦੂਜੀ ਦਾ ਸਾਥ ਨਿਭਾਉਣ ਲਈ ਇਕ ਦੂਜੀ ਦੇ ਨਾਲ ਨਾਲ ਤੁਰਦੀਆਂ ਹਨ।

ਇਸ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਗਟ ਪ੍ਰਤਾਪ ਦੇ ਅਨੁਭਵੀ ਵਿਦਵਾਨ ਸੰਥਿਆ ਦੇਣ ਸਮੇ ਪਹਿਲੇ ਮੁਹਾਰਨੀ ਦੀ ਗੱਲ ਕਰਦੇ ਹਨ।ਲਗਾਂ ਮਾਤਰਾਂ ਦੀਆਂ ਅਵਾਜਾਂ ਦੀ ਸਹੀ ਪਛਾਣ ਕਰਵਾਉਂਦੇ ਹਨ।ਬੋਲੀ ਤੇ ਲਿੱਪੀ ਵਿਚ ਆਈਆਂ ਤਬਦੀਲੀਆਂ ਦੀ ਪੜਚੋਲ ਕਰਕੇ ਬਾਣੀ ਦੇ ਭਾਵ ਅਰਥ ਸਮਝਾਉਂਦੇ ਹਨ, ਤੇ ਫਿਰ ਬੱਚਿਆਂ ਨੂੰ ਧੁਰ ਕੀ ਬਾਣੀ ਦੇ ਸ਼ੁੱਧ ਉਚਾਰਣ ਕਰਨ ਵਿਚ ਪਰਪੱਕ ਬਣਾਉਂਦੇ ਹਨ।ਇਸ ਤਰ੍ਹਾਂ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੂਲ ਸਰੂਪ ਨੂੰ ਬਚਾਉਣ ਦੇ ਪਹਿਰੇਦਾਰ ਹੋਣ ਦਾ ਧਰਮ ਨਿਭਾ ਰਹੇ ਹਨ।

ਦੂਜੇ ਪਾਸੇ ਆਪਣੇ ਆਪ ਨੂੰ ਬੁਧੀਜੀਵੀ ਕਹਾਉਣ ਵਾਲੇ ਕੁਝ ਐਸੇ ਵੀ ਹਨ ਜਿਹੜੇ ਗੁਰਬਾਣੀ ਵਿਚ ਅੱਧਕ ਨਾ ਹੋਣ ਦੀ ਘਾਟ ਨੂੰ ਗੁਰਬਾਣੀ ਦੀ ਕਮੀ ਕਹਿ ਕੇ ਗੁਰਬਾਣੀ ਨੂੰ ਸੋਧਣ ਦਾ ਐਲਾਨ ਬੜੀ ਦਲੇਰੀ ਨਾਲ ਕਰ ਰਹੇ ਹਨ।

ਧਿਆਨ ਦੇਣ ਵਾਲੀ ਗੱਲ ਹੈ ਕਿ ਜਾਪ ਸਾਹਿਬ ਅਤੇ **ਸ੍ਰੀ ਗੁਰੂ ਗੋਬਿੰਦ ਸਿੰਘ ਜੀ** ਦੀ ਬਾਣੀ ਵਿਚ ਅੱਧਕ ਦੀ ਵਰਤੋਂ ਕੀਤੀ ਹੋਈ ਹੈ।ਸਤਿਗੁਰਾਂ ਨੇ ਸਮੇ ਦੀ ਚਾਲ ਨਾਲ ਬੋਲੀ ਅਤੇ ਲਿੱਪੀ ਵਿਚ ਆਏ ਪਰੀਵਰਤਣ ਨੂੰ ਅੱਪਣਾਇਆ ਪਰ ਜਦੋਂ ਗੁਰੂ ਜੀ ਨੇ ਭਾਈ ਮਨੀ ਸਿੰਘ ਜੀ ਕੋਲੋਂ ਧੁਰ ਕੀ ਬਾਣੀ ਲਿਖਵਾਈ ਤਾਂ ਉਸ ਵੇਲੇ ਉਨ੍ਹਾਂ ਨੇ ਅੱਧਕ ਤੋਂ ਬਿਨਾ ਹੀ ਬਾਣੀ ਲਿਖਣ ਦੀ ਸੇਵਾ ਕਰਵਾਈ।ਦਸ਼ਮੇਸ਼ ਪਿਤਾ ਨੇ ਉਹੀ ਲਿੱਪੀ ਵਰਤੀ ਜਿਸ ਲਿੱਪੀ ਨੂੰ ਸੰਵਾਰ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਨਿਰੰਕਾਰੀ ਬਾਣੀ ਦੀ ਪੋਥੀ ਤਿਆਰ ਕੀਤੀ ਸੀ।ਫਿਰ ਉਸੇ ਗੁਰਮੁਖੀ ਲਿੱਪੀ ਨੂੰ ਗੁਰੂਆਂ ਅਤੇ ਭਗਤਾਂ ਨੇ ਅਪਣਾਇਆ।ਦਸ਼ਮੇਸ਼ ਪਿਤਾ ਨੇ ਆਪਣੀ ਅੱਧਕ ਦੀ ਵਰਤੋਂ ਵਾਲੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਨਹੀਂ ਕੀਤਾ।ਜੇ ਗੁਰੂ ਜੀ ਚਹੁੰਦੇ ਤਾਂ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਭਾਈ ਮਨੀ ਸਿੰਘ ਜੀ ਕੋਲੋਂ ਅੱਧਕ ਦੀ ਵਰਤੋਂ ਕਰਵਾ ਸਕਦੇ ਸੀ ਪਰ **ਸਤਿਗੁਰਾਂ ਨੇ ਬਾਣੀ ਨੂੰ ਸੁੱਚੀ ਰੱਖਣ ਦਾ ਧਰਮ ਪਾਲਿਆ ਤੇ ਜੋਤ ਸਰੂਪੀ ਬਾਣੀ ਦੇ ਮੂਲ ਸਰੂਪ ਨੂੰ ਆਂਚ ਨਹੀਂ ਆਉਣ ਦਿੱਤੀ।**

ਵਾਹਿਗੁਰੂ ਕਿਰਪਾ ਕਰੇ!ਅਸੀਂ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਏ ਪੂਰਨਿਆਂ ਉਤੇ ਚੱਲ ਕੇ ਧੁਰ ਕੀ ਬਾਣੀ ਦੇ ਮੂਲ ਸਰੂਪ ਉਤੇ ਪਹਿਰਾ ਦੇਈਏ।ਜੇ ਅਸੀਂ ਦਸ਼ਮੇਸ਼ ਪਿਤਾ ਦੇ ਵਾਰਿਸ ਹੋਣ ਦਾ ਹੱਕ ਰੱਖਦੇ ਹਾਂ ਤਾਂ ਵਿਰਾਸਤ ਨੂੰ ਸੰਭਾਲਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੂਲ ਸਰੂਪ ਨੂੰ ਆਂਚ ਲੱਗਣ ਤੋਂ ਬਚਾਉਣਾ ਸਾਡਾ ਪਰਮ ਧਰਮ ਹੈ।

ਲਿਖਣ ਵਾਲੀ ਬੋਲੀ (ਕੇਂਦਰੀ ਬੋਲੀ) ਅਤੇ ਬੋਲਣ ਵਾਲੀ ਬੋਲੀ (ਉਪ ਭਾਖਾ)ਵਿਚ ਫਰਕ ਹੁੰਦਾ ਹੈ।ਉਦ੍ਹਾਰਣ ਦੇ ਤੌਰ 'ਤੇ ਲਿਖਣ ਵੇਲੇ ਅਸੀਂ 'ਆਉਂਦਾ' ਲਿਖਦੇ ਹਾਂ ਪਰ ਬੋਲਣ ਵਿਚ ਅਕਸਰ 'ਔਂਦਾ' ਬੋਲਦੇ ਹਾਂ।ਇਸੇ ਤਰ੍ਹਾਂ ਹੀ ਲਿਖਣ ਵੇਲੇ 'ਕਹਿੰਦਾ' ਲਿਖਦੇ ਹਾਂ ਤੇ ਬੋਲਣ ਵੇਲੇ 'ਕ੍ਹੈਂਦਾ' ਜਾਂ 'ਕਈਂਦਾ' ਬੋਲਦੇ ਹਾਂ।ਬੋਲਣ ਦੇ ਲਹਿਜੇ ਨਾਲ ਲਿੱਪੀ ਵਿਚ ਵੀ ਫਰਕ ਪੈਂਦਾ ਹੈ।ਹਰਿਆਣੇ ਵਿਚ ਪੰਜਾਬੀ ਬੋਲਣ ਵਾਲਿਆਂ ਦਾ ਬੋਲਣ ਦਾ ਲਹਿਜਾ ਹੋਰ ਅਤੇ ਹਿਮਾਚਲ ਵਿਚ ਪੰਜਾਬੀ ਬੋਲਣ ਵਾਲਿਆਂ ਦੀ ਬੋਲੀ ਉਤੇ ਹਿਮਾਚਲੀ ਬੋਲੀ ਦਾ ਰੰਗ ਚੜ੍ਹਿਆ ਹੋਇਆ ਹੈ।ਅਸੀਂ ਪੰਜਾਬੀ ਹੁੰਦੇ ਹੋਏ ਵੀ ਦੁਆਬੀਏ,ਮਲਵਈ,ਮਝੱਈ ਅਤੇ ਪਾਕਿਸਤਾਨੀ ਪੰਜਾਬੀਆ ਦੀ

ਬੋਲੀ ਬੋਲਣ ਦੇ ਲਹਿਜੇ ਵਿਚ ਫਰਕ ਦੇਖਦੇ ਹਾਂ।ਇਕ ਹੀ ਇਲਾਕੇ ਵਿਚ ਵਸਣ ਵਾਲੇ ਲੋਕਾਂ ਦੀ ਬੋਲੀ ਵਿਚ ਵੀ ਵਖਰੇਵੇਂ ਨਜਰੀਂ ਆਉਂਦੇ ਹਨ।

ਬਿਦੇਸ਼ਾਂ ਵਿਚ ਵਸਣ ਵਾਲੇ ਪੰਜਾਬੀ ਘਰਾਂ ਵਿਚ ਪੰਜਾਬੀ ਬੋਲਦੇ ਹਨ ਪਰ ਬਾਹਰ ਜਾ ਕੇ ਉਨ੍ਹਾਂ ਨੂੰ ਅੰਗਰੇਜ਼ੀ ਬੋਲਣੀ ਪੈਂਦੀ ਹੈ।ਹੌਲੀ ਹੌਲੀ ਉਨ੍ਹਾਂ ਦੇ ਪੰਜਾਬੀ ਬੋਲਣ ਦੇ ਲਹਿਜੇ ਵਿਚ ਫਰਕ ਪੈ ਜਾਂਦਾ ਹੈ।ਖਾਸ ਕਰਕੇ ਬੱਚਿਆਂ ਦੇ ਪੰਜਾਬੀ ਬੋਲਣ ਦੇ ਲਹਿਜੇ ਵਿਚ ਬਹੁਤ ਫਰਕ ਪੈ ਜਾਂਦਾ ਹੈ।ਪਰ ਗੁਰਬਾਣੀ ਦੀ ਚੁੰਬਕੀ ਖਿੱਚ ਨਾਲ ਖਿੱਚੇ ਹੋਏ ਉਹ ਬਾਣੀ ਨੂੰ ਪਿਆਰ ਕਰਦੇ ਹਨ ਤੇ ਕਈ ਸਿੰਘ ਸੱਜ ਕੇ ਗੁਰਸਿੱਖੀ ਜੀਵਨ ਦੇ ਲਾਹੇ ਖੱਟਦੇ ਹਨ।ਅੰਗਰੇਜ਼ੀ ਸਕੂਲਾਂ ਵਿਚ ਪੜ੍ਹਨ ਨਾਲ, ਉਹ ਕਈ ਅੱਖਰ ਬੋਲਣ ਵਿਚ ਔਖਿਆਈ ਮਹਿਸੂਸ ਕਰਦੇ ਹਨ ਜਿਵੇਂ ਕਿ ੜਾੜਾ ਅੱਖਰ ਉਨ੍ਹਾਂ ਦੀ ਜੁਬਾਨ ਵਿਚੋਂ ਨਿਕਲਦਾ ਹੀ ਨਹੀਂ।ਉਹ ੜਾੜੇ ਅੱਖਰ ਦਾ ਉਚਾਰਣ ਰਾਰੇ ਅੱਖਰ ਨਾਲ ਹੀ ਕਰਦੇ ਹਨ।ਕੜ੍ਹਾ ਪ੍ਰਸ਼ਾਦ ਨੂੰ ਕਰ੍ਹਾ ਪ੍ਰਸ਼ਾਦ ਹੀ ਕਹਿੰਦੇ ਹਨ।ਅਜਿਹੀ ਹਾਲਤ ਵਿਚ,ਕਲ੍ਹ ਨੂੰ ਆਉਣ ਵਾਲੇ ਸਮੇ ਵਿਚ ਪੰਜਾਬੀ ਬੋਲੀ ਦੀ ਲਿੱਪੀ ਵਿਚ ਕੋਈ ਵਾਧ ਘਾਟ ਹੋ ਜਾਣੀ ਸੁਭਾਵਿਕ ਹੀ ਹੈ।ਅਜਿਹੇ ਹਾਲਾਤਾਂ ਵਿਚ ਸਾਹਿਤ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੂਲ ਸਰੂਪ ਨੂੰ ਸੰਭਾਲਣਾਂ ਉਸ ਸਮੇ ਦੇ ਵਿਦਵਾਨਾਂ ਦੀ ਜੁੰਮੇਵਾਰੀ ਹੋਵੇਗੀ।

ਸਾਹਿਤ ਲਿਖਣ,ਪੜ੍ਹਨ ਤੇ ਸਮਝਣ ਲਈ ਵਿਦਵਾਨ ਲੋਕ ਹਮੇਸ਼ਾਂ ਕੇਂਦਰੀ ਬੋਲੀ ਵਲ ਹੀ ਧਿਆਨ ਦਿੰਦੇ ਹਨ।ਪ੍ਰਚੀਨ ਸਭਿਆਚਾਰ ਨੂੰ ਸਮਝਣ ਲਈ ਸਾਹਿੱਤ ਦੀ ਲਿੱਪੀ ਤੇ ਬੋਲੀ ਦੋਨਾਂ ਦਾ ਅਧਿਅਨ ਕਰਨਾ ਜਰੂਰੀ ਹੁੰਦਾ ਹੈ ਪਰ ਅੱਜ ਜਿਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਆਪਣੀ ਮੱਤਿ ਅਨੁਸਾਰ ਉਚਾਰਣ ਕਰਨ ਦਾ ਝੱਖੜ ਝੁੱਲਿਆ ਹੋਇਆ ਹੈ ਉਸ ਹਿਸਾਬ ਨਾਲ ਤਾਂ ਲਗਦਾ ਹੈ ਕਿ ਕਲ੍ਹ ਨੂੰ ਆਪਣੀ ਆਪਣੀ ਉਪ ਭਾਖਾ ਨਾਲ ਉਚਾਰਣ ਕਰਨ ਦਾ ਚੱਕਰ ਵੀ ਚਲਾਇਆ ਜਾ ਸਕਦਾ ਹੈ।ਡਰ ਲਗਦਾ ਹੈ ਕਿ ਕਲ੍ਹ ਨੂੰ ਇਹ ਬਾਣੀ ਸੋਧਣ ਵਾਲੇ ਧੁਰ ਕੀ ਬਾਣੀ ਨੂੰ ਆਪਣੇ ਆਪਣੇ ਇਲਾਕੇ ਦੀ ਉਪ ਭਾਖਾ ਅਨੁਸਾਰ ਉਚਾਰਣ ਕਰਨ ਨੂੰ ਹੀ ਧਰਮ ਪ੍ਰਚਾਰ ਦਾ ਸਾਧਨ ਨਾ ਬਣਾ ਲੈਣ..।

****************

# ਗੁਰਬਾਣੀ ਦੀ ਪੜਚੋਲ

ਅੱਜ ਗੁਰਬਾਣੀ ਦੀ ਪੜਚੋਲ ਦੀ **ਅਹੁਦੇਦਾਰੀ** ਕਾਲਜਾਂ ਤੇ ਯੂਨੀਵਰਸਿਟੀਆਂ ਦੇ ਵਿਦਵਾਨਾਂ ਨੇ ਸੰਭਾਲੀ ਹੋਈ ਹੈ।ਬੜੀਆਂ ਚੰਗੀਆਂ ਗੱਲਾਂ ਹੋ ਰਹੀਆਂ ਹਨ ਪਰ ਨਾਲ ਹੀ ਕਈ ਕਮੀਆਂ ਵੀ ਦਿਖਾਈ ਦੇ ਰਹੀਆਂ ਹਨ।ਉਨ੍ਹਾਂ ਪ੍ਰੋਫੈਸਰਾਂ ਕੋਲ ਪੀ.ਐਚ.ਡੀ. ਦੀ ਡਿਗਰੀ ਤਾਂ ਹੋਵੇਗੀ ਪਰ ਜ਼ਰੂਰੀ ਨਹੀਂ ਕਿ ਧਾਰਮਿਕ ਜੀਵਨ ਅਤੇ ਆਤਮਿਕ ਅਵੱਸਥਾ ਵੀ ਉਨ੍ਹਾਂ ਸਾਰਿਆਂ ਕੋਲ ਹੋਵੇ।ਅਵਤਾਰੀ ਪੁਰਸ਼ਾਂ ਦੀ ਉਚਾਰੀ ਹੋਈ ਇਸ **ਬ੍ਰਹੰਮੀਂ ਬਾਣੀ ਨੂੰ ਸਮਝਣ ਲਈ ਨਿਰੀਆਂ ਦਿਮਾਗੀ ਜੁਗਤੀਆਂ ਤੇ ਫੋਕੀਆਂ ਫਲਾਸਫੀਆਂ ਹੀ ਕਾਫੀ ਨਹੀਂ ਹਨ**।ਇਹ ਤਾਂ ਆਤਮਿਕ ਪ੍ਰਕਾਸ਼ ਦੇ ਝਰੋਖੇ ਥਾਣੀਂ ਝਾਕਣ ਵਾਲੇ ਅਲੌਕਿਕ ਨਜਾਰੇ ਹਨ।ਪ੍ਰਭੂ ਪ੍ਰੇਮ ਵਿਚ ਬਿਹਬਲ ਹੋਏ ਮਨਾਂ ਦਾ ਅਸਲੀ ਠਿਕਾਣਾਂ ਹੈ ਤੇ ਉਸ ਠਿਕਾਣੇ ਉਤੇ ਪਹੁੰਚਣ ਵਾਲੇ ਕੋਈ ਵਿਰਲੇ ਹੀ ਹੁੰਦੇ ਹਨ-

**ਅੰਮ੍ਰਿਤ ਬਾਣੀ ਗੁਰ ਕੀ ਮੀਠੀ॥**

## ਗੁਰਮੁਖਿ ਵਿਰਲੈ ਕਿਨੈ ਚਖਿ ਡੀਠੀ॥ਪੰਨਾਂ ੧੧੩
## ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥ਪੰਨਾਂ ੯੩੫

ਬ੍ਰਹੰਮ ਤੋਂ ਉਪਜੀ ਬ੍ਰਹੰਮੀ ਬਾਣੀ ਦੇ ਗੋਹਜ ਜਾਨਣ ਲਈ ਤਾਂ ਆਤਮ ਮੰਡਲ ਦੇ ਵਾਸੀ,ਅਨੁਭਵੀ ਪ੍ਰਾਣੀ ਹੀ ਕੁਝ ਦੱਸ ਸਕਦੇ ਹਨ।ਜਿਸਨੇ ਕਦੀ ਅਨਹਦ ਧੁਨੀਆਂ ਅਤੇ ਬਿਮਲ ਮਝਾਰ ਦੇ ਰੰਗ ਨਹੀਂ ਮਾਣੇ,ਦਸਮ ਦੁਆਰ ਦੀ ਰੰਗਲੀ ਖੇਡ੍ਹ ਦੀ ਗੱਲ ਨਹੀਂ ਕੀਤੀ ਤੇ ਅਣਦਿਸਦੀ ਦੁਨੀਆਂ ਤੋਂ ਪੂਰੀ ਤਰ੍ਹਾਂ ਬੇਖਬਰ ਹੈ।ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਅੰਤ੍ਰੀਵ ਭਾਵ ਕਿਵੇਂ ਸਮਝ ਸਕਦਾ ਹੈ?ਤੇ ਉਹ ਸਾਡੀਆਂ ਸੁਰਤੀਆਂ ਬਿਰਤੀਆਂ ਨੂੰ ਉਪਰ ਚੁੱਕ ਕੇ ਇਲਾਹੀ ਮੰਡਲਾਂ ਦੀਆਂ ਗੁੱਝੀਆਂ ਰਮਜਾਂ ਕਿਵੇਂ ਸਮਝਾ ਸਕਦਾ ਹੈ..?ਹਾਂ!ਇਨ੍ਹਾਂ ਰਮਜਾਂ ਨੂੰ ਸਮਝਣ ਲਈ ਤਾਂ ਕਿਸੇ ਬਾਣੀ ਦੇ ਰਸੀਏ ਕੋਲ ਜਾਣਾਂ ਪੈਂਦਾ ਹੈ।ਬਾਣੀ ਦੇ ਭੇਦ ਸਮਝਣ ਲਈ ਤਾਂ ਉਨ੍ਹਾਂ ਸੁਰਤ-ਮੰਡਲ ਦੇ ਵਾਸੀਆਂ ਨਾਲ ਸਾਂਝਾਂ ਪਾਉਣ ਦੀ ਲੋੜ ਪੈਂਦੀ ਹੈ ਜਿਨ੍ਹਾਂ ਨੇ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਸ਼ਰਣ ਵਿਚ ਰਹਿ ਕੇ ਕਰਤਾ ਪੁਰਖ ਦੇ ਲਖਾਂ ਪਤਾਲਾਂ ਤੇ ਲਖਾਂ ਅਕਾਸ਼ਾਂ ਵਿਚ ਫੇਰੀਆਂ ਮਾਰੀਆਂ ਹੋਈਆਂ ਹੋਣ..!ਪਹੁੰਚੇ ਹੋਏ ਗੁਰਸਿੱਖੜੇ...! ਜਿਨ੍ਹਾਂ ਨੇ ਪ੍ਰੇਮ-ਡੋਰ ਵਿਚ ਬੱਝ ਕੇ,ਭਾਵਨਾਵਾਂ ਦੀ ਤੀਖਣਤਾ ਨਾਲ ਸ਼ਬਦ ਸੁਰਤ ਦੀ ਕਮਾਈ ਕੀਤੀ ਹੋਈ ਹੋਵੇ, ਬਾਣੀ ਦੇ ਪ੍ਰਕਾਸ਼ ਦਰਸ਼ਨਾਂ ਦੇ ਅਨੁਭਵ ਕਰਨ ਦੀ ਬਖਸ਼ਿਸ਼ ਪ੍ਰਾਪਤ ਕੀਤੀ ਹੋਈ ਹੋਵੇ,ਜਨਮ ਮਰਨ ਦੇ ਗੇੜੇ ਦੀਆਂ ਗੁੱਝੀਆਂ ਰਮਜਾਂ ਦਾ ਗਿਆਨ ਪ੍ਰਾਪਤ ਕਰਕੇ ਅਵਤਾਰੀ ਪੁਰਸ਼ਾਂ ਨਾਲ ਸਾਂਝ ਬਣਾ ਲਈ ਹੋਵੇ...! ਉਹ ਹੀ ਸਾਡੀਆਂ ਸੱਖਣੀਆਂ ਝੋਲੀਆਂ ਨੂੰ ਇਲਾਹੀ ਬਾਣੀ ਦੀਆਂ ਬਖਸ਼ਿਸ਼ਾਂ ਨਾਲ ਭਰ ਸਕਦੇ ਹਨ।

ਸ਼ਬਦ ਸੁਰਤ ਦਾ ਮਿਲਾਪ ਕਰਨ ਲਈ ਉਹੀ ਸਜਨ ਸੁਹੇਲੇ ਸਹਾਈ ਹੋ ਸਕਦੇ ਹਨ ਜਿਹੜੇ ਆਪ ਸ਼ਬਦ ਸੁਰਤ ਦੇ ਮਿਲਾਪ ਦੇ ਰੰਗ ਮਾਣਦੇ ਹੋਣ।ਉਹ ਪ੍ਰੀਤਮ ਪਿਆਰੇ...! ਜਿਹੜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਮੰਡਲ ਵਿਚ ਸਜੇ ਹੋਏ ਹੋਣ-

**ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ॥**
**ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ ਨਾਨਕ ਕੀ ਅਰਦਾਸਿ॥**

ਰੱਤੜੇ ਚੋਲੇ ਵਾਲਿਆਂ ਦੀ ਰਸਨਾ ਦੇ ਰਸੇ ਹੋਏ ਬੋਲ ਦਿਲਾਂ ਅੰਦਰ ਧੱਸ ਜਾਂਦੇ ਹਨ।ਗੁਰਬਾਣੀ ਦੀ ਪਾਰਸ ਕਲਾ ਦੀ ਛੋਹ ਨਾਲ ਸੋਕਾ ਹਰਿਆਵਲ ਵਿਚ ਬਦਲ ਜਾਂਦਾ ਹੈ। ਫਿਰ ਅਜਿਹੇ ਗੁਰਬਾਣੀ ਦੇ ਰਸੀਆਂ ਦੀ ਚਰਨ ਧੂੜ ਦੀ ਲੋਚਾ ਬਣੀ ਰਹਿੰਦੀ ਹੈ।

ਭਗਤਾਂ ਤੇ ਸੰਸਾਰੀਆਂ ਦਾ ਜੋੜ ਕਦੀ ਨਹੀਂ ਹੁੰਦਾ।ਸੰਤਾਂ ਅਤੇ ਮਾਇਆ-ਧਾਰੀਆਂ ਦੇ ਰਸਤੇ ਵੱਖਰੇ ਵੱਖਰੇ ਹੁੰਦੇ ਹਨ।ਸ਼ੋਹਰਤ ਦੀ ਭੁੱਖ, ਮਾਇਆ ਦਾ ਲੋਭ ਜਾਂ ਕਿਸੇ ਸ਼ਰਾਰਤੀ ਅੰਸਰ ਦੀ ਸ਼ਹਿ ਨਾਲ ਕੀਤਾ ਧਰਮ ਪ੍ਰਚਾਰ, ਧਰਮ ਰੂਪੀ ਬੂਟੇ ਦੀਆਂ ਜੜ੍ਹਾਂ ਨੂੰ ਘੁਣ ਬਣਕੇ ਖਾ ਜਾਂਦਾ ਹੈ।

ਲੋਕ ਪ੍ਰਲੋਕ ਦੀ ਜੀਵਨ ਸੇਧ ਲੈਣ ਲਈ ਸਾਨੂੰ ਗਿਆਨ ਦੀ ਲੋੜ ਪੈਂਦੀ ਹੈ ਤੇ ਗਿਆਨ ਦੀ ਪ੍ਰਾਪਤੀ ਲਈ ਅਸੀਂ ਗੁਰੂ ਕੋਲ ਜਾਂਦੇ ਹਾਂ।ਇਸ ਲੋੜ ਨੂੰ ਪੂਰਾ ਕਰਨ ਲਈ ਕਦੀ ਕਿਸੇ ਗੁਰੂ ਦੇ ਹੱਡ ਮਾਸ ਦੇ ਸਰੀਰ ਨੇ ਕੰਮ ਨਹੀਂ ਕੀਤਾ,ਉਸਦੀ ਰੂਹਾਨੀ ਸ਼ਕਤੀ ਤੇ ਉਸਦੀ ਬਾਣੀ ਹੀ ਕੰਮ ਕਰਦੀ ਹੈ।ਗੁਰੂ ਦੀ ਬਾਣੀ ਉਤੇ ਟੀਕਾ ਟਿਪਣੀ ਕਰਨ ਵਾਲੇ ਜਾਂ ਦਖਲ ਅੰਦਾਜ਼ੀ ਕਰਨ ਵਾਲੇ ਦੀ ਸੁਰਤੀ ਬਿਰਤੀ ਗੁਰੂ ਦੀ ਸੁਰਤੀ ਬਿਰਤੀ ਤੱਕ ਪਹੁੰਚਦੀ ਹੋਣੀ ਚਾਹੀਦੀ ਹੈ ਜਾਂ ਫਿਰ ਉਸ ਤੋਂ ਵੀ ਉਚੀ ਹੋਣੀ ਚਾਹੀਦੀ ਹੈ ਤਾਂ ਹੀ ਉਹ ਗੁਰੂ ਦੀ ਬਾਣੀ ਉਤੇ ਆਪਣੀ ਅਕਲ ਦੀ ਮੋਹਰ

ਲਗਾ ਸਕਦਾ ਹੈ।ਧੁਰ ਕੀ ਬਾਣੀ ਉਤੇ ਆਪਣੀ ਅਕਲ ਦੇ ਠੱਪੇ ਲਗਾਉਣ ਤੋਂ ਪਹਿਲੇ ਸਾਨੂੰ ਆਪਣੀ ਸੁਰਤੀ ਬਿਰਤੀ ਦਾ ਮਾਪ ਤੋਲ ਕਰ ਲੈਣਾ ਚਾਹੀਦਾ ਹੈ।

ਜਦੋਂ ਅਸੀਂ ਭੈ-ਭਾਵਨੀ ਨਾਲ ਰੱਬੀ ਬਾਣੀ ਦੇ ਅੰਮ੍ਰਿਤ-ਸਾਗਰਾਂ ਦੀਆਂ ਅਥਾਹ ਗਹਿਰਾਈਆਂ ਵਿਚ ਡੁੱਬਕੀਆਂ ਲਗਾਉਂਦੇ ਹਾਂ ਤਾਂ ਭਗਤੀ ਭੰਡਾਰਾਂ ਦੇ ਖਜਾਨਿਆਂ ਦਾ ਕੋਈ ਅੰਤ ਦਿਖਾਈ ਨਹੀਂ ਦਿੰਦਾ।ਆਪਣੀ ਆਪਣੀ ਆਤਮਿਕ ਅਵੱਸਥਾ ਅਨੁਸਾਰ ਜਦੋਂ ਅਸੀਂ ਨਿਰੰਕਾਰੀ ਜੋਤ ਸਰੂਪੀ ਬਾਣੀ ਦਾ ਪੱਲਾ ਫੜ ਕੇ ਉਚ ਮੰਡਲਾਂ ਦੀਆਂ ਉਡਾਰੀਆਂ ਮਾਰਦੇ ਹਾਂ ਤਾਂ ਸਾਡੀਆਂ ਸੁਰਤੀਆਂ ਖੰਡਾਂ ਬ੍ਰਹਮੰਡਾਂ ਦੀਆਂ ਹੱਦਾਂ ਛੂਹੰਦੀਆਂ ਹਨ।ਗੁਰੂ ਦੀ ਬਾਣੀ ਵਿਚ ਲੀਨ ਹੋ ਕੇ ਸ਼ਬਦ ਸੁਰਤ ਦੀ ਕਮਾਈ ਕਰਨ ਵਾਲੇ ਗੁਰੂ ਜਿਹੇ ਹੀ ਹੋ ਜਾਂਦੇ ਹਨ।ਸਤਿਗੁਰੂ ਕਿਰਪਾ ਕਰੇ..! ਸਾਨੂੰ ਦੁਨਿਆਵੀ ਸੁਰਤੀਆਂ ਬਿਰਤੀਆਂ ਵਾਲਿਆਂ ਨੂੰ ਬ੍ਰਹੰਮੀ ਮੰਡਲ ਦੇ ਵਾਸੀਆਂ ਦੀਆਂ ਰਚਨਾਵਾਂ ਨੂੰ ਤ੍ਰੋੜ ਮ੍ਰੋੜ ਕੇ,ਵਿਚ ਆਪਣੀ ਸੋਚ ਦਾ ਪ੍ਰਗਟਾਵਾ ਕਰਨ ਦਾ ਖਿਆਲ ਕਦੀ ਵੀ ਨਾ ਆਵੇ..!ਇਹ ਭੁੱਲ ਅਸੀਂ ਕਦੀ ਨਾ ਕਰੀਏ...!

ਅੰਮ੍ਰਿਤ ਬਾਣੀ ਦੇ ਰਚਨ ਹਾਰਿਆਂ ਨੂੰ ਸਨਮੁੱਖ ਜਾਣ ਕੇ ਬਾਣੀ ਦਾ ਉਚਾਰਣ ਕਰਨ ਨਾਲ ਮਨ ਵਿਚ ਭੈ-ਭਾਵਨਾ ਬਣੀ ਰਹਿੰਦੀ ਹੈ।ਪ੍ਰੇਮ ਅਤੇ ਸ਼ਰਧਾ ਦੇ ਫੁੱਲ ਖਿੜਦੇ ਹਨ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਨਿਰੰਜਨੀ ਜੋਤ ਦੇ ਪ੍ਰਕਾਸ਼ ਮੰਡਲ ਵਿਚ ਰਹਿ ਕੇ ਪੂਰਨ ਸ਼ਾਤੀ ਤੇ ਪ੍ਰਮ-ਅਨੰਦ ਦੀ ਪ੍ਰਾਪਤੀ ਹੁੰਦੀ ਹੈ।ਜਾਗਤ ਜੋਤ ਸਤਿਗੁਰੂ ਸਾਡੀਆਂ ਸੱਖਣੀਆਂ ਝੋਲੀਆਂ ਭਰਦਾ ਹੈ।**ਰੱਬ ਕਰੇ...!ਅਸੀਂ ਊਣੇਂ, ਅਧੂਰੇ,ਮੋਹ ਮਾਇਆ ਦੇ ਜਾਲ ਵਿਚ ਫਸੇ ਹੋਏ ਮੈਲੇ-ਕੁਚੈਲੇ ਪ੍ਰਾਣੀ...ਇਲਾਹੀ ਮੰਡਲ ਦੇ ਵਾਸੀਆਂ ਦੀ ਨਿਰੰਕਾਰੀ ਜੋਤ (ਸ੍ਰੀ ਗੁਰੂ ਗ੍ਰੰਥ ਸਾਹਿਬ) ਵਿਚ ਆਪਣੀ ਮੱਤਿ ਦੇ ਛਿੱਟੇ ਕਦੀ ਨਾ ਪਾਈਏ.. ।**

**************

# ਗੋਰੇ ਸਿੱਖ

ਅਜ ਸਾਰੀ ਦੁਨੀਆਂ ਵਿਚ ਸਿੱਖ ਧਰਮ ਲਈ ਦਿਲਚਸਪੀ ਵਧ ਰਹੀ ਹੈ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਨਿਰੰਕਾਰੀ ਜੋਤ ਦੇ ਤੇਜ ਪ੍ਰਤਾਪ ਦਾ ਪ੍ਰਗਟਾਵਾ ਹੋ ਰਿਹਾ ਹੈ।ਵਿਦੇਸ਼ਾਂ ਦੇ ਕਾਲੇ ਗੋਰੇ ਲੋਕ ਬਾਣੀ ਤੇ ਬਾਣੇ ਦੇ ਧਾਰਣੀ ਹੋ ਕੇ ਗੁਰਸਿੱਖੀ ਜੀਵਨ ਦਾ ਅਨੰਦ ਮਾਣ ਰਹੇ ਹਨ।ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਿਆਰ ਵਿਚ ਲੱਟੂ ਹੋਏ,ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਜਿੰਦ ਜਾਨ ਨਾਲ ਪਿਆਰ ਤੇ ਸਤਿਕਾਰ ਕਰਦੇ ਹਨ।ਸੱਚੀ ਸੁੱਚੀ ਨੀਅਤ ਨਾਲ ਗੁਰੂ ਦੇ ਲੜ ਲੱਗਣ ਵਾਲਿਆਂ ਨੂੰ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਜਾਗਤ-ਜੋਤ ਹੋਣ ਦੇ ਅਨੁਭਵ ਹੁੰਦੇ ਹਨ ਤਾਂ ਫਿਰ ਉਹ ਗੁਰੂ ਦੇ ਹੀ ਹੋ ਜਾਂਦੇ ਹਨ ਅਤੇ ਗੁਰੂ ਉਨ੍ਹਾਂ ਦਾ ਹੋ ਜਾਂਦਾ ਹੈ।ਬਖਸ਼ਿਸ਼ਾਂ ਦੇ ਭੰਡਾਰਾਂ ਨਾਲ ਨਿਵਾਜਦਾ ਹੈ।ਗੁਰਬਾਣੀ ਦਾ ਪਿਆਰ ਉਨ੍ਹਾਂ ਦੇ ਜੀਵਨ ਦਾ ਅਧਾਰ ਬਣ ਜਾਂਦਾ ਹੈ।ਆਪਣੇ

ਰਿਸ਼ਤੇ ਨਾਤਿਆਂ ਨੂੰ ਨਿਭਾਉਣ ਵਿਚ ਆਉਣ ਵਾਲੀਆਂ ਸਾਰੀਆਂ ਔਕੜਾਂ ਦਾ ਮੁਕਾਬਲਾ ਕਰਕੇ ਉਹ ਗੁਰਸਿੱਖੀ ਕਮਾਉਂਦੇ ਹਨ।

ਬਿਦੇਸ਼ੀ ਬੋਲੀ ਬੋਲਣ ਵਾਲੇ ਗੁਰਸਿੱਖਾਂ ਦੇ ਦਿਲਾਂ ਵਿਚ,ਬਾਣੀ ਦੇ ਉਚਾਰਣ ਨੂੰ ਬਦਲਣ ਦਾ ਕਦੀ ਖਿਆਲ ਭੀ ਨਹੀਂ ਆਇਆ।ਇਲਾਹੀ ਬਾਣੀ ਦੇ ਭੇਦ ਜਾਨਣ ਲਈ ਉਹ ਸਹੀ ਤਰੀਕੇ ਨਾਲ ਖੋਜ ਕਰਦੇ ਹਨ।ਬੋਲੀ ਅਤੇ ਲਿੱਪੀ ਦੀ ਬਣਤਰ ਨੂੰ ਚੰਗੀ ਤਰ੍ਹਾਂ ਜਾਣ ਪਛਾਣ ਕੇ ਉਹ ਗੁਰ ਇਤਿਹਾਸ ਦਾ ਅਧਿਅਨ ਕਰਨ ਲਈ ਉਹ ਗੁਰੂਆਂ ਦੇ ਜੀਵਨ ਕਾਲ ਦੀ ਸਭਿਅਤਾ ਅਤੇ ਸਭਿਆਚਾਰ ਦੀ ਖੋਜ ਕਰਦੇ ਹਨ।ਉਸ ਸਮੇ ਦੇ ਸਮਾਜਿਕ ਜੀਵਨ ਵਿਚ ਚੱਲ ਰਹੀਆਂ ਰੀਤਾਂ ਰਿਵਾਜਾਂ ਅਨੁਸਾਰ ਪ੍ਰਗਟਾਏ ਹੋਏ ਗੁਰਬਾਣੀ ਦੇ ਅਰਥ ਅਤੇ ਬੋਲੀ ਦੇ ਭਾਵ ਸਮਝਣ ਲਈ ਇਮਾਨਦਾਰੀ ਨਾਲ ਘਾਲਣਾਂ ਘਾਲਦੇ ਹਨ।ਪਰ ਸਾਡੇ ਪ੍ਰਚਾਰਕਾਂ ਨੇ ਬਾਣੀ ਨੂੰ ਸੋਧਣ ਲਈ ਪਤਾ ਨਹੀਂ ਕਿਉਂ ਐਨੀਆਂ ਭਾਜੜਾਂ ਪਾਈਆਂ ਹੋਈਆਂ ਹਨ।

ਨਾਮ ਬਾਣੀ ਵਾਲੀ ਊਰਜਾ ਦੇ ਰੰਗ ਮਾਨਣ ਲਈ ਵਿਦੇਸ਼ੀ ਗੁਰਸਿੱਖ ਹਰਮੰਦਰ ਸਾਹਿਬ ਪਹੁੰਚਦੇ ਹਨ।ਸ੍ਰੀ ਗੁਰੂ ਰਾਮ ਦਾਸ ਜੀ ਦੇ ਪ੍ਰਕਾਸ਼ ਮੰਡਲ ਵਿਚ ਨਿਵਾਸ ਕਰਨ ਦੇ ਪੂਰੇ ਲਾਹੇ ਲੈਂਦੇ ਹਨ।ਕਈ ਗੋਰੇ ਪੂਰਬਲੇ ਜਨਮਾਂ ਦੇ ਕਰਮਾਂ ਕਰਕੇ ਗੁਰਸਿੱਖੀ ਜੀਵਨ ਦੀਆਂ ਰਹਿਮਤਾਂ ਹੰਢਾਉਂਦੇ ਹਨ ਤੇ ਆਤਮਿਕ ਸ਼ਕਤੀਆਂ ਦੇ ਅਨੁਭਵ ਪ੍ਰਾਪਤ ਕਰਨ ਲਈ ਨਾਮ ਬਾਣੀ ਦੀ ਕਰੜੀ ਘਾਲਣਾ ਘਾਲਦੇ ਹਨ।ਧੁਰ ਕੀ ਬਾਣੀ ਦੀ ਪਾਰਸ ਕਲਾ ਦੀ ਛੋਹ ਹੰਢਾਉਣ ਵਾਲੀ ਇਕ ਅਮ੍ਰੀਕਨ ਗੋਰੀ ਸਿੰਘਣੀ (ਬੀਬੀ ਹਰਕਿਰਨ ਕੌਰ)ਨੂੰ ਦਿੱਬ-ਦ੍ਰਿਸ਼ਟੀ ਨਾਲ ਕਈ ਵਾਰੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਦਿਦਾਰੇ ਹੋਏ।ਪਿਛਲੇ ਜਨਮਾਂ ਦੀ ਸੋਝੀ ਹੋਈ।ਅਦ੍ਰਿੱਸ਼ਟ ਵਾਹਿਗੁਰੂ ਨੇ ਦ੍ਰਿਸ਼ਟਾਂਤ ਪੈਦਾ ਕਰਕੇ ਦਿਖਾਏ।ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਚਨ ਬਿਲਾਸਾਂ ਨੇ ਉਸ ਨੂੰ ਭਵਿੱਖ ਵਿਚ ਹੋਣ ਵਾਲੀਆਂ ਘਟਨਾਵਾਂ ਤੋਂ ਜਾਣੂੰ ਕਰਵਾਇਆ।ਉਹ ਬਿਦੇਹ ਹੋ ਕੇ ਨਾਭ ਕੰਵਲ ਨਾਲ ਜੁੜੀ ਹੋਈ ਪ੍ਰਕਾਸ਼ ਡੋਰੀ(ਸਿਲਵਰ ਕ੍ਰਾਡ)ਨਾਲ ਸੱਚਖੰਡ ਜਾ ਕੇ ਮੁੜ ਆਉਂਦੀ ਸੀ।ਬਾਣੀ ਤੇ ਬਾਣੇ ਦੀ ਧਾਰਣੀ ਸਿੰਘਣੀ ਦੇ ਦਿਲ ਵਿਚ ਬਾਣੀ ਲਈ ਅਥਾਹ ਪ੍ਰੇਮ ਤੇ ਸ਼ਰਧਾ ਸੀ।ਬਿਦੇਸ਼ੀ ਹੋ ਕੇ ਵੀ ਉਹ ਬਾਣੀ ਦੇ ਉਚਾਰਣ ਵਿਚ ਫਰਕ ਨਹੀਂ ਸੀ ਪੈਣ ਦਿੰਦੀ।ਉਸਨੇ ਪੂਰਨ ਰਹਿਤ ਮਰਿਆਦਾ ਅਨੁਸਾਰ ਗੁਰਸਿੱਖੀ ਜੀਵਨ ਹੰਢਾਉਂਦਿਆਂ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

ਅਮਰੀਕਾ ਦੇ ਕਈ ਵੱਡੇ ਵੱਡੇ ਸ਼ਹਿਰਾਂ ਵਾਂਗ ਬੌਸਟਨ ਵਿਚ ਵੀ ਗੋਰੇ ਸਿੱਖਾਂ ਨੇ ਸ਼ਾਂਤ ਵਾਤਾਵਰਣ ਵਿਚ ਇਕ ਨਿਵੇਕਲੀ ਜਿਹੀ,ਖੁਲ੍ਹੀ ਥਾਂ ਉਤੇ ਗੁਰਦੁਆਰਾ (ਰਾਮ ਦਾਸ ਟੈਂਪਲ) ਬਣਾਇਆ ਹੋਇਆ ਹੈ।ਨਾਲ ਹੀ ਉਨ੍ਹਾਂ ਦੇ ਆਪਣੇ ਰਿਹਾਇਸ਼ੀ ਘਰ ਹਨ।ਲਾਇਬਰੇਰੀ,ਡਿਸਪੈਂਸਰੀ ਤੇ ਯੋਗਾ ਸੈਂਟਰ ਵੀ ਹੈ।ਇਉਂ ਲਗਦਾ ਹੈ ਜਿਵੇਂ ਵੈਦਿਕ ਕਾਲ ਦੇ ਰਿਸ਼ੀਆਂ ਮੁਨੀਆਂ ਨੇ ਸ਼ਹਿਰ ਦੇ ਭੀੜ-ਭੜੱਕੇ ਤੋਂ ਦੂਰ ਸਾਰੇ ਜਗ ਤੋਂ ਨਿਆਰੀ ਬਸਤੀ ਬਣਾਈ ਹੋਈ ਹੋਵੇ ਤੇ ਉਹ ਦੁਨਿਆਵੀ ਕਿਰਤ ਕਮਾਈ ਕਰਨ ਪਿਛੋਂ ਆਪਣੀ ਆਪਣੀ ਬਨ-ਕੁਟੀਆ ਵਿਚ ਆ ਕੇ ਭਗਤੀ ਕਰਦੇ ਹੋਣ.!ਉਸ ਗੁਰਦੁਆਰੇ ਵਿਚ ਇਕ ਦਿਨ ਸ਼ਬਦ ਕੀਰਤਨ ਦੇ ਸਮਾਗਮ ਵਿਚ ਬੀਬੀ ਸੁਖਮਨੀ ਕੌਰ (ਗੋਰੀ ਸਿੰਘਣੀ) ਸ਼ਬਦ ਪੜ੍ਹ ਰਹੀ ਸੀ-

ਗਲੀ ਅਸੀ ਚੰਗੀਆ ਆਚਾਰੀ ਬੁਰੀਆਹ॥
ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆ॥
ਹੋਦੈ ਤਾਣਿ ਨਿਤਾਣੀਆ ਰਹਹਿ ਨਿਮਾਣਣੀਆਹਿ॥

(ਪੰਨਾਂ ੮੫)

ਬਾਣੀ ਦੇ ਭਾਵ-ਅਰਥਾਂ ਨੂੰ ਮਨ ਵਿਚ ਵਸਾ ਕੇ ਗੁਰੂ-ਪ੍ਰੇਮ ਵਿਚ ਲੀਨ ਹੋਈ ਸਿੰਘਣੀ ਦਾ ਕੀਰਤਨ ਸ਼ਰੋਤਿਆਂ ਦੀਆਂ ਸੁਰਤੀਆਂ ਨੂੰ ਪ੍ਰਭੂ-ਚਰਨਾਂ ਨਾਲ ਜੋੜ ਰਿਹਾ ਸੀ।ਉਸਦੇ ਸ਼ੁੱਧ ਉਚਾਰਣ ਵਿਚ ਅਜੀਬ ਕਸ਼ਿਸ਼ ਸੀ।ਧੁਰ ਕੀ ਬਾਣੀ ਦੇ ਮੂਲ ਸਰੂਪ ਦੀ ਚੁੰਬਕੀ ਖਿੱਚ ਦਾ ਅਸਰ ਹੋ ਰਿਹਾ ਸੀ।ਸ਼ਬਦ ਵਿਚ ਮਨ ਮਰਜੀ ਨਾਲ ਬਿੰਦੀਆਂ,ਟਿੱਪੀਆਂ ਲਗਾਉਣ ਤੋਂ ਬਿਨਾ ਹੀ ਬਾਣੀ ਦੇ ਭਾਵ-ਅਰਥ ਸ਼ਰੋਤਿਆਂ ਦੇ ਮਨਾਂ ਅੰਦਰ ਧੱਸਦੇ ਜਾ ਰਹੇ ਸੀ।ਬਿਦੇਸ਼ੀ ਭਾਸ਼ਾ ਬੋਲਣ ਵਾਲੀ ਗੋਰੀ ਸਿੰਘਣੀ ਬਾਣੀ ਦੇ ਸ਼ੁੱਧ ਉਚਾਰਣ ਵਿਚ ਪ੍ਰਪੱਕ ਹੋ ਕੇ ਬਾਣੀ ਦੇ ਰੰਗ ਮਾਣ ਰਹੀ ਸੀ ਤੇ ਸੰਗਤ ਨੂੰ ਵੀ ਨਿਹਾਲ ਕਰ ਰਹੀ ਸੀ।




ਗੁਰਬਾਣੀ ਦੇ ਅਣਮੋਲ ਹੀਰਿਆਂ ਨਾਲ ਨਿੱਜ-ਆਤਮਾ ਦਾ ਸ਼ਿੰਗਾਰ ਕਰਨ ਲਈ ਉਹ ਆਪਣੀ ੯ ਸਾਲ ਦੀ ਬੇਟੀ ਗੁਰਲੀਨ ਕੌਰ ਨੂੰ ਗੁਰਬਾਣੀ ਨਾਲ ਜੋੜਨ ਲਈ ਘਾਲਣਾਂ ਘਾਲਦੀ ਸੀ।ਗੁਰੂ ਘਰ ਦੀ ਸਟੇਜ ਉਤੇ ਬੱਚੀ ਦੀ ਰਸਨਾ ਵਿਚੋਂ ਗੁਰਬਾਣੀ ਦੇ ਸ਼ੁੱਧ ਉਚਾਰਣ ਦੇ ਫੁੱਲ ਕਿਰਦੇ ਦੇਖ ਕੇ ਸਭ ਦਾ ਮਨ ਖੁਸ਼ ਹੁੰਦਾ।

****************

# ਕੀ ਸ੍ਰੀ ਗੁਰੂ ਨਾਨਾਕ ਦੇਵ ਜੀ ਮੁਸਲਮਾਨ ਸੀ...?

ਸ੍ਰੀ ਗੁਰੂ ਨਾਨਕ ਦੇਵ ਜੀ ਸਿਰਫ ਮੱਕੇ ਮਦੀਨੇ ਹੀ ਨਹੀਂ ਗਏ,ਉਹ ਅਨੇਕਾਂ ਮੰਦਰਾਂ ਵਿਚ ਵੀ ਗਏ। ਸੱਚ ਦਾ ਸੁਨੇਹਾ ਦੇਣ ਲਈ,ਉਹ ਚੀਨ ਤੇ ਤਿੱਬਤ ਦੇ ਬੋਧੀਆਂ ਕੋਲ ਵੀ ਜਾ ਪਹੁੰਚੇ। ਰੂਸ,ਅਫਰੀਕਾ,ਲੰਕਾ,ਨੇਪਾਲ ਤੇ ਹੋਰ ਦੇਸਾਂ ਵਿਦੇਸਾਂ ਵਿਚ ਵੀ ਗੁਰੂ ਨਾਨਕ ਦੇਵ ਜੀ ਦੇ ਵੱਖਰੇ ਵੱਖਰੇ ਨਾਵਾਂ ਜਾਂ ਨਾਨਕ ਨਾਮ ਨਾਲ ਹੀ ਉਨ੍ਹਾਂ ਦੇ ਚਰਨ ਕਮਲਾਂ ਦੀ ਛੋਹ ਪ੍ਰਾਪਤ ਥਾਵਾਂ ਦੀਆਂ ਯਾਦਗਾਰਾਂ ਉਨ੍ਹਾਂ ਦੀਆਂ ਚਾਰ ਉਦਾਸੀਆਂ ਦੇ ਸਬੂਤ ਦਿੰਦੀਆਂ ਹਨ। ਗੁਰੂ ਜੀ ਨਾਥਾਂ ਤੇ ਯੋਗੀਆਂ ਕੋਲ ਗਏ। ਉਹ ਕਿੱਥੇ ਨਹੀਂ ਗਏ..?ਆਪਣੀਆਂ ਉਦਾਸੀਆਂ ਵਿਚ ਉਨ੍ਹਾਂ ਨੇ ਕਿਹੜੀ ਥਾਂ ਛੱਡੀ..?ਉਹ ਤਾਂ ਸੁਮੇਰ ਪ੍ਰਬਤ ਦੇ ਵਸਨੀਕ ਸਿੱਧਾਂ ਕੋਲ ਵੀ ਜਾ ਪਹੁੰਚੇ!ਅਣਦਿਸਦੀ ਦੁਨੀਆਂ ਦੀਆਂ ਪੁਰੀਆਂ ਦੀ ਸੈਰ ਕਰਵਾਉਣ ਲਈ ਭਾਈ ਮਰਦਾਨੇ ਨੂੰ ਵੀ ਉਨ੍ਹਾਂ ਨੇ ਆਪਣੇ ਨਾਲ ਹੀ ਰੱਖਿਆ ਪਰ ਮਰਦਾਨੇ ਦਾ ਧਰਮ ਹਿੰਦੂਆਂ ਦੇ ਮੰਦਰਾਂ ਵਿਚ ਜਾ ਕੇ ਬਦਲ ਨਹੀਂ ਗਿਆ। ਮੁਸਲਮਾਨ ਦੇ ਘਰ ਜਨਮ ਲੈਣ ਵਾਲਾ ਮਰਦਾਨਾ,ਉਹੀ ਮੁਸਲਮਾਨ ਹੀ ਰਿਹਾ।

ਸੋਚਣ ਵਾਲੀ ਗੱਲ ਹੈ ਕਿ ਜੇ ਮਰਦਾਨਾ ਹਿੰਦੂ ਮੰਦਰਾਂ ਵਿਚ ਜਾ ਕੇ ਹਿੰਦੂ ਨਹੀਂ ਹੋ ਸਕਿਆ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਮੱਕੇ ਮਦੀਨੇ ਜਾਣ ਨਾਲ ਮੁਸਲਮਾਨ ਕਿਵੇਂ ਹੋ ਗਏ...? ਮੱਕੇ ਮਦੀਨੇ ਦੀ ਫੇਰੀ ਮਾਰਨ ਨਾਲ ਉਨ੍ਹਾਂ ਉਪਰੋਂ ਹਿੰਦੂ ਧਰਮ ਦਾ ਅਸਰ ਕਿਵੇਂ ਲੱਥ ਗਿਆ.?ਇਹ ਵੀ ਸੱਚ ਹੈ ਕਿ ਨੌਂ ਸਾਲ ਦੀ ਉਮਰ ਵਿਚ ਮਹਿਤਾ ਕਾਲੂ ਨੇ ਉਨ੍ਹਾਂ ਨੂੰ ਅਰਬੀ ਤੇ ਫਾਰਸੀ ਦੀ ਪੜ੍ਹਾਈ ਕਰਨ ਲਈ ਮਸਜਿਦ ਵਿਚ ਭੇਜਿਆ। ਦੇਸ਼ ਵਿਚ ਮੁਗਲ ਰਾਜ ਹੋਣ ਕਰਕੇ ਉਨ੍ਹਾਂ ਦਿਨਾਂ ਵਿਚ ਅਰਬੀ ਪੜ੍ਹਨੀ ਵੀ ਜਰੂਰੀ ਸਮਝੀ ਜਾਂਦੀ ਸੀ। ਗੁਰੂ ਜੀ ਨੇ ਕੁਰਾਨ ਪੜ੍ਹਿਆ ਤੇ ਇਸਲਾਮ ਧਰਮ ਦਾ ਪੂਰੀ ਤਰ੍ਹਾਂ ਅਧਿਅਨ ਕੀਤਾ। ਨੌਂ ਸਾਲ ਦੀ ਉਮਰ ਵਿਚ ਇਸਲਾਮ ਧਰਮ ਦਾ ਅਧਿਅਨ ਕਰਨਾ ਬੜਾ ਅਸਚਰਜ ਜਨਕ ਗੱਲ ਹੈ। ਇਸ ਤੋਂ ਵੀ ਵੱਧ ਅਸਚਰਜ-ਜਨਕ ਇਹ ਹੈ ਕਿ ਗੁਰੂ ਜੀ ਮੁਸਲਿਮ ਧਰਮ ਦਾ ਅਧਿਅਨ ਕਰਨ ਤੋਂ ਪਹਿਲੇ ਹੀ ਹਿੰਦੂ ਧਰਮ ਦੇ ਵਿਦਵਾਨਾਂ ਕੋਲ ਜਾ ਕੇ ਵੇਦਾਂ ਦੇ ਗਿਆਤਾ ਬਣ ਚੁੱਕੇ ਸੀ। ਹਿੰਦੂ ਧਰਮ ਦੇ ਅਧਿਅਨ ਵਿਚ ਪੂਰੀ ਤਰ੍ਹਾਂ ਪ੍ਰਪੱਕ ਹੋਣ ਪਿਛੋਂ ਹੀ ਉਹ ਮੁਸਲਿਮ ਧਰਮ ਦਾ ਅਧਿਅਨ ਕਰਨ ਲਈ ਮਸਜਿਦ ਵਿਚ ਗਏ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਧਰਮ ਕੀ ਸੀ?ਗੁਰੂ ਜੀ ਦੀ ਜਾਤ ਬਰਾਦਰੀ ਕੀ ਸੀ?ਇਹ ਸੋਚ ਸਾਨੂੰ ਸਮੁੱਚੀ ਮਨੁੱਖਤਾ ਨਾਲ ਜੋੜ ਦਿੰਦੀ ਹੈ ਜਿੱਥੇ ਨਾ ਕੋਈ ਵੈਰੀ ਤੇ ਨਾਹੀ ਕੋਈ ਬਿਗਾਨਾ ਨਜਰ ਆਉਂਦਾ ਹੈ। ਸਭ ਪਾਸੇ ਇਕ ਓਅੰਕਾਰ ਦਾ ਆਪਣਾ ਪਸਾਰਾ ਨਜਰੀਂ ਆਉਂਦਾ ਹੈ।

ਇਹ ਗੱਲ ਪੱਕੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਬਾਨੀ ਹਨ। ਘੋਰ ਕਲਯੁਗ ਦੇ ਅੰਧਕਾਰ ਵਿਚ ਇਲਾਹੀ ਬਾਣੀ ਦਾ ਦੀਵਾ ਬਾਲ ਕੇ ਗੁਰੂ ਜੀ ਨੇ ਸਿੱਖੀ ਸਿਧਾਂਤਾਂ ਦਾ ਮੁੱਢ ਬੰਨ੍ਹਿਆਂ। ਨੌਵੇਂ ਨਾਨਕ ਸ੍ਰੀ ਗੁਰੂ ਤੇਗ ਬਹਾਦਰ ਜੀ ਤਕ ਸਾਰੇ ਗੁਰੂਆਂ ਨੇ ਵਾਰੀ ਵਾਰੀ ਇਸ ਦੀਵੇ ਵਿਚ ਤੇਲ ਪਾ ਕੇ ਸਿੱਖ ਧਰਮ ਦੇ ਸਿਧਾਂਤਾਂ ਵਿਚ ਜਾਨ ਪਾਈ ਤੇ ਅਖੀਰ ਦਸਵੇਂ ਨਾਨਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚੜ੍ਹਦੀ ਕਲਾ ਦੇ ਨਮੂਨੇ ਦਾ ਸਿੱਖ ਪੈਦਾ ਕਰਨ ਲਈ ਖਾਲਸਾ ਪੰਥ ਦੀ ਸਿਰਜਨਾ ਕੀਤੀ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਦਾ ਬੰਦਾ ਪੈਦਾ ਕੀਤਾ। **ਅਸੀਂ ਸਿੱਖ**

**ਹਾਂ! ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹਾਂ ਤੇ ਉਹ ਸਾਡਾ ਹੈ!ਉਹ ਸਭ ਦਾ ਹੋ ਕੇ ਵੀ ਸਾਡਾ ਹੈ!ਸ਼ੁਕਰ ਹੈ!ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬੇੜੇ ਦੇ ਸਵਾਰ ਹਾਂ।**

ਅਜ ਕਲ੍ਹ ਮੁਸਲਿਮ ਵੀਰ ਇਹ ਸਾਬਤ ਕਰਨ ਵਿਚ ਲੱਗੇ ਹੋਏ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਮੁਸਲਮਾਨ ਸਨ।ਇਤਿਹਾਸ ਗਵਾਹ ਹੈ ਕਿ ਗੁਰੂ ਜੀ ਰਸੂਲ ਮੁਹੰਮਦ ਸਾਹਿਬ ਜੀ ਦੀ ਕਬਰ ਦੇਖਣ ਲਈ ਮਦੀਨੇ ਗਏ, ਮੱਕੇ ਜਾ ਕੇ ਨਮਾਜ਼ ਵੀ ਪੜ੍ਹੀ।ਗੁਰੂ ਜੀ ਬਗਦਾਦ ਗਏ,ਉਥੋਂ ਦੇ ਪੀਰ ਨਾਲ ਕੁਦਰਤ ਅਤੇ ਕਾਦਰ ਦੀਆਂ ਵੀਚਾਰਾਂ ਕਰਦਿਆਂ ਗੁਰੂ ਜੀ ਨੇ ਇਸਲਾਮ ਧਰਮ ਦੀ ਸਿਰਫ ਸਤ ਅਸਮਾਨਾਂ ਵਾਲੀ ਗਲ ਦਾ ਖੰਡਨ ਕਰਕੇ ਲਖ ਪਾਤਾਲਾਂ ਤੇ ਲਖ ਅਕਾਸ਼ਾਂ ਦੀ ਸਚਾਈ ਪ੍ਰਗਟ ਕਰਕੇ ਕਾਦਰ ਦੀ ਅਨੰਤਤਾਈ ਦਾ ਵਰਨਣ ਕੀਤਾ।ਬਗਦਾਦ ਸ਼ਹਿਰ ਵਿਚ ਗੁਰੂ ਜੀ ਨੇ ਮੁਸਲਿਮ ਰੀਤੀ ਅਨੁਸਾਰ ਬਾਂਗ ਵੀ ਦਿੱਤੀ।ਇਸ ਸਚਾਈ ਦਾ ਜ਼ਿਕਰ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਮਿਲਦਾ ਹੈ।ਅੰਤਮ ਸਸਕਾਰ ਵੇਲੇ ਗੁਰੂ ਜੀ ਦੀ ਪੰਜ ਭੂਤਕ ਦੇਹੀ ਨੂੰ ਅਗਨ ਭੇਟ ਕਰਨ ਜਾਂ ਦਫਨਾਉਣ ਦਾ ਮੁਸਲਮਾਨਾਂ ਤੇ ਹਿੰਦੂਆਂ ਵਿਚ ਝਗੜਾ ਹੋਇਆ ਪਰ ਜਦੋਂ ਗੁਰੂ ਜੀ ਦੀ ਪੰਜ-ਭੂਤਕ ਦੇਹੀ ਉਤੋਂ ਚਾਦਰ ਚੁੱਕੀ ਤਾਂ ਥੱਲਿਓਂ ਹੱਡ-ਮਾਸ ਦੀ ਦੇਹੀ ਦੀ ਥਾਂ ਫੁੱਲ ਨਿਕਲੇ।ਫੁੱਲਾਂ ਨੂੰ ਅੱਧੇ ਅੱਧੇ ਵੰਡ ਕੇ ਹਿੰਦੂਆਂ ਨੇ ਸਸਕਾਰ ਕੀਤਾ ਤੇ ਮੁਸਲਮਾਨਾਂ ਨੇ ਦਫਨਾ ਲਏ।ਚਾਦਰ ਨੂੰ ਅੱਧ-ਵਿਚਕਾਰੋਂ ਪਾੜ ਕੇ ਹਿੰਦੂ ਮੁਸਲਿਮ ਦੋਨਾਂ ਨੇ ਵੰਡ ਲਈ।ਗੁਰੂ ਜੀ ਦੇ ਅੰਤਮ ਸਸਕਾਰ ਵਾਲੀ ਥਾਂ ਉਤੇ ਗੁਰਦੁਆਰਾ ਅਤੇ ਨਾਲ ਹੀ ਮਸੀਤ ਗੁਰ ਇਤਿਹਾਸ ਦੀ ਗਵਾਹੀ ਅੱਜ ਵੀ ਮੌਜੂਦ ਹੈ।

ਅਸਲ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸਾਡਾ ਕਹਿਣ ਨਾਲ ਤਾਂ ਉਸਨੇ ਸਾਡਾ ਨਹੀਂ ਹੋ ਜਾਣਾ।ਉਸਨੇ ਤਾਂ ਉਸੇ ਦਾ ਹੀ ਹੋ ਜਾਣਾ ਹੈ ਜਿਸ ਨੇ ਉਸ ਨੂੰ ਮੰਨ ਲਿਆ।ਪਿਆਰ ਵਾਲੇ ਜਾਣਦੇ ਹਨ..!ਉਹ ਆਪਣੇ ਪਿਆਰਿਆਂ ਦੇ ਕਿੰਨਾ ਨੇੜੇ ਹੋ ਕੇ ਰਹਿੰਦਾ ਹੈ।ਕਦੀ ਉਹ ਸੇਵਾ ਸਿਮਰਨ ਤੇ ਸੱਚੀ ਸੁੱਚੀ ਕਿਰਤ ਕਮਾਈ ਵਾਲਿਆਂ ਦੇ ਘਰ ਆ ਬਹੁੜਦਾ ਹੈ,ਕਦੀ ਧੁਰ ਕੀ ਬਾਣੀ ਵਿਚ ਲੀਨ ਹੋਣ ਵਾਲਿਆਂ ਨਾਲ ਮੇਲ ਮਿਲਾਪ ਦਾ ਰਿਸ਼ਤਾ ਨਿਭਾਉਂਦਾ ਹੈ,ਕਦੀ ਪ੍ਰੇਮ-ਰੂਪ ਹੋ ਕੇ ਆਪਣੇ ਪਿਆਰਿਆਂ ਦੇ ਰੋਮ ਰੋਮ ਵਿਚ ਪਰਮ ਅਨੰਦ ਬਣ ਕੇ ਵਹਿਣ ਲਗ ਪੈਂਦਾ ਹੈ, ਭਾਗਾਂ ਵਾਲਿਆਂ ਨੂੰ ਖੁੱਲ੍ਹੇ ਦਰਸ਼ਨ ਦੀਦਾਰੇ ਦੇ ਕੇ ਨਿਹਾਲ ਕਰ ਦਿੰਦਾ ਹੈ ਤੇ ਕਦੀ ਉਹ ਬਿਰਹੋਂ ਕੁੱਠੇ ਦਿਲ ਵਾਲਿਆਂ ਦੇ ਨੈਣੋਂ ਵਗਦੀਆਂ ਬਿਰਹੜੇ ਦੇ ਮੋਤੀਆਂ ਦੀਆਂ ਲੜੀਆਂ ਦੇਖ ਕੇ ਰੀਝਦਾ ਹੋਇਆ ਤਰੁੱਠਦਾ ਹੈ।

**ਹੇ ਵਾਹਿਗੁਰੂ! ਤੇਰਾ ਲੱਖ ਲੱਖ ਸ਼ੁਕਰ ਹੈ..!ਮੁਸਲਮਾਨ ਉਸਨੂੰ ਆਪਣਾਂ ਸਮਝਕੇ ਉਸਦੀ ਬਾਣੀ ਨੂੰ ਪਿਆਰ ਕਰਦੇ ਹਨ।ਚੰਗੇ ਭਾਗਾਂ ਨੂੰ ਉਹ ਆਪਣੇ ਪਿਆਰੇ ਨਾਨਕ ਦੀ ਬਾਣੀ ਦੇ ਮੂਲ ਸਰੂਪ ਨੂੰ ਬਚਾ ਕੇ ਰੱਖਣਗੇ।ਆਪਣੇ ਕੁਰਾਨ ਵਾਂਗ ਹੀ ਸੰਭਾਲ ਕੇ ਰੱਖਣਗੇ।ਗੁਰੂ ਨਾਨਕ ਦੀ ਸੋਚ ਉਤੇ ਕਦੀ ਕਿਸੇ ਪਰਾਈ ਸੋਚ ਦਾ ਪ੍ਰਛਾਵਾਂ ਵੀ ਨਹੀਂ ਪੈਣ ਦੇਣਗੇ।**

ਇਕ ਵਾਰੀ ਇਕ ਔਰਤ ਨੇ ਕਿਸੇ ਦਾ ਬੱਚਾ ਚੁਰਾ ਲਿਆ।ਅਸਲੀ ਮਾਂ ਨੇ ਰਾਜੇ ਕੋਲ ਜਾ ਕੇ ਇਨਸਾਫ ਲਈ ਫਰਿਆਦ ਕੀਤੀ।ਦੋਨੋ ਔਰਤਾਂ ਰਾਜ ਦਰਬਾਰ ਵਿਚ ਹਾਜਰ ਹੋਈਆਂ।ਬੱਚੇ ਨੂੰ ਚੁਰਾਉਣ ਵਾਲੀ ਔਰਤ ਬੜੇ ਜੋਰ ਸ਼ੋਰ ਨਾਲ ਦੁਹਾਈ ਪਾਉਣ ਲੱਗੀ ਕਿ ਬੱਚਾ ਉਸੇ ਦਾ ਹੈ।ਰਾਜੇ ਨੇ ਹੁਕਮ ਦਿੱਤਾ ਕਿ ਬੱਚੇ ਦੇ ਦੋ ਟੋਟੇ ਕਰਕੇ ਅੱਧਾ ਅੱਧਾ ਦੋਨਾ ਵਿਚ ਵੰਡ ਦਿਓ।ਇਹ ਸੁਣ ਕੇ ਬੱਚੇ ਦੀ ਅਸਲੀ ਮਾਂ ਕੁਰਲਾ ਕੇ ਕਹਿਣ ਲੱਗੀ;-" ਨਹੀਂ..! ਤੁਸੀਂ ਮੇਰੇ ਬੱਚੇ ਨੂੰ ਜਾਨੋਂ ਨਾ ਮਾਰੋ..! ਇਸੇ ਨੂੰ ਹੀ ਦੇ ਦਿਓ...।

ਸਾਨੂੰ ਵੀ ਚਾਹੀਦਾ ਹੈ ਕਿ ਜੇ ਸਾਡੇ ਘਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੂਲ ਸਰੂਪ ਨੂੰ ਖਤਰਾ ਹੈ ਤਾਂ ਅਸੀਂ ਆਪਣੀ ਜਿੰਦ ਜਾਨ, ਰੱਬੀ ਪ੍ਰਕਾਸ਼ ਦੇ ਦੀਵੇ ਨੂੰ ਬਚਾਉਣ ਲਈ ਗਵਾਂਢੀਆਂ ਦੇ ਘਰ ਵਿਚ ਸੁਰਖਿਅਤ ਦੇਖ ਕੇ ਤਸੱਲੀ ਕਰੀਏ।ਇਸ ਦੀਵੇ ਨੂੰ ਜਗਾਉਣ ਲਈ ਪ੍ਰੇਮ,ਵਿਸ਼ਵਾਸ ਤੇ ਸ਼ਰਧਾ ਦਾ ਤੇਲ ਚਾਹੀਦਾ ਹੈ।ਪਰ ਸਾਡੇ ਕੋਲ ਤਾਂ ਹੁਣ ਸੰਸੇ ਸ਼ਿਕਵੇ ਹੀ ਰਹਿ ਗਏ ਹਨ।ਸਾਡੇ ਵਿਚ ਤਾਂ ਅਲੋਚਨਾ ਤੇ ਪੜਚੋਲ ਦੀ ਦੌੜ ਲੱਗੀ ਹੋਈ ਹੈ।ਅਸੀਂ ਆਤਮਿਕ ਰੰਗਾਂ ਤੋਂ ਵਿਹੂਣੇ ਇਲਾਹੀ ਮੰਡਲ ਦੇ ਵਾਸੀਆਂ ਦੀਆਂ ਰਚਨਾਵਾਂ ਨੂੰ ਆਪਣੀ ਕੂੜਿਆਰੀ ਸੋਚ ਵਿਚ ਬਦਲਣ ਦੇ ਆਹਰ ਵਿਚ ਜੁੱਟੇ ਹੋਏ ਹਾਂ।

ਆਤਮਿਕ ਮੰਡਲ ਦੀਆਂ ਗੁੱਝੀਆਂ ਰਮਜਾਂ ਜਾਨਣ ਲਈ ਹਿੰਦੂ ਧਰਮ ਦੇ ਕਈ ਉਚ ਕੋਟੀ ਦੇ ਵਿਆਖਿਆਕਾਰਾਂ ਦਾ ਧਿਆਨ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਲ ਲੱਗਾ ਹੋਇਆ ਹੈ।ਉਹ ਗੁਰਬਾਣੀ ਦੀਆਂ ਉਦ੍ਹਾਰਣਾਂ ਦੇ ਕੇ ਆਪਣੇ ਵਿਖਿਆਨਾਂ ਨੂੰ ਪ੍ਰਭਾਵਸ਼ਾਲੀ ਬਣਾਉਂਦੇ ਹਨ।ਸ਼ਬਦ ਸੁਰਤ ਦੇ ਮਿਲਾਪ ਦੀਆਂ ਮੰਜਿਲਾਂ ਤਹਿ ਕਰਦਿਆਂ ਉਨ੍ਹਾਂ ਨੂੰ ਇਲਾਹੀ ਬਾਣੀ ਦਾ ਸਹਾਰਾ ਮਿਲਦਾ ਹੈ।ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦੀ ਚੁੰਬਕੀ ਖਿੱਚ ਨਾਲ ਖਿੱਚੇ ਹੋਏ ਉਹ ਪ੍ਰਗਟ ਗੁਰਾਂ ਕੀ ਦੇਹ ਕੋਲੋਂ ਆਤਮਿਕ ਗਿਆਨ ਦੇ ਭੇਦ ਜਾਣ ਲੈਂਦੇ ਹਨ।ਭਗਤੀ ਦੀਆਂ ਚਰਮ ਸੀਮਾਵਾਂ ਤੱਕ ਪਹੁੰਚਣ ਲਈ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਨ੍ਹਾਂ ਦੀ ਸਹਾਇਤਾ ਕਰਦੇ ਹਨ।ਸ਼ੁਕਰ ਹੈ ਰੱਬ ਦਾ ਕਿ ਸਚਾਈ ਦੇ ਖੋਜੀ ਹਿੰਦੂ ਵੀਰ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਜਾਗਤ ਜੋਤ ਦਾ ਲਾਹਾ ਲੈਂਦੇ ਹਨ ਇਸ ਲਈ ਵੇਦ ਬਾਣੀ ਦਾ ਮੂਲ ਸਰੂਪ ਬਚਾ ਕੇ ਰੱਖਣ ਵਾਲੇ ਗੁਰਬਾਣੀ ਦੇ ਮੂਲ ਸਰੂਪ ਦੀ ਕਦਰ ਕਰਨਾਂ ਕਦੀ ਨਹੀਂ ਭੁੱਲਣਗੇ।ਵੇਦਾਂ ਦੇ ਪੁਜਾਰੀ ਗੁਰਬਾਣੀ ਨੂੰ ਸੋਧਣ ਦਾ ਕਦੀ ਸੁਪਨਾ ਵੀ ਨਹੀਂ ਲੈਣਗੇ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮਾਨ ਸਰੋਵਰ ਵਿਚੋਂ ਭਗਤੀ ਭਾਵਨਾਂ ਦੇ ਸੁੱਚੇ ਮੋਤੀ ਚੁਗਣ ਵਾਲੇ ਹੰਸ ਆਪਣੀ ਗਿਆਨ ਪ੍ਰਾਪਤੀ ਦੀ ਭੁੱਖ ਮਿਟਾਉਣ ਲਈ ਗੁਰਬਾਣੀ ਦੇ ਲਾਹੇ ਲੈਂਦੇ ਰਹਿਣਗੇ ਅਤੇ ਉਹ ਗੁਰਬਾਣੀ ਦੇ ਮੂਲ ਸਰੂਪ ਨੂੰ ਉਸੇ ਤਰ੍ਹਾਂ ਹੀ ਬਚਾ ਕੇ ਰੱਖਣਗੇ ਜਿਵੇਂ ਉਹ ਅੱਜ ਤੱਕ ਵੇਦ ਬਾਣੀ ਬਚਾਉਂਦੇ ਰਹੇ ਹਨ।

ਧਰਮੀ ਬੰਦੇ, ਭਾਵੇਂ ਕਿਸੇ ਵੀ ਧਰਮ ਦੇ ਹੋਣ,ਉਨ੍ਹਾਂ ਨੂੰ ਬੰਦਗੀ ਨਾਲ ਹੀ ਵਾਸਤਾ ਹੁੰਦਾ ਹੈ।ਰੱਬ ਦੇ ਦੀਵਾਨਿਆਂ ਨੂੰ ਆਪਣੇ ਪਰਾਏ ਵਿਚ ਕੋਈ ਫਰਕ ਨਹੀਂ ਲਗਦਾ।ਉਹ ਕਦੀ ਦੂਜਿਆਂ ਦੇ ਧਰਮ ਦੀ ਨਿੰਦਿਆ ਨਹੀਂ ਕਰਦੇ।ਉਹ ਆਪਣੇ ਧਰਮ ਨੂੰ ਪਿਆਰ ਕਰਦੇ ਹਨ ਤੇ ਦੂਜੇ ਦੇ ਧਰਮ ਦਾ ਸਤਿਕਾਰ ਕਰਦੇ ਹਨ।ਇਕ ਵਾਰੀ ਕਿਸੇ ਨੇ ਰਬਿੰਦਰ ਨਾਥ ਟੈਗੋਰ ਨੂੰ ਜਾ ਕੇ ਕਿਹਾ ਕਿ ਜਿਵੇਂ ਉਸਨੇ ਦੇਸ਼ ਦਾ ਰਾਸ਼ਟਰੀ ਗੀਤ(ਨੈਸ਼ਨਲ ਐਂਥਮ)ਲਿਖਿਆ ਹੈ ਉਸੇ ਤਰ੍ਹਾਂ ਹੀ ਇਕ ਵਿਸ਼ਵ ਦਾ ਗੀਤ ਵੀ ਲਿਖੇ...।ਤਾਂ ਅਗੋਂ ਟੈਗੋਰ ਨੇ ਜਵਾਬ ਦਿੱਤਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਵਿਸ਼ਵ ਦਾ ਗੀਤ ਲਿਖ ਚੁੱਕੇ ਹਨ।ਉਸ ਤੋਂ ਵਧੀਆ ਵਿਸ਼ਵ ਦਾ ਗੀਤ ਹੋਰ ਕੋਈ ਨਹੀਂ ਹੋ ਸਕਦਾ।ਟੈਗੋਰ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਆਰਤੀ ਨੂੰ ਵਿਸ਼ਵ-ਗੀਤ ਮੰਨਿਆਂ-

**ਗਗਨ ਮਹਿ ਥਾਲ ਰਵਿ ਚੰਦ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥**
**ਧੂਪ ਮਲਿਆਨਲੋ ਪਵਣ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥**

ਟੈਗੋਰ ਨੇ ਧੁਰ ਕੀ ਬਾਣੀ ਦੇ ਅਥਾਹ ਸਾਗਰਾਂ ਵਿਚ ਤਾਰੀਆਂ ਲਗਾ ਕੇ ਹੰਸਾਂ ਵਾਲਾ ਚੋਗ ਚੁਗਿਆ ਹੋਇਆ ਸੀ।ਦੂਜੇ ਪਾਸੇ ਆਪਣੇ ਆਪ ਨੂੰ ਆਰ.ਐਸ.ਐਸ.ਕਹਾਉਣ ਵਾਲੇ ਕੁਝ ਐਸੇ ਵੀ ਹਨ ਜਿਹੜੇ ਕਹਿੰਦੇ ਹਨ ਕਿ ਧੁਰ ਕੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਵਿਚੋਂ ਮੁਸਲਮਾਨ ਭਗਤਾਂ ਦੀ ਬਾਣੀ ਕੱਢ ਕੇ ਜੁਗੋ ਜੁਗ ਅਟੱਲ ਗੁਰੂ ਜੀ ਦਾ ਸਰੂਪ ਹੀ ਬਦਲ ਦੇਣਾ ਚਾਹੀਦਾ ਹੈ।

ਨਿਰੰਕਾਰੀ ਬਾਣੀ ਦੀ ਜਾਣਕਾਰੀ ਤੋਂ ਵਿਹੂਣੇ,ਇਹ ਕੂੜਿਆਰੇ ਲੋਕ,ਹੋਰ ਭੀ ਕਈ ਕੁਝ ਕਹਿੰਦੇ ਹਨ।ਧਰਮ ਦੀ ਆੜ ਉਤੇ ਰਾਜਸੀ ਤਾਕਤ ਕਾਇਮ ਕਰਨ ਦੀ ਨੀਅਤ ਨਾਲ ਐਲਾਨ ਕਰਦੇ ਹਨ ਕਿ ਸਿੱਖ ਕੋਈ ਵੱਖਰੀ ਕੌਮ ਨਹੀਂ ਹੈ,ਹਿੰਦੂਆਂ ਦਾ ਹੀ ਹਿੱਸਾ ਹੈ।ਸ੍ਰੀ ਗੁਰ ਗ੍ਰੰਥ ਸਾਹਿਬ ਜੀ ਵਿਚ **ਰੱਬ ਲਈ ਵਰਤੇ ਰਾਮ ਸ਼ਬਦ ਨੂੰ** ਰਾਜਾ ਦਸ਼ਰਥ ਦੇ ਪੁੱਤਰ ਰਾਮ ਚੰਦਰ ਨਾਲ ਜੋੜ ਕੇ ਸਿੱਖਾਂ ਨੂੰ ਸ੍ਰੀ ਰਾਮ ਚੰਦ੍ਰ ਜੀ ਦੇ ਪੁਜਾਰੀ ਬਣਾਈ ਜਾਂਦੇ ਹਨ।ਕਦੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸ਼ਿਵ ਜੀ ਦੀ ਪਤਨੀ ਪਾਰਬਤੀ (ਸ਼ਿਵਾ) ਦਾ ਪੁਜਾਰੀ ਕਹਿ ਕੇ ਫਸਾਦ ਖੜ੍ਹੇ ਕਰ ਦਿੰਦੇ ਹਨ।ਜੇਕਰ ਉਨ੍ਹਾਂ ਨੇ ਵੀ ਟੈਗੋਰ ਵਾਂਗ ਹੀ ਇਲਾਹੀ ਬਾਣੀ ਦਾ ਅਧਿਅਨ ਕੀਤਾ ਹੋਇਆ ਹੁੰਦਾ ਤਾਂ ਉਹ ਜਾਣ ਜਾਂਦੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਣ ਕਣ ਵਿਚ ਰਮੇ ਹੋਏ ਰਾਮ ਦੀ ਪੂਜਾ ਕਰਨ ਲਈ ਕਿਹਾ ਹੋਇਆ ਹੈ।ਕੁਝ ਥਾਵਾਂ ਉਤੇ ਸ੍ਰੀ ਰਾਮ ਚੰਦਰ ਜੀ ਦੇ ਜੀਵਨ ਵਾਰੇ ਵਿਚ ਵੀ ਲਿਖਿਆ ਹੋਇਆ ਹੈ ਅਤੇ ਇਸੇ ਤਰ੍ਹਾਂ ਹੀ ਬ੍ਰਹਿਮਾਂ ਵਿਸ਼ਨੂੰ ਮਹੇਸ਼ ਅਤੇ ਦੇਵੀ ਦੇਵਤਿਆਂ ਦਾ ਵੀ ਜ਼ਿਕਰ ਹੈ ਪਰ ਇਹ ਸਾਰੇ ਕਾਲ ਦੇ ਵੱਸ ਹਨ ਇਸ ਕਰਕੇ ਨਿਰੰਕਾਰੀ ਬਾਣੀ ਦੇ ਸਿਧਾਂਤ ਅਨੁਸਾਰ ਅਸੀਂ ਉਸ ਕਰਤਾ ਪੁਰਖ ਕੋਲੋਂ ਹੀ ਸ਼ੁਭ ਕਰਮ ਕਰਨ ਦਾ ਵਰਦਾਨ ਮੰਗਣਾਂ ਹੈ ਅਤੇ ਉਸੇ ਦੀ ਹੀ ਜੈ ਜੈ ਕਾਰ ਕਰਨੀ ਹੈ ਜਿਸ ਨੇ ਇਨ੍ਹਾਂ ਸਾਰੇ ਦੇਵੀ ਦੇਵਤਿਆਂ ਅਤੇ ਅਵਤਾਰਾਂ ਦੀ ਸਿਰਜਨਾ ਕੀਤੀ।

## ਸਾਂਝ ਕਰੀਜੈ ਗੁਣਾਂ ਕੇਰੀ ਛੋਡ ਅਵਗੁਣ ਚਲੀਏ

ਅਜ ਤੱਕ ਸਦੀਆਂ ਪੁਰਾਣੀ ਸੰਸਕ੍ਰਿਤ ਬੋਲੀ ਨੂੰ ਸਿੱਖ ਕੇ ਰਿਸ਼ੀਆਂ ਮੁਨੀਆਂ ਦੀ ਉਚ ਕੋਟੀ ਦੀਆਂ ਅਧਿਆਤਮਿਕ ਰਚਨਾਵਾਂ, ਵੇਦਾਂ ਤੋਂ ਲਾਭ ਉਠਾਇਆ ਜਾਂਦਾ ਰਿਹਾ ਹੈ।ਭਵਿੱਖ ਵਿਚ ਵੀ ਭਗਤਾਂ ਦਾ ਮਾਰਗ ਦਰਸ਼ਨ ਕਰਨ ਲਈ ਵੇਦ ਜੀਉਂਦੇ ਰਹਿਣਗੇ।ਰਿਸ਼ੀਆਂ ਮੁਨੀਆਂ ਦੀਆਂ ਰਚਨਾਵਾਂ ਤੋਂ ਜਾਣੂੰ ਹੋਣ ਦੇ ਚਾਹਵਾਨ ਵੇਦ ਮੰਤਰਾਂ ਦਾ ਸ਼ੁੱਧ ਉਚਾਰਣ ਸਿੱਖ ਕੇ ਵੇਦ ਬਾਣੀ ਵਿਚੋਂ ਰੂਹਾਨੀਅਤ ਦੇ ਭੰਡਾਰਾਂ ਦੇ ਲਾਹੇ ਲੈਂਦੇ ਹਨ।ਸੰਗੀਤਕਾਰ ਮੰਤ੍ਰਾਂ ਦਾ ਗਾਇਨ ਕਰਕੇ ਵਾਯੂਮੰਡਲ ਨੂੰ ਦੋਸ਼ ਮੁਕਤ ਕਰਦੇ ਹਨ।ਵੇਦ ਮੰਤਰਾਂ ਦੇ ਸ਼ੁੱਧ ਉਚਾਰਣ ਨਾਲ ਵਾਤਾਵਰਣ ਵਿਚ ਪੈਦਾ ਹੋਣ ਵਾਲੀਆਂ ਤ੍ਰੰਗਾਂ ਮੱਨੁਖੀ ਜੀਵਨ ਨੂੰ ਰੂਹਾਨੀ ਸ਼ਕਤੀ ਨਾਲ ਭਰਦੀਆਂ ਹਨ,ਆਤਮਿਕ ਖੇੜਾ ਬਖਸ਼ਦੀਆਂ ਹਨ ਤੇ ਮਾਨਸਿਕ ਬਲ ਦਿੰਦੀਆਂ ਹਨ।

ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਥਾਂ ਥਾਂ ਵੇਦਾਂ ਦੇ ਗੁਣ ਗਾਏ ਹੋਏ ਹਨ।ਅਨੰਦ ਸਾਹਿਬ ਦੀ ਬਾਣੀ ਵਿਚ ਅਸੀਂ ਰੋਜ ਪੜ੍ਹਦੇ ਹਾਂ-

ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜੀਉ ਬੇਤਾਲਿਆ॥

ਸ੍ਰੀ ਗੁਰੂ ਅਮਰਦਾਸ ਜੀ ਸਾਨੂੰ ਉਪਦੇਸ਼ ਦਿੰਦੇ ਹਨ ਕਿ ਹੇ ਮੱਨੁਖ! ਤੂੰ ਇਸ ਗੱਲ ਨੂੰ ਕਿਉਂ ਨਹੀਂ ਸੁਣਦਾ ਕਿ ਵੇਦਾਂ ਵਿਚ ਰੱਬ ਦੇ ਨਾਮ ਨੂੰ ਉਤੱਮ ਮੰਨਿਆਂ ਹੋਇਆ ਹੈ ਪਰ ਤੂੰ ਨਾਮ ਨੂੰ ਵਿਸਾਰਿਆ ਹੋਇਆ ਹੈ ਇਸੇ ਲਈ ਹੀ ਬੇਤਾਲਿਆਂ ਵਾਂਗੂੰ ਭਟਕਦਾ ਪਿਆ ਹੈਂ।

ਗੁਰਬਾਣੀ ਸਾਨੂੰ ਇਹੀ ਸੰਦੇਸ਼ ਦਿੰਦੀ ਹੈ ਕਿ ਵੇਦ ਕਤੇਬ ਝੂਠੇ ਨਹੀਂ ਹਨ,ਝੂਠਾ ਉਹ ਹੀ ਹੈ ਜਿਹੜਾ ਇਨ੍ਹਾਂ ਦਾ ਅਧਿਅਨ ਨਹੀਂ ਕਰਦਾ-

**ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨਾ ਬਿਚਾਰੈ॥**

(ਪੰਨਾਂ ੧੩੫੦)

ਬੜੇ ਦੁੱਖ ਦੀ ਗਲ ਹੈ ਕਿ ਅੱਜ ਸਾਡੇ ਗੁਰੂ ਘਰਾਂ ਦੀਆਂ ਸਟੇਜਾਂ ਉਤੇ ਬੈਠੇ ਕੁਝ ਪ੍ਰਚਾਰਕ ਵੇਦਾਂ ਕਤੇਬਾਂ ਦੀ ਅਤੇ ਦੂਜੇ ਧਰਮਾਂ ਦੀ ਨਿੰਦਿਆ ਕਰਨ ਵਿਚ ਰੱਤੀ ਭਰ ਵੀ ਗੁਰੇਜ਼ ਨਹੀਂ ਕਰਦੇ। ਸਾਡੇ ਗੁਰਾਂ ਨੇ ਸਾਨੂੰ ਨਿੰਦਿਆ ਤੋਂ ਵਰਜਿਆ ਹੈ। ਅੰਮ੍ਰਿਤ ਬਾਣੀ ਵਿਚ ਥਾਂ ਥਾਂ 'ਤੇ ਨਿੰਦਿਆ ਕਰਨ ਵਾਲੇ ਦੀ ਦੁਰਦਸ਼ਾ ਹੋਣ ਦਾ ਜ਼ਿਕਰ ਹੈ। ਫਿਰ ਵੀ ਜੇ ਅਸੀਂ ਵੇਦਾਂ ਕਤੇਬਾਂ ਦੀ ਨਿੰਦਿਆ ਕਰਕੇ ਦੂਜੇ ਧਰਮਾਂ ਦੇ ਪ੍ਰਾਣੀਆਂ ਨੂੰ ਲੜਾਈਆਂ ਕਰਨ ਦੇ ਸੱਦੇ ਦੇਈ ਜਾਈਏ ਤਾਂ ਅਸੀਂ ਆਪਣੇ ਆਪ ਨੂੰ ਕਦੀ ਭੀ ਸਿੱਖ ਨਹੀਂ ਅਖਵਾ ਸਕਦੇ,ਭਾਵੇਂ ਜਿੰਨੇ ਮਰਜੀ ਲੰਬੇ ਚੋਲੇ ਪਾ ਕੇ ਤੇ ਦੋਹਰੀਆਂ ਦਸਤਾਰਾਂ ਸਜਾ ਕੇ ਸਟੇਜਾਂ ਸੰਭਾਲ ਲਈਏ। ਸਾਡੇ ਮੂੰਹ 'ਚੋਂ ਨਿਕਲੇ ਨਿੰਦਿਆ ਅਤੇ ਹਉਮੈ ਦੇ ਬੋਲ ਸਾਡੇ ਗੁਰਸਿੱਖ ਹੋਣ ਦੀ ਥਾਂ ਭੇਖੀ ਸਿੱਖ ਹੋਣ ਦੀ ਪਛਾਣ ਕਰਵਾਉਂਦੇ ਰਹਿਣਗੇ।

**ਜਿਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਅਧਿਅਨ ਕੀਤਾ ਹੈ ਉਹ ਕਦੀ ਵੀ ਵੇਦਾਂ ਨੂੰ ਮਾੜਾ ਨਹੀਂ ਕਹਿ ਸਕਦੇ ਅਤੇ ਜਿਨ੍ਹਾਂ ਨੇ ਵੇਦ ਪੜ੍ਹੇ ਹਨ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਉਤੇ ਲੱਟੂ ਹੋਏ ਬਿਨਾ ਨਹੀਂ ਰਹਿ ਸਕਦੇ** ਕਿਉਂਕਿ ਉਹ ਸਭ ਜਾਣਦੇ ਹਨ ਕਿ ਮੂਲ ਮੰਤ੍ਰ ਦੇ ਅਰਥਾਂ ਵਿਚ ਹੀ ਗਾਇਤ੍ਰੀ ਮੰਤ੍ਰ ਦੇ ਅਰਥ ਛੁਪੇ ਹੋਏ ਹਨ ਤੇ ਬਾਣੀ ਦੇ ਕਈ ਸ਼ਬਦ ਵੇਦ ਮੰਤ੍ਰਾਂ ਨਾਲ ਮਿਲਦੇ ਜੁਲਦੇ ਹਨ ਜਿਵੇਂ ਕਿ,

**ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ॥**
**ਤੂੰ ਮੇਰਾ ਬੰਧਪੁ ਤੂੰ ਮੇਰਾ ਭਰਾਤਾ॥**

( ਪੰਨਾਂ ੧੦੩ )

ਅਤੇ

**ਤੁਵਮੇਵ ਮਾਤਾ ਚ ਪਿਤਾ ਤੁਵਮੇਵ। ਤੁਵਮੇਵ ਬੰਧੂ ਚ ਸਖਾ ਤੁਵਮੇਵ।**
**ਤੁਅਮੇਵ ਵਿਦਿਆ ਦਵ੍ਣੰਮ ਤੁਵਮੇਵ। ਤੁਵਮੇਵ ਸਰਵੰਮ ਮਮ ਦੇਵ ਦੇਵ।**

## ਇਸੇ ਤਰ੍ਹਾਂ ਹੀ ਓਮ ਅਤੇ ਇਕ ਓਅੰਕਾਰ ਵਿਚ ਕੋਈ ਭੇਦ ਨਹੀਂ ਹੈ-

ਦੋਨੋਂ ਹੀ ਚਿੱਤ੍ਰਕਾਰੀ ਸ਼ਬਦ ਹਨ। ਬੋਲਣ ਵਿਚ ਹੋਰ ਅਤੇ ਲਿਖਣ ਵਿਚ ਹੋਰ ਹਨ। ਊੜੇ ਦੀਆਂ ਬਰ੍ਹਮਾਂ ਵਿਸ਼ਨੂੰ ਮਹੇਸ਼ ਦੀਆਂ ਤਿੰਨੋ ਲਕੀਰਾਂ (ਸ਼ਕਤੀਆਂ) ਨੂੰ ਸਮੇਟ ਕੇ ਊੜੇ ਦਾ ਮੂੰਹ ਖੁੱਲ੍ਹਾ ਰੱਖ ਕੇ ਅਕਾਲ ਪੁਰਖ ਦੀ ਬੇਅੰਤਤਾ,ਅਗਮ ਅਗੋਚ੍ਰਤਾ ਤੇ ਅਪਰੰਪਾਰਤਾ ਦਾ ਸੰਪੂਰਨ ਚਿੱਤ੍ਰ ਬਣਾ ਕੇ ਓਮ ਦੇ ਅਰਥਾਂ ਨੂੰ ਹੀ ਸੰਪੂਰਨ ਢੰਗ ਨਾਲ ਪ੍ਰਗਟਾਇਆ ਹੋਇਆ ਹੈ।

ਜੇ ਕੋਈ ਦੂਜੇ ਧਰਮ ਦਾ ਬੰਦਾ ਗੁਰਬਾਣੀ ਦੀ ਨਿੰਦਿਆ ਕਰਦਾ ਹੈ ਜਾਂ ਸਾਡੇ ਸਿੱਖ ਇਤਿਹਾਸ ਦੀ ਸ਼ਾਨ ਦੇ ਖਿਲਾਫ ਬੋਲਦਾ ਹੈ ਤਾਂ ਗੁਰਸਿੱਖਾਂ ਦਾ ਦਿਲ ਦੁਖਦਾ ਹੈ ਤੇ ਉਹ ਬੋਲਣ ਵਾਲਿਆਂ ਦਾ ਮੂੰਹ ਬੰਦ ਕਰਨ ਲਈ ਸ਼ਹੀਦ ਹੋਣ ਤੱਕ ਪਹੁੰਚ ਜਾਂਦੇ ਹਨ ਪਰ ਜਦੋਂ ਕੋਈ ਵੇਦਾਂ ਕਤੇਬਾਂ ਦੀ ਨਿੰਦਿਆ ਕਰੇਗਾ ਤਾਂ ਕੀ ਵੇਦਾਂ ਕਤੇਬਾਂ ਦੇ ਪੁਜਾਰੀਆਂ ਨੂੰ ਚੰਗਾ ਲਗੇਗਾ?

ਅਜ ਸਾਇੰਸ ਦੇ ਜਮਾਨੇ ਵਿਚ ਹਰ ਘਰ ਵਿਚ ਟੀ.ਵੀ. ਤੇ ਕੰਪੀਉਟਰ ਰਾਹੀਂ ਭਗਤੀ ਦੇ ਲਾਹੇ ਲੈਣੇ ਆਮ ਗਲ ਹੈ। ਪ੍ਰਭੂ ਭਗਤੀ ਦੀਆਂ ਡੋਰਾਂ ਵਿਚ ਬੱਝੇ ਹੋਏ ਹਰ ਧਰਮ ਦੇ ਲੋਕਾਂ ਦੇ ਦਿਲਾਂ ਉਤੇ ਧੁਰ ਕੀ ਬਾਣੀ ਸਿੱਧੀਆਂ ਟਕੋਰਾਂ ਮਾਰਦੀ ਹੈ। ਪ੍ਰੇਮਾ ਭਗਤੀ ਵਾਲੇ ਕਈ ਹਿੰਦੂ ਵੀਰ

ਗੁਰਬਾਣੀ ਦੀਆਂ ਵੀਡੀਓ ਅਤੇ ਹਰਮੰਦਰ ਸਾਹਿਬ ਦਾ ਸਿੱਧਾ ਪਰਸਾਰਣ ਦੇਖਣ ਦੇ ਆੱਦੀ ਬਣੇ ਹੋਏ ਹਨ। ਹਿੰਦੂ ਮਤ ਦੇ ਬਹੁਤ ਸਾਰੇ ਸੰਤ ਮਹਾਤਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਅਧਿਅਨ ਕਰਦੇ ਹਨ,ਕਈ ਸੰਤ ਐਸੇ ਵੀ ਹਨ ਜਿਹੜੇ ਆਪ ਵੀ ਸੁਖਮਨੀ ਸਾਹਿਬ ਦਾ ਪਾਠ ਕਰਦੇ ਹਨ ਅਤੇ ਅਪਣੇ ਸੇਵਕਾਂ ਨੂੰ ਵੀ ਸੁਖਮਨੀ ਸਾਹਿਬ ਦਾ ਪਾਠ ਕਰਨ ਦਾ ਉਪਦੇਸ਼ ਦਿੰਦੇ ਹਨ। ਇਸੇ ਤਰ੍ਹਾਂ ਹੀ ਗੁਰਬਾਣੀ ਦੇ ਪ੍ਰਚਾਰ ਵਿਚ ਨਿਰਮਲੇ ਅਤੇ ਉਦਾਸੀ ਸਾਧੂਆਂ ਨੇ ਵੀ ਯੋਗਦਾਨ ਪਾਇਆ। ਵਿਦੇਸ਼ਾਂ ਦੇ ਗੁਰਦੁਆਰਿਆਂ ਵਿਚ ਹਿੰਦੂ ਵੀਰ ਗੁਰੂ ਘਰਾਂ ਵਿਚ ਕੀਰਤਨ ਦਾ ਅਨੰਦ ਮਾਣਦੇ ਦਿਖਾਈ ਦਿੰਦੇ ਹਨ,ਲੰਗਰਾਂ ਦੀ ਸੇਵਾ ਕਰਦੇ ਨਜਰੀਂ ਆਉਂਦੇ ਹਨ।

ਹੁਸ਼ਿਆਰਪੁਰ ਜਿਲ੍ਹੇ ਦੇ ਪਿੰਡ ਨੰਦਾ ਚੌਰ ਦੇ ਇਕ ਬੜੇ ਮੰਦਰ ਵਿਚ ਪੱਥਰ ਦੀਆਂ ਮੂਰਤੀਆਂ ਦੀ ਥਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਪ੍ਰਵਾਹ ਸੈਂਕੜੇ ਸਾਲਾਂ ਤੋਂ ਚੱਲ ਰਿਹਾ ਹੈ। ਪੰਡਿਤ ਸ਼ਰਧਾ ਰਾਮ ਵਰਗੇ ਮਹਾਂ ਪੁਰਖਾਂ ਨੇ ਇਸ ਮੰਦਰ ਦੀ ਸੇਵਾ ਸੰਭਾਲੀ ਤੇ ਇਸ ਦੀਆਂ ਦੀਵਾਰਾਂ ਅੰਦਰ ਧੁਰ ਕੀ ਬਾਣੀ ਦੇ ਰੰਗ ਰਸ ਦੀ ਛਹਿਬਰ ਲਗਾਈ। ਅੰਮ੍ਰਿਤ ਵੇਲੇ ਮੰਦਰ ਦੇ ਬੜੇ ਹਾਲ ਵਿਚ ਭੈ-ਭਾਵਨੀ ਤੇ ਗੁਰ ਮਰਿਆਦਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ ਤੇ ਇਸ ਪਿਛੋਂ ਹਾਲ ਦੇ ਨਾਲ ਲਗਦੇ ਇਕ ਕਮਰੇ ਵਿਚ ਗੀਤਾ ਦਾ ਪਾਠ ਅਰੰਭ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿਚ ਹਰ ਸਾਲ ਬੜਾ ਭਾਰੀ ਦੀਵਾਨ ਸੱਜਦਾ ਹੈ। ਜਦੋਂ ਕਿਸੇ ਗੁਰੂ ਪਿਆਰੇ ਨੇ ਧੁਰ ਕੀ ਬਾਣੀ ਦੇ ਰੰਗ ਰਸ ਨੂੰ ਮਾਣਿਆਂ ਹੋਇਆ ਹੁੰਦਾ ਹੈ ਤਾਂ ਉਸ ਪ੍ਰਾਣੀ ਦੀ ਸ਼ਖਸੀਅਤ ਵਿਚੋਂ ਅੰਮ੍ਰਿਤ ਬਾਣੀ ਦੇ ਪ੍ਰਕਾਸ਼ ਦੀਆਂ ਰਿਸ਼ਮਾਂ ਵਰ੍ਹਦੀਆਂ ਹਨ। ਉਸਦੀ ਬੋਲੀ ਵਿਚ ਬਾਣੀ ਦੀ ਮਿਠਾਸ ਘੁਲੀ ਹੋਈ ਹੁੰਦੀ ਹੈ। ਪੰਡਿਤ ਸ਼ਰਧਾ ਰਾਮ ਦੇ ਜਗਮਗ ਕਰਦੇ ਚੇਹਰੇ ਨੂੰ ਗੁਰਬਾਣੀ ਦੇ ਇਲਾਹੀ ਰੰਗ ਨੇ ਲਿਸ਼ਕਾਇਆ ਹੋਇਆ ਸੀ। ਉਸ ਮੰਦਰ ਵਿਚ ਅਖੰਡ ਪਾਠ ਲਗਾਤਾਰ ਚਲਦੇ ਰਹਿੰਦੇ ਸੀ। ਪਾਠ ਕਰਦਿਆਂ ਜੇਕਰ ਕਿਸੇ ਪਾਠੀ ਕੋਲੋਂ ਬਾਣੀ ਦਾ ਗਲਤ ਉਚਾਰਣ ਹੋ ਜਾਵੇ ਤਾਂ ਪੰਡਿਤ ਜੀ ਦੂਰ ਬੈਠੇ ਹੀ ਉਸਦੀ ਗਲਤੀ ਨੋਟ ਕਰ ਲੈਂਦੇ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਤੋਂ ਉਠੱਣ ਤੋਂ ਬਾਅਦ ਪਾਠੀ ਨੂੰ ਉਸਦੀ ਗਲਤੀ ਸਮਝਾ ਕੇ ਬਾਣੀ ਦੇ ਸ਼ੁੱਧ ਉਚਾਰਣ ਅਤੇ ਬਾਣੀ ਵਿਚ ਲੀਨ ਹੋ ਕੇ ਪਾਠ ਕਰਨ ਲਈ ਪ੍ਰੇਰਦੇ ਸੀ। **ਫੋਕੀਆਂ ਫਿਲਾਸਫੀਆਂ ਦੇ ਰੁੱਖੇ ਭਾਸ਼ਨਾਂ ਨਾਲੋਂ ਅਜਿਹੇ ਪੰਡਿਤ-ਸੰਤ ਦੀ ਇਕ ਦ੍ਰਿੱਸ਼ਟੀ ਹੀ ਅੰਮ੍ਰਿਤ-ਬੂੰਦ ਲਈ ਤਰਸਣ ਵਾਲੇ ਪਪੀਹੇ ਦਾ ਮਨ ਠਾਰ ਦਿੰਦੀ ਹੈ।**

ਸਸੰਕ੍ਰਿਤ ਬੋਲੀ ਪ੍ਰਚੀਨ ਕਾਲ ਦੀ ਬੋਲੀ ਹੋਣ ਕਰਕੇ ਸਮਝਣੀ ਔਖੀ ਹੈ। ਗੁਰਬਾਣੀ ਦੀ ਬੋਲੀ ਬਹੁਤੀ ਪੁਰਾਣੀ ਨਾ ਹੋਣ ਕਰਕੇ ਛੇਤੀ ਸਮਝ ਆ ਜਾਂਦੀ ਹੈ ਤੇ ਪ੍ਰਗਟ ਗੁਰਾਂ ਕੀ ਦੇਹ ਹੋਣ ਦੇ ਤੇਜ ਪ੍ਰਤਾਪ ਕਰਕੇ ਭਗਤੀ ਭਾਵਨਾਂ ਵਾਲੇ ਦਿਲਾਂ ਉਤੇ ਸਿੱਧਾ ਅਸਰ ਕਰਦੀ ਹੈ ਜਿਸ ਕਰਕੇ ਰੂਹਾਨੀ ਮੰਜਿਲਾਂ ਤਹਿ ਕਰਨ ਲਈ ਹਿੰਦੂ ਵੀਰ ਵੀ ਚੁੰਬਕੀ ਖਿੱਚ ਵਾਂਗੂੰ ਗੁਰਬਾਣੀ ਵਲ ਖਿੱਚੇ ਜਾਂਦੇ ਹਨ।

ਵਾਹਿਗੁਰੂ ਕਿਰਪਾ ਕਰੇ..!ਸਾਡੇ ਗੁਰੂ ਘਰਾਂ ਦੀਆਂ ਸਟੇਜਾਂ ਉਤੋਂ ਕਦੀ ਕਿਸੇ ਦੂਜੇ ਧਰਮ ਗ੍ਰੰਥ ਦੀ ਨਿੰਦਿਆ ਦਾ ਧੂਆਂ ਨਾ ਧੁਖੇ...!ਨਿੰਦਿਆ ਦੇ ਕਲਖਾਏ ਧੂੰਏਂ ਦੀ ਥਾਂ ਨਾਮ ਬਾਣੀ ਦੇ ਰਸ ਦੀ ਛਹਿਬਰ ਲੈ ਲਵੇ...!ਤੇ ਫਿਰ ਇਲਾਹੀ ਬਾਣੀ ਦੀਆਂ ਅਨਹਦੀ ਧੁਨੀਆਂ ਅਤੇ ਆਤਮ-ਰਸ ਦੀਆਂ ਸੁਗੰਧੀਆਂ ਦੀਆਂ ਲਪਟਾਂ ਦੀ ਚੁੰਬਕੀ-ਖਿੱਚ ਨਾਲ ਖਿੱਚੇ ਹੋਏ ਵੇਦਾਂ

ਕਤੇਬਾਂ ਦੇ ਪੜ੍ਹਾਕੂ ਵੀ ਸਾਡੇ ਕੋਲ ਆ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਣ ਵਿਚ ਸੱਜ ਕੇ ਬੈਠਣ..!ਅਸੀਂ ਸਾਰੇ ਆਪਣੇ ਆਪਣੇ ਧਰਮ ਨੂੰ ਪਿਆਰ ਕਰਦੇ ਹੋਏ ਇਕ ਦੂਜੇ ਦੇ ਧਰਮ ਦਾ ਸਤਿਕਾਰ ਕਰੀਏ।ਇਕ ਦੂਜੇ ਦੇ ਅਵਗੁਣਾਂ ਤੋਂ ਮੂੰਹ ਮੋੜ ਕੇ ਗੁਣਾਂ ਦੀ ਸਾਂਝ ਕਰਏ..! ਦੀਨ ਦੁਨੀਆਂ ਦੇ ਮਾਲਿਕ ਦੀ ਖੁਸ਼ੀ ਵਿਹਾਜਣ ਲਈ ਅਸੀਂ ਉਸਦੇ ਇਲਾਹੀ ਫੁਰਮਾਨ ਅਨੁਸਾਰ ਜੀਵਨ ਜੀਊਣ ਦੀ ਜਾਚ ਸਿੱਖੀਏ। '**ਸਾਂਝ ਕਰੀਜੈ ਗੁਣਾਂ ਕੇਰੀ ਛੋਡ ਅਵਗੁਣ ਚਲੀਏ**॥

**************

# ਗਰੁੜ ਮੰਤ੍ਰ

ਸਪੇਰੇ ਖਾਸ ਵਿਧੀ ਨਾਲ ੪੦ ਦਿਨ ਗਰੁੜ ਮੰਤ੍ਰ ਦਾ ਜਾਪ ਕਰਕੇ ਸਿੱਧੀ ਪ੍ਰਾਪਤ ਕਰਦੇ ਹਨ।ਹਰ ਰੋਜ ਵਗਦੇ ਪਾਣੀ ਵਿਚ ਖੜ੍ਹ ਕੇ ਇੱਕਾਗਰ ਮਨ ਨਾਲ ਸਵਾ ਘੰਟਾ ਗਰੁੜ ਮੰਤ੍ਰ ਦਾ ਉਚਾਰਣ ਕਰਦੇ ਹਨ,ਕੁਝ ਦਿਨ ਗੋਡੇ ਗੋਡੇ ਪਾਣੀ ਵਿਚ ਖੜ੍ਹੇ ਹੋ ਕੇ ਨਿਰੰਤਰ ਧਿਆਨ ਧਰਦੇ ਹਨ,ਫਿਰ ਕੁਝ ਦਿਨ ਲੱਕ ਲੱਕ ਪਾਣੀ ਵਿਚ ਖੜ੍ਹ ਕੇ ਮੰਤ੍ਰ ਵਿਚ ਲੀਨ ਹੁੰਦੇ ਹਨ ਅਤੇ ਅਖੀਰਲੇ ਦਿਨਾਂ ਵਿੱਚ ਛਾਤੀ ਤੱਕ ਪਾਣੀ ਵਿਚ ਖੁੜ ਕੇ ਇਕ ਮਨ ਇਕ ਚਿੱਤ ਹੋ ਕੇ ਲਗਾਤਾਰ ਮੰਤ੍ਰ ਵਿਚ ਲਿਵ ਲਗਾਉਂਦੇ ਹਨ।ਚਲੀਹੇ ਦੀ ਕਰੜੀ ਘਾਲਣਾਂ ਦੇ ਦਿਨਾਂ ਵਿਚ ਉਹ ਖਾਣ ਪੀਣ ਵਿਚ ਪੂਰਾ ਸੰਜਮ ਰੱਖਦੇ ਹਨ।ਬਹੁਤ ਥੋੜ੍ਹੀ ਮਾਤਰਾ ਵਿਚ ਦੁੱਧ ਅਤੇ ਫਲ ਹੀ ਖਾਂਦੇ ਹਨ।ਅੰਨ ਜਾਂ ਕਿਸੇ ਹੋਰ ਚੀਜ਼ ਨੂੰ ਮੂੰਹ ਨਹੀਂ ਲਗਾਉਂਦੇ।ਸਬਰ ਤੇ ਸੰਤੋਖ ਨਾਲ ਚਲੀਹੇ ਦੇ ਨੇਮ ਨਿਭਾਉਂਦੇ ਹੋਏ ਮੰਤ੍ਰ-ਮੁਗਧ ਹੋ ਕੇ ਗੋਰਖ ਅਤੇ ਸ਼ਿਵ ਜੀ ਦੀ ਅਰਾਧਨਾ ਕਰਦੇ ਹਨ।

ਜਿਹੜੇ ਗੰਨੇਂ ਬੇਲਣੇ ਦੇ ਮੂੰਹ ਵਿਚ ਆਪਣਾ ਸਿਰ ਦੇ ਕੇ ਪੀੜ ਹੁੰਦੇ ਹਨ,ਰਸ ਉਨ੍ਹਾਂ ਵਿਚੋਂ ਹੀ ਨਿਕਲਦਾ ਹੈ।ਜਿਹੜੇ ਬੇਲਣੇ ਦੀ ਪੀੜ ਤੋਂ ਡਰ ਕੇ ਖੇਤਾਂ ਵਿਚ ਹੀ ਗਲ ਸੜ ਜਾਣ ਉਨ੍ਹਾਂ ਦਾ ਜੀਵਨ ਵਿਅਰਥ ਜਾਂਦਾ ਹੈ।ਉਹ ਕਿਸੇ ਦੇ ਕੰਮ ਨਹੀਂ ਆਉਂਦੇ। ਸਪੇਰੇ ਵੀ ਆਪਣੇ ਮਨ ਅਤੇ ਤਨ ਨੂੰ ਕਰੜੀ ਘਲਣਾ ਦੇ ਬੇਲਣੇ ਵਿਚ ਪੀੜਨ ਪਿੱਛੋਂ ਹੀ ਗਰੁੜ ਮੰਤ੍ਰ ਦੀ ਸਿੱਧੀ ਪ੍ਰਾਪਤ ਕਰਕੇ ਸੱਪਾਂ ਨੂੰ ਕਾਬੂ ਕਰਨ ਦੇ ਯੋਗ ਬਣਦੇ ਹਨ,ਅਤੇ ਫਿਰ ਲੋਕਾਂ ਦੇ ਘਰਾਂ ਵਿਚੋਂ ਸੱਪਾਂ ਨੂੰ ਬਾਹਰ ਕੱਢ ਕੇ,ਉਨ੍ਹਾਂ ਦਾ ਸੱਪਾਂ ਦਾ ਡਰ ਫਿਕਰ ਦੂਰ ਕਰਦੇ ਹਨ।ਕਈ ਵਾਰੀ ਸੱਪਾਂ ਦੇ ਡੰਗਿਆਂ ਦੀਆਂ ਜਾਨਾਂ ਬਚਾਉਣ ਲਈ ਆਪਣੀਆਂ ਜੜੀਆਂ ਬੂਟੀਆਂ ਦੀਆਂ ਦਵਾਈਆਂ ਅਤੇ ਮਣਕਿਆਂ ਦੀ ਵਰਤੋਂ ਵੀ ਕਰਦੇ ਹਨ।

ਇਸ ਗੱਲ ਦਾ ਖਾਸ ਧਿਆਨ ਰੱਖਿਆ ਜਾਂਦਾ ਹੈ ਕਿ ਮੰਤ੍ਰ ਦਾ ਉਚਾਰਣ ਸ਼ੁੱਧ ਹੋਵੇ।ਉਚਾਰਣ ਵਿਚ ਜ਼ਰਾ ਜਿੰਨਾਂ ਵੀ ਫਰਕ ਪੈਣ ਨਾਲ ਮੰਤ੍ਰ ਦੀ ਸ਼ਕਤੀ ਕੰਮ ਨਹੀਂ ਕਰਦੀ ਤੇ ਸੱਪ ਸਪੇਰਿਆਂ ਨੂੰ ਹੀ ਡੰਗ ਮਾਰ ਦਿੰਦੇ ਹਨ।ਮੰਤ੍ਰ ਦੇ ਹਰ ਅੱਖਰ ਨਾਲ ਲੱਗੀਆਂ ਹੋਈਆਂ ਲਾਮਾਂ ਦੁਲਾਮਾਂ ਅਤੇ ਬਿੰਦੀਆਂ ਟਿੱਪੀਆਂ ਦੀ ਧੁਨੀ ਹਵਾ ਵਿਚ ਐਸੀਆਂ ਤ੍ਰੰਗਾਂ ਫੈਲਾਉਂਦੀ ਹੈ ਕਿ ਉਨ੍ਹਾਂ ਤ੍ਰੰਗਾਂ ਦੀਆਂ ਲਹਿਰਾਂ ਦੀ ਖਿੱਚ ਨਾਲ ਦੂਰੋਂ ਹੀ ਨਾਗ ਦੌੜਾ ਆਉਂਦਾ ਹੈ।ਜਿੰਨੀ ਦੇਰ ਸੱਪ ਉਤੇ

ਉਨ੍ਹਾਂ ਤ੍ਰੰਗਾਂ ਦਾ ਅਸਰ ਹੁੰਦਾ ਹੈ, ਉਹ ਡੰਗ ਨਹੀਂ ਮਾਰਦਾ।ਜਦੋਂ ਸਪੇਰਾ ਗਰੁੜ ਮੰਤ੍ਰ ਦਾ ਉਚਾਰਣ ਛੱਡ ਦਿੰਦਾ ਹੈ,ਜਾਂ ਮੰਤ੍ਰ ਦੇ ਉਚਾਰਣ ਵਿਚ ਜ਼ਰਾ ਜਿੰਨਾਂ ਵੀ ਫਰਕ ਪੈ ਜਾਂਦਾ ਹੈ ਤਾਂ ਸੱਪ ਸਪੇਰੇ ਨੂੰ ਵੀ ਨਹੀਂ ਬਖਸ਼ਦਾ।

ਪੰਜਾਬ,ਜ਼ਿਲ੍ਹਾ ਲੁਧਿਆਣਾ ਦੇ ਪਿੰਡ ਦੁਗੜੀ ਵਿਚ ਵਸੀ ਸਪੇਰਿਆਂ ਦੀ ਇਕ ਬਸਤੀ ਵਿਚ ਨਿਹਾਲਾ ਨਾਥ ਨਾਮ ਦਾ ਮਸ਼ਹੂਰ ਸਪੇਰਾ ਰਹਿੰਦਾ ਸੀ।ਇਕ ਵਾਰੀ ਉਸਨੇ ਇਕ ਬਹੁਤ ਬੜਾ ਖੜੱਪਾ ਸੱਪ ਕਾਬੂ ਕੀਤਾ।ਬੀਨ ਦੀ ਅਵਾਜ ਉਤੇ ਫਨੀਅਰ ਨੂੰ ਨਚਾ ਕੇ ਲੋਕਾਂ ਤੋਂ ਵਾਹ ਵਾਹ ਖੱਟੀ ਤੇ ਫਿਰ ਉਸਨੇ ਸੱਪ ਨੂੰ ਕੱਪੜੇ ਵਿਚ ਲਪੇਟ ਕੇ ਗੰਢ ਮਾਰੀ ਤੇ ਮੋਢੇ ਉਤੋਂ ਦੀ ਪਿੱਠ ਉਤੇ ਸੁੱਟ ਕੇ ਤੁਰ ਪਿਆ।ਲਾਪਰਵਾਹੀ ਕਾਰਨ ਉਸਦੇ ਮੰਤ੍ਰ ਜਾਪ ਦੇ ਸ਼ੁਧ ਉਚਾਰਣ ਵਿਚ ਫਰਕ ਪੈ ਗਿਆ।ਸੱਪ ਨੇ ਕੱਪੜੇ ਅਤੇ ਉਸਦੀ ਕਮੀਜ਼ ਦੇ ਵਿਚੋਂ ਦੀ ਹੀ ਉਸਦੀ ਪਿੱਠ ਉਤੇ ਡੰਗ ਮਾਰਿਆ।ਸਪੇਰਾ ਉਥੇ ਹੀ ਮਰ ਗਿਆ।ਇਸ ਵੇਲੇ ਉਸਦਾ ਪੁੱਤਰ ਕੌਡੇ ਸ਼ਾਹ ਆਪਣੇ ਬਾਪ ਵਾਂਗੂੰ ਹੀ ਇਕ ਮਸ਼ਹੂਰ ਸਪੇਰਾ ਹੈ।ਬੜੇ ਬੜੇ ਨਾਗ ਕਾਬੂ ਕਰ ਲੈਂਦਾ ਹੈ ਪਰ ਉਸਦਾ ਕਹਿਣਾ ਹੈ ਕਿ ਮੰਤ੍ਰ-ਸ਼ਕਤੀ ਦੀ ਪ੍ਰਾਪਤੀ ਮੰਤ੍ਰ ਦੇ ਸ਼ੁੱਧ ਉਚਾਰਣ ਵਿਚ ਹੀ ਛੁਪੀ ਹੋਈ ਹੁੰਦੀ ਹੈ।ਗਰੁੜ ਮੰਤ੍ਰ ਦੇ ਉਚਾਰਣ ਵਿਚ ਜੇ ਕਿਧਰੇ ਲਗਾਂ ਮਾਤਰਾਂ ਲਗਾਣ ਵਿਚ ਥੋੜ੍ਹੀ ਜਿੰਨੀ ਵੀ ਭੁੱਲ ਹੋ ਜਾਵੇ ਤਾਂ ਮੰਤ੍ਰ ਦੀ ਸ਼ਕਤੀ ਕੰਮ ਨਹੀਂ ਕਰਦੀ।ਸੱਪ ਕਾਬੂ ਹੋਣ ਦੀ ਥਾਂ ਸਪੇਰੇ ਨੂੰ ਹੀ ਡੰਗ ਮਾਰ ਜਾਂਦਾ ਹੈ।ਆਪਣੇ ਬਾਪ ਨੂੰ ਯਾਦ ਕਰਕੇ ਕਦੀ ਕਦੀ ਉਹ ਲੰਮੀਆਂ ਲੰਮੀਆਂ ਹੇਕਾਂ ਲਗਾ ਕੇ ਗੀਤ ਗਾਉਂਦਾ ਹੈ।

ਸੱਪਾਂ ਦੇ ਪੁੱਤ ਮਿੱਤ ਨਹੀਂ ਹੁੰਦੇ ਭਾਵੇਂ ਚੂਲੀਆਂ ਦੁੱਧ ਪਿਲਾਈਏ...

ਓਦਾਂ ਨਾਗ ਬੰਦਿਆਂ ਨੂੰ ਦੇਖ ਕੇ ਲੁਕ ਜਾਂਦਾ ਹੈ।ਬੰਦਿਆਂ ਤੋਂ ਦੂਰ ਭੱਜਦਾ ਹੈ,ਪਰ ਗਰੁੜ ਮੰਤ੍ਰ ਦੀਆਂ ਤ੍ਰੰਗਾਂ ਦੇ ਅਸਰ ਨਾਲ ਬੜੇ ਬੜੇ ਖੜੱਪੇ ਸੱਪ ਵੀ ਝੂੰਮਦੇ ਤੁਰੇ ਆਉਂਦੇ ਹਨ।ਜਿਨ੍ਹਾਂ ਬੰਦਿਆਂ ਤੋਂ ਡਰਦੇ ਮਾਰੇ ਉਹ ਲੁਕਦੇ ਫਿਰਦੇ ਹਨ।ਉਨ੍ਹਾਂ ਦੇ ਸਾਹਮਣੇ ਆ ਕੇ ਬੇਝਿਜਕ ਹੋ ਕੇ ਨੱਚਦੇ ਹਨ।ਸੱਪਾਂ ਦਾ ਨਾਚ ਦੇਖਣ ਵਾਲੇ ਲੋਕਾਂ ਦੀਆਂ ਢਾਣੀਆਂ ਵੀ ਉਥੇ ਹੀ ਬੈਠੀਆਂ ਹੁੰਦੀਆਂ ਹਨ।ਉਹ ਵੀ ਨਿਡਰ ਹੋ ਕੇ ਗਰੁੜ ਮੰਤ੍ਰ ਦੀ ਸ਼ਕਤੀ ਦਾ ਅਨੁਭਵ ਕਰਦੀਆਂ ਹਨ।ਉਨ੍ਹਾਂ ਨੂੰ ਵੀ ਇਸ ਗੱਲ ਦਾ ਗਿਆਨ ਹੁੰਦਾ ਹੈ ਕਿ ਸੱਪ ਨੇ ਉਨ੍ਹਾਂ ਨੂੰ ਕੁਝ ਨਹੀਂ ਕਹਿਣਾ ਕਿਉਂਕਿ ਉਸ ਵੇਲੇ ਉਹ ਗਰੁੜ ਮੰਤ੍ਰ ਦੀ ਸ਼ਕਤੀ ਦੀ ਡੋਰ ਨਾਲ ਬੰਨ੍ਹਿਆਂ ਹੋਇਆ ਬੀਨ ਅੱਗੇ ਆਪਣਾ ਫੰਨ੍ਹ ਫੈਲਾ ਕੇ ਨੱਚਦਾ ਹੈ।ਦੇਖਣ ਵਾਲਿਆਂ ਲਈ ਦਿਲਚਸਪ ਨਜ਼ਾਰਾ ਹੁੰਦਾ ਹੈ।ਡਰ ਭੈ ਵਾਲੀ ਕੋਈ ਗੱਲ ਨਹੀਂ ਹੁੰਦੀ।ਸਪੇਰਾ ਵੀ ਗਰੁੜ ਮੰਤ੍ਰ ਦੀ ਸ਼ਕਤੀ ਦੇ ਆਸਰੇ ਹੀ ਫਨੀਅਰ ਨੂੰ ਨਚਾਉਂਦਾ ਹੈ।

**ਗਰੁੜ ਮੁਖਿ ਨਹੀ ਸਰਪ ਤ੍ਰਾਸ॥**

(ਪੰਨਾਂ ੯੮੭)

ਨਾਮ-ਬਾਣੀ ਦੀ ਸ਼ਕਤੀ ਦਾ ਪ੍ਰਗਟਾਵਾ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅਨੇਕਾਂ ਥਾਵਾਂ ਉਤੇ ਗਰੁੜ ਮੰਤਰ ਦਾ ਜ਼ਿਕਰ ਮਿਲਦਾ ਹੈ-

**ਮਾਇਆ ਭੁਇਅੰਗਮੁ ਸਰਪ ਹੈ ਜਗੁ ਘੇਰਿਆ ਬਿਖੁ ਮਾਇ॥**
**ਹਉਮੈ ਬਿਖੁ ਮਨੁ ਮੋਹਿਆ ਲਦਿਆ ਅਜਗਰ ਭਾਰੀ॥**

(ਪੰਨਾਂ ੧੪੧੫)

**ਬਿਖੁ ਕਾ ਮਾਰਣੁ ਨਾਮੁ ਹੈ ਗੁਰ ਗਰੁੜ ਸਬਦੁ ਮੁਖਿ ਪਾਇ॥**

## ਗਰੁੜ ਸਬਦੁ ਮੁਖਿ ਪਾਇਆ ਹਉਮੈ ਬਿਖੁ ਹਰਿ ਮਾਰੀ॥

(ਪੰਨਾਂ ੧੨੬੦)

ਜਿਹੜੇ ਪ੍ਰਾਣੀਆਂ ਦੇ ਮੂੰਹ ਵਿਚ ਨਾਮ-ਬਾਣੀ ਦਾ ਉਚਾਰਣ ਸਪੇਰੇ ਦੇ ਗਰੁੜ ਮੰਤ੍ਰ ਦੇ ਜਾਪ ਵਾਂਗ ਹੁੰਦਾ ਹੈ,ਉਹ ਉਸ ਭਾਰੇ ਮਾਇਆ ਰੂਪੀ ਸੱਪ ਦੀ ਸਾਰੀ ਜਹਿਰ ਖਤਮ ਕਰ ਦਿੰਦੇ ਹਨ,ਜਿਸ ਨੇ ਸਾਰਾ ਸੰਸਾਰ ਆਪਣੇ ਘੇਰੇ ਵਿਚ ਜਕੜਿਆ ਹੋਇਆ ਹੈ।ਹੰਕਾਰ ਦੀ ਜ਼ਹਿਰ ਨੇ ਇੱਕ ਭਾਰੇ ਅਜਗਰ ਸੱਪ ਦਾ ਰੂਪ ਧਾਰ ਕੇ ਸਾਡੇ ਮਨ ਨੂੰ ਮੋਹਿਆ ਹੋਇਆ ਹੈ।ਪਰ ਜਦੋਂ ਵਾਹਿਗੁਰੂ ਸ਼ਬਦ ਗਰੁੜ ਮੰਤ੍ਰ ਵਾਂਗ ਹੀ ਸਾਡੀ ਰਸਨਾਂ ਉਤੇ ਆ ਜਾਂਦਾ ਹੈ ਤਾਂ ਹਉਮੈ ਰੂਪੀ ਅਜਗਰ ਦੀ ਸਾਰੀ ਜ਼ਹਿਰ ਖਤਮ ਹੋ ਜਾਂਦੀ ਹੈ।

ਜਿਵੇਂ ਗਰੁੜ ਮੰਤ੍ਰ ਦੀ ਸਾਰੀ ਸ਼ਕਤੀ ਉਸਦੇ ਸ਼ੁੱਧ ਉਚਾਰਣ ਵਿਚ ਛੁਪੀ ਹੋਈ ਹੈ ਉਸੇ ਤਰ੍ਹਾਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਇਲਾਹੀ ਸ਼ਕਤੀ ਵੀ ਬਾਣੀ ਦੇ ਸ਼ੁੱਧ ਉਚਾਰਣ ਵਿੱਚ ਹੀ ਸਮਾਈ ਹੋਈ ਹੈ।**ਅਕਾਲ ਅਕੈਡਮੀ ਬੜੂ ਸਾਹਿਬ,ਪ੍ਰੋਫੈਸਰ ਸੁਰਿੰਦਰ ਸਿੰਘ** ਅਤੇ ਨਾਦ ਯੋਗ ਦੇ ਹੋਰ ਕਈ ਅਭਿਆਸੀਆਂ ਨੇ ਬਾਣੀ ਦੇ ਪ੍ਰੇਮ-ਪ੍ਰਕਾਸ਼ ਵਿਚ ਵਿਚਰ ਕੇ ਅਨੁਭਵ ਕੀਤਾ ਹੈ ਕਿ **ਗੁਰਬਾਣੀ ਦੇ ਹਰ ਅੱਖਰ ਅਤੇ ਲਗਾਂ ਮਾਤਰਾਂ ਵਿਚ ਨਾਦ ਯੋਗ ਦੀ ਭਰਪੂਰ ਸ਼ਕਤੀ ਛੁਪੀ ਹੋਈ ਹੈ।** ਇਸ ਲਈ ਭੁੱਲ ਕੇ ਵੀ ਉਚਾਰਣ ਵਿਚ ਫਰਕ ਨਹੀਂ ਪੈਣਾਂ ਚਾਹੀਦਾ।ਪਰ ਮੰਦੇ ਭਾਗਾਂ ਨਾਲ ਇਸ ਵੇਲੇ ਹਾਲਾਤ ਇਹੋ ਜਿਹੇ ਬਣੇ ਹੋਏ ਹਨ ਕਿ ਸਾਡੇ ਕੁਝ ਧਰਮ ਪ੍ਰਚਾਰਕਾਂ ਨੇ ਧੁਰ ਕੀ ਬਾਣੀ ਨੂੰ ਸੌਖਾ ਕਰਨ ਦੇ ਬਹਾਨੇ ਬਾਣੀ ਨੂੰ ਸੋਧਣ ਦਾ ਜਾਲ ਵਿਛਾਇਆ ਹੋਇਆ ਹੈ।ਬਾਣੀ ਸੋਧਣ ਵਾਲਿਆਂ ਦੀ ਮਤਿ ਦੇ ਮਿੱਟੀ ਘੱਟੇ ਵਿਚ ਬਾਣੀ ਦੇ ਅਰਥ ਗੁਆਚ ਰਹੇ ਹਨ।ਡਰ ਲਗਦਾ..!ਇਹ ਗੁਰਬਾਣੀ ਸੋਧਣ ਦੀ ਕਾਲੀ, ਬੋਲੀ, ਅੰਨ੍ਹੀ ਹਨੇਰੀ ਵਿਚ ਕਿਧਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮੂਲ ਸਰੂਪ ਗੁਆਚ ਹੀ ਨਾ ਜਾਵੇ...।**ਅਜ ਅਸੀਂ ਸ੍ਰੀ ਦਸਮ ਗ੍ਰੰਥ ਦੀ ਸਚਾਈ ਲੱਭਣ ਲਈ ਤਰਲੇ ਲੈਂਦੇ ਹਾਂ,ਕਲ੍ਹ ਨੂੰ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸ੍ਰੀ ਗੁਰੂ ਗੰਥ ਸਾਹਿਬ ਜੀ ਦਾ ਮੂਲ ਸਰੂਪ ਪਛਾਨਣ ਲਈ ਵੀ ਟੱਕਰਾਂ ਨਾ ਮਾਰਨੀਆਂ ਪੈਣ...।**

ਸੋਚਣ ਵਾਲੀ ਗਲ ਹੈ ਕਿ ਗਰੁੜ ਮੰਤ੍ਰ ਤਾਂ ਸਿਰਫ ਇਕ ਮੰਤ੍ਰ ਹੀ ਹੈ ਪਰ ਇਹ ਧੁਰ ਕੀ ਬਾਣੀ ਤਾਂ ਸਭ ਮੰਤ੍ਰਾਂ ਜੰਤ੍ਰਾਂ ਤੋਂ ਉਪਰ ਹੈ।ਜੇ ਗਰੁੜ ਮੰਤ੍ਰ ਵਿੱਚ ਐਨੀ ਸ਼ਕਤੀ ਹੈ ਤਾਂ ਇਲਾਹੀ ਮੰਡਲ ਦੇ ਵਾਸੀਆਂ ਦੇ ਮੁਖਾਰਬਿੰਦ ਤੋਂ ਉਚਾਰੀ ਹੋਈ ਨਿਰੰਜਨੀ ਜੋਤ ਰੂਪੀ ਬਾਣੀ ਵਿਚ ਕਿੰਨੀਂ ਸ਼ਕਤੀ ਹੋਵੇਗੀ..?ਇਸ ਪ੍ਰੇਮ-ਸ਼ਕਤੀ ਦੇ ਅਥਾਹ ਭੰਡਾਰਾਂ ਦਾ ਅੰਦਾਜ਼ਾ ਕੌਣ ਲਗਾ ਸਕਦਾ...?ਅੰਮ੍ਰਿਤ ਬਾਣੀ ਦੀ ਉਚਮਤਾ ਤੇ ਸੁੱਚਮਤਾ ਦੀ ਰੀਸ ਤਾਂ ਕੋਈ ਵੀ ਮੰਤ੍ਰ ਜੰਤ੍ਰ ਨਹੀਂ ਕਰ ਸਕਦਾ।ਸਤਿਗੁਰੂ ਬਖਸ਼ਿਸ਼ ਕਰੇ..! ਅਸੀਂ ਗੁਰਬਾਣੀ ਦਾ ਉਚਾਰਣ ਸਪੇਰੇ ਦੇ ਗਰੁੜ ਮੰਤ੍ਰ ਵਾਂਗੂੰ ਹੀ ਕਰੀਏ ਤੇ ਮਾਇਆ ਰੂਪੀ ਅਜਗਰ ਦੇ ਘੇਰੇ ਵਿਚੋਂ ਛੁਟਕਾਰਾ ਪਾ ਕੇ ਆਪਣਾਂ ਲੋਕ ਪ੍ਰਲੋਕ ਸੰਵਾਰੀਏ...।

ਇਕ ਵਾਰੀ ਇੱਕ ਸੰਤ ਪੁਰਸ਼ ਸੁੰਦਰ ਤਲਾਬ ਦੇ ਕੰਢੇ ਉਤੇ ਖੜ੍ਹਾ ਚੜ੍ਹਦੇ ਸੂਰਜ ਦਾ ਨਜਾਰਾ ਮਾਣ ਰਿਹਾ ਸੀ।ਸਾਫ ਸੁਥਰੇ ਪਾਣੀ ਵਿਚ ਕੰਵਲ ਖਿੜ ਰਹੇ ਸਨ। ਸਹਿਜ ਸੁਭਾ ਹੀ

ਉਸਨੇ ਆਪਣੇ ਪੈਰਾਂ ਵਿਚੋਂ ਇੱਕ ਕੰਕਰ ਚੁੱਕਿਆ ਤੇ ਸ਼ੀਸ਼ੇ ਵਾਂਗੂੰ ਸਾਫ ਦਿਖਾਈ ਦੇ ਰਹੀਆਂ ਕੰਵਲ ਦੀਆਂ ਜੜ੍ਹਾਂ ਵਿਚ ਸੁੱਟ ਦਿੱਤਾ। ਉਥੋਂ ਮਿੱਟੀ ਉਠੀ ਤੇ ਥੋੜ੍ਹੇ ਜਿੰਨੇ ਥਾਂ ਨੂੰ ਗੰਧਲਾ ਕਰ ਗਈ। ਸੰਤ;-" ਵਾਹ! ਤੇਰੀ ਕੁਦਰਤ" ਕਹਿ ਕੇ ਚਲਾ ਗਿਆ। ਉਸ ਪਿੱਛੋਂ ਇਕ ਮੂਰਖ ਬੰਦਾ ਆਇਆ ਉਸਨੇ ਤਲਾਬ ਵਿਚ ਛਾਲ ਮਾਰੀ,ਸਾਰੇ ਕੰਵਲ ਭਰੂ ਸੁੱਟੇ ਤੇ ਤਲਾਬ ਦਾ ਸਾਰਾ ਪਾਣੀ ਗੰਧਲਾ ਕਰ ਕੇ ਚਲੇ ਗਿਆ। ਰੱਬ ਦੇ ਘਰ ਵਿੱਚ ਇਸ ਕਰਮ ਦੀ ਸਜ਼ਾ ਸੰਤ ਨੂੰ ਪੂਰੀ ਪੂਰੀ ਮਿਲੀ ਤੇ ਮੂਰਖ ਨੂੰ ਮੁਆਫ ਕਰ ਦਿੱਤਾ ਗਿਆ ਕਿਉਂਕਿ ਮੂਰਖ ਨੂੰ ਤਾਂ ਕੋਈ ਗਿਆਨ ਨਹੀਂ ਸੀ। ਪਰ ਸੰਤ ਪੁਰਸ਼ ਤਾਂ ਗਿਆਨੀ ਧਿਆਨੀ ਸੀ ਉਸ ਨੂੰ ਤਾਂ ਸੋਝੀ ਸੀ ਕਿ ਜੇ ਉਹ ਕੰਵਲ ਦੀਆਂ ਜੜ੍ਹਾਂ ਵਿੱਚ ਕੰਕਰ ਮਾਰੇਗਾ ਤਾਂ ਤਲਾਬ ਦੀ ਸੁੰਦ੍ਰਤਾ ਨੂੰ ਸੱਟ ਵਜੇਗੀ।

ਕਿੰਨੇ ਦੁੱਖ ਦੀ ਗੱਲ ਹੈ ਕਿ ਬਾਣੇ ਵਿਚ ਸਜੇ ਹੋਏ,ਆਪਣੇ ਆਪ ਨੂੰ ਗਿਆਨੀ ਧਿਆਨੀ ਅਖਵਾਉਣ ਵਾਲੇ ਸਾਡੇ ਗ੍ਰੰਥੀ ਸਿੰਘ,ਵਾਰ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਤੇ ਅਖੰਡ ਪਾਠ ਕਰਦਿਆਂ,ਥਾਂ ਥਾਂ ਗਰੁੜ ਮੰਤ੍ਰ ਵਾਲੇ ਫੁਰਮਾਨ ਪੜ੍ਹ ਕੇ ਵੀ ਸ਼ੁੱਧ ਉਚਾਰਣ ਕਰਨ ਦੀ ਥਾਂ ਅੰਮ੍ਰਿਤ ਬਾਣੀ ਦੇ ਸਾਫ ਸੁਥਰੇ ਸ਼ੀਸ਼ੇ ਵਾਂਗੂੰ ਲਿਸ਼ਕਦੇ ਕੰਵਲ-ਸਰੋਵਰ ਵਿਚ ਆਪਣੀ ਅਕਲ ਦੇ ਰੋੜੇ ਮਾਰੀ ਜਾਂਦੇ ਹਨ।

ਸਾਡਾ ਸਰੀਰ ਇੱਕ ਪਿੰਜਰੇ ਦੀ ਤਰ੍ਹਾਂ ਹੈ। ਇਸ ਹੱਡ-ਮਾਸ ਦੇ ਪਿੰਜਰੇ ਵਿਚ ਵਸਣ ਵਾਲੇ,ਸਾਡੇ ਜੀਵ ਆਤਮਾ ਰੂਪੀ ਪੰਛੀ ਨੂੰ ਇਲਾਹੀ ਬਾਣੀ ਦੀ ਚੂਰੀ ਦੀ ਭੁੱਖ ਹੈ। ਉਹ ਨਾਮ ਬਾਣੀ ਦੇ ਰੰਗ-ਰਸ ਦੀ ਸੁਆਂਤ ਬੂੰਦ ਲਈ ਤੜਫ ਰਿਹਾ ਹੈ। ਪੀਹੂ ਪੀਹੂ ਕਰਕੇ ਪੁਕਾਰਦਾ ਹੋਇਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਲੋਂ ਆ ਰਹੀਆਂ ਅੰਮ੍ਰਿਤ ਬੂੰਦਾਂ ਦੀਆਂ ਘਨਘੋਰ ਘਟਾਵਾਂ ਵਲ ਝਾਕ ਰਿਹਾ ਹੈ। ਨਾਮ ਬਾਣੀ ਦੇ ਰਸ ਦੀਆਂ ਫੁਹਾਰਾਂ ਵਿਚ ਇਸ਼ਨਾਨ ਕਰਕੇ ਉਸਨੇ ਜਨਮਾਂ ਜਨਮਾਂ ਦੀ ਮੈਲ ਗੁਆ ਕੇ ਨਵਾਂ ਨਰੋਆ ਹੋਣਾਂ ਹੈ। ਇਲਾਹੀ ਬਾਣੀ ਦੇ ਖੰਭਾਂ ਉਤੇ ਸਵਾਰ ਹੋ ਕੇ ਉਸ ਨੇ ਅਗੰਮ ਅਗੋਚਰ ਦੇ ਦੇਸ਼ ਦੀਆਂ ਉਡਾਰੀਆਂ ਲਗਾਉਣੀਆਂ ਹਨ ਤੇ ਜੀਵਨ ਦੇ ਭਵ ਸਾਗਰ ਨੂੰ ਪਾਰ ਕਰਨ ਲਈ ਉਸਨੇ ਬਾਣੀ ਦੇ ਅਥਾਹ ਸਾਗਰ ਵਿਚ ਡੁਬਕੀਆਂ ਲਗਾ ਕੇ ਹੰਸਾਂ ਵਾਲੇ ਚੋਗ ਦੇ ਸੁੱਚੇ ਮੋਤੀ ਚੁਗ ਚੁਗ ਖਾਣੇ ਹਨ। ਅਖੀਰ ਜਦੋਂ ਉਸਦੇ ਪਿੰਜਰੇ ਵਿਚ ਰਹਿਣ ਦੇ ਦਿਨ ਪੂਰੇ ਹੋਏ ਤਾਂ ਉਸਦੇ ਖੰਭ ਐਨੇ ਸ਼ਕਤੀ ਸ਼ਾਲੀ ਹੋ ਜਾਣੇ ਹਨ ਕਿ ਉਸਨੇ ਆਪਣੇ ਖਾਲੀ ਪਿੰਜਰੇ ਵੱਲ ਤਕਣਾ ਹੀ ਨਹੀਂ ਤੇ ਇੱਕੋ ਉਡਾਰੀ ਨਾਲ ਹੀ ਇਲਾਹੀ ਮੰਡਲਾਂ ਦੇ ਵਾਸੀਆਂ ਨਾਲ ਮੇਲ ਮਿਲਾਪ ਕਰਦੇ ਹੋਏ ਨੇ ਆਪਣੇ ਪ੍ਰੀਤਮ ਦੇ ਗਲੇ ਜਾ ਲੱਗਣਾ ਹੈ। ਸਦਾ ਸਦਾ ਲਈ ਉਸੇ ਦੇ ਪ੍ਰੇਮ ਰਸ ਵਿਚ ਰਸ ਜਾਣਾਂ ਹੈ। ਜਨਮ-ਮਰਨ ਦੇ ਗੇੜ ਵਿਚੋਂ ਨਿੱਕਲ ਕੇ ਅਮਰ ਹੋ ਜਾਣਾਂ ਹੈ।

ਪਰ ਜੇ ਸਰੀਰ ਰੂਪੀ ਪਿੰਜਰੇ ਵਿਚ ਬੈਠੇ ਸਾਡੇ ਜੀਵ ਆਤਮਾ ਰੂਪੀ ਪੰਛੀ ਦੀ ਇਲਾਹੀ ਬਾਣੀ ਦੀ ਚੂਰੀ ਵਿਚ ਕਿਸੇ ਓਪਰੀ ਅਕਲ ਦੀ ਮਿਲਾਵਟ ਹੋ ਗਈ ਤਾਂ ਕੀ ਪਿੰਜਰੇ ਦੀ ਕੈਦ ਤੋਂ ਛੁੱਟਣ ਵੇਲੇ ਉਸਦੇ ਖੰਭਾਂ ਵਿੱਚ ਉਚੀਆਂ ਉੜਾਨਾਂ ਭਰਨ ਦੀ ਸ਼ਕਤੀ ਹੋਵੇਗੀ...?ਜੇ ਉਸਦੇ ਖੰਭ ਕਮਜੋਰ ਹੋਏ ਤਾਂ ਫਿਰ ਕੀ ਬਣੇਗਾ..?ਕੀ ਓਹ ਉੜ ਸਕੇਗਾ ?ਨਹੀਂ..!ਪਹਿਲਾਂ ਤਾਂ ਉਸਦਾ ਮਨ ਆਪਣੇ ਟੁੱਟੇ-ਫੁੱਟੇ ਪਿੰਜਰੇ ਵਿਚ ਹੀ ਫਸਿਆ ਰਹੇਗਾ ਤੇ ਫਿਰ ਉਹ ਕਮਜੋਰ ਖੰਭਾਂ ਨਾਲ ਡਿਗਦਾ ਢਹਿੰਦਾ ਕਿਸੇ ਹੋਰ ਪਿੰਜਰੇ ਦੀ ਤਲਾਸ਼ ਵਿਚ ਲੱਗ ਜਾਵੇਗਾ। ਵਿਚਾਰਾ ਜਨਮ ਮਰਨ ਦੇ ਗੇੜ ਵਿਚ ਫਸ ਜਾਏਗਾ।

ਸਤਿਗੁਰੂ ਕਿਰਪਾ ਕਰੇ....!ਅਸੀਂ ਆਪਣੇ ਹੱਡ ਮਾਸ ਦੇ ਪਿੰਜਰੇ ਵਿਚ ਰਹਿੰਦਿਆਂ, ਆਤਮਿਕ ਭੋਜਨ ਰੂਪੀ ਚੂਰੀ ਖਾਣ ਲਈ ਗਾਰੜੂ ਬਣ ਕੇ ਬਾਣੀ ਅਲਾਪੀਏ!ਆਪਣੇ ਖੰਭ ਮਜਬੂਤ ਕਰੀਏ ਤੇ ਹੱਡ-ਮਾਸ ਦੀ ਦੇਹੀ ਤੋਂ ਅਜ਼ਾਦ ਹੋਣ ਵੇਲੇ,ਇੱਕੋ ਉਡਾਰੀ ਨਾਲ ਹੀ ਆਪਣੇ

ਪ੍ਰੀਤਮ ਦੇ ਗਲੇ ਜਾ ਲਗੀਏ! ਉਸਦੇ ਅੰਗੀਂ ਸਮਾ ਜਾਈਏ!ਤੇ ਫਿਰ ਉਸ ਤੋਂ ਕਦੀ ਨਾ ਵਿਛੜੀਏ-

ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ॥
ਇਸ ਕੀ ਸੇਵਾ ਜੋ ਕਰੇ ਤਿਸ ਹੀ ਕੋ ਫਿਰਿ ਖਾਇ॥
ਗੁਰਮੁਖਿ ਕੋਈ ਗਾਰੜੂ ਤਿਨ ਮਲਿ ਦਲਿ ਲਾਈ ਪਾਇ॥

(ਪੰਨਾਂ ੫੧੦)

ਸਪੇਰੇ ਨੂੰ ਸਿੱਧੀ ਪ੍ਰਾਪਤ ਕਰਨ ਲਈ ਛਾਤੀ ਤੱਕ ਪਾਣੀ ਵਿਚ ਖੜ੍ਹ ਕੇ ਮੰਤਰ ਵਿਚ ਲੀਨ ਹੋਣਾਂ ਪੈਂਦਾ ਹੈ।ਇਸੇ ਤਰ੍ਹਾਂ ਹੀ ਸ਼ਬਦ ਸੁਰਤ ਦੀ ਕਮਾਈ ਦਾ ਕਠਿਨ ਖੇਲ੍ਹ ਖੇਲ੍ਹਣ ਵਾਲੇ ਗੁਰਮੁੱਖ ਗਾਰੜੂ ਨੂੰ ਕਰੁਣਾਂ ਦੇ ਸਾਗਰਾਂ ਵਿਚ ਗੋਤੇ ਖਾਣੇ ਪੈਂਦੇ ਹਨ।ਪ੍ਰੇਮ ਵੈਰਾਗ ਦੇ ਹੰਝੂਆਂ ਦੇ ਹੜ੍ਹ ਵਿਚ ਸੁਰਤੀ ਦੇ ਪੈਰ ਟਿਕਾਉਣ ਲਈ ਸਖਤ ਮੇਹਨਤ ਕਰਨੀ ਪੈਂਦੀ ਹੈ,ਪਰ ਜਦੋਂ ਮਾਲਿਕ ਦੀ ਕਿਰਪਾ ਨਾਲ ਪੈਰ ਟਿਕ ਜਾਂਦੇ ਹਨ ਤਾਂ ਫਿਰ ਸ਼ਗਨ ਮਨਾਉਂਦੀਆਂ ਰਿੱਧੀਆਂ-ਸਿੱਧੀਆਂ ਆਉਂਦੀਆਂ ਹਨ ਤੇ ਉਸ ਦੇ ਪੈਰਾਂ ਥੱਲੇ ਪਈ ਗਿੱਲੀ ਮਿੱਟੀ ਨਾਲ ਸ਼ਗਨਾਂ ਦੀ ਮਹਿੰਦੀ ਦਾ ਰੰਗਲਾ ਲੇਪ ਬਣ ਕੇ ਚੰਬੜ ਜਾਂਦੀਆਂ ਹਨ।ਗੋਡੇ ਗੋਡੇ ਪਾਣੀ ਵਿਚ ਖ੍ਹੜ ਕੇ ਸੁਰਤ ਸ਼ਬਦ ਵਿਚ ਲੀਨ ਹੋਣ ਲਈ ਗੁਰਮੁਖ ਗਾਰੜੂ ਅੱਗੇ ਵਧਣ ਦੀ ਕੋਸ਼ਿਸ਼ ਕਰਦਾ ਹੈ,ਨਾਮ ਰਸ ਦੀ ਪਿਆਸ ਉਸਨੂੰ ਅੱਗੇ ਖਿੱਚਦੀ ਹੈ ਪਰ ਰਿੱਧੀਆਂ ਸਿੱਧੀਆਂ ਉਸ ਨੂੰ ਦੁਨਿਆਵੀ ਹਾਸੇ ਹਸਾਉਣ ਲਈ ਉਸਦੇ ਪੈਰਾਂ ਵਿਚ ਕੁਤਕੁਤਾਰੀਆਂ ਕੱਢਦੀਆਂ ਹੋਈਆਂ,ਉਸਨੂੰ ਪਿੱਛੇ ਮੋੜਦੀਆਂ ਹਨ।ਇਸ ਹਾਲਤ ਵਿਚ ਗੁਰਮੁਖ ਗਾਰੜੂ ਨੂੰ ਬੜੇ ਤਿਆਗ ਕਰਨੇ ਪੈਂਦੇ ਹਨ,ਸੰਜਮ ਕਰਨੇ ਪੈਂਦੇ ਹਨ।ਬਿਖੜੇ ਰਾਹਾਂ ਨੂੰ ਗੱਛਦਾ ਹੋਇਆ ਉਹ ਅੱਗੇ ਵੱਧਦਾ ਹੈ।ਅਖੀਰ ਉਸਦੀ ਲਗਨ ਅੱਗੇ ਰਿੱਧੀਆਂ ਸਿੱਧੀਆਂ ਹਾਰ ਜਾਂਦੀਆਂ ਹਨ ਤੇ ਫਿਰ ਉਹ ਗੁਰਮੁੱਖ ਦੀਆਂ ਦਾਸੀਆਂ ਬਣ ਕੇ ਉਸਦੇ ਪਿੱਛੇ ਹੋ ਤੁਰਦੀਆਂ ਹਨ।ਚਾਕਰ ਬਣ ਕੇ ਉਸਦੇ ਕਾਰਜ ਰਾਸ ਕਰਨ ਲੱਗ ਪੈਂਦੀਆਂ ਹਨ।ਜਦੋਂ ਛਾਤੀ ਤੱਕ ਪਾਣੀ ਆ ਜਾਂਦਾ ਹੈ ਤਾਂ ਮੋਹ ਮਾਇਆ ਦੇ ਹੜ੍ਹ ਦੀਆਂ ਛੱਲਾਂ ਸਾਹ ਲੈਣਾਂ ਵੀ ਔਖਾ ਕਰ ਦਿੰਦੀਆਂ ਹਨ।ਇਹੀ ਸੁਹਾਣੀ ਘੜੀ ਹੁੰਦੀ ਹੈ ਜਦੋਂ ਗੁਰਮੁੱਖ ਗਾਰੜੂ ਮੋਹ ਮਾਇਆ ਰੂਪੀ ਫਨੀਅਰ ਸੱਪ ਨੂੰ ਕਾਬੂ ਕਰਨ ਦੇ ਯੋਗ ਬਣ ਜਾਂਦੇ ਹਨ ਅਤੇ ਆਪਣੀ ਸਾਰੀ ਹਉਮੈ ਛਡ ਕੇ ਸਰਬ-ਵਿਆਪੀ ਸ਼ਬਦ ਰੂਪ ਅਥਵਾ ਨਿਰੰਕਾਰ ਵਿਚ ਲੀਨ ਹੋ ਜਾਂਦੇ :

ਨਿਰੰਕਾਰ ਕੈ ਦੇਸਿ ਜਾਹਿ ਤਾ ਸੁਖਿ ਲਹਿਹ ਮਹਲੁ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ-ਅੰਕ ੫੯੫)

*********

# ਰਾਮ ਮੰਦਰ ਦੀ ਦਿਵਾਲੀ ਤੇ ਸਿੱਖ ਸਿਧਾਂਤ

ਸਿੱਖ ਧਰਮ ਦੇ ਬੂਟੇ ਦੀ ਜਾਨ ਧੁਰ ਕੀ ਬਾਣੀ ਵਿਚ ਹੈ।ਇਸ ਬੂਟੇ ਦੀਆਂ ਜੜ੍ਹਾਂ ਨੂੰ ਸਰਵੰਸ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਅਤੇ ਅਨੇਕਾਂ ਸਿੰਘਾਂ ਸਿੰਘਣੀਆਂ ਦੇ ਸੁਰਖ ਲਹੂ ਨੇ ਸਿੰਜਿਆ ਤੇ ਬੇਮਿਸਾਲ ਕੁਰਬਾਨੀਆਂ ਦੀ ਰੰਬੀ ਨਾਲ ਗੋਡੀ ਕੀਤੀ ਪਰ ਪੰਥ

ਦੇ ਵਾਲੀ ਨੇ ਇਸ ਨੂੰ ਆਪਣਾ ਨਾਮ ਨਹੀਂ ਦਿੱਤਾ,ਸਗੋਂ ਇਸ ਬੂਟੇ ਨੂੰ ਅਕਾਲ ਪੁਰਖ ਦਾ ਬੂਟਾ ਕਹਿ ਕੇ ਇਸ ਦੀਆਂ ਰਗਾਂ ਵਿਚ ਸਰਬੱਤ ਦੇ ਭਲੇ ਦੀ ਰੌਅ ਚਲਾ ਦਿੱਤੀ।

ਧੁਰ ਕੀ ਬਾਣੀ ਦੀ ਜਿੰਦ ਜਾਨ ਦਾ ਬੂਟਾ ਵੱਡਾ ਹੋ ਕੇ ਦਇਆ ਧਰਮ ਤੇ ਚੜ੍ਹਦੀ ਕਲਾ ਦੇ ਸੁਰਖ-ਸੁਨਹਿਰੀ ਫੁੱਲਾਂ ਨਾਲ ਮਹਿਕਣ ਲੱਗਿਆ।ਇਸ ਦੀਆਂ ਟਾਹਣਾਂ ਨਾਲ ਪ੍ਰਮ-ਰਸ ਨਾਲ ਭਰੇ ਹੋਏ ਦਸਮ ਦੁਆਰ ਤੇ ਅਨਹਦ ਧੁਨੀਆਂ ਦੇ ਇਲਾਹੀ ਫੱਲ ਲਟਕਣ ਲੱਗੇ।ਸਚਾਈ ਲਈ ਤ੍ਰਿਹਾਏ ਤੇ ਪ੍ਰਭੂ ਪ੍ਰੀਤਮ ਲਈ ਬਿਲਲਾਉਣ ਵਾਲੇ ਪ੍ਰਾਣੀ ਇਸ ਬੂਟੇ ਦੀ ਛਾਂ ਵਲ ਭੱਜਣ ਲੱਗੇ।ਇਸ ਦੀ ਠੰਡੀ ਮਿੱਠੀ ਗੋਦ ਦਾ ਅਨੰਦ ਲੈਣ ਲੱਗੇ।

ਦੂਜੇ ਪਾਸੇ ਜੁਲਮ ਦੇ ਕਹਿਰ ਦੀ ਹਨੇਰੀ ਵਿਚ ਔਰੰਗਜ਼ੇਬ ਹਿੰਦੂਆਂ ਨੂੰ ਮੁਸਲਮਾਨ ਬਣਾਉਣ ਲਈ ਜੁਲਮ ਦੀ ਹੱਦ ਮੁਕਾਈ ਹੋਈ ਸੀ।ਮੰਦਰ ਢਾਹੁਣੇ ਸ਼ੁਰੂ ਕੀਤੇ ਹੋਏ ਸੀ।ਸਿਆਸਤ ਦੀਆਂ ਲੂੰਬੜ ਚਾਲਾਂ ਚੱਲਣ ਲਈ ਇਕ ਪਾਸੇ ਉਹ ਆਪਣੇ ਬਾਪ ਨੂੰ ਕੈਦੀ ਬਣਾ ਕੇ,ਆਪਣੇ ਸਕੇ ਭਰਾਵਾਂ ਦੇ ਕਤਲ ਕਰ ਰਿਹਾ ਸੀ ਤੇ ਦੂਜੇ ਪਾਸੇ ਮੁਸਲਿਮ ਲੋਕਾਂ ਦੇ ਅੱਖੀਂ ਘੱਟਾ ਪਾਉਣ ਲਈ ਅੱਲਾ ਤਾਲਾ ਦਾ ਸ਼ੁਕਰਾਨਾ ਕਰਨ ਲਈ ਮਸਜਿਦਾਂ ਉਸਾਰ ਰਿਹਾ ਸੀ।ਧਰਮ ਦੀ ਆੜ ਵਿਚ ਆਪਣੀ ਸਲਤਨਤ ਦੀਆਂ ਜੜ੍ਹਾਂ ਪੱਕੀਆਂ ਕਰ ਰਿਹਾ ਸੀ।

ਸਿੱਖੀ ਦਾ ਬੂਟਾ ਉਸਦੀਆਂ ਅੱਖੀਆਂ ਵਿਚ ਕੁਝ ਜ਼ਿਆਦਾ ਹੀ ਰੜਕ ਰਿਹਾ ਸੀ।ਇਸ ਬੂਟੇ ਨੂੰ ਜੜ੍ਹਾਂ ਤੋਂ ਉਖਾੜ ਕੇ ਖਤਮ ਕਰਨ ਲਈ ਉਸਨੇ ਸਾਰਾ ਜੋਰ ਲਗਾ ਦਿਤਾ ਪਰ ਧੁਰ ਕੀ ਬਾਣੀ ਦਾ ਪ੍ਰਵਾਹ ਇਸ ਦੀ ਹਰਿਆਵਲ ਵਿਚ ਵਾਧਾ ਕਰਦਾ ਰਿਹਾ,ਜੁਲਮ ਦੀ ਦਾਤ੍ਰੀ ਨਾਲ ਛਾਂਗ ਹੋ ਕੇ,ਇਹ ਹੋਰ ਫਲਦਾ ਫੁਲਦਾ ਰਿਹਾ-

ਮਨੂੰ ਸਾਡੀ ਦਾਤ੍ਰੀ ਅਸੀਂ ਮਨੂੰ ਦੇ ਸੋਏ।
ਜਿਉਂ ਜਿਉਂ ਮਨੂੰ ਵੱਢਦਾ ਅਸੀਂ ਦੂਣੇ ਚੌਣੇ ਹੋਏ।

ਔਰੰਗਜ਼ੇਬ ਨੇ ਸਿੱਖਾਂ ਉਤੇ ਘੋਰ ਜੁਲਮ ਕਰਨ ਦੀ ਨੀਤੀ ਅਪਣਾਈ।ਸੰਤ ਸਿਪਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਸਦੀਆਂ ਟਿੱਡੀ ਦਲ ਫੌਜਾਂ ਨਾਲ ਟੱਕਰ ਲੈ ਕੇ ਜੁਲਮ ਨੂੰ ਠੱਲ ਪਾਈ ਤੇ ਹਿੰਦੂ ਧਰਮ ਨੂੰ ਬਚਾ ਲਿ
ਆ। ਸਰਵੰਸ ਦਾਨੀ ਦਸ਼ਮੇਸ਼ ਪਿਤਾ ਨੇ ਜੁਲਮ ਨੂੰ ਮਿਟਾ ਕੇ ਮਜਲੂਮਾਂ ਦੀ ਰੱਖਿਆ ਕਰਨ ਦੀ ਸਾਰੇ ਜਗ ਤੋਂ ਨਿਆਰੀ,ਇਕ ਅਲਹਿਦਾ ਹੀ ਮਿਸਾਲ ਕਾਇਮ ਕੀਤੀ।**ਉਨ੍ਹਾਂ ਨੇ ਮਜ਼੍ਹਬੀ ਭੇਦ ਭਾਵ ਮਿਟਾ ਕੇ ਮਜਲੂਮਾਂ ਦੀ ਰੱਖਿਆ ਕਰਨ ਦਾ ਉਪਦੇਸ਼ ਹੀ ਨਹੀਂ ਦਿੱਤਾ,ਸਗੋਂ ਇਸ ਸਿਧਾਂਤ ਨੂੰ ਕਾਇਮ ਕਰਨ ਲਈ ਆਪਣੇ ਜੀਵਨ ਵਿਚ ਕੁਝ ਕਰ ਕੇ ਦਿਖਾਇਆ।**

ਔਰੰਗਜ਼ੇਬ ਦੀ ਮੌਤ ਪਿਛੋਂ ਉਸਦਾ ਪੁੱਤਰ ਬਹਾਦਰ ਸ਼ਾਹ ਰਾਜਾ ਬਣਿਆਂ।ਉਹ ਗੁਰੂ ਜੀ ਦੀਆਂ ਖੂਬੀਆਂ ਤੋਂ ਜਾਣੂੰ ਸੀ ਤੇ ਆਪਣੇ ਬਾਪ ਤੋਂ ਚੋਰੀਂ ਭਾਈ ਨੰਦ ਲਾਲ ਜੀ ਵਰਗੇ ਗੁਰੂ ਦੇ ਪਿਆਰਿਆਂ ਦੀ ਜਾਨ ਬਚਾਇਆ ਕਰਦਾ ਸੀ।ਉਸਨੇ ਗੁਰੂ ਜੀ ਨਾਲ ਪ੍ਰੇਮ-ਭਗਤੀ ਦਾ ਰਿਸ਼ਤਾ ਬਣਾਇਆ ਹੋਇਆ ਸੀ।ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਬਹਾਦਰ ਸ਼ਾਹ ਦੇ ਜੁਲਮੀ ਬਾਪ ਨਾਲ ਪੂਰੀ ਟੱਕਰ ਲਈ ਪਰ ਜਾਬਰ ਬਾਪ ਦੇ ਪੁੱਤਰ ਦੀ ਪ੍ਰੇਮ-ਭਾਵਨਾਂ ਨੂੰ ਠੁਕਰਾਇਆ ਨਹੀਂ।ਉਸ ਨਾਲ ਵੈਰ ਵਿਰੋਧ ਰੱਖਣ ਦੀ ਥਾਂ ਉਸਦੀ ਨੇਕ ਨੀਅਤ ਨੂੰ ਪਛਾਣ ਕੇ ਗੁਰੂ ਜੀ ਨੇ ਉਸਦੀ ਦੀ ਬੇਨਤੀ ਪ੍ਰਵਾਨ ਕੀਤੀ।ਜੰਗ ਦੇ ਮੈਦਾਨ ਵਿਚ ਉਸਦੀ ਮਦਦ ਕਰਨ ਲਈ ਆਪਣੀ ਫੌਜ ਭੇਜ ਕੇ ਉਸਦੀ ਜਿੱਤ ਕਰਵਾਈ।

ਸਿੱਖ ਆਪਣੀ ਅਰਦਾਸ ਵਿਚ ਧਰਮ ਦੀ ਖਾਤਰ ਅਸਹਿ ਤੇ ਅਕਹਿ ਤਸੀਹੇ ਸਹਾਰਨ ਵਾਲੇ ਸ਼ਹੀਦ ਸਿੰਘਾਂ ਨੂੰ ਯਾਦ ਕਰਦਾ ਹੈ ਪਰ ਕਦੀ ਕਿਸੇ ਜ਼ੁਲਮੀ ਬਾਪ ਦੀ ਬਿਦੋਸ਼ੀ

ਔਲਾਦ ਤੋਂ ਉਸਦੇ ਬਾਪ ਦਾ ਬਦਲਾ ਨਹੀਂ ਲੈਂਦਾ ਅਤੇ ਨਾ ਹੀ ਉਸਦਾ ਘਰ ਜਾਂ ਮਸਜਿਦ, ਮੰਦਰ ਢਾਹੁੰਦਾ ਹੈ।

**ਪ੍ਰਾਚੀ**ਨ ਕਾਲ ਤੋਂ ਹੀ ਭਾਰਤ ਵਿਚ ਮੰਦਰਾਂ ਮਸਜਿਦਾਂ ਦੇ ਝਗੜੇ ਕਰਵਾ ਕੇ ਰਾਜੇ ਆਪਣੀਆਂ ਸਲਤਨਤਾਂ ਕਾਇਮ ਕਰਨ ਵਿਚ ਕਾਮਯਾਬ ਹੁੰਦੇ ਰਹੇ ਹਨ।ਬਹੁ ਗਿਣਤੀ ਨੂੰ ਖੁਸ਼ ਕਰਨ ਲਈ ਘੱਟ ਗਿਣਤੀ ਦੇ ਲੋਕਾਂ ਦੇ ਧਰਮ ਗ੍ਰੰਥਾਂ ਅਤੇ ਮੰਦਰਾਂ ਮਸਜਿਦਾਂ ਉਤੇ ਹਮਲੇ ਹੁੰਦੇ ਰਹੇ ਹਨ।ਔਰੰਗਜ਼ੇਬਾਂ ਦੇ ਰਾਜ ਵਿਚ ਸੱਚ ਬੋਲਣ ਵਾਲਿਆਂ ਦੇ ਮੂੰਹ ਬੰਦ ਕਰਨ ਲਈ ਉਨ੍ਹਾਂ ਨੂੰ ਸੂਲੀ ਓਤੇ ਚੜ੍ਹਾਇਆ ਜਾਂਦਾ ਹੈ ਤੇ ਤਖਤ ਉਤੇ ਬੈਠਣ ਵਾਲਿਆਂ ਦੇ ਉਸਤਤੀ ਗੀਤਾਂ ਵਿਚ ਦੁਨੀਆਂ ਭਰ ਦੇ ਵਿਸ਼ੇਸ਼ਣ ਜੜ ਕੇ ਗੀਤ ਗਾਉਂਦਿਆਂ ਲੋਕਾਂ ਦੇ ਗਲੇ ਬੈਠ ਜਾਂਦੇ ਹਨ,ਲਿਖਾਰੀਆਂ ਦੀਆਂ ਕਲਮਾਂ ਘਸ ਜਾਂਦੀਆਂ ਹਨ।ਚੜ੍ਹਦੇ ਸੂਰਜ ਨੂੰ ਸਲਾਮ ਕਰਨ ਲਈ ਹਾਕਮਾਂ ਦੀਆਂ ਆਰਤੀਆਂ ਉਤਾਰੀਆਂ ਜਾਂਦੀਆਂ ਹਨ।

ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਲਿਖਿਆ ਹੈ.-

**ਬਾਬਾ ਆਖੇ ਹਾਜੀਆਂ ਸੁਭਿ ਅਮਲਾਂ ਬਾਝਹੁ ਦੋਨੋ ਰੋਈ॥**
**ਹਿੰਦੂ ਮੁਸਲਮਾਨ ਦੁਇ ਦਰਗਹ ਅੰਦਰਿ ਲਹਨਿ ਨ ਢੋਈ॥**
**ਕਚਾ ਰੰਗੁ ਕੁਸੁੰਭ ਦਾ ਪਾਣੀ ਧੋਤੈ ਥਿਰ ਨ ਰਹੋਈ॥**
**ਕਰਨ ਬਖੀਲੀ ਆਪਿ ਵਿਚਿ ਰਾਮ ਰਹੀਮ ਇਕ ਥਾਇ ਖਲੋਈ॥**
**ਰਾਹ ਸੈਤਾਨੀ ਦੁਨੀਆ ਗੋਈ॥੩੩॥**

ਜਦੋਂ ਔਰੰਗਜ਼ੇਬ ਮੰਦਰ ਢਾਹ ਰਿਹਾ ਸੀ ਤਾਂ ਉਸ ਵੇਲੇ ਢੱਠੇ ਹੋਏ ਮੰਦਰਾਂ ਦੇ ਮਲਬੇ ਉਤੇ,ਇਕੋ ਹੀ ਥਾਂ ਉਤੇ ਖੜ੍ਹੇ ਰਾਮ ਅਤੇ ਰਹੀਮ ਦੋਨੋ ਰਲ ਕੇ ਰੋਏ ਹੋਣਗੇ...।

ਇਤਿਹਾਸ ਗਵਾਹ ਹੈ ਕਿ ਕਈ ਵਾਰੀ ਰਾਜਸੀ ਤਾਕਤ ਲਈ ਹਾਬੜੇ ਹੋਏ ਔਰੰਗਜ਼ੇਬਾਂ ਦੇ ਹੁਕਮਾਂ ਨਾਲ ਮੰਦਰ ਤੇ ਮਸਜਿਦਾਂ ਢੱਠਦੀਆਂ ਰਹੀਆਂ ਹਨ ਤੇ ਉਨ੍ਹਾਂ ਢੱਠੇ ਹੋਏ ਰੱਬ-ਘਰਾਂ ਦੇ ਮਲਬੇ ਵਿਚੋਂ ਨਿਕਲੀ ਜਬਰ ਜੁਲਮ ਦੀ ਹਵਾੜ ਨਾਲ ਲੁਕਾਈ ਦਾ ਸਾਹ ਘੁੱਟਦਾ ਰਿਹਾ ਹੈ।ਆਫਤਾਂ ਵਿਚ ਫਸੇ ਬੇਬਸ ਹੋਏ ਲੋਕਾਂ ਦੇ ਮੂੰਹ ਬੰਦ ਕੀਤੇ ਜਾਂਦੇ ਰਹੇ ਹਨ।ਮਸਜਿਦਾਂ ਅਤੇ ਮੰਦਰਾਂ ਦੇ ਗੁੰਬਦਾਂ ਨੂੰ ਤੋੜਦੇ ਹੋਏ ਖਰੂਦੀਆਂ ਨੂੰ **ਨੱ**ਚਦੇ ਦੇਖ ਕੇ ਰਾਮ ਤੇ ਰਹੀਮ ਦੋਨੋ ਰਲ ਕੇ ਰੋਂਦੇ ਰਹੇ ਹਨ।

ਸੋਚੋ ਤਾਂ ਭਲਾ! ਔਰੰਗਜ਼ੇਬ ਦੇ ਢਾਹੇ ਹੋਏ ਰਾਮ ਮੰਦਰਾਂ ਦੀਆਂ ਮਜਬੂਤ ਨੀਹਾਂ ਉਤੇ ਤਿਆਰ ਕੀਤੀਆਂ ਮਸਜਿਦਾਂ ਵਿਚ,**ਰਾਮ ਦੇ ਨਾਲ ਖਲੋਣ ਵਾਲੇ ਰਹੀਮ ਦਾ ਪੈਰ ਰੱਖਣ ਨੂੰ ਕਿਵੇਂ ਦਿਲ ਕੀਤਾ ਹੋਵੇਗਾ...?**

ਪ੍ਰਭੂ-ਪ੍ਰੇਮ ਦੇ ਸਾਗਰਾਂ ਵਿਚ ਤਾਰੀਆਂ ਲਾਉਣ ਵਾਲਿਆਂ ਨੂੰ ਤਾਂ ਕਣ ਕਣ ਵਿਚੋਂ 'ਪੂਰਨ ਪਰਮ ਜੋਤਿ ਪਰਮੇਸਰ' ਦੀ ਹੋਂਦ ਦਾ ਅਨੁਭਵ ਹੁੰਦਾ ਹੈ ਉਹ ਕਦੀ ਕਿਸੇ ਦਾ ਦਿਲ ਨਹੀਂ ਢਾਹੁੰਦੇ

ਮੰਦਰ ਢਾਹੁਣ ਵਾਲਾ ਔਰੰਗਜ਼ੇਬ ਕਬਰਾਂ ਵਿਚ ਜਾ ਕੇ ਸੌਂ ਗਿਆ।ਉਸ ਦੀਆਂ ਕਈ ਪੀੜ੍ਹੀਆਂ ਵੀ ਕਬਰਾਂ ਵਿਚ ਜਾ ਸਮਾਈਆਂ।ਔਰੰਗਜ਼ੇਬ ਦੇ ਜੁਲਮ ਦਾ ਸ਼ਿਕਾਰ ਹੋਏ ਉਸਦੇ ਮਜਲੂਮ ਭਰਾ, ਉਨ੍ਹਾਂ ਦੀ ਔਲਾਦ ਤੇ ਸਾਰੀ ਬਰਾਦਰੀ ਮਸਜਿਦਾਂ ਵਿਚ ਜਾ ਕੇ ਅੱਲਾ ਤਾਲਾ ਨੂੰ ਪੁਕਾਰਦੀ ਰਹੀ।**ਸਮੇਂ** ਦੇ ਗੇੜ ਨਲ ਮਸਜਿਦ ਵਿਚ ਹੋ ਰਹੀ ਅੱਲਾ ਤਾਲਾ ਦੇ ਨਾਮ ਦੀ ਬਾਰਸ਼ ਔਰੰਗਜ਼ੇਬ ਦੇ ਜੁਲਮਾਂ ਦੀ ਮੈਲ ਨੂੰ ਧੋ ਕੇ ਰਹੀਮ ਦੇ ਪੈਰ ਰੱਖਣ ਜੋਗੀ ਥਾਂ ਬਣਾਉਂਦੀ

ਰਹੀ। ਰਹੀਮ ਨੂੰ ਆਪਣੇ ਭਗਤਾਂ ਨਾਲ ਲਾਡ ਲਡਾਉਂਦਿਆਂ ਦੇਖ ਕੇ ਰਾਮ ਵੀ ਖੁਸ਼ ਹੋਣ ਲੱਗਿਆ,ਕਿ ਅਚਾਨਕ ਇਕ ਕਾਲੀ ਬੋਲੀ ਅੰਨ੍ਹੀ ਹਨੇਰੀ ਫਿਰ ਉਠੀ...। ਕਹਿੰਦੀ – "ਜਾਓ...!ਭੱਜ ਜਾਓ ਇਥੋਂ..!ਇਸ ਮਸਜਿਦ ਦੀਆਂ ਨੀਹਾਂ ਵਿਚ ਤਾਂ ਸਾਡੇ ਰਾਮ ਦੀਆਂ ਮੂਰਤੀਆਂ ਦੇ ਟੁਕੜੇ ਪਏ ਹਨ। "ਮਸਜਿਦ ਭੱਜਦੀ ਰਹੀ..!ਟੁੱਟਦੀ ਰਹੀ...!**ਮਲਬੇ ਦੇ ਢੇਰਾਂ ਉਤੇ ਇਕੋ ਹੀ ਥਾਂ ਉਤੇ ਖੜ੍ਹੇ ਰਾਮ ਅਤੇ ਰਹੀਮ ਦੋਨੋ ਰੋਂਦੇ ਰਹੇ..!**

ਔਰੰਗਜ਼ੇਬ ਦੀਆਂ ਕੂੜਨੀਤੀਆਂ ਅਪਣਾ ਕੇ ਰਾਜਸੀ ਤਾਕਤ ਹਾਸਲ ਕਰਨ ਵਾਲਿਆਂ ਨੇ ਮਸਜਿਦ ਢਾਹ ਕੇ ਰਾਮ ਰਹੀਮ ਦੀ ਜੋੜੀ ਦੇ ਰਿਸ਼ਤੇ ਪੜਦਾ ਪਾ ਦਿਤਾ।

ਪਹਿਲੇ ਮੰਦਰ ਦੇ ਮਲਬੇ ਦੇ ਢੇਰਾਂ ਉਤੇ ਖੜ੍ਹੇ ਹੋ ਕੇ ਰਾਮ ਤੇ ਰਹੀਮ ਦੋਨੋਂ ਰਲ ਕੇ ਰੋਏ ਸੀ ,ਹੁਣ ਉਹ ਮਸਜਿਦ ਦੇ ਮਲਬੇ ਦੇ ਢੇਰਾਂ ਉਤੇ ਖੜ੍ਹੇ ਹੋ ਕੇ ਰੋਣ ਲੱਗੇ.. । ਵਿਚਾਰੇ ਰੋਂਦੇ ਰਹੇ..! ਰੋਂਦੇ ਰਹੇ....!! ਪਰ ਉਨ੍ਹਾਂ ਦੇ ਰੋਣ ਵਲ ਕਿਸੇ ਦਾ ਧਿਆਨ ਨਾ ਗਿਆ। **ਨਿਆਂ ਪਾਲਕਾ ਵੀ ਅੰਨ੍ਹੀ ਹੋ ਗਈ ,ਉਸਨੇ ਵੀ ਰਾਮ ਤੇ ਰਹੀਮ ਦੀਆਂ ਅੱਖੀਆਂ ਦੇ ਹੰਝੂ ਨਹੀਂ ਪੂੰਝੇ ਤੇ ਹਾਕਮਾਂ ਦੀ ਖੁਸ਼ਾਮਦੀ ਲਈ ਚੁੱਪ ਕਰਕੇ ਬੈਠਣ ਵਿਚ ਹੀ ਭਲਾ ਮਨਾਇਆ।**

ਰਾਮ ਰਹੀਮ ਦੀ ਜੋੜੀ ਦੇ ਦਿਲਾਂ ਦੀਆਂ ਬੁੱਝਣ ਵਾਲੇ ਸ੍ਰੀ ਗੁਰੂ ਨਾਨਕ ਦੇਵ ਜੀਓ!ਇਕ ਵਾਰੀ ਫਿਰ ਆਓ..! ਤੇ ਆ ਕੇ ਸਾਨੂੰ ਦੱਸੋ ਕਿ ਇਸ ਮਸਜਿਦ ਦੀਆਂ ਨੀਹਾਂ ਉਤੇ ਬਣੇ ਮੰਦਰ ਵਿਚ ਰਹੀਮ ਦੇ ਨਾਲ ਖਲੋਣ ਵਾਲੇ ਰਾਮ ਦਾ ਪੈਰ ਰਖਣ ਨੂੰ ਦਿਲ ਕਿਵੇਂ ਕਰੇਗਾ? ਕੀ ਰਾਮ ਇਕੱਲਾ ਹੀ ਮੰਦਰ ਵਿਚ ਜਾ ਕੇ ਖੁਸ਼ੀਆਂ ਦੀ ਦੀਵਾਲੀ ਦੇ ਦੀਵੇ ਜਗਾਵੇਗਾ?ਜਾਂ ਫਿਰ ਉਹ ਰਹੀਮ ਦਾ ਸੰਗੀ ਸਾਥੀ ਬਣ ਕੇ ਕਾਦਰ ਕਰੀਮ ਨੂੰ ਯਾਦ ਕਰਨ ਵਾਲਿਆਂ ਦੇ ਘਰੀਂ ਜਾ ਕੇ ਉਨ੍ਹਾਂ ਨੂੰ ਢਾਰਸ ਦੇਵੇਗਾ... ?

ਜਦੋਂ ਮਸਜਿਦ ਢਾਹੀ ਗਈ ਤਾਂ ਉਸਦੀਆਂ ਨੀਹਾਂ ਵਿਚੋਂ ਮਿਲੇ ਮੂਰਤੀਆਂ ਦੇ ਟੁਕੜਿਆਂ ਵਿਚੋਂ ਹਕੂਮਤ ਦੀ ਭੁੱਖ ਵਿਚ ਹਲਕਾਏ ਹੋਏ ਹਾਕਮ ਦੇ ਜਬਰ ਜੁਲਮ ਦੀ ਤਸਵੀਰ ਦਿਖਾਈ ਦਿੱਤੀ। ਇਹ ਵੀ ਸਾਬਤ ਹੋਇਆ ਕਿ ਇਹ ਮੰਦਰ ਪਹਿਲਾਂ ਵੀ ਬਣਦਾ ਰਿਹਾ ਹੈ ਤੇ ਢੱਠਦਾ ਰਿਹਾ ਹੈ।

ਰੱਬ ਨਾ ਕਰੇ....! ਜੇ ਕੱਲ੍ਹ ਨੂੰ ਕਿਸੇ ਹੋਰ ਰਾਜਸੀ ਤਾਕਤ ਦੇ ਭੁੱਖੇ ਨੂੰ ਇਸ ਮੰਦਰ ਨੂੰ ਢਾਹ ਕੇ ਮਸਜਿਦ ਦੀਆਂ ਨਿਸ਼ਾਨੀਆਂ ਲੱਭ ਕੇ ਆਪਣਾ ਝੰਡਾ ਗੱਡਣ ਦਾ ਖਿਆਲ ਆ ਗਿਆ ਤਾਂ ਫਿਰ ਕੀ ਬਣੂੰ..?ਹੇ ਵਾਹਿਗੁਰੂ!ਦੀਨ ਦੁਨੀਆਂ ਦੇ ਮਾਲਿਕਾ!! ਤੂੰ ਫਿਰ ਮਜਲੂਮਾਂ ਦੀ ਰੱਖਿਆ ਕਰਨ ਵਾਲੇ **ਸੰਤ ਸਿਪਾਹੀ** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਭੇਜੀਂ!ਜਿਹੜਾ ਤੇਰੇ ਹੀ ਵੱਖਰੇ ਵੱਖਰੇ ਸਰੂਪ,ਰਾਮ ਤੇ ਰਹੀਮ ਦੀ ਸਹੀ ਪਛਾਣ ਕਰਵਾਉਣ ਲਈ ਤਾਕਤ ਵਿਚ ਅੰਨ੍ਹੇ ਹੋਏ ਜਾਬਰਾਂ ਨੂੰ ਸਬਕ ਸਿਖਾ ਸਕੇ। **ਸਰਵ-ਪਿਤਾ ਪ੍ਰਤਿਪਾਲਕ ਜੀ! ਤੂੰ ਭੇਜੀਂ ਪੰਥ ਦੇ ਵਾਲੀ ਨੂੰ....! ਜਿਹੜਾ** ਜੁਲਮੀ.ਔਰੰਗਜ਼ੇਬਾਂ ਦੇ ਜੁਲਮਾਂ ਦਾ ਬਦਲਾ ਲੈਣ ਲਈ, ਉਸਦੀ ਬਰਾਦਰੀ ਦੇ ਪਿੱਛੇ ਪੈਣ ਵਾਲਿਆਂ ਦਾ ਰਾਹ ਰੋਕੇ...। ਹਰਣਾਖਸ਼ ਦੇ ਜੁਲਮਾਂ ਦੀ ਸਜ਼ਾ ਦੇਣ ਲਈ ਉਸਦੀਆਂ ਕਈ ਪੀੜ੍ਹੀਆਂ ਦੇ ਪ੍ਰਹਲਾਦਾਂ ਨੂੰ ਸ਼ਿਕਾਰ ਹੋਣ ਤੋਂ ਬਚਾਵੇ। ਸਿਰਜਨਹਾਰਿ**ਆ**! !ਤੇਰਾ ਪਰਮ ਪੁਰਖ ਕਾ ਦਾਸ ਜਗਤ-ਤਮਾਸ਼ਾ ਦੇਖਣ ਲਈ ਫਿਰ ਆਵੇ,ਤੇ ਕਰਤਾ ਪੁਰਖ ਤੋਂ ਸ਼ੁਭ ਕਰਮਾਂ ਦੇ ਵਰ ਮੰਗਦਾ ਹੋਇਆ ਨਿਤਾਣਿਆਂ ਨਿਮਾਣਿਆਂ ਦੀ ਖਾਤਰ ਰਣ ਵਿਚ ਜੂਝ ਮਰਨ ਦੀ ਜਾਚ ਸਿਖਾਵੇ! !ਪਹਿਲਾਂ ਉਸਨੇ ਔਰੰਗਜ਼ੇਬ ਦੇ ਜੁਲਮੀ ਪੰਜੇ ਵਿਚੋਂ ਹਿੰਦੂ ਧਰਮ ਨੂੰ ਬਚਾਉਣ ਲਈ ਸਰਵੰਸ ਵਾਰਿਆ ਸੀ ਤੇ ਹੁਣ ਉਹ ਮਸਜਿਦਾਂ ਵਿਚ ਜਗਦੀ ਤੇਰੀ 'ਏਕ ਨੂਰ ਤੇ ਸਭ ਜਗ

ਉਪਜਿਆ' ਵਾਲੀ ਲਟ ਲਟ ਕਰਦੀ ਨੂਰਾਨੀ ਜੋਤ ਨੂੰ ਆਪਣੀ **ਬੁੱਕਲ ਵਿਚ ਲਪੇਟ ਕੇ ਸਿਆਸਤਦਾਨਾਂ ਦੀਆਂ ਲੂੰਬੜ ਚਾਲਾਂ ਦੀ ਅੰਨ੍ਹੀ ਹਨੇਰੀ ਦੇ ਅਸਰਾਂ ਤੋਂ ਬਚਾਵੇ!!**

ਧਰਮ ਦਾ ਰੰਗ ਮਾਨਣ ਵਾਲਿਆਂ ਨੂੰ ਹਰ ਦਿਲ ਵਿਚੋਂ ਰਬ ਦਿਖਾਈ ਦਿੰਦਾ ਹੈ।ਆਪਾ ਵਾਰਨਾ ਤੇ ਦੂਜਿਆਂ ਲਈ ਕੁਰਬਾਨ ਹੋਣਾ ਧਰਮੀ ਬੰਦੇ ਦੀ ਨਿਸ਼ਾਨੀ ਹੈ।ਸੰਤਾਂ ਦੀ ਪਛਾਣ ਕਰਵਾਉਣ ਲਈ ਸਵਾਮੀ ਵਿਵੇਕਾ ਨੰਦ ਜੀ ਕਹਿੰਦੇ ਸੀ ਕਿ **ਕਿਸੇ ਦਾ ਦੁਖੀ ਬੰਦੇ ਦਾ ਦੁੱਖ ਦੇਖ ਕੇ ਸੰਤ ਦਾ ਦਿਲ ਰੋਂਦਾ ਹੈ**।ਪਰ ਇਹ ਕਿਹੋ ਜਿਹੇ ਲੋਕ ਸੀ ਜਿਹੜੇ ਭਗਵੇਂ ਵੇਸ ਵਿਚ ਸੋਭਦੇ ਹੋਏ ਬੇਬਸ ਰਹੀਮ-ਭਗਤਾਂ ਦੀਆਂ ਅੱਖੀਆਂ ਵਿਚ ਹੰਝੂ ਦੇਖਦੇ ਹੋਏ ਭੀ ਉਨ੍ਹਾਂ ਦੇ ਰੱਬ ਘਰ ਨੂੰ ਢਾਹ ਰਹੇ ਸੀ,ਖੁਸ਼ੀਆਂ ਮਨਾ ਰਹੇ ਸੀ ਤੇ ਨੱਚ ਰਹੇ ਸੀ।



**ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕ ਨੂਰ ਦਾ ਦ੍ਰਿਸ਼ ਦਰਸਾਉਣ ਲਈ ਮੱਕਾ ਫੇਰਿਆ** (ਗੁਰੂ ਜੀ ਮੱਕੇ ਵਲ ਪੈਰ ਕਰਕੇ ਲੰਮੇਂ ਪੈ ਗਏ। ਮੌਲਾਨਿਆਂ ਦੇ ਇਤਰਾਜ਼ ਕਰਨ 'ਤੇ ਉਨ੍ਹਾਂ ਨੇ ਕਿਹਾ ਕਿ ਤੁਸੀਂ ਮੇਰੇ ਪੈਰ ਉਸੇ ਪਾਸੇ ਕਰ ਦਿਓ ਜਿਧਰ ਤੁਹਾਡਾ ਮੱਕਾ ਨਹੀਂ ਹੈ।ਮੌਲਵੀ ਜਿਧਰ ਪੈਰ ਘੁਮਾਉਣ ਉਸੇ ਪਾਸੇ ਹੀ ਮੱਕਾ ਘੁੰਮ ਜਾਵੇ।)

**ਜਿਸ ਬਗਦਾਦ ਸ਼ਹਿਰ ਵਿਚ ਜਾ ਕੇ ਗੁਰੂ ਜੀ ਨੇ ਰਾਮ ਰਹੀਮ ਦੀ ਜੋੜੀ ਦੇ ਰਿਸ਼ਤੇ ਦੀ ਸਚਾਈ ਨੂੰ ਇਲਾਹੀ ਬਾਣੀ ਰਾਹੀਂ ਦਰਸਾਇਆ ਸੀ।ਉਹੀ ਬਗਦਾਦ ਅਜ ਰਹੀਮ ਅਤੇ ਯੀਸੂ ਮਸੀਹ ਦੀ ਚੀਰ ਫਾੜ ਨਾਲ ਲਹੂ ਲੁਹਾਣ ਹੋਇਆ ਪਿਆ ਹੈ। 'ਖੂਨ ਦੇ ਸੋਹਿਲੇ' ਸੁਣ ਸੁਣ ਕੇ ਅੰਬਰ ਦਾ ਸੀਨਾਂ ਫਟ ਗਿਆ ਹੈ। 'ਤੈਂ ਕੀ ਦਰਦ ਨਾ ਆਇਆ' ਦੀ ਦਰਦ-ਪੁਕਾਰ ਕਰਦਿਆਂ ਧਰਤੀ ਦਾ ਦਿਲ ਲੀਰੋ ਲੀਰ ਹੋ ਗਿਆ ਹੈ।ਮਸਜਿਦ ਵਿਚ ਬਾਂਗ ਦੇ ਕੇ ਸੁੱਤਿਆਂ ਨੂੰ ਜਗਾ ਕੇ ਅੱਲਾ ਤਾਲਾ ਦੀ ਬੰਦਗੀ ਵਿਚ ਜੁੜਨ ਦਾ ਹੋਕਾ ਦੇਣ ਵਾਲੇ ਬਾਬਾ ਜੀਓ!ਅਜ ਤੇਰੇ ਬਗਦਾਦ ਵਿਚ ਬੰਬ ਧਮਕਿਆਂ ਨੇ ਸਾਰੀ ਧਰਤੀ ਹਿਲਾਈ ਹੋਈ ਹੈ।ਇੱਧਰ ਮਸਜਿਦ ਢੱਠਣ ਨਾਲ ਵੀ ਧਰਤੀ ਦਾ ਦਿਲ ਹਿਲਿਆ ਹੈ।ਇਸਦੀ ਆਹਟ ਸਮੁੰਦਰੋਂ ਪਾਰ ਬਗਦਾਦ ਵਿਚ ਵੀ ਪਹੁੰਚੀ ਹੋਵੇਗੀ।ਜਿੱਥੇ ਵੀ ਕੋਈ ਦਿਲ ਰਹੀਮ ਨਾਲ ਜੁੜਿਆ ਹੋਇਆ ਹੋਵੇਗਾ।ਉਸ ਦਾ ਦਿਲ ਦੁਖਿਆ ਹੋਵੇਗਾ।ਜਿਹੜੇ ਸਿਰਾਂ ਉਤੇ ਕੱਫਣ ਬੰਨ੍ਹ ਕੇ ਰਹੀਮ ਦੇ ਨਾਮ ਉਤੇ ਤੁਰੇ ਹੋਏ ਹਨ।ਉਨ੍ਹਾਂ ਨੂੰ ਰਾਮ ਮੰਦਰ ਦੀ ਦਿਵਾਲੀ ਕਿਹੋ ਜਿਹੀ ਲਗੇਗੀ?**

ਨੀਵੀਂ ਜਾਤ ਦੀ ਗਰੀਬ ਭੀਲਣੀ ਦੇ ਦਿਲ ਉਤੇ ਰਾਜ ਕਰਨ ਵਾਲੇ ਸ੍ਰੀ ਰਾਮ ਚੰਦ੍ਰ ਜੀਓ.!ਸੱਚ ਸੱਚ ਦੱਸੋ ਕਿ ਤੁਹਾਨੂੰ ਸਦੀਆਂ ਪੁਰਾਣੇ ਕਬਰਾਂ ਵਿਚ ਪਏ ਹੋਏ ਜੁਲਮੀ ਰਾਜੇ ਦਾ ਬਦਲਾ ਲੈਣ ਲਈ ਰਹੀਮ ਦੇ ਬਿਦੋਸ਼ੇ ਭਗਤਾਂ ਦੇ ਰੱਬ ਘਰ ਨੂੰ ਤੋੜਨਾ ਕਿਹੋ ਜਿਹਾ ਲੱਗਿਆ..?

ਬੁਰਾਈ ਦੇ ਕਾਲੇ ਹਨੇਰੇ ਵਿਚ ਸਚਾਈ ਦੇ ਚਾਨਣ ਦੀ ਦੀਵਾਲੀ ਜਗਾਉਣ ਵਾਲੇ ਦੁਆਪੁਰ ਯੁਗ ਦੇ ਅਵਤਾਰ ਜੀ! ਦੇਖ!!ਅਜ ਆਪਣੇ ਆਪ ਨੂੰ ਤੇਰੇ ਭਗਤ ਕਹਾਉਣ ਵਾਲਿਆ ਨੇ ਤੇਰੇ ਸਦ-ਜੀਵੀ ਪ੍ਰਕਾਸ਼ ਦੇ ਅਥਾਹ ਸਾਗਰਾਂ ਵਿਚ ਆਪਣੀ ਸਿਆਸਤ ਦੀ ਜ਼ਹਿਰ ਘੋਲ ਕੇ ਤੈਨੂੰ ਰਹੀਮ ਨਾਲੋਂ ਅਲੱਗ ਕਰਕੇ ਜਾਤ ਪਾਤ ਦੇ ਬੰਧਨ ਵਿਚ ਬੁੰਨ ਕੇ ਰੱਖ ਦਿੱਤਾ ਹੈ।

ਉਚੇ ਮੰਦਰਾਂ ਵਾਲੇ ਰਾਮ ਜੀ!ਤੇਰੇ ਰਾਹਾਂ ਉਤੇ ਅੱਖੀਆਂ ਵਿਛਾਈ ਬੈਠੀ ਭੀਲਣੀ ਨੂੰ,ਤੇਰੇ ਉਚ ਜਾਤੀ ਦੇ ਭਗਤਾਂ ਨੇ ਤੇਰੇ ਦਰਸ਼ਨ ਕਰਨ ਦੀ ਆਗਿਆ ਨਾ ਦਿੱਤੀ।ਤੇਰੇ ਦਿਖਾਵੇ ਦੇ ਭਗਤਾਂ ਨੇ ਉਸਦੀ ਨੀਵੀਂ ਜਾਤ ਕਾਰਨ ਉਸਨੂੰ ਤੇਰੇ ਰਾਹਾਂ ਤੋਂ ਪਰ੍ਹੇ ਹਟਾਇਆ ਤੇ ਆਪ ਤੇਰੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ ਤੇਰੇ ਰਾਹਾਂ ਉਤੇ ਫੁਲ ਵਰਸਾਉਣ ਲੱਗੇ ,ਤੇਰੀਆਂ ਆਰਤੀਆਂ ਉਤਾਰਨ ਲੱਗੇ ਪਰ **ਤੂੰ ਭੀਲਣੀਂ ਦੇ ਜੂਠੇ ਬੇਰ ਖਾਣ ਲਈ ਉਸ ਦੀ ਝੁੱਗੀ ਵਿਚ ਜਾ ਪਹੁੰਚਾ।ਉਸਦੇ ਭੋਲੇਪਨ ਉਤੇ ਰੀਝ ਕੇ ਤੂੰ ਉਸਦੇ ਜੂਠੇ ਬੇਰਾਂ ਵਿਚੋਂ ਪ੍ਰੇਮ-ਰਸ ਦੇ ਘੁੱਟ ਪੀਤੇ।ਹੇ ਰਾਮ!!ਤੂੰ ਭੀਲਣੀ ਦੀ ਝੁੱਗੀ ਵਿਚ ਜਾ ਕੇ ਕੱਖਾਂ ਦੇ ਆਸਣ ਨੂੰ ਪ੍ਰਮ-ਉਚ-ਸਥਾਨ ਹੋਣ ਦਾ ਸਨਮਾਨ ਬਖਸ਼ਿਆ।**ਪਿਆਰ ਵਾਲਿਆਂ ਦੇ ਦਿਲਾਂ ਦੀ ਧੜਕਣ ਵਿਚ ਵਸਣ ਵਾਲਿਆ!ਤੂੰ ਰਾਜ ਤਖਤਾਂ ਉਤੇ ਬੈਠਣ ਵਾਲਿਆਂ ਵਲੋਂ ਮੂੰਹ ਮੋੜ ਕੇ ਨੀਵੀਂ ਜਾਤ ਦੀ ਗਰੀਬ ਭੀਲਣੀ ਵਰਗਿਆਂ ਦੀ ਪ੍ਰੇਮਾਂ-ਭਗਤੀ ਨੂੰ ਭਾਗ ਲਾਉਣ ਲਈ ਮਹਿਲਾਂ ਨੂੰ ਛਡ ਕੇ ਝੁੱਗੀਆਂ ਵਿਚ ਪਹੁੰਚ ਜਾਂਦਾ ਹੈਂ..।

**ਮੇਰੇ ਰਾਮ!ਤੈਨੂੰ ਤੇਰੀ ਭੀਲਣੀ ਦੇ ਪ੍ਰੇਮ ਹੰਝੂਆਂ ਦੀ ਸੌਂਹ! ਇਕ ਵਾਰੀ ਆ ਕੇ ਦੱਸ.. ਤਾਂ ਸਹੀ ਕਿ ਇਹ ਰਾਮ ਮੰਦਰ ਤੈਨੂੰ ਕਿਹੋ ਜਿਹਾ ਲੱਗਿਆ।**ਬੁਰਾਈ ਦਾ ਨਾਸ ਕਰਨ ਵਾਲੇ ਰਾਮ ਜੀ!ਤੂੰ ਭੇਜ ਆਪਣੇ ਮਹਾਂਬਲੀ ਹਨੂਮਾਨ ਦੀ ਸੈਨਾਂ.. ਜਿਹੜੀ **ਰਾਮ ਰਹੀਮ ਦੇ ਨੂਰੀ ਪ੍ਰਕਾਸ਼ ਵਿਚ ਤ੍ਰੇੜਾਂ ਪਾਉਣ ਵਾਲਿਆਂ ਦੀਆਂ ਸੋਨੇ ਦੀਆਂ ਲੰਕਾਵਾਂ ਨੂੰ ਜਲਾਵੇ..** ।ਮੇਰੇ ਸੋਹਣੇ ਸੁੰਦਰ ਰਾਮ ਜੀ!ਇਹ ਦੱਸ ਕਿ ਦਿਵਾਲੀ ਵਾਲੇ ਦਿਨ ਤੂੰ ਰਾਜ ਦਰਬਾਰ ਦੇ ਆਗੂਆਂ ਦੀ ਜੈ ਜੈ ਕਾਰ ਕਰਵਾਉਣ ਲਈ ਰਾਮ ਮੰਦਰ ਵਿਚ **ਦੀਵੇ ਜਗਾਉਣ ਜਾਵੇਂਗਾ ਕਿ ਭੀਲਣੀ ਦੇ ਜੂਠੇ ਬੇਰ ਖਾਣ ਵਾਂਗੂੰ,ਰਹੀਮ-ਭਗਤਾਂ ਦੇ ਢੱਠੇ ਹੋਏ ਦਿਲਾਂ ਨੂੰ ਢਾਰਸ ਦੇਣ ਲਈ ਉਨ੍ਹਾਂ ਦੇ ਘਰੀਂ ਜਾ ਬਹੁੜੇਂਗਾ**...।

*************************

# ਧਰਤੀ ਦੀ ਛਤਰੀ

ਸਿਰਜਨਹਾਰੇ ਦੀ ਸੁੰਦਰ ਸਿਰਜਨਾ ਨੂੰ ਸਮਝਣ ਲਈ ਧੁਰ ਕੀ ਬਾਣੀ ਸਹਾਈ ਹੁੰਦੀ ਹੈ।ਬਾਣੀ ਦੇ ਰਸੀਏ ਕਰਤੇ ਦੀ ਕੁਦਰਤ ਦੇ ਭੇਦ ਜਾਨਣ ਲਈ ਆਤਮਿਕ ਉਡਾਰੀਆਂ ਮਾਰਦੇ ਹੋਏ 'ਬਲਿਹਾਰੀ ਕੁਦਰਤਿ ਵਸਿਆ' ਦੇ ਦਰਸ਼ਨ ਕਰ ਲੈਂਦੇ ਹਨ।ਸ਼ਰਧਾ ਤੇ ਪ੍ਰੇਮ ਦੇ ਫੁੱਲ ਚੜ੍ਹਾਉਂਦੇ ਹੋਏ ਰੰਗ ਮਾਣ ਲੈਂਦੇ ਹਨ।ਭੂਤ ਅਤੇ ਭਵਿੱਖ ਵਿਚ ਹੋਣ ਵਾਲੀਆਂ ਘਟਨਾਵਾਂ ਦੀ ਸੋਝੀ ਪ੍ਰਾਪਤ ਕਰ ਲੈਂਦੇ ਹਨ।

ਸਾਇੰਸਦਾਨਾਂ ਨੇ ਖੋਜ ਕਰਕੇ ਸਿੱਧ ਕੀਤਾ ਹੈ ਕਿ ਚੰਦ੍ਰਮਾਂ ਆਪਣੀ ਰੌਸ਼ਨੀ ਨਾਲ ਨਹੀਂ ਚਮਕਦਾ ਸਗੋਂ ਸੂਰਜ ਦੀਆ ਕਿਰਨਾ ਨਾਲ ਚਮਕ ਕੇ ਇਸ ਧਰਤੀ ਦੀਆਂ ਹਨੇਰੀਆਂ ਰਾਤਾਂ ਨੂੰ ਆਪਣੀ ਚਾਂਦਨੀਂ ਨਾਲ ਚਮਕਾਉਂਦਾ ਹੈ ਪਰ ਸਾਇੰਸਦਾਨਾਂ ਦੀ ਇਸ ਖੋਜ ਤੋਂ ਕਈ ਸਾਲ ਪਹਿਲੇ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਲਾਹੀ ਫੁਰਮਾਨ ਵਿਚ ਇਸ ਸਚਾਈ ਦਾ ਜ਼ਿਕਰ ਮਿਲਦਾ ਹੈ-

**ਸਸੀਅਰੁ ਕੈ ਘਰ ਸੂਰੁ ਸਮਾਵੈ (ਪੰਨਾਂ ੮੪੦)**

ਗੁਰਬਾਣੀ ਵਿਚ ਹੋਰ ਵੀ ਕਈ ਹਵਾਲੇ ਮੌਜੂਦ ਹਨ ਜਿਥੋਂ ਪਤਾ ਲਗਦਾ ਹੈ ਕਿ ਜਿਹੜੀਆਂ ਖੋਜਾਂ ਵਿਚ ਸਾਇੰਸਦਾਨ ਲੱਗੇ ਹੋਏ ਹਨ ਉਨ੍ਹਾਂ ਦੇ ਨਤੀਜੇ ਪਹਿਲਾਂ ਹੀ ਗੁਰਬਾਣੀ ਵਿਚ ਅੰਕਿਤ ਹਨ।ਇਸੇ ਕਰਕੇ ਹੀ ਖੰਡਾਂ ਬ੍ਰਹਮੰਡਾਂ ਦੀ ਜਾਣਕਾਰੀ ਲਈ ਸਾਇੰਸਦਾਨ ਹੁਣ ਇਲਾਹੀ ਬਾਣੀ ਉਤੇ ਨਿਗਾਹਾਂ ਟਿਕਾਈ ਬੈਠੇ ਹਨ।

ਅੰਮ੍ਰਿਤ ਬਾਣੀ ਮਨੁੱਖੀ ਜੀਵਨ ਵਿਚ ਰੂਹਾਨੀ ਸ਼ਕਤੀ ਭਰ ਦਿੰਦੀ ਹੈ।ਬਾਣੀ ਦੇ ਰਸੀਏ ਦੁਨੀਆਂ ਦੇ ਕਿਸੇ ਕੋਨੇ ਵਿਚ ਬੈਠੇ ਹੋਏ ਵੀ ਸਮੁੰਦਰੋਂ ਪਾਰ ਹੋ ਰਹੀਆਂ ਚੰਗੀਆਂ ਮਾੜੀਆਂ ਘਟਨਾਵਾਂ ਦੀਆਂ ਝਲਕਾਂ ਦੇਖ ਲੈਂਦੇ ਹਨ।ਇਕ ਵਾਰੀ ਸੜਦੀ ਬਲਦੀ ਦੁਪਹਿਰੇ ਇਕ ਸਿੰਘਣੀ ਇਕੱਲੀ ਤੁਰੀ ਜਾ ਰਹੀ ਸੀ ਕਿ ਉਸਦੀਆਂ ਮਨ-ਅੱਖੀਆਂ ਅੱਗੇ ਇਕ ਤਬਾਹੀ ਦਾ ਦ੍ਰਿਸ਼ ਛਾ ਗਿਆ।ਕੀ ਦੇਖਦੀ ਹੈ ਕਿ ਧਰਤੀ ਦੇ ਕਿਸੇ ਹਿੱਸੇ ਵਿਚ ਉਥੱਲ-ਪੁੱਥਲ ਹੋ ਰਹੀ ਹੈ।ਲੋਕਾਂ ਦੀਆਂ ਚੀਖਾਂ ਕੁਰਲਾਹਟਾਂ ਦੀਆਂ ਅਵਾਜ਼ਾਂ ਆ ਰਹੀਆਂ ਹਨ।ਇਕ ਬਜ਼ੁਰਗ ਔਰਤ ਆਪਣੇ ਜਵਾਨ ਬੇਟੇ ਦੀਆਂ ਕੱਟੀਆਂ ਹੋਈਆਂ ਲੱਤਾਂ ਦੇਖ ਕੇ ਬੜੀ ਬੁਰੀ ਤਰ੍ਹਾਂ ਕੁਰਲਾ ਰਹੀ ਹੈ।

ਸੁਪਨੇ ਵਾਂਗੂੰ ਸਾਹਮਣੇ ਆਏ ਇਸ ਦ੍ਰਿਸ਼ ਨੇ ਉਸਨੂੰ ਝੰਜੋੜ ਸੁੱਟਿਆ ਤੇ ਫਿਰ ਜਿਵੇਂ ਉਸਦੀ ਸੁਪਨੇ ਵਿਚੋਂ ਅੱਖ ਖੁਲ੍ਹੀ ਹੋਵੇ।ਉਹ ਤ੍ਰਹਬਕ ਕੇ ਆਪਣੇ ਆਲੇ ਦੁਆਲੇ ਦੇਖਣ ਲੱਗੀ।ਪਰ ਉਥੇ ਤਾਂ ਉਹੋ ਜਿਹਾ ਕੁਝ ਵੀ ਨਹੀਂ ਸੀ।ਅੰਨ੍ਹੀ ਗਰਮੀ ਦੇ ਸਤਾਏ ਹੋਏ ਲੋਕ ਆਪੋ ਆਪਣੇ ਘਰਾਂ ਵਲ ਦੌੜੇ ਜਾ ਰਹੇ ਸੀ।

ਐਨੀ ਵੱਡੀ ਆਫਤ ਦੇਖ ਕੇ ਉਸਦਾ ਦਿਲ ਘਬਰਾ ਗਿਆ।ਉਸਨੇ ਸੋਚਿਆ ਕਿ ਸ਼ਾਇਦ ਜ਼ਿਆਦਾ ਗਰਮੀ ਕਾਰਨ ਉਸਦਾ ਇਹ ਹਾਲ ਹੋ ਰਿਹਾ ਹੈ ਪਰ ਦਿਨ-ਦਿਹਾੜੇ,ਤੁਰਿਆਂ ਜਾਂਦਿਆਂ ਸੁਪਨੇ ਦਾ ਦ੍ਰਿਸ਼ ਦੇਖ ਕੇ ਉਸਦਾ ਦਿਮਾਗ ਸੁੰਨ ਹੋਈ ਜਾ ਰਿਹਾ ਸੀ।ਪੁੱਤ੍ਰ ਦੇ ਦੁੱਖ ਵਿਚ ਮਰੀ ਜਾ ਰਹੀ ਮਾਂ ਦਾ ਦੁੱਖ ਮਹਿਸੂਸ ਕਰਨ ਦੀਆਂ ਸੋਚਾਂ ਵਿਚ ਡੁੱਬੀ ਹੋਈ ਉਹ ਘਰ ਪਹੁੰਚੀ ਤਾਂ ਕੀ ਦੇਖਦੀ ਹੈ ਕਿ ਟੀ.ਵੀ. ਉਤੇ ਕਿਧਰੇ ਬਹੁਤ ਵੱਡੇ ਭੁਚਾਲ ਦੇ ਆਉਣ ਦੀਆਂ ਖਬਰਾਂ ਆ ਰਹੀਆਂ ਹਨ।ਜਿਹੜੀ ਤਬਾਹੀ ਉਸਨੇ ਕੁਝ ਦੇਰ ਪਹਿਲੇ ਸੜਕ ਉਤੇ ਤੁਰੀ ਜਾਂਦੀ ਨੇ ਮਨ ਅਖੀਆਂ ਰਾਹੀਂ ਦੇਖੀ ਸੀ,ਉਹੀ ਤਬਾਹੀ ਟੀ.ਵੀ. ਦੇ ਪਰਦੇ ਉਤੇ ਦਿਸ ਰਹੀ ਸੀ।

ਅਦ੍ਰਿੱਸ਼ਟ ਰਹਿ ਕੇ ਦ੍ਰਿਸ਼ਟਾਂਤ ਦਿਖਾਉਣ ਵਾਲਾ ਕਰਤਾ ਪੁਰਖ ਕਈ ਵਾਰੀ ਹਜਾਰਾਂ ਮੀਲਾਂ ਦੀ ਵਿੱਥ ਉਤੇ ਵਾਪਰ ਰਹੀਆਂ ਘਟਨਾਵਾਂ ਦੇ ਦ੍ਰਿਸ਼ ਸਾਹਮਣੇ ਦਿਖਾ ਕੇ ਅਚੰਭਿਤ ਕਰ ਦਿੰਦਾ ਹੈ ਤੇ ਕਈ ਵਾਰੀ ਜੁਗਾਂ ਜੁਗਾਂਤਰਾਂ ਦੇ ਭੂਤ ਜਾਂ ਭਵਿੱਖ ਦੇ ਦ੍ਰਿਸ਼ ਦਿਖਾ ਕੇ ਗੁੱਝੀ ਕਲਾ ਵਰਤਾ ਦਿੰਦਾ ਹੈ। ਇਕ ਵਾਰੀ ਇਕ ਨਾਮ ਬਾਣੀ ਦੀ ਅਭਿਆਸਣ ਬੀਬੀ ਹੇਮ ਕੁੰਟ ਸਾਹਿਬ ਦੇ ਸਰੋਵਰ ਕੰਢੇ ਖੜੀ ਸੀ ਕਿ ਉਸਨੂੰ ਘੋੜੇ ਉਤੇ ਸਵਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦੇ ਨਾਲ ਅਨੇਕਾਂ ਸ਼ਹੀਦਾਂ ਸਿੰਘਾਂ ਦੀ ਫੌਜ ਦੇ ਇਲਾਹੀ ਦਰਸ਼ਨ ਹੋਏ। ਨਾਲ ਹੀ ਉਸ ਨੂੰ ਭੂਤ ਕਾਲ ਵਿਚਲੇ ਕਿਸੇ ਸਮੇ ਦੇ ਸਰੋਵਰ ਅਤੇ ਸਪਤ ਸ੍ਰਿੰਗ ਦੀ ਵਾਦੀ ਦੇ ਦਰਸ਼ਨ ਹੋਏ। ਪਿਛਲਿਆਂ ਸਮਿਆਂ ਦੇ ਬਹੁਤ ਵੱਡੇ ਸਰੋਵਰ ਅਤੇ ਸਪਤ-ਸ੍ਰਿੰਗ ਦੀਆਂ ਉਚੀਆਂ ਤੇ ਤਿੱਖੀਆਂ ਚੋਟੀਆਂ ਨੂੰ ਦੇਖਣ ਪਿਛੋਂ ਉਸ ਨੂੰ ਇਸ ਗੱਲ ਦੀ ਸੋਝੀ ਹੋਈ ਕਿ ਹਰ ਸਾਲ ਗਰਮੀ ਦੀ ਰੁੱਤੇ ਗਲੇਸ਼ੀਅਰ ਪਿਘਲ ਪਿਘਲ ਕੇ ਆਪਣੇ ਨਾਲ ਪੱਥਰਾਂ ਨੂੰ ਰੁੜ੍ਹਾ ਰੁੜ੍ਹਾ ਕੇ ਸਰੋਵਰ ਵਿਚ ਸੁੱਟਦੇ ਰਹੇ ਹਨ। ਜਿਸ ਕਰਕੇ ਸਰੋਵਰ ਦਾ ਅਕਾਰ ਛੋਟਾ ਹੁੰਦਾ ਗਿਆ ਅਤੇ ਪ੍ਰਬਤਾਂ ਦੀ ਸ਼ਕਲ ਵਿਚ ਵੀ ਤਬਦੀਲੀ ਆਉਂਦੀ ਰਹੀ।

ਆਤਮ-ਮੰਡਲ ਦੇ ਵਾਸੀਆਂ ਨੂੰ ਭਵਿੱਖ ਵਿਚ ਹੋਣ ਵਾਲੀਆਂ ਅਦਭੁਤ ਝਾਕੀਆਂ ਦਿਸ ਪੈਂਦੀਆਂ ਹਨ। ਫੁਰਨੇ ਸੱਚੇ ਹੋਣ ਲਗ ਪੈਂਦੇ ਹਨ। ਅਣਦਿਸਦੀ ਦੁਨੀਆਂ ਦੇ ਨਜਾਰੇ ਦਿਸਣ ਲੱਗ ਪੈਂਦੇ ਹਨ ਤੇ ਕਈ ਵਾਰੀ ਧਰਤੀ ਦੇ ਖਤਮ ਹੋਣ ਦੀ ਭਵਿੱਖ ਬਾਣੀ ਦੇ ਸੰਕੇਤ ਮਿਲ ਜਾਂਦੇ ਹਨ। ਪਰਲੋ ਆਉਣ ਦੀ ਭਵਿੱਖ ਬਾਣੀ ਸਭਨਾ ਦੇ ਦਿਲ ਹਿਲਾ ਦਿੰਦੀ ਹੈ। ਇਸ ਵਾਰੇ ਤ੍ਰੀਖਾਂ ਵੀ ਨੀਯਤ ਹੁੰਦੀਆਂ ਰਹੀਆਂ ਹਨ। ਪਰ ਧਰਤੀ ਮਾਤਾ ਹਾਲੇ ਅਪਣੀ ਗੋਦ ਵਿਚ ਜੀਵ ਜੰਤੂਆਂ ਦੀ ਸੰਭਾਲ ਕਰੀ ਜਾ ਰਹੀ ਹੈ। ਇਨ੍ਹਾਂ ਭਵਿੱਖ ਬਾਣੀਆਂ ਦਾ ਇਕ ਖਾਸ ਫਾਇਦਾ ਹੁੰਦਾ ਰਿਹਾ ਹੈ ਕਿ ਧਰਤੀ ਦੇ ਖਾਤਮੇ ਦੇ ਨਾਲ ਆਪਣੇ ਆਪ ਦੇ ਖਾਤਮੇ ਦੇ ਖਿਆਲ ਨਾਲ ਜਪ ਤਪ ਦੀਆਂ ਲਹਿਰਾਂ ਚਲਦੀਆਂ ਰਹੀਆਂ ਹਨ। ਸ਼ਾਇਦ ਭਗਤਾਂ ਦੀ ਭਗਤੀ ਦੇ ਅਸਰ ਨਾਲ ਹੀ ਹਰ ਵਾਰੀ ਕਿਆਮਤ ਦੀ ਘੜੀ ਟਲ ਜਾਂਦੀ ਰਹੀ ਹੈ। ਧਰਤੀ ਮਾਂ ਸਾਡੀ ਜੀਵਨ ਦਾਤੀ ਹੈ,ਸਾਡੇ ਲਈ ਇਹ ਬਹੁਤ ਬੜੀ ਚੀਜ਼ ਹੈ ਪਰ ਕਰਤਾ ਪੁਰਖ ਕੋਲ ਇਹੋ ਜਿਹੀਆਂ ਕਿੰਨੀਆਂ ਕੁ ਧਰਤੀਆਂ ਹਨ? ਇਸ ਦਾ ਜਵਾਬ ਕਿਸੇ ਕੋਲ ਨਹੀਂ ਹੈ। ਉਸਦੀ ਰਚਨਾ ਦਾ ਕੋਈ ਅੰਤ ਨਹੀਂ ਹੈ ਤੇ ਆਪਣੀ ਰਚਨਾ ਦਾ ਖ੍ਹੇਲ ਵੀ ਉਹ ਆਪ ਹੀ ਖੇਲ੍ਹੀ ਜਾ ਰਿਹਾ ਹੈ।

**ਜਲ ਤੇ ਥਲ ਕਰਿ ਥਲ ਤੇ ਕੂਆ ਕੂਪ ਤੇ ਮੇਰੁ ਕਰਾਵੈ ॥**

**ਧਰਤੀ ਤੇ ਅਕਾਸ ਚਢਾਵੈ ਚਢੇ ਅਕਾਸ ਗਿਰਾਵੈ ॥੨॥**

( ਪੰਨਾਂ ੧੨੫੨ )

ਉਹ ਜੋ ਵੀ ਕਰਦਾ ਹੈ ਠੀਕ ਹੀ ਕਰਦਾ ਹੈ ਪਰ ਸਾਡਾ ਪਿਆਰਾ ਪ੍ਰੀਤਮ ਪ੍ਰੇਮ-ਭਗਤੀ ਦਾ ਭੁੱਖਾ ਹੈ ਇਸ ਲਈ ਉਹ ਆਪਣੇ ਦੀਵਾਨੇ ਭਗਤਾਂ ਦੀਆਂ ਅਰਦਾਸਾਂ ਨੂੰ ਕਦੀ ਵੀ

ਬਿਰਥੀਆਂ ਨਹੀਂ ਜਾਣ ਦਿੰਦਾ।ਪ੍ਰਭੂ-ਪ੍ਰੇਮ ਵਾਲੇ ਅਖੀਆਂ ਮੀਟ ਕੇ,ਅੰਤ੍ਰ ਆਤਮੇ ਜੁੜ ਕੇ ਬੇਨਤੀ ਕਰਦੇ ਹਨ।ਕਰਤਾ ਪੁਰਖ ਉਨ੍ਹਾਂ ਦੀਆਂ ਬੇਨਤੀਆਂ ਪ੍ਰਵਾਨ ਕਰਕੇ ਉਨ੍ਹਾਂ ਉਤੇ ਆਉਣ ਵਾਲੀਆਂ ਆਫਤਾਂ ਦੇ ਮੂੰਹ ਦੂਜੇ ਪਾਸੇ ਮੋੜ ਦਿੰਦਾ ਹੈ।

ਸਾਇੰਸਦਾਨ ਅੱਖੀਆਂ ਖੋਲ੍ਹ ਕੇ ਸਾਇੰਸ ਦੇ ਤਜਰਬੇ ਕਰਦੇ ਹਨ,ਦੂਰ ਨੇੜੇ ਦੀਆਂ ਚੀਜਾਂ ਦੇਖਣ ਲਈ ਉਨ੍ਹਾਂ ਨੂੰ ਕਈ ਤਰ੍ਹਾਂ ਦੇ ਯੰਤਰਾਂ ਦੀ ਜਰੂਰਤ ਪੈਂਦੀ ਹੈ।ਇਸ ਦੇ ਉਲਟ ਬਰ੍ਹਮਗਿਆਨੀ ਅੱਖੀਆਂ ਮੀਟ ਕੇ ਲਿਵ ਦੀਆਂ ਡੋਰਾਂ ਵਿਚ ਬੱਝਦੇ ਹਨ ਤੇ ਜਾ ਪਹੁੰਚਦੇ ਹਨ ਓਅੰਕਾਰ ਦੀ ਅਣਦਿਸਦੀ ਦੁਨੀਆਂ ਦੇ ਦੇਸ਼ ਵਿਚ...।ਮਰਨ ਪਿਛੋਂ ਤਾਂ ਹਰ ਕਿਸੇ ਦੀ ਜੀਵ ਆਤਮਾ ਹੱਡ-ਮਾਸ ਦੇ ਜਿਸਮ ਤੋਂ ਅਲੱਗ ਹੋ ਕੇ ਕਰਤਾ ਪੁਰਖ ਦੀ ਉਸ ਰਚਨਾ ਨੂੰ ਦੇਖ ਲੈਂਦੀ ਹੈ ਜਿਹੜੀ ਇਸ ਪੰਚ-ਭੂਤਕ ਸਰੀਰ ਦੇ ਪਿੰਜਰੇ ਵਿਚ ਫਸਿਆਂ ਹੋਇਆਂ ਨੂੰ ਨਹੀਂ ਦਿਸਦੀ ਪਰ ਨਾਮ ਬਾਣੀ ਦੀਆਂ ਅਤੁੱਟ ਕਮਾਈਆਂ ਵਾਲੇ ਜੀਊਂਦੇ ਜੀਅ ਹੀ ਬਿਦੇਹ ਹੋ ਕੇ ਸਭ ਕੁਝ ਦੇਖ ਲੈਂਦੇ ਹਨ।ਦੀਨ ਦਇਆਲ ਦਾਤਾਰ ਪਿਤਾ ਆਪਣੇ ਲੜ-ਲਗਿਆਂ ਨੂੰ ਸਰਵ-ਕਲਾ-ਸਮਰੱਥ ਹੋਣ ਵਾਲੀਆਂ ਸ਼ਕਤੀਆਂ ਦੇ ਕੇ ਨਿਵਾਜਦਾ ਹੈ।ਉਹ ਭਗਤਾਂ ਨੂੰ ਆਪਣੇ ਸਰਵ-ਵਿਆਪੀ ਨੈਣਾਂ ਦੇ ਝਰੋਖਿਆਂ ਵਿਚ ਬੈਠਾ ਕੇ ਖੰਡਾਂ ਬ੍ਰਹਮੰਡਾਂ ਦੇ ਨਜ਼ਾਰੇ ਦਿਖਾਉਂਦਾ ਹੈ।ਲੱਖਾਂ ਪਤਾਲਾਂ ਤੇ ਲੱਖਾਂ ਅਕਾਸ਼ਾਂ ਦੀ ਸੋਝੀ ਕਰਵਾ ਦਿੰਦਾ ਹੈ।ਗੰਧਰਵਾਂ ਦੇ ਮਿੱਠੇ ਸੰਗੀਤ ਸੁਨਾਣ ਲਈ ਜੀਵ ਆਤਮਾ ਨੂੰ ਅਤਿ ਸੋਹਣੇ ਰੰਗਾਂ ਦੇ ਅੰਬਾਰਾਂ ਉਤੇ ਬਿਠਾ ਕੇ ਸਵਰਗ ਪੁਰੀਆਂ ਦੀ ਸੈਰ ਕਰਾ ਦਿੰਦਾ ਹੈ।ਸਵਰਗੀ ਰੂਹਾਂ ਨਾਲ ਜਾਣ ਪਛਾਣ ਕਰਵਾ ਦਿੰਦਾ ਹੈ।ਸਰਵ-ਸਮਰੱਥ,ਸਰਵ-ਸ਼ਕਤੀਮਾਨ ਤੇ ਸਰਵ-ਵਿਆਪਕ ਦਾਤਾਰ ਪਿਤਾ ਜਦੋਂ ਆਪਣੇ ਪਿਆਰਿਆਂ ਨੂੰ ਗਲੇ ਲਗਾਉਂਦਾ ਹੈ ਤਾਂ ਉਹ ਆਪਣੀ ਸਰਵ-ਵਿਆਪਕ ਐਨਕ ਥਾਣੀ ਝਾਕਣ ਦੀ ਖੁਲ੍ਹੀ ਛੁੱਟੀ ਦੇ ਕੇ ਦੂਰ ਨੇੜੇ ਦੇ ਸਾਰੇ ਫਾਸਲੇ ਮਿਟਾ ਦਿੰਦਾ ਹੈ।

ਗੁਰਸਿੱਖ ਕਲਾਧਾਰ ਦੀ ਸਿਰਜਨਾਂ ਵਿਚ ਦਖਲ ਅੰਦਾਜ਼ੀ ਕਰਨ ਤੋਂ ਗੁਰੇਜ਼ ਕਰਦੇ ਹਨ।ਨਾਮ ਬਾਣੀ ਦੀ ਘਾਲਣਾਂ ਨਾਲ ਆਪਣੀ ਅਪੂਰਣਤਾ ਵਿਚੋਂ ਨਿੱਕਲ ਕੇ ਕਰਤਾ ਪੁਰਖ ਦੀ ਪੂਰਣਤਾ ਵਿਚ ਸਮਾਏ ਹੋਏ ਗੁਰਮੁੱਖ, ਕਰਤੇ ਦੇ ਨਿਯਮਾਂ ਅਨੁਸਾਰ ਸਹਿਜ ਅਵਸਥਾ ਵਿਚ ਰਹਿੰਦੇ ਹਨ।ਉਹ ਪ੍ਰੇਮਰੂਪ ਵਾਹਿਗੁਰੂ ਦੇ ਪ੍ਰੇਮ ਵਿਚ ਲੀਨ ਹੋਣ ਵਿਚ ਹੀ ਭਲਾ ਮਨਾਉਂਦੇ ਹਨ।ਅਣਦਿਸਦੀ ਦੁਨੀਆਂ ਦੇ ਚੱਕਰਾਂ ਵਿਚ ਫਸਣ ਨਾਲੋਂ ,ਉਹ ਦੁਨਿਆਵੀ ਦਾਤਾਂ ਵਿਚ ਹੀ ਸ਼ੁਕਰ ਮਨਾਉਂਦੇ ਹਨ।ਕਲਾਧਾਰ ਦੀ ਰਚਨਾਂ ਨੂੰ ਬੇਲੋੜਾ ਪਰਖਣ ਨਾਲੋਂ ਨਿਰਸੁਆਰਥ ਭਾਵਨਾਂ ਨਾਲ ਸੰਪੂਰਣ ਸਮਰਪਣ ਕਰਨ ਵਿਚ ਹੀ ਅਨੰਦ ਮਹਿਸੂਸ ਕਰਦੇ ਹਨ।ਸਿੱਧਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਆਪਣੇ ਨਾਲ ਰਲਾਓਣ ਲਈ ਪੰਛੀਆਂ ਵਾਂਗੂੰ ਅਸਮਾਨ ਵਿਚ ਉਡਾਰੀਆਂ ਮਾਰੀਆ।ਹਵਾ ਵਿਚ ਸ਼ੇਰ ਚੀਤੇ ਦੁੜਾ੍ ਕੇ ਕਈ ਤਰ੍ਹਾਂ ਨਾਲ ਆਪਣੀ ਸ਼ਕਤੀ ਦਾ ਪ੍ਰਗਟਾਵਾ ਕੀਤਾ ਪਰ ਗੁਰੂ ਜੀ ਨੇ ਸਿੱਧਾਂ ਦੀਆਂ ਕਰਾਮਾਤੀ ਸ਼ਕਤੀਆਂ ਨਾਲੋਂ ਭਾਈ ਲਾਲੋ ਦੀ ਸੱਚੀ ਕਿਰਤ ਕਮਾਈ ਵਾਲੀ ਘਾਲਣਾ ਨੂੰ ਉਚੇਰਾ ਗਿਣਿਆ।

ਸਾਇੰਸਦਾਨਾਂ ਨੇ ਮਨੁਖੀ ਜੀਵਨ ਨੂੰ ਅਨੇਕਾਂ ਸਹੂਲਤਾਂ ਨਾਲ ਨਿਵਾਜਿਆ,ਸੁੱਖ ਅਰਾਮ ਦੇ ਸਾਧਨ ਪ੍ਰਾਪਤ ਕੀਤੇ ਪਰ ਨਾਲ ਹੀ ਧਰਤੀ ਮਾਂ ਨੂੰ ਖਤਮ ਕਰਨ ਦੇ ਖਤਰੇ ਵੀ ਪੈਦਾ ਕਰ ਦਿੱਤੇ।ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੂਹਾਨੀ ਸ਼ਕਤੀ ਨਾਲ ਵਿਸ਼ਵ ਦੀ ਦਿਸਦੀ ਅਤੇ ਅਣਦਿਸਦੀ ਦੁਨੀਆਂ ਦੀ ਸੈਰ ਕੀਤੀ।ਉਹ ਗੁਆਂਢੀ ਦੇਸ਼ਾਂ ਵਿਚ ਗਏ ਤੇ ਚੰਦ ਤਾਰਿਆਂ ਦੇ ਦੇਸ਼ਾਂ ਦੀਆਂ ਉਡਾਰੀਆਂ ਮਾਰਦੇ ਹੋਏ ਧਰੂ ਤੇ ਪ੍ਰਹਿਲਾਦ ਦੀਆਂ ਪੁਰੀਆਂ ਵਿਚ ਵੀ ਗਏ।ਉਨ੍ਹਾਂ ਨੇ ਕੁਦਰਤ ਅਤੇ ਕਾਦਰ ਦੇ ਅਸੂਲਾਂ ਮੁਤਾਬਿਕ ਹਰ ਇਕ ਨੂੰ ਆਪੋ ਆਪਣੀ ਥਾਂ ਉਤੇ ਟਿਕ ਕੇ ਰਜ਼ਾ ਵਿਚ ਰਹਿਣ ਦਾ ਸੰਦੇਸ਼ ਦਿੱਤਾ ਪਰ ਸਾਇੰਸਦਾਨ ਆਪਣੇ ਤ੍ਰੀਕੇ ਨਾਲ ਇਸ ਧਰਤੀ ਦੇ ਲੋਕਾਂ ਦੀ ਦੂਜੇ ਗ੍ਰੈਹਾਂ ਦੀ ਯਾਤਰਾ ਕਰਨ ਦੀਆਂ ਟਿਕਟਾਂ ਬੁੱਕ ਕਰ ਰਹੇ ਹਨ।ਇਸ ਯਾਤਰਾ ਨਾਲ ਧਰਤੀ ਅਤੇ ਦੂਜੇ ਗ੍ਰੈਹਾਂ ਦੇ ਕੁਦਰਤੀ ਨੇਮਾਂ ਵਿਚ ਜਿਹੜੀ ਖਲਬਲੀ ਮਚੇਗੀ ਉਸਦਾ ਅੰਦਾਜ਼ਾ ਲਗਾਉਣਾਂ ਔਖਾ ਹੈ।

ਸਾਇੰਸਦਾਨ ਸੂਰਜ ਦੀਆਂ ਸਭ ਤੋਂ ਨੇੜਿਓਂ ਲਈਆਂ ਤਸਵੀਰਾਂ ਰਾਹੀਂ ਅੱਗ ਦੇ ਲਾਵਿਆਂ ਨੂੰ ਸੂਰਜ ਦੇ ਗੋਲੇ ਵਿਚੋਂ ਨਿਕਲ ਕੇ ਬਾਹਰ ਉਡਦੇ ਦਿਖਾਉਣ ਵਿਚ ਬੜੀ ਕਾਮਯਾਬੀ ਸਮਝਦੇ ਹਨ।ਓਧਰ ਸੰਤ ਪੁਰਸ਼ ਅਖੀਆਂ ਮੀਟ ਕੇ ਇਸ ਹੱਡ ਮਾਸ ਦੀ ਦੇਹੀ ਵਿਚੋਂ ਜੀਵ ਆਤਮਾ ਨੂੰ ਅਲੱਗ ਕਰਦੇ ਹਨ।ਪ੍ਰਕਾਸ਼ ਡੋਰੀ (ਸਿਲਵਰ ਕਾਰਡ) ਨਾਲ ਬੱਝ ਕੇ ਚੰਦ ਤਾਰਿਆਂ ਦੇ ਦੇਸ਼ ਪਹੁੰਚ ਜਾਂਦੇ ਹਨ।ਉਹ ਸੂਰਜ ਦੇ ਗੋਲੇ ਵਿਚੋਂ ਦੀ ਲੰਘਦੇ ਹੋਏ ਵੀ ਨਾਮ-ਰਸ ਦੀ ਮਿਠਾਸ ਨਾਲ ਭਰੇ ਰਹਿੰਦੇ ਹਨ।ਅਗਨੀ ਦੇ ਮਹਾਂ ਸਾਗਰ ਦੀਆਂ ਲਾਟਾਂ ਵਿਚੋਂ ਦੀ ਲੰਘਦੇ ਹੋਏ ਵੀ ਉਹ ਪ੍ਰਭੂ ਪ੍ਰੀਤਮ ਦੀ ਸ਼ੀਤਲਤਾ ਭਰੀ ਪੂਰਨ ਸ਼ਾਂਤੀ ਦੇ ਰੰਗ ਮਾਣਦੇ ਹਨ।ਜਿਸ ਹੱਡ ਮਾਸ ਦੇ ਜਿਸਮ ਨੂੰ ਅੱਗ ਨੇ ਸਾੜਨਾ ਸੀ ਉਹ ਤਾਂ ਸਮਾਧੀ ਰੂਪ ਵਿਚ ਧਰਤੀ ਉਤੇ ਟਿਕਿਆ ਹੋਇਆ ਹੁੰਦਾ ਹੈ।ਦੇਖਣ ਵਾਲਿਆਂ ਨੂੰ ਸਿਰਫ ਸਮਾਧੀ ਦਿਖਦੀ ਹੈ।ਉਨ੍ਹਾਂ ਨੂੰ ਕੀ ਪਤਾ ਕਿ ਸਮਾਧੀ ਵਾਲੇ ਦੀ ਜੀਵ ਆਤਮਾ ਕਿੱਥੇ ਘੁੰਮਦੀ ਪਈ ਹੈ।ਪਰਬਤ,ਸਮੁੰਦਰ ਅਤੇ ਅੱਗ ਦੇ ਦਰਿਆ ਵੀ ਆਤਮ ਮੰਡਲ ਦੇ ਵਾਸੀਆਂ ਦੇ ਰਸਤੇ ਵਿਚ ਰੁਕਾਵਟ ਨਹੀਂ ਪਾਉਂਦੇ।

ਇਲਾਹੀ ਬਾਣੀ ਦਾ ਪ੍ਰਵਾਹ ਧਰਤੀ ਮਾਂ ਵਿਚ ਜਾਨ ਪਾਉਂਦਾ ਹੈ।ਗੁਰਬਾਣੀ ਦਾ ਕੀਰਤਨ ਇਸਦੀ ਉਮਰ ਵਧਾਉਂਦਾ ਹੈ।ਸਾਇੰਸਦਾਨਾਂ ਦੇ ਤਜਰਬਿਆਂ ਅਨੁਸਾਰ ਜ੍ਹਿਨਾਂ ਵੇਲ,ਬੂਟਿਆਂ ਜਾਂ ਫਸਲਾਂ ਨੂੰ ਸੰਗੀਤ ਸੁਰਾਂ ਨਾਲ ਭਰਿਆ ਹੋਇਆ ਵਾਤਾਵਰਣ ਮਿਲਦਾ ਹੈ ਉਨ੍ਹਾਂ ਦੀ ਪੈਦਾਇਸ਼ ਵਧੀਆ ਹੁੰਦੀ ਹੈ ਅਤੇ ਉਨ੍ਹਾਂ ਨੂੰ ਫਲ ਵੀ ਵਧੇਰੇ ਲਗਦਾ ਹੈ ਪਰ ਜਿਨ੍ਹਾਂ ਨੂੰ ਸੰਗੀਤ ਦੇ ਸੁਰ ਨਸੀਬੀਂ ਨਹੀਂ ਹੁੰਦੇ ਉਨ੍ਹਾਂ ਦੀ ਪੈਦਾਇਸ਼ ਅਤੇ ਫਲਾਂ ਵਿਚ ਘਾਟਾ ਪੈਂਦਾ ਹੈ।ਪ੍ਰਚੀਨ ਕਾਲ ਤੋਂ ਹੀ ਸਾਡੇ ਰਿਸ਼ੀ ਮੁਨੀ ਵੇਦ ਮੰਤਰਾਂ ਦੇ ਸ਼ੁਧ ਉਚਾਰਣ ਦੀਆਂ ਮਿੱਠੀਆਂ ਧੁਨੀਆਂ ਨਾਲ ਧਰਤੀ ਮਾਂ ਦੀ ਸੇਵਾ ਕਰਨ ਦਾ ਧਰਮ ਨਿਭਾਉਂਦੇ ਆ ਰਹੇ ਹਨ।

ਕਲਿਜੁਗ ਦੀ ਤਪਸ਼ ਨਾਲ ਤਪੀ ਹੋਈ ਧਰਤੀ ਮਾਂ ਉਤੇ ਅਨਹਦੀ ਧੁਨੀਆਂ ਦੇ ਸੁਰ

ਗੁੰਜਾਉਣ ਲਈ ਭਾਈ ਮਰਦਾਨੇ ਨੇ ਰਬਾਬ ਵਜਾਈ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਧੁਰ-ਦਰਗਾਹੀ ਬਾਣੀ ਦੇ ਝੋਲੇ ਧਰਤ ਅਕਾਸ਼ ਵਿਚ ਅੰਮ੍ਰਿਤ ਬੂੰਦਾਂ ਬਣ ਕੇ ਵਰ੍ਹਨ ਲੱਗੇ।ਨਿਰੰਕਾਰੀ ਬਾਣੀ ਰਾਹੀਂ ਸਿਰਜਨਹਾਰਾ ਆਪ ਹੀ ਸੰਗੀਤ-ਰਸ ਹੋ ਕੇ ਬਰਸਣ ਲੱਗ ਪਿਆ।ਨਾਦਯੋਗ ਦੀ ਭਰਪੂਰ ਸ਼ਕਤੀ ਦੀਆਂ ਤੰਦਾਂ ਵਿਚ ਬੱਝੇ ਸੁਰਾਂ ਨੂੰ ਰਾਗਾਂ ਵਿਚ ਜੜ ਕੇ ਗੁਰਮਤਿ ਸੰਗੀਤ ਦੇ ਪ੍ਰਕਾਸ਼ ਵਿਚ ਸਜਾਉਣ ਲੱਗ ਪਿਆ।ਲੱਖਾਂ ਅਕਾਸ਼ਾਂ ਤੇ ਲੱਖਾਂ ਪਤਾਲਾਂ ਦੀ ਸੋਝੀ ਕਰਵਾਉਣ ਲਈ ਧੰਨ ਧੰਨ ਸ੍ਰੀ ਗਰੂ ਨਾਨਕ ਦੇਵ ਸਾਹਿਬ ਜੀ ਦੀ ਬਾਣੀ ਦੇ ਜਹਾਜ ਵਿਚ ਬਿਠਾ ਕੇ ਖੰਡਾਂ ਬ੍ਰਹਮੰਡਾਂ ਦੀਆਂ ਫੇਰੀਆਂ ਪੁਆਉਣ ਲੱਗਿਆ।

ਕਈ ਲੋਕ ਧਰਤੀ ਮਾਂ ਦੀ ਪੂਜਾ ਵੀ ਕਰਦੇ ਹਨ।ਕਹਿੰਦੇ ਹਨ ਕਿ ਜਿਹੜਾ ਬੰਦਾ ਆਪਣੀ ਜਨਮ ਦੇਣ ਵਾਲੀ ਮਾਂ ਲਈ, ਆਪਣੀ ਮਾਂ-ਬੋਲੀ ਲਈ ਅਤੇ ਧਰਤੀ ਮਾਂ ਲਈ ਇਮਾਨਦਾਰ ਨਹੀਂ ਹੈ, ਉਸ ਤੋਂ ਵਡਾ ਅਕਿੱਰਤਘਣ ਹੋਰ ਕੋਈ ਨਹੀਂ ਹੋ ਸਕਦਾ।ਸਿਰਜਨਹਾਰੇ ਨੇ ਸਾਡੀ ਧਰਤੀ ਦੀ ਸੰਭਾਲ ਦੇ ਸਾਰੇ ਇੰਤਜਾਮ ਕੀਤੇ।ਧਰਤੀ ਵਿਚ ਜਾਨ ਪਾਈ।ਇਹ ਆਪਣੀ ਜੀਵਨ ਸ਼ਕਤੀ ਨਾਲ ਆਪਣੇ ਹੀ ਦੁਆਲੇ ਘੁੰਮਣ ਲੱਗੀ।ਕਰਤਾ ਪੁਰਖ ਨੇ ਇਸ ਨੂੰ ਸੂਰਜ ਦੇ ਦੁਆਲੇ ਚੱਕਰ ਕੱਟਣ ਦੀ ਸ਼ਕਤੀ ਦਿੱਤੀ।ਚੰਦ ਤਾਰਿਆਂ ਦੇ ਵਸਦੇ ਰਸਦੇ ਪਰਿਵਾਰ ਵਿਚ ਜੀਵਨ ਜੀਊਣ ਲਈ ਸੱਚੜੇ ਸਾਈਂ ਨੇ ਇਸ ਧਰਤੀ ਨੂੰ ਚਾਰੋ ਪਾਸਿਆਂ ਤੋਂ ਲੋੜੀਂਦੀਆਂ ਗੈਸਾਂ ਦੀ ਇਕ ਮਜਬੂਤ ਛਤਰੀ ਨਾਲ ਢੱਕ ਦਿੱਤਾ।ਧਰਤੀ-ਰਾਣੀ ਪੁਲਾੜ ਵਿਚ ਆਪਣੇ ਭਾਈ ਚਾਰੇ ਵਿਚ ਵਿਚਰਦੀ ਹੋਈ, ਦੂਜੇ ਗ੍ਰੈਹਾਂ ਦੇ ਅਣ-ਸੁਖਾਵੇਂ ਅਸਰਾਂ ਦੀ ਬਰਸਾਤ ਤੋਂ ਬਚ ਕੇ ਆਪਣੀ ਮਟਕਵੀਂ ਚਾਲੇ ਚੱਲਣ ਲੱਗੀ।ਇਹ ਛਤਰੀ ਧਰਤੀ ਨੂੰ ਬੜੀ ਹੀ ਸ੍ਹੋਂਦੀ..! ਪਾਰ-ਦਰਸ਼ੀ ਹੋਣ ਕਰਕੇ ਪੁਲਾੜ ਦੀ ਸੁੰਦ੍ਰਤਾ ਵੀ ਦਿਖਦੀ ਰਹਿੰਦੀ ਅਤੇ ਉਪਰੋਂ ਵ੍ਹਰਨ ਵਾਲੀਆਂ ਸੜਦੀਆਂ ਬਲਦੀਆਂ ਅਣਸੁਖਾਵੀਆਂ ਕਿਰਨਾਂ ਦੀ ਝੜੀ ਤੋਂ ਵੀ ਬਚਾ ਹੋਇਆ ਰਹਿੰਦਾ।

ਦੂਜੇ ਗ੍ਰੈਹਾਂ ਉਤੇ ਆਵਾ ਜਾਈ ਦੇ ਸਾਧਨ ਬਣਾਉਣ ਲਈ ਸਾਇੰਸਦਾਨਾਂ ਨੇ ਬੇਸਬਰੇ ਹੋ ਕੇ ਆਪਣੇ ਤਜਰਬੇ ਕੀਤੇ।ਧਰਤੀ ਮਾਂ ਨੂੰ ਕਈ ਤਰ੍ਹਾਂ ਨਾਲ ਨੁਕਸਾਨ ਪਹੁੰਚਾਇਆ।ਆਪ-ਹੁਦਰੇ ਹੋ ਕੇ ਉਨ੍ਹਾਂ ਨੇ ਚੰਦ ਤਾਰਿਆਂ ਕੋਲ ਪਹੁੰਚਣ ਲਈ ਰਾਕਿਟ ਬਣਾਏ,ਜਿਹੜੇ ਧਰਤੀ ਮਾਂ ਦੀ ਛੱਤਰੀ ਵਿਚ ਛੇਕ ਕਰਦੇ ਰਹੇ ਅਤੇ ਨਾਲ ਹੀ ਅਨਹਦ ਨਾਦ ਦੇ ਸੁਰਾਂ ਨਾਲ ਭਰੇ ਬ੍ਰਹਮੰਡ ਵਿਚ ਆਪਣੀ ਗੂੰਜ ਦਾ ਰੌਲਾ ਪਾਉਂਦੇ ਹੋਏ ਚੰਦ ਤਾਰਿਆਂ ਤਕ ਪਹੁੰਚ ਕੇ ਉਥੋਂ ਦੀ ਜਾਣ ਕਾਰੀ ਲਿਆਉਂਦੇ ਰਹੇ।ਇਨ੍ਹਾਂ ਸਾਇੰਸਦਾਨਾ ਦੀ ਹੂੜ੍ਹ-ਮੱਤ ਦਾ ਹੀ ਨਤੀਜਾ ਹੈ ਕਿ ਅੱਜ ਧਰਤੀ ਮਾਂ ਦੀ ਛਤਰੀ ਨਿੱਕੇ ਵੱਡੇ ਛੇਕਾਂ ਅਤੇ ਮਘੋਰਿਆਂ ਨਾਲ ਭਰੀ ਪਈ ਹੈ।ਭਲਾ ਕਿੰਨਾਂ ਕੁ ਚਿਰ ਇਸ ਲੀਰੋ ਲੀਰ ਹੋਈ ਛਤਰੀ ਨਾਲ ,ਅਸੀਂ ਧਰਤੀ ਮਾਂ ਦੀ ਗੋਦ ਵਿਚ ਸੁੱਖ ਦਾ ਸਾਹ ਲੈ ਸਕਾਂਗੇ..?

******************